ੴ

ਧਰਮ ਤੇ ਰਾਜਨੀਤੀ

ਪ੍ਰਿੰ: ਹਰਿਭਜਨ ਸਿੰਘ
(ਭਾਈ ਸਾਹਿਬ)

ਏਸੇ ਕਲਮ ਤੋਂ ਹੋਰ :

1. ਗੁਰਮਤਿ ਵਿਆਖਿਆਨ
2. ਦਸ ਗੁਰ ਰਤਨਾਵਲੀ
3. ਵਿਸ਼ੇਸ਼ ਗੁਰਮਤਿ ਲੇਖ
4. ਅੰਮ੍ਰਿਤ ਤੇ ਆਤਮਾ
5. ਗੁਰਬਾਣੀ ਸੰਪਾਦਨ ਨਿਰਣੈ
6. ਗੁਰਬਾਣੀ ਦੀ ਲੋਅ ਵਿਚ
7. ਸਾਚੀ ਪ੍ਰੀਤਿ (ਅਰਥ ਤੇ ਵਿਆਖਿਆ : ਗ਼ਜ਼ਲਾਂ ਭਾਈ ਨੰਦ ਲਾਲ 'ਗੋਯਾ')
8. ਜਵਾਬ-ਉਲ-ਜਵਾਬ (ਗੁਰਬਾਣੀ ਲਿਖਣ-ਵਿਧੀ ਤੇ ਸ਼ੁੱਧ ਉਚਾਰਣ ਬਾਰੇ)
9. 900 Gems of Thoughts from Guru Nanak
10. ਅਨਦੁ ਸੁਣਹੁ ਵਡਭਾਗੀਹੋ (ਅਰਥ ਤੇ ਵਿਆਖਿਆ)
11. "ਮਹਲਾ" ਪਦ ਦਾ ਸ਼ੁੱਧ ਉਚਾਰਣ
12. ਆਦਰਸ਼ਕ ਗੁਰਦੁਆਰਾ ਪ੍ਰਬੰਧ
13. ਗੁਰੂ ਨਾਨਕ ਨਿਰਮਲ ਪੰਥ ਨਾਲ ਧਰੋਹ ਤੇ ਧੱਕਾ (ਟਰੈਕਟ)
14. ਸਿੱਖ ਧਰਮ ਦੀਆਂ ਅਮਰ ਤੇ ਬੁਨਿਆਦੀ ਸਾਂਝਾਂ (ਉਹੀ)
15. ਸਿੱਖੀ ਤੇ ਸਮਾਜਵਾਦ (ਉਹੀ)
16. ਧਰਮ ਤੇ ਰਾਜਨੀਤੀ; ਆਦਿਕ
17. The Universal Religion of Guru Nanak

ਪਹਿਲੀ ਵਾਰ : ਦਸੰਬਰ 1990

ਭੇਟਾ : 40 ਰੁਪਏ

ਪ੍ਰਕਾਸ਼ਕ : ਸਤਿਨਾਮ ਪ੍ਰਕਾਸ਼ਨ, 1186, ਸੈਕਟਰ 18-ਸੀ, ਚੰਡੀਗੜ੍ਹ-160 018

ਛਾਪਕ : ਸਾਹਿਬ ਦਇਆਲ ਪ੍ਰਿੰਟਰਜ਼, 66, ਇੰਡਸਟ੍ਰੀਅਲ ਏਰੀਆ, ਚੰਡੀਗੜ੍ਹ-160 002

ਤਤਕਰਾ

ਭੂਮਿਕਾ

ਵੱਡ-ਉਪਕਾਰੀ ਤੇ ਪਰਮ ਸੱਤਿਵਾਦੀ ਸਤਿਗੁਰੂ ਸਾਹਿਬਾਨ, ਸ੍ਵੈ ਤਜਰਬੇ ਦੀ ਬਿਨਾਅ ਉੱਤੇ, ਮਨੁੱਖ ਮਾਤ੍ਰ ਨੂੰ ਭਰਪੂਰ ਭਰੋਸਾ ਦਿੰਦੇ ਹਨ ਕਿ ''ਧੁਰੋਂ ਆਈ ਖਸਮ ਦੀ ਬਾਣੀ'', ਜੋ ਉਨ੍ਹਾਂ ਦੇ ਪਾਰਦਰਸ਼ਕ ਹਿਰਦਿਆਂ ਉੱਤੇ ਉਤਰੀ, ਉਹ, ''ਵਾਹੁ ਵਾਹੁ ਨਿਰੰਕਾਰ ਹੈ'', 'ਸਚ ਅਥਵਾ ਨਾਮ-ਰੂਪੀ ਅੰਮ੍ਰਿਤ ਹੈ'', ਅਧਿਆਤਮਕ ਸੁਗਿਆਨ-ਪ੍ਰਕਾਸ਼ਕ ਅਤੇ ਨਿਹਚਲ ਤੇ ''ਸਦਾ ਸੁਖਦਾਈ ਹੈ''। ਇਹ ਤ੍ਰੈ-ਗੁਣੀ ਮਾਇਆ-ਗ੍ਰਸਤ ਮਨੁੱਖੀ-ਮਨ ਦੀ ਉਧੇੜ-ਬੁਣ, ਸੰਸਿਆਂ, ਸੰਸਕਾਰਾਂ ਅਥਵਾ ਸੰਕਲਪਾਂ ਵਿਕਲਪਾਂ ਦੀ ਉਪਜ ਨਹੀਂ। ਰੱਬੀ-ਜਮਾਲ ਵੇਖਣ ਦੀ ਮੁਸ਼ਤਾਕ ਅੱਖ ਨੂੰ ਪ੍ਰਤੱਖ ਹੋ ਜਾਂਦਾ ਹੈ ਕਿ ਗੁਰਬਾਣੀ, ਗੋਬਿੰਦ-ਰੂਪ, ਕਾਮਿਲ ਮੁਰਸ਼ਦਾਂ ਦੇ ਅਨੁਭਵੀ 'ਹਿਰਦੇ-ਸਾਗਰ' ਵਿਚੋਂ ਨਿਕਲੇ ਅਮੁਲੀਕ ਰਤਨਾਂ ਅਤੇ ਯਕ-ਦਾਨਾ ਮੋਤੀਆਂ ਦਾ ਉਹ ਬੇ-ਬਹਾ ਕੋਸ਼ ਹੈ, ਜੋ ਹਰੀ-ਹੰਸਾਂ ਦਾ ਚੋਗਾ ਅਤੇ ਜੀਵਨ-ਆਧਾਰ ਹੈ। ਦੁਖਾਂਤ ਇਹ ਹੈ ਕਿ ਜਿਵੇਂ ਸਾਗਰ ਵੇਖਣ ਗਏ ਬਹੁਤੇ ਲੋਕ, ਸਾਗਰ ਦੀਆਂ ਹੇਠਲੀਆਂ ਤਹਿਆਂ ਵਿਚ ਸਾਂਭੇ, ਅਮੁੱਲ ਪਦਾਰਥਾਂ ਤਕ ਗਮਨ ਕਰਨ ਦੀ ਥਾਂ, ਸਾਗਰ ਉਪਰਲੀਆਂ ਲਹਿਰਾਂ ਨੂੰ ਹੀ ਸਾਗਰ, ਅਤੇ ਕੰਢੇ ਆ ਲੱਗੇ ਸਿੱਪਾਂ ਤੇ ਘੋਗਿਆਂ ਨੂੰ ਹੀ ਸਾਗਰ ਦੀ ਸੰਪਤੀ ਸਮਝ ਲੈਣ ਦੀ ਉਕਾਈ ਕਰਦੇ ਹਨ; ਕੁਝ ਇਵੇਂ ਹੀ ਆਮ ਲੋਕ, 'ਬਾਣੀ' ਨੂੰ ਕੇਵਲ ਵਾਚਣ ਅਤੇ ਸਰਵਣ-ਕਲਾ ਤੋਂ ਅਨਜਾਣ ਹੋ, ਸੁਣ ਲੈਣ ਨੂੰ ਹੀ, ਇਸ ਦਾ ਸਫਲ ਤੇ ਸੰਪੂਰਨ ਅਧਿਅਨ ਸਮਝ ਬੈਠਣ ਉਪ੍ਰੰਤ, ਸ਼ਿਕਵਾ ਕਰਦੇ ਹਨ ਕਿ ਗੁਰਬਾਣੀ ਦੀ ਸੰਗਤ ਤੋਂ ਉਨ੍ਹਾਂ ਨੂੰ ਉਸ ਸ਼ਾਂਤੀ, ਅਡੋਲਤਾ ਅਤੇ ਆਨੰਦ ਦੀ ਪ੍ਰਾਪਤੀ ਨਹੀਂ ਹੋ ਸਕੀ, ਜਿਸ ਦੀ ਗੁਰਦੇਵ, ਇਸ ਨੂੰ ਜ਼ਾਮਨ ਕਰਾਰ ਦਿੰਦੇ ਹਨ। ਐਸੇ ਜਗਿਆਸੂ ਜਨ, ਜੋ ਕਿਤੇ ਸਾਧਾਰਣ ਗੁਰਬਾਣੀ-ਸਟੀਕਾਂ ਦੀ ਸਹਾਇਤਾ ਨਾਲ, 'ਬਾਣੀ' ਨੂੰ ਸਮਝਣ ਲਈ ਹੰਭਲਾ ਮਾਰਦੇ ਵੀ ਹਨ, ਤਾਂ ਉਨ੍ਹਾਂ ਦਾ ਯਤਨ ਇਸ ਦੇ ਵਾਚਕ (ਲਫ਼ਜ਼ੀ) ਅਰਥਾਂ ਨੂੰ ਜਾਨਣ ਤੱਕ ਹੀ ਮਹਿਦੂਦ ਰਹਿੰਦਾ ਹੈ, ਗੁਰਬਾਣੀ ਦੇ ਗੂਹੜ ਭਾਵਾਂ ਤੇ ਪ੍ਰਤੀਕਾਂ ਦੀ ਡੂੰਘਾਈ ਤੱਕ ਉਨ੍ਹਾਂ ਦੀ ਪਹੁੰਚ ਨਹੀਂ ਹੁੰਦੀ। ਸੰਸਾ-ਨਿਵਿਰਤ ਤੇ ਸੁਗਿਆਨ ਉਦੇ ਹੋਣ ਦੀ ਥਾਂ, ਉਹ ਹੋਰ, ਹੋਰ ਸ਼ਬਦੀ-ਉਲਝਣਾਂ ਅਥਵਾ ਲਫ਼ਜ਼ਾਂ ਦੇ ਪੇਚਾਂ ਵਿਚ ਫੱਸ ਜਾਂਦੇ ਹਨ। ਇਸ ਸੰਬੰਧੀ ਹਕੀਕਤ-ਸ਼ਨਾਸ ਤੇ ਵੀਚਾਰਵਾਨ ਸ਼ਾਇਰ ਇਉਂ ਸੋਧ ਦਿੰਦਾ ਹੈ ਕਿ :

''ਅਲਫ਼ਾਜ਼ ਕੇ ਪੇਚੋਂ ਮੇਂ, ਉਲਝਤੇ ਨਹੀਂ ਦਾਨਾ,
ਗੱਵਾਸ[1] ਕੋ ਮਤਲਬ ਹੈ, ਸਦਫ਼[2] ਸੇ ਗੌਹਰ[3] ਸੇ।'' (ਇਕ਼ਬਾਲ)

(1. ਗੋਤਾ-ਖੋਰ, 2. ਮੋਤੀ ਵਾਲੀ ਸਿੱਪੀ, 3. ਮੋਤੀ)

ਇਹੀ ਕਾਰਨ ਹੈ ਕਿ ਪੰਜਵੇਂ ਸਤਿਗੁਰਾਂ ਨੇ ਇਕ ਥਾਂ ਵੱਡੀ ਪਰਖ ਪੜਚੋਲ ਉਪ੍ਰੰਤ, ਅਕਾਲ ਪੁਰਖ ਪਾਸੋਂ ਜੋ ਕੋਈ ਦਾਤ ਮੰਗੀ ਹੈ, ਤਾਂ ਉਹ ਹੈ: 'ਬਿਬੇਕ ਬੁਧਿ' (ਸੁਵੀਚਾਰ), ਜਿਸ ਦੁਆਰਾ

'ਸਤਿ ਅਤੇ ਅਸੱਤਿ' ਦਾ ਨਿਰਣਾ ਹੁੰਦਾ ਹੈ। ਆਪ ਜੀ ਸਬਧਤ ਅਸ਼ਟਪਦੀ ਦੀਆਂ 'ਰਹਾਉ' ਦੀਆਂ ਤੁਕਾਂ ਵਿਚ ਨਿਰਣਾਇਕ ਬਚਨ ਕਰਦੇ ਹਨ :

' ਪਿਆਰੇ ! ਇਨ ਬਿਧਿ ਮਿਲਣੁ ਨ ਜਾਈ, ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ, ਦੀਜੈ 'ਬੁਧਿ ਬਿਬੇਕਾ' ॥" ਰਹਾਉ॥

ਨਿਰਸੰਦੇਹ, 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ, ਕੁਲ ਧਿਆਨ ਅਤੇ ਗਿਆਨ "ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ" ਮੰਗਲਾ-ਚਰਨ ਅਥਵਾ ਮੂਲ ਮੰਤ੍ਰ ਦੇ ਗਿਰਦ ਘੁੰਮਦਾ ਹੈ। ਮੂਲ ਮੰਤ੍ਰ ਦਾ ਵਿਸਥਾਰ ਹੈ 'ਜਪੁ' ਜੀ ਅਤੇ 'ਜਪੁ ਜੀ' ਦਾ, ਬਾਕੀ ਸਾਰੀ ਗੁਰਬਾਣੀ। ਬਾਣੀ ਨੂੰ ਕਿਸੇ ਰਿਸ਼ੀ ਮੁਨੀ ਦਾ 'ਦਰਸ਼ਨ' ਜਾਣ ਕੇ, ਮਹਜ਼ ਅਕਲ, ਚਤੁਰਾਈ ਜਾਂ ਤਰਕ (Logic) ਨਾਲ ਸਮਝ ਸਕਣਾ, ਸੰਭਵ ਨਹੀਂ। ਇਸ ਵਿਚਲੇ ਅਨੁਭਵੀ, ਵਿਸਮਾਦੀ ਤੇ ਪ੍ਰੇਮ-ਮਈ ਪਦਾਰਥ ਨੂੰ, ਅਕਲ ਦੀਆਂ ਹੱਦਾਂ ਤੋਂ ਅਗੇਰੇ ਜਾ ਕੇ, ਜਾਣਿਆ ਨਹੀਂ, ਮਾਣਿਆ ਜਾ ਸਕਦਾ ਹੈ, ਹੰਢਾਇਆ ਜਾ ਸਕਦਾ। ਭਾਈ ਸਾਹਿਬ ਵੀਰ ਸਿੰਘ ਜੀ ਅਨੁਸਾਰ 'ਬਾਣੀ', ਉਸ 'ਵਲਵਲੇ' ਦੇ ਦੇਸ ਦੀ ਗੱਲ ਕਰਦੀ ਹੈ, ਜਿੱਥੇ 'ਬੁੱਧੀ' ਦੇ ਖੰਭ ਸਾੜ ਕੇ ਜਾਣਾ ਪੈਂਦਾ ਹੈ। 'ਅਕਲੀ' ਤੇ 'ਚੰਚਲ ਚਤੁਰਾਈ ਦੀ ਗੱਲ, ਅੱਲਾਮਾ ਇਕਬਾਲ, ਆਪਣੇ ਅੰਦਾਜ਼ ਵਿਚ, ਇਉਂ ਸਪਸ਼ਟ ਕਰਦਾ ਹੈ :

"ਅਕਲ ਅੱਯਾਰ ਹੈ, ਸੌ ਭੇਸ ਬਨਾ ਲੇਤੀ ਹੈ;
ਇਸ਼ਕ ਬੇਚਾਰਾ ਨ ਮੁੱਲਾਂ ਹੈ, ਨ ਜ਼ਾਹਿਦ, ਨ ਹਕੀਮ।"

ਤਥਾ : ਅਕ਼ਲ ਕੇ ਤਨਕ਼ੀਦ ਸੇ ਫ਼ੁਰਸਤ ਨਹੀਂ,
ਇਸ਼ਕ ਪਰ ਅੱਮਾਲ[1] ਕੀ ਬੁਨਿਆਦ ਰੱਖ। (1- ਅਮਲ ਦਾ ਬਹੁਵਚਨ)

ਇਸ ਤੋਂ ਕਦਾਚਿਤ ਇਹ ਭਾਵ ਨਹੀਂ ਲੈਣਾ ਕਿ ਸਤਿਗੁਰਾਂ ਨੇ ਪਾਖੰਡ ਤੇ ਕਰਮ ਕਾਂਡ ਦੇ ਖੰਡਨ ਕਰਨ ਵੇਲੇ, ਜਾਂ ਕਾਇਨਾਤ ਵਿਚ ਰੱਬੇ ਧਰਮ (ਕੁਦਰਤ) ਅਤੇ ਰੁੱਤਾਂ ਆਦਿ ਦੀ ਬਦਲੀ ਦੀ ਅਸਲੀਅਤ, ਅਥਵਾ ਅਨਮਤੀਆਂ ਨਾਲ ਗਿਆਨ ਗੋਸ਼ਟ ਕਰਨ ਸਮੇਂ, ਦਲੀਲ ਤੇ ਯੁਕਤੀ ਤੋਂ ਕੰਮ ਨਹੀਂ ਲਿਆ। ਅਵੱਸ਼ ਲਿਆ ਹੈ; ਪ੍ਰੰਤੂ, ਦਲੀਲ ਨੂੰ ਨਿਰਮਲ ਬੁੱਧ, ਅਕਲ ਲਤੀਫ਼, ਸੁਗਿਆਨ ਤੇ ਸੁਵੀਚਾਰ ਦੇ ਕੁੰਡੇ ਹੇਠ ਰੱਖ ਕੇ।

ਹੱਥਲੀ ਪੁਸਤਕ ਦੇ ਸੱਤੇ ਲੇਖ, ਗੁਰਬਾਣੀ-ਸੱਚ ਦੇ ਕੇਂਦਰ ਗਿਰਦ, ਇਸ ਤਰ੍ਹਾਂ ਘੁੰਮਦੇ ਹਨ, ਜਿਵੇਂ ਸਪਤ ਰਿਸ਼ੀ (ਸਤ ਸਿਤਾਰੇ) ਅਟੱਲ ਧਰੂ ਦੇ ਗਿਰਦ। ਪਹਿਲੇ ਲੇਖ ਵਿਚ ਸੰਖੇਪ ਤੌਰ ਉਤੇ ਇਹ ਦਰਸਾਇਆ ਹੈ ਕਿ ਸਿੱਖੀ, ਸਰਬ-ਸਾਂਝਾ ਦਾ ਧਰਮ ਹੈ, ਇਹ ਸਰਬੱਤ ਦਾ ਭਲਾ ਲੋਚਦਾ ਹੈ ਅਤੇ ਸਿਧਾਂਤਕ ਤੌਰ ਉੱਤੇ ਨਿਰਭਉ ਤੇ ਨਿਰਵੈਰੁ ਹੈ। ਇਸ ਦੀ ਗੱਲ ੴ ਦੀ ਇਕਾਈ (ਹਮਾਓਸਤ) ਤੋਂ ਤੁਰਦੀ ਹੈ। ਦੂਜੇ ਵਿਚ, 'ਬ੍ਰਹਮ ਗਿਆਨੀ ਦੇ ਸੰਕਲਪ' ਦੀ ਵਿਆਖਿਆ ਹੈ। ਤੀਜੇ ਵਿਚ, ਪੰਥ ਦੇ 'ਨਿਰਮਲ ਤੇ ਨਿਆਰੇ' ਹੋਣ ਦਾ ਸੱਚ, ਅਤੇ ਇਸ ਦੇ ਵਿਪ੍ਰੀਤ ਸਾਡੀ ਆਪਣੀ ਰਵਸ਼। ਚੌਥੇ ਵਿਚ, 'ਧਰਮ ਤੇ ਰਾਜਨੀਤੀ' ਦੀ ਸਾਂਝ ਬਾਰੇ ਨਵੇਂ ਤੱਥ, ਪੰਜਵੇਂ ਵਿਚ 'ਸਿੱਖ

ਆਚਰਣ ਦਾ ਉਸਾਰ' (ਸ਼੍ਰੇਣੂ ਅਨੁਸਾਰ), ਛੇਵੇਂ ਵਿਚ, 'ਸਤ ਸੰਗਤ ਦੀ ਫਿਲਾਸਫੀ' ਅਤੇ ਸਤਵੇਂ ਵਿਚ, ਨਿੱਜੀ ਤਜਰਬੇ ਦੇ ਆਧਾਰਤ 'ਆਦਰਸ਼ਕ ਗੁਰਦੁਆਰਾ ਪ੍ਰਬੰਧ' ਦਾ ਬਿਆਨ ਹੈ, ਇਸ ਤਰ੍ਹਾਂ, ਪੁਸਤਕ ਦਾ ਹਰੇਕ ਲੇਖ, ਗੁਰਮੱਤ ਦੇ ਕਿਸੇ ਨ ਕਿਸੇ ਪੱਖ ਦੀ ਸੇਧ-ਬਧਸੂ ਅਮਰਤਾ ਪੇਸ਼ ਕਰਦਾ ਹੈ। ਬਾਰ ਬਾਰ, ਇਸ ਸੱਚ ਵਲ ਧਿਆਨ ਦਿਵਾਇਆ ਗਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ, ਜਗਤ-ਗੁਰੂ ਹਨ, ਅਤੇ ਉਨ੍ਹਾਂ ਵਲੋਂ ਚਲਾਇਆ 'ਨਿਰਮਲ ਪੰਥ' ਜਗਤ-ਧਰਮ ਹੈ। 'ਗੁਰੂ ਦੇ ਸਿੱਖ' ਨੇ ਸਭ ਦਾ ਸੇਵਕ, ਰਾਖਾ ਤੇ ਸੁਮਿੱਤਰ ਹੋ ਕੇ, ਇਸ ਮੰਜ਼ਲ ਵਲ ਉਕਾਬ (ਸ਼ਾਹੀਂ) ਵਾਲੀ ਨੀਝ ਲਾ ਕੇ ਇਉਂ ਅੱਗੇ ਵਧਣਾ ਹੈ :

''ਕਨਾਇਤ ਨ ਕਰ ਆਲਮਿ ਰੰਗੋ ਬੂ ਪਰ,
ਚਮਨ ਔਰ ਭੀ, ਆਸ਼ੀਆਂ ਔਰ ਭੀ ਹੈਂ।
ਅਗਰ ਖੋ ਗਿਆ, ਇਕ ਨਸ਼ੇਮਨ ਤੋ ਕਿਆ ਗ਼ਮ,
ਮੁਕਾਮਾਤਿ ਆਹੋ ਫ਼ੁਗਾਂ ਔਰ ਭੀ ਹੈਂ।
ਤੂ ਸ਼ਾਹੀਂ ਹੈਂ, ਪਰਵਾਜ਼ ਹੈ ਕਾਮ ਤੇਰਾ,
ਤੇਰੇ ਸਾਹਮਨੇ ਆਸਮਾਂ ਔਰ ਭੀ ਹੈਂ। (ਅੱਲਾਮਾ ਇਕਬਾਲ)

ਅੰਤ ਵਿਚ : ਇਸ ਵਾਰ ਮੇਰਾ ਸੁਯੋਗ ਸਪੁੱਤਰ ਸਤਿਨਾਮ ਸਿੰਘ ਵੀ ਇਸ ਪੁਸਤਕ ਦੀ ਤਿਆਰੀ ਵਿਚ ਬਾਕਾਇਦਾ ਸ਼ਾਮਿਲ ਹੈ। ਮੇਰੀ ਆਰਜ਼ੂ ਹੈ ਕਿ ਜਿਸ ਕਲਮ ਨੂੰ, ਮੈਂ ਪਿਛਲੇ 50 ਸਾਲਾਂ ਤੋਂ, ਪੂਰੀ ਬੇਬਾਕੀ ਤੇ ਪਾਕੀਜ਼ਗੀ ਨਾਲ, ਧੂਹ ਘਸੀਟ ਕੇ, ਤੋਰਨ ਦਾ ਨਿਮ੍ਰ ਯਤਨ ਕਰਦਾ ਆਇਆ ਹਾਂ, ਉਹ, ਇਸ ਨੂੰ ਅਨਿੰਨ ਗੁਰੂ-ਸ਼ਰਧਾ ਨਾਲ ਪਵਨ-ਵੇਗ ਚਲਦੀ ਰੱਖੇ ! ਧਰਮੀ ਲਿਖਤ ਨਾਲੋਂ ਵੱਧ ਹੋਰ ਕੋਈ ਕਾਰ ਸੁੱਚੀ ਕਿਰਤ ਤੇ ਪੁੰਨ ਕਰਮ ਨਹੀਂ। ਆਮੀਨ !

ਮਿਤੀ : 24-12-90
(ਪੋਹ ਸੁਦੀ ਸਪਤਮੀ)

ਗੁਰੂ ਪੰਥ ਦਾ ਦਾਸ :
ਹਰਿਭਜਨ ਸਿੰਘ

ਦੋ ਸ਼ਬਦ

ਪ੍ਰਿੰਸੀਪਲ ਹਰਿਭਜਨ ਸਿੰਘ ਜੀ ਕਿਸੇ ਜਾਣ ਪਛਾਣ ਦੇ ਮੁਥਾਜ ਨਹੀਂ। ਵੱਖ ਵੱਖ ਖੇਤਰਾਂ ਵਿੱਚ ਇਹ ਘੱਟ ਘੱਟ ਅੱਧੀ ਸਦੀ ਤੋਂ ਭਰਪੂਰ ਸੇਵਾ ਨਿਭਾ ਰਹੇ ਹਨ। ਲੰਮਾ ਸਮਾ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਰਹਿਣ ਤੋਂ ਇਲਾਵਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵੀ ਕੰਮ ਕਰ ਚੁੱਕੇ ਹਨ। ਵਿਆਖਿਆਨ ਅਤੇ ਲੇਖਾਂ ਰਾਹੀਂ, ਸਿੱਖ ਕੌਮ ਦੇ ਸਾਹਮਣੇ, ਭਖਦੇ ਮਾਮਲਿਆਂ ਉੱਤੇ ਵਿਚਾਰਾਂ ਸਾਂਝੀਆਂ ਕਰਨੀਆਂ, ਆਪ ਦਾ ਨਿੱਤ ਦਾ ਕੰਮ ਹੈ। ਸਰਦਾਰ ਦਲਜੀਤ ਸਿੰਘ ਜੀ ਅਤੇ ਪ੍ਰੋਫੈਸਰ ਜਗਜੀਤ ਸਿੰਘ ਜੀ ਵਰਗੇ ਨਿਸ਼ਕਾਮ ਤੇ ਵਿਦਵਾਨ ਸੇਵਕਾਂ ਦੇ ਮੋਢੇ ਨਾਲ ਮੋਢਾ ਡਾਹ ਕੇ, ਆਪ ਸਿੱਖੀ ਉੱਤੇ ਹੋ ਰਹੇ ਹਮਲਿਆਂ ਨੂੰ ਪਛਾੜਨ ਲਈ ਸਦਾ ਤੱਤਪਰ ਰਹਿੰਦੇ ਹਨ। ਸਿੱਖ ਧਰਮ ਬਾਰੇ ਛਪੀਆਂ ਆਪ ਦੀਆਂ ਪੁਸਤਕਾਂ, ਕਿਤਾਬਚਿਆਂ ਆਦਿ ਦੀ ਗਿਣਤੀ ਦਰਜਨਾਂ ਵਿਚ ਕਰਨੀ ਪੈਂਦੀ ਹੈ। ਬਹੁਤ ਹੱਦ ਤਕ, ਹੱਥਲੀ ਪੁਸਤਕ ਵੀ, ਏਸੇ ਚੇਸ਼ਟਾ ਦੀ ਲੜੀ ਹੈ।

ਪੁਸਤਕ ਨੂੰ ਪੜ੍ਹਦਿਆਂ ਪਾਠਕ ਨੂੰ ਖਾਸ ਤੌਰ ਉੱਤੇ ਇਹ ਖਿਆਲ ਰੱਖਣਾ ਪਵੇਗਾ ਕਿ ਪ੍ਰਿੰਸੀਪਲ ਸਾਹਿਬ ਇਕ ਪ੍ਰਵੀਨ ਵਕਤਾ ਹਨ ਅਤੇ ਉਹੋ ਸ਼ੈਲੀ ਇਹਨਾਂ ਲਿਖਣ ਵਿਚ ਵਰਤੀ ਹੈ। ਇਹਨਾਂ ਦੇ ਵਾਕਿਫ ਜਾਣਦੇ ਹਨ ਕਿ ਇਹ ਆਪਣੀਆਂ ਪ੍ਰਚਾਰ ਫੇਰੀਆਂ ਵਿਚ, ਦੇਸ ਪ੍ਰਦੇਸ ਦਾ ਰਟਨ ਕਰ ਚੁੱਕੇ ਹਨ ਅਤੇ ਆਪਣੀਆਂ ਪ੍ਰਭਾਵਸ਼ਾਲੀ ਤਕਰੀਰਾਂ ਰਾਹੀਂ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਸਰਵੋਤਮ ਪੰਥ ਦੀ ਥਾਂ ਥਾਂ ਉਸਤਤ ਤੇ ਵਿਆਖਿਆ ਕਰ ਚੁੱਕੇ ਹਨ। ਹੁਣੇ, ਪਿੱਛੇ ਜਿਹੇ, ਇਕ ਆਨੰਦ ਕਾਰਜ ਦੇ ਮੌਕੇ, ਆਪ ਦੀ ਅਤਿਅੰਤ ਸੁਲਝੀ ਅਤੇ ਸ਼ਾਇਸਤਾ ਤਕਰੀਰ ਸੁਣਨ ਦਾ ਮੌਕਾ ਮਿਲਿਆ, ਜਿਸ ਦੀ ਹਰ ਪਾਸੇ ਤੋਂ ਪ੍ਰਸੰਸਾ ਹੋਈ। ਗੁਰੂ ਸ਼ਰਧਾ ਅਤੇ ਸਿੱਖੀ ਪ੍ਰੇਮ, ਜੋ ਇਸ ਪੁਸਤਕ ਦੇ ਹਰ ਪੰਨੇ ਉੱਤੋਂ, ਉਛਲ ਕੇ ਮਨ ਨੂੰ ਮੋਹ ਲੈਂਦਾ ਅਤੇ ਦਿਲ ਨੂੰ ਟੁੰਬਦਾ ਹੈ, ਆਪ ਦੀ ਜ਼ਬਾਨ ਉੱਤੇ ਵੀ ਨਿਰੰਤਰ ਵਾਸਾ ਰਖਦਾ ਹੈ। ਤਕਰੀਰ ਵਾਂਗੂ ਹੀ, ਇਹਨਾਂ ਦੀ ਲਿਖਤ ਵਿਚ, ਫ਼ਾਰਸੀ, ਉਰਦੂ, ਅੰਗਰੇਜ਼ੀ ਅਤੇ ਪੰਜਾਬੀ ਦੇ ਸ਼ੇਅਰਾਂ ਦੀ ਬਹੁਤਾਤ ਹੈ। ਜਿੱਥੇ, ਇਹ ਸ਼ੈਲੀ ਵਿਸ਼ੇ ਨੂੰ ਰੌਚਕ ਬਨਾਉਣ ਵਿਚ ਸਹਾਈ ਹੁੰਦੀ ਹੈ, ਉੱਥੇ ਗੁਰਮਤ ਅਨੁਸਾਰ ਵਿਚਾਰਧਾਰਾਵਾਂ ਉੱਤੇ ਕਾਫ਼ੀ ਰੌਸ਼ਨੀ ਵੀ ਪਾਉਂਦੀ ਹੈ। ਕਿਤੇ ਕਿਤੇ ਸ਼ੇਕਸਪੀਅਰ, ਕੈਲਟਨ ਆਦਿ ਦੇ ਸ਼ਬਦ ਬੇਲੋੜੇ ਤਾਂ ਜਾਪਦੇ ਹਨ, ਪਰ ਅਸੰਗਤ ਕਿਤੇ ਵੀ ਨਹੀਂ।

ਇਸ ਪੁਸਤਕ ਦੇ ਛੇ ਲੇਖ ਮੈਨੂੰ ਪੜ੍ਹਨ ਦਾ ਮੌਕਾ ਮਿਲਿਆ ਹੈ ਅਤੇ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਇਹ, ਸਾਰੇ ਦੇ ਸਾਰੇ, ਨਿਰੋਲ ਸਿੱਖੀ ਸਿਧਾਂਤਾਂ ਦੀ ਵਿਆਖਿਆ ਹਿੱਤ ਲਿਖੇ ਗਏ ਹਨ। ਜਿੱਥੇ ਕੁ ਗੱਲ ਕਹਿਣੀ ਬਣਦੀ ਸੀ, ਬੜੀ ਨਿਰਪੱਖਤਾ ਨਾਲ, ਪ੍ਰਮਾਣ ਦੇ ਦੇ ਕੇ, ਕਹੀ ਗਈ ਹੈ। ਹਰ ਲੇਖ ਵਿਚ ਦਲੀਲ ਪ੍ਰਧਾਨ ਹੈ। ਅੱਜ ਕਲ੍ਹ ਸਿੱਖ ਧਰਮ ਉੱਤੇ ਜੋ ਘਾਤਕ

ਹਮਲੇ ਹੋ ਰਹੇ ਹਨ, ਉਹਨਾਂ ਨੂੰ ਪਛਾਣਨ ਦਾ ਇਹੋ ਪ੍ਰਵਾਣਤ ਤਰੀਕਾ ਹੈ। ਉਮੀਦ ਹੈ ਕਿ ਬਾਕੀ ਵਿਦਵਾਨ ਅਤੇ ਲੇਖਕ ਵੀ ਪ੍ਰਿੰਸੀਪਲ ਸਾਹਿਬ ਵਾਂਗ ਏਸ ਪਾਸੇ ਧਿਆਨ ਦੇਣਗੇ। "ਕੂੜ ਨਿਖੁਟੇ ਨਾਨਕਾ, ਓੜਕਿ ਸਚਿ ਰਹੀ" ਉੱਤੇ ਤਾਂ ਸਭ ਨੂੰ ਯਕੀਨ ਹੈ।

ਪ੍ਰਿੰਸੀਪਲ ਸਾਹਿਬ ਦੀ ਪੁਸਤਕ ਅਨਮੱਤੀਆਂ ਅਤੇ ਮਨਮੱਤੀਆਂ ਵਲੋਂ ਕੀਤੇ ਜਾ ਰਹੇ ਹਮਲਿਆਂ ਬਾਰੇ, ਕੌਮ ਨੂੰ ਸਮੇਂ ਸਿਰ ਸੁਚੇਤ ਕਰਨ ਦਾ ਕੰਮ, ਬਹੁਤ ਚੰਗੀ ਤਰ੍ਹਾਂ ਨਾਲ ਕਰੇਗੀ; ਸਪੱਸ਼ਟ ਹੀ ਹੈ। ਉਮੀਦ ਰੱਖਣੀ ਚਾਹੀਦੀ ਹੈ ਕਿ ਇਹ, ਹੋਰਾਂ ਨੂੰ ਵੀ, ਇਹਨਾਂ ਵਿਰੁੱਧ ਲਾਮਬੰਦ ਹੋਣ ਲਈ ਪ੍ਰੇਰੇਗੀ ਅਤੇ ਸਿੱਖ ਧਰਮ ਦੇ ਉਹਨਾਂ ਅਦੁੱਤੀ ਸਿਧਾਂਤਾਂ ਨੂੰ ਮਾਂਜਣ, ਲਿਸ਼ਕਾਉਣ ਵਿਚ ਸਹਾਈ ਹੋਵੇਗੀ, ਜਿਨ੍ਹਾਂ ਉੱਤੇ ਹਰ ਧਰਮੀ ਮਨੁੱਖ ਨੂੰ ਫ਼ਖ਼ਰ ਹੋਣਾ ਚਾਹੀਦਾ ਹੈ। ਸਿੱਖੀ ਦੀ ਸਾਂਝੀਵਾਲਤਾ ਵਾਲੀ, ਗੈਰ-ਫਿਰਕੂ, ਨੀਤੀ ਨੂੰ ਪ੍ਰਚਾਰਨ ਵਾਸਤੇ ਅਜੇਹੇ ਹੋਰ ਉੱਦਮਾਂ ਦੀ ਵੀ ਲੋੜ ਹੈ।

ਮੈਂ, ਏਸ ਲਈ ਕਲਮ ਨਹੀਂ ਸੀ ਚੁੱਕੀ ਕਿ ਲੇਖਕ ਅਤੇ ਪੁਸਤਕ ਦੀ ਜਾਣ-ਪਛਾਣ ਕਰਾਵਾਂ। ਮੈਂ ਤਾਂ ਸਿਰਫ਼ ਇੱਕ ਸ਼ਰਧਾਵਾਨ ਸਿੱਖ ਦਾ ਫਰਜ਼ ਨਿਭਾਉਣ ਲਈ ਦੋਨਾਂ ਦੀ ਪ੍ਰਸ਼ੰਸਾ ਕਰਨ ਹਿੱਤ ਹੀ ਉਪ੍ਰੋਕਤ ਦੋ ਸ਼ਬਦ ਲਿਖੇ ਹਨ। ਪ੍ਰਿੰਸੀਪਲ ਸਾਹਿਬ ਨੂੰ ਵਧਾਈ ਦਿੰਦਾ ਹੋਇਆ ਮੈਂ ਉਮੀਦ ਕਰਦਾ ਹਾਂ ਕਿ ਸਿੱਖ ਸੰਗਤਾਂ ਇਹਨਾਂ ਦੀ ਪੁਸਤਕ ਨੂੰ ਉਹ ਮਾਣ ਸਤਿਕਾਰ ਜ਼ਰੂਰ ਦੇਣਗੀਆਂ, ਜਿਸ ਦੀ, ਇਹ ਲਿਖਤ, ਇਹਨਾਂ ਦੀਆਂ ਹੋਰ ਲਿਖਤਾਂ ਵਾਂਗ ਹੀ, ਅਧਿਕਾਰੀ ਹੈ।

ਗੁਰੂ ਜੀ, ਇਹਨਾਂ ਨੂੰ ਸਮਰੱਥਾ ਬਖਸ਼ਣ ਕਿ ਇਹ "ਦਸਮ ਗ੍ਰੰਥ" ਪ੍ਰਤੀ ਆਪਣੇ ਵਿਚਾਰਾਂ ਦਾ ਹੋਰ ਵਿਸਥਾਰ ਕਰ ਕੇ, ਪਏ ਬਹੁਤ ਸਾਰੇ ਸ਼ੰਕੇ ਦੂਰ ਕਰ ਸੱਕਣ।

742, ਸੈਕਟਰ 8, ਚੰਡੀਗੜ੍ਹ — ਗੁਰਤੇਜ ਸਿੰਘ
24 ਦਸੰਬਰ, 1990 — ਪ੍ਰੋਫੈਸਰ, ਸਿੱਖ ਧਰਮ

ਇਹ ਹੈ ਗੁਰਸਿੱਖ ਦਾ ਅਦੁੱਤੀ ਦ੍ਰਿਸ਼ਟੀਕੋਣ :

"ਨ ਗੋਇਮਤ ਕਿ ਸੂਏ ਦੈਰ ਯਾ ਹਰਮ ਮੇ ਰੌ,
ਬ-ਹਰ ਤਰਫ਼ ਮੇ ਰਵੀ, ਜਾਨਿਬ ਖ਼ੁਦਾ ਮੇ ਬਾਸ਼।"

(ਭਾਈ ਨੰਦ ਲਾਲ ਜੀ 'ਗੋਯਾ' ਗ਼ਜ਼ਲ ਨੰ. 40)

(ਭਾਵਾਰਥ : ਮੈਂ ਤੈਨੂੰ ਇਹ ਨਹੀਂ ਆਖਦਾ ਕਿ ਤੂੰ ਮੰਦਰ ਵਲ ਜਾਹ, ਜਾਂ ਮਸਜਿਦ ਵੱਲ; ਹਾਂ, ਤੂੰ ਜਿਸ ਪਾਸੇ ਵੀ ਜਾਵੇਂ, ਰੱਬ ਵਲ ਜਾਵੀਂ।)

ਸਿੱਖ-ਧਰਮ ਦੀਆਂ ਅਮਰ ਤੇ ਬੁਨਿਆਦੀ ਸਾਂਝਾਂ

(1)

ਸਿੱਖ ਧਰਮ ਦੇ ਮਹਾਨ ਮਹਲ ਦਾ ਬੁਨਿਆਦੀ ਪੱਥਰ ਹੈ —ਓਅੰਕਾਰ ਦੀ ਇਕਾਈ, ਏਕਤ੍ਵ ਅਥਵਾ ਵਾਹਦਾਨੀਅਤ। ਸਿੱਖ-ਗੁਰੂ ਸਾਹਿਬਾਨ ਦੀ ਅਨੁਭਵਤਾ ਦਾ ਰੱਬ, ਲਾ-ਸ਼ਰੀਕ ਹੈ, ਇਕ ਤੇ ਕੇਵਲ ਇੱਕ ਹੈ। ਸਰਬ-ਸਾਂਝੀਵਾਲਤਾ ਦੀ ਇਸ ਪਹਿਲੀ ਕੜੀ ਨੂੰ "ਸ਼ਾਹ ਦੇ ਦੀਵਾਨੇ", ਜ਼ਾਹਰ ਪੀਰ ਤੇ ਜਗਤ-ਗੁਰੂ ਬਾਬੇ ਨੇ, "ਜਪੁ" ਦੇ ਆਰੰਭ ਵਿਚ ਆਏ ਮੂਲ-ਮੰਤਰ ਅਥਵਾ ਮੰਗਲਾਚਰਨ ਦੇ ਮੁੱਢ ਵਿਚ, ੴ (ਇਕ ਓਅੰਕਾਰ) ਕਰ ਕੇ ਰੂਪਮਾਨ ਕੀਤਾ ਹੈ। ਇਉਂ ਕਰ ਕੇ, ਆਪ ਜੀ ਨੇ, ਜੁੱਗਾਂ ਤੋਂ ਚਲੇ ਆ ਰਹੇ ਇਸ ਵਿਸ਼ਵਾਸ ਤੇ ਮਨੌਤ ਦਾ ਹਮੇਸ਼ਾਂ ਹਮੇਸ਼ਾਂ ਲਈ ਫਸਤਾ ਵੱਢ ਦਿੱਤਾ ਕਿ ਵਾਹਿਗੁਰੂ ਨੂੰ, ਦੋ, ਤਿੰਨ, ਚਾਰ ਜਾਂ ਵਧੇਰੇ ਸੁਤੰਤਰ ਹਸਤੀਆਂ ਜਾਂ ਸ਼ਕਤੀਆਂ ਵਿਚ ਤਕਸੀਮ ਕੀਤਾ ਜਾ ਸਕਦਾ ਹੈ। ਗੁਰਬਾਣੀ ਵਿਚ; ਜਿਵੇਂ "ਨਾਮ ਤੇ ਨਾਮੀ", ਹੁਕਮ ਤੇ ਹੁਕਮੀ, ਗੁਣ ਅਤੇ ਕਰਮ ਕਰ ਕੇ ਅਭੇਦ ਮੰਨੇ ਗਏ ਹਨ; ਇਵੇਂ ਹੀ, ਇਕ ਵੀ, ਜੋ ਮੂਲ-ਮੰਤ੍ਰ ਵਿਚ ਓਅੰਕਾਰ ਦਾ ਪਰਿਭਾਸ਼ਕ ਪਦ ਹੈ, ਪ੍ਰਯਾਇਵਾਚੀ ਹੈ; ਪ੍ਰਮਾਤਮਾ ਦੇ ਥਾਂ, ਉਸ ਦਾ ਵਾਚਕ ਕਰ ਕੇ ਵਰਤਿਆ ਗਿਆ ਹੈ। ਗੁਰੂ ਨਾਨਕ-ਬਾਣੀ ਵਿਚੋਂ, ਵੰਨਗੀ ਮਾਤਰ, ਲਏ ਗਏ ਇਹ ਪ੍ਰਮਾਣ ਇਸ ਨੁਕਤੇ ਦੀ ਇਉਂ ਸ਼ਾਹਦੀ ਭਰਦੇ ਹਨ :

ੳ) ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥ (ਪੰਨਾ 350)
ਅ) ਏਕੰਕਾਰੁ ਅਵਰੁ ਨਹੀ ਦੂਜਾ, ਨਾਨਕ ਏਕੁ ਸਮਾਈ ॥ (ਪੰਨਾ 930)
ੲ) ਇਸ ਏਕੇ ਕਾ ਜਾਣੈ ਭੇਉ ॥ (ਪੰਨਾ 930)
ਸ) ਏਕੋ ਭਉ ਨਾਹੀ ਭਉ ਕੋਇ ॥ (ਪੰਨਾ 796)
ਹ) ਏਕਮ ਏਕੰਕਾਰੁ ਨਿਰਾਲਾ ॥ ਅਮਰੁ ਅਜੋਨੀ ਜਾਤਿ ਨ ਜਾਲਾ ॥ (ਪੰਨਾ 838)

ਮਨੁੱਖ, ਮਨੁੱਖ ਵਿਚ ਸਦੀਵੀ ਸਾਂਝੀਵਾਲਤਾ ਦੇ ਸ਼ੈਦਾਈ, ਸਿੱਖ-ਗੁਰੂ ਸਾਹਿਬਾਨ, ਨ ਕੇਵਲ ਓਅੰਕਾਰ ਦੀ ਇਕਾਈ ਉਤੇ ਹੀ ਬਲ ਦਿੰਦੇ ਹਨ; ਸਗੋਂ, ਉਸ ਨੂੰ ਕੁਲ ਕਾਇਨਾਤ ਦਾ ਇਕ-ਸਮਾਨ ਆਦਿ, ਕਰਤਾ, ਸਰਬ-ਸਮਰੱਥ ਅਤੇ ਵਿਆਪਕ ਕਰ ਕੇ ਵੀ ਮੰਨਦੇ ਹਨ। ਪ੍ਰਭੂ ਦੀ ਇਸ ਏਕਤ੍ਵਤਾ, ਸਰਬ-ਵਿਆਪਕਤਾ ਤੇ ਕਰਤਾਪਨ ਦੇ, ਭਾਵੇਂ ਹੋਰ ਵੀ ਕਈ ਪਹਿਲੂ ਹਨ; ਪ੍ਰੰਤੂ,

ਇਸ ਦਾ ਇਕ ਸਰਬ-ਸ੍ਰੇਸ਼ਠ, ਸੁਖਦਾਈ, ਗੁਣਕਾਰੀ ਤੇ ਰੌਸ਼ਨ ਪਹਿਲੂ ਇਹ ਹੈ ਕਿ ਇਸ ਗੁਣ, ਅਥਵਾ ਇੱਕੋ ਰੱਬੀ ਸੋਮੇ ਦੀ ਇਹ ਬੁਨਿਆਦੀ ਸਾਂਝ, ਮਨੁੱਖ ਨੂੰ ਹਉਮੈ ਕਾਰਨ ਪੈਦਾ ਹੋਈ ਦੁਖਦਾਈ ਇਕੱਲ, ਖ਼ਤਰਨਾਕ ਵਖਰੇਵੇਂ ਤੇ ਮਾਰੂ ਵਿੱਥ ਤੋਂ ਬਚਾਉਂਦੀ ਹੈ। ਸਾਂਝ ਦਾ ਇਹ ਗੁਣ, ਮਨੁੱਖ ਦੇ ਲੋਕਾ-ਚਾਰ ਸੁਭਾਅ (Herd instinct) ਨੂੰ ਵੀ ਪ੍ਰਬਲ ਕਰਦਾ ਹੈ।

ਗੁਰੂ ਨਾਨਕ ਦੇਵ ਜੀ, ਕਿਉਂਕਿ, ਸਰਬ-ਸਾਂਝੇ ਪ੍ਰਭੂ ਦੇ ਪਰਮ ਪੁਜਾਰੀ ਹਨ; ਇਸ ਲਈ, ਉਨ੍ਹਾਂ ਵੱਲੋਂ ਚਲਾਇਆ ਧਰਮ (ਨਿਰਮਲ ਪੰਥ)[1] ਵੀ, ਇਕ ਅਕਾਲ ਪੁਰਖ, ਅਥਵਾ ਉਸ ਦੇ ਨਾਮ ਦਾ ਹੀ ਅਕਸ ਹੈ। ਏਥੇ, ਇਹ ਗੱਲ ਵਿਸ਼ੇਸ਼ ਤੌਰ ਤੇ ਨੋਟ ਕਰਨ ਵਾਲੀ ਹੈ ਕਿ 'ਰੱਬੁਲਆਲਮੀਨ' (ਸਭ ਦਾ ਰੱਬ) ਵਾਂਗ, ਨਾਮ-ਧਰਮ ਵੀ ਸਦਾ ਇੱਕ ਹੈ ਅਖੰਡ ਹੈ; ਜਦ ਕਿ ਸੰਪ੍ਰਦਾਵਾਂ ਤੇ ਮੱਤ ਅਨੇਕ ਹੋ ਸਕਦੇ ਹਨ। ਜਿਵੇਂ ਹਿੰਦੂ, ਮੁਸਲਮਾਣ ਜਾਂ ਈਸਾਈ, ਹਵਾ, ਪਾਣੀ ਤੇ ਚੰਨ ਸੂਰਜ ਕਹਿਣਾ ਹਿਮਾਕਤ ਹੈ, ਤਿਵੇਂ ਹਿੰਦੂ, ਮੁਸਲਮਾਨ ਜਾਂ ਈਸਾਈ 'ਧਰਮ' ਕਹਿਣਾ ਵੀ ਨਿਰਮੂਲ ਹੈ, ਕੂੜ ਹੈ। ਹਾਂ, ਹਿੰਦੂ, ਮੁਸਲਮਾਨ ਜਾਂ ਈਸਾਈ ਮੱਤ ਤਾਂ ਆਖੇ ਜਾ ਸਕਦੇ ਹਨ। ਜਦ ਸੰਪ੍ਰਦਾਵਾਂ ਦੀ ਪਕੜ ਵਿਚ ਜਕੜੇ ਲੋਕ ਇਕੱਤਰ ਹੋ ਕੇ, ਦਿਲੀ ਤੇ ਦਾਇਮੀ ਮੇਲ ਮਿਲਾਪ ਦੀਆਂ ਗੱਲਾਂ ਕਰਦੇ ਤੇ ਖ਼ਿਆਲੀ ਵਿਉਂਤਾਂ ਵਿਉਂਤਦੇ ਹਨ, ਤਾਂ ਉਹ ਭੁੱਲ ਜਾਂਦੇ ਹਨ ਕਿ ਮਜ਼ਹਬੀ ਕਰਮ ਕਾਂਡ, ਜਾਤ-ਪਾਤ, ਊਚ-ਨੀਚ ਤੇ ਸ਼ਰਹ-ਸ਼ਰੀਅਤ ਦੀ ਪਾਬੰਦੀ ਵਿਚ ਬੁਰੀ ਤਰ੍ਹਾਂ ਜਕੜੇ ਲੋਕਾਂ ਦਾ ਸਹੀ ਤੌਰ ਉੱਤੇ ਸਦੀਵੀ ਮਿਲਾਪ ਹੋਣਾ, ਪਾਣੀ ਉੱਤੇ ਲਕੀਰ ਜਾਂ ਹਵਾ ਦੇ ਬੁੱਲੇ ਸਮਾਨ ਹੈ। ਦਿਲੀ ਤੇ ਚਿਰ-ਪਾ ਮੇਲ ਮਿਲਾਪ ਧਰਮ, ਤੇ ਕੇਵਲ ਧਰਮ ਦੀ ਬਿਨਾਅ ਉੱਤੇ ਹੀ ਹੋ ਸਕਦਾ ਹੈ, ਮਜ਼ਹਬੀ ਅਥਵਾ ਮੱਤ ਮਤਾਂਤ ਦੀਆਂ ਸੰਕੀਰਣ ਤੇ ਵੱਖਰੀਆਂ ਮਨੌਤਾਂ ਦੇ ਪਾਬੰਦ ਹੋਇਆਂ ਨਹੀਂ। ਸੋ, ਧਰਮ ਤੇ ਮਜ਼ਹਬ ਦੇ ਫ਼ਰਕ ਨੂੰ ਸਮਝਣਾ ਜ਼ਰੂਰੀ ਹੈ।

ਸੰਸਾਰ ਦਾ ਇਤਿਹਾਸ ਗਵਾਹ ਹੈ ਕਿ ਵੱਖ-ਵੱਖ ਮੱਤਾਂ ਦੇ ਸਦੀਆਂ ਤੋਂ ਘਿਉ-ਖਿਚੜੀ ਵਾਂਗ ਇਕੱਠੇ ਵਿਚਰਦੇ ਲੋਕ, ਸੰਪ੍ਰਦਾਇਕਤਾ ਦੀ ਸੰਕੀਰਣਤਾ ਦੇ ਇਕ ਅੰਨ੍ਹੇ ਉਬਾਲ ਤੇ ਜੋਸ਼ ਵਿਚ, ਸਭ ਸਾਂਝਾਂ ਖ਼ਤਮ ਕਰ ਕੇ, ਵੱਖਰਾ ਮਜ਼ਹਬੀ ਅਕੀਦਾ ਰੱਖਣ ਵਾਲਿਆਂ ਦਾ ਗਲਾ ਕੱਟਣਾ, ਪੁੰਨ ਸਮਝਣ ਲਗਦੇ ਹਨ। ਉਹ ਆਪਣੇ ਮੱਤ/ਮਜ਼ਹਬ ਅਥਵਾ ਸੰਪ੍ਰਦਾਇ ਦੀ ਅੰਨ੍ਹੀ ਸੰਕੀਰਣਤਾ ਦੇ ਰੁਔਂਬ ਵਿਚ ਸ੍ਰੀ ਗੁਰੂ ਅਰਜੁਨ ਦੇਵ ਜੀ ਦਾ ਇਹ ਸਚ ਭੁਲ ਜਾਂਦੇ ਹਨ ਕਿ : **ਬਲਿਓ ਚਰਾਗੁ ਅੰਧ੍ਯਾਰ ਮਹਿ, ਸਭ ਕਲਿ ਉਧਰੀ ਇਕ ਨਾਮ ਧਰਮ**" (ਪੰਨਾ 1387)। ਹਿੰਦ ਦਾ ਪੁਰਾਣਾ ਤੇ ਵਰਤਮਾਨ ਇਤਿਹਾਸ ਵੀ ਇਸ ਬੁਰਾਈ ਦੀ ਭਰਵੀਂ ਉਗਾਹੀ ਭਰਦਾ ਹੈ।

ਇਕ ਕਵੀ ਦਾ ਕੀਮਤੀ ਕਥਨ ਹੈ ਕਿ ਰੱਬ ਨੇ ਇਨਸਾਨ ਨੂੰ ਪਰਸਪਰ ਮਨੁੱਖੀ ਹਮਦਰਦੀ ਤੇ ਪ੍ਰੇਮ ਪਿਆਰ-ਭਰਪੂਰ-ਸਾਂਝ ਲਈ ਪੈਦਾ ਕੀਤਾ ਹੈ। ਜੇ ਉਸ ਨੂੰ ਆਪਣੀ ਕੇਵਲ ਸਿਫ਼ਤ ਸਾਲਾਹ ਕਰਵਾਉਣੀ ਹੀ ਮਕਸੂਦ ਹੁੰਦੀ, ਤਾਂ ਉਸ ਲਈ ਉਹ ਕੱਰੂਬੀਆਂ (ਫ਼ਰਿਸ਼ਤੇ) ਹੀ ਕਾਫ਼ੀ ਸਨ, ਜੋ ਇਸਲਾਮੀ ਖ਼ਿਆਲ ਅਨੁਸਾਰ, ਉਸ ਦੇ ਸਤਵੇਂ ਆਕਾਸ਼ (ਅਰਸ਼ਿ ਬਰੀਂ) ਉੱਤੇ ਸਥਿਤ ਤਖ਼ਤ ਦੇ ਗਿਰਦ ਘੁੰਮ, ਅਤੇ ਸਿਫ਼ਤ ਸਲਾਹ ਕਰ ਰਹੇ ਹਨ। ਸ਼ੇਅਰ ਹੈ :

---

1. ਮਾਰਿਆ ਸਿਕਾ ਜਗਤ੍ਰਿ ਵਿਚਿ, ਨਾਨਕ ਨਿਰਮਲ ਪੰਥ ਚਲਾਇਆ ॥

(ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 45)

ਦਰਦਿ ਦਿਲ ਕੇ ਵਾਸਤੇ, ਪੈਦਾ ਕੀਆ ਇਨਸਾਨ ਕੋ,
ਵਰਨਾ, ਤ਼ਾਇਤ ਕੇ ਲੀਏ, ਕੁੱਛ ਕਮ ਨ ਥੇ ਕੱਰੂਬੀਆਂ ।

ਸੱਚ-ਧਰਮ ਦੀ ਏਕਤਾ, ਵਿਸ਼ਾਲਤਾ, ਸਾਂਝੀਵਾਲਤਾ, ਅਖੰਡਤਾ ਤੇ ਸਰਬ-ਪੱਖੀ ਲਪੇਟ ਬਾਰੇ ਅਰਸ਼ੀ ਗੁਰਬਾਣੀ, ਇਉਂ ਗਵਾਹੀ ਭਰਦੀ ਹੈ :

(ੳ) **ਏਕੋ ਧਰਮੁ, ਦ੍ਰਿੜੈ ਸਚੁ ਕੋਈ ॥** ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥

(ਮ. ਪਹਿਲਾ, ਪੰਨਾ 1188)

ਭਾਵ : 'ਜੇ ਕੋਈ ਸਚਾਈ ਨੂੰ ਪੂਰਨ ਤੌਰ ਉੱਤੇ ਅੰਦਰ ਵਸਾਵੇ ਤਾਂ ਉਹ ਜਾਣੇਗਾ ਕਿ ਧਰਮ ਅਸਲ ਵਿਚ ਇੱਕੋ ਹੀ ਹੈ । ਗੁਰਮਤਿ ਦੁਆਰਾ ਇਹ ਸੂਝ ਉਪਜਦੀ ਹੈ ਕਿ ਪੂਰਾ ਪ੍ਰਭੂ ਜੁੱਗ ਜੁੱਗ ਇੱਕੋ ਜਿਹਾ ਰਹਿੰਦਾ ਤੇ ਵਰਤਦਾ ਹੈ, ਘਟਦਾ/ਵਧਦਾ ਨਹੀਂ' ।

(ਅ) ਜੁਗਹ ਜੁਗੰਤਰਿ ਸਾਹਿਬੁ ਸਚੁ ਸੋਈ ॥ (ਮ. ਪਹਿਲਾ, ਪੰਨਾ 905)

ਭਾਵ : ਜਿਵੇਂ, ਹਰੇਕ ਜੁੱਗ ਵਿਚ ਇੱਕੋ ਸੱਚਾ ਸਾਹਿਬ ਵਾਹਿਗੁਰੂ ਵਰਤਦਾ ਹੈ, ਇਸੇ ਤਰ੍ਹਾਂ ਉਸ ਨੂੰ ਜਾਨਣ ਅਥਵਾ ਅਨੁਭਵ ਕਰਨ ਵਾਲਾ, ਪੂਰਨ ਜਗਿਆਸਾ ਤੇ ਪਿਆਸ-ਭਰਪੂਰ ਮਾਰਗ (ਧਰਮ) ਵੀ ਇੱਕੋ ਹੈ ।'

(ੲ) ਬਲਿਓ ਚਰਾਗੁ ਅੰਧ੍ਯਾਰ ਮਹਿ, ਸਭ ਕਲਿ ਉਧਰੀ ਇਕ ਨਾਮ ਧਰਮ ॥ (ਪੰ. 1387)

ਸ੍ਰੀ ਗੁਰੂ ਅਰਜੁਨ ਦੇਵ ਜੀ ਹੋਰਥੇ ਵੀ, ਜਿਸ 'ਇਕੋ ਧਰਮ' ਨੂੰ ਸਰਬ-ਸ੍ਰੇਸ਼ਠ ਮੰਨਦੇ ਹਨ, ਉਹ ਹੈ : ਵਾਹਿਗੁਰੂ ਦਾ ਨਾਮ, ਅਥਵਾ ਉਹਦਾ ਜਾਪ ਅਤੇ ਨਿਰਮਲ ਕਰਣੀ । ਫ਼ੁਰਮਾਨ ਹੈ :

ਸਰਬ ਧਰਮ ਮਹਿ ਸ੍ਰੇਸਟ ਧਰਮ ॥ ਹਰਿ ਕੋ ਨਾਮੁ ਜਪਿ, ਨਿਰਮਲ ਕਰਮੁ ॥ (ਸੁਖਮਨੀ)

(2)

ਹੁਣ ਤੱਕ ਹੋਈ ਵੀਚਾਰ ਸਾਨੂੰ ਏਥੇ ਲੈ ਆਈ ਹੈ ਕਿ ਅਸੀਂ ਸੱਚ-ਧਰਮ ਅਤੇ ਮਜ਼ਹਬ ਜਾਂ ਮੱਤ ਦੇ ਅੰਤਰ ਨੂੰ ਸਮਝੀਏ, ਸਰਬੱਤ ਨਾਲ ਦੈਵੀ ਸਾਂਝੀਵਾਲਤਾ ਪੈਦਾ ਕਰਨ ਲਈ ਸੱਚ-ਧਰਮ ਧਾਰੀਏ; ਸੰਪ੍ਰਦਾਇਕਤਾ, ਫ਼ਿਰਕਾਪ੍ਰਸਤੀ, ਮਜ਼ਹਬੀ ਕੁਅੱਸਬ ਤੋਂ ਉੱਚੇ ਉੱਠੀਏ ਅਤੇ ਕਲਗੀਧਰ ਪਿਤਾ ਦੇ ਦੈਵੀ ਫ਼ੁਰਮਾਨ—'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦੀ ਮੁਹਾਰਨੀ ਰਟੀਏ । ਅਜੋਕੇ ਜੁੱਗ ਵਿਚ ਸਮਾਜਵਾਦ (Socialism) ਜੋ ਸਰਬ-ਪੱਖੀ ਧਰਮੀ ਸਾਂਝੀਵਾਲਤਾ ਦਾ ਹੀ ਇਕ ਅਧੂਰਾ, ਅਪੂਰਨ ਤੇ ਸੰਕੀਰਣ ਸਰੂਪ ਹੈ, ਦਾ ਬੜਾ ਚਰਚਾ ਹੈ । ਨੋਟ ਕਰਨ ਵਾਲਾ ਨੁਕਤਾ ਇਹ ਹੈ ਕਿ ਸਮਾਜਵਾਦ ਵਾਂਗ, ਸਿੱਖੀ ਦੀ ਸਾਂਝੀਵਾਲਤਾ ਵਿਚ, ਕੇਵਲ ਪਦਾਰਥਾਂ ਦੀ (ਆਰਥਕ) ਸਾਂਝ ਜਾਂ ਸਮਾਨ ਵੰਡ ਹੀ ਸ਼ਾਮਿਲ ਨਹੀਂ; ਸਗੋਂ, ਜੀਵਨ ਦੇ ਅਧਿਆਤਮਿਕ ਖੇਤਰਾਂ ਅਥਵਾ ਸੱਚੇ ਆਚਾਰ ਤੇ ਕਰਣੀ ਦੀ ਸਾਂਝ ਵੀ ਇਸ ਦੇ ਵਿਸ਼ਾਲ ਖੇਤਰ ਵਿਚ ਆ ਜਾਂਦੀ ਹੈ । ਗੁਰਬਾਣੀ ਵਿਚੋਂ, ਵੰਨਗੀ ਵਜੋਂ, ਲਏ ਗਏ ਇਹ ਦੋ ਪ੍ਰਮਾਣ ਹੀ ਇਸ ਨੁਕਤੇ ਨੂੰ, ਵਧੇਰੇ ਸਪਸ਼ਟ ਕਰਨ ਲਈ ਕਾਫ਼ੀ ਹਨ ਕਿ ਰੱਬ, ਕੁਲ ਮਖ਼ਲੂਕ ਦਾ ਸਾਂਝਾ ਹੈ, ਉਸ ਨੂੰ ਕੋਈ ਦੁੱਪਰਿਆਰਾ ਨਹੀਂ, ਅਤੇ ਸੱਚੇ ਗੁਣਾਂ ਦੀ ਸਾਂਝ ਹੀ ਸੱਚੇ ਤੇ ਸ੍ਰੇਸ਼ਟ ਧਰਮ ਤੇ ਦੈਵੀ ਸਾਂਝੀਵਾਲਤਾ ਦੀ ਜ਼ਾਮਨ ਅਥਵਾ ਬੁਨਿਆਦ ਹੋ ਸਕਦੀ ਹੈ :

(ੳ) ਸਭੇ ਸਾਂਝੀਵਾਲ ਸਦਾਇਨਿ
ਤੂੰ (ਹੇ ਵਾਹਿਗੁਰੂ) ਕਿਸੈ ਨ ਦਿਸਹਿ ਬਾਹਰਾ ਜੀਉ ॥ (ਮ. ਪੰਜਵਾਂ, ਪੰਨਾ 97)

(ਅ) ਗੁਣਾ ਕਾ ਹੋਵੈ ਵਾਸੁਲਾ (ਡੱਬਾ), ਕਢਿ ਵਾਸੁ ਲਈਜੈ ॥
ਜੇ ਗੁਣ ਹੋਵਨਿ ਸਾਜਨਾ, ਮਿਲਿ ਸਾਂਝ ਕਰੀਜੈ ॥
ਸਾਂਝ ਕਰੀਜੈ ਗੁਣਾ ਕੇਰੀ, ਛੋਡਿ ਅਵਗੁਣ ਚਲੀਐ ॥ (ਮ. ਪੰਜਵਾਂ, ਪੰਨਾ 765)

ਇੱਥੇ, ਇਹ ਹਕੀਕੀ ਨੁਕਤਾ ਵੀ ਵਿਸ਼ੇਸ਼ ਤੌਰ ਉੱਤੇ ਨੋਟ ਕਰਨ ਯੋਗ ਹੈ ਕਿ ਮਨੁੱਖੀ ਮਨ ਵਿਚ ਜਦ ਇਕ ਓਅੰਕਾਰ, ਸੱਚ-ਨਾਮ ਅਥਵਾ ਸੱਚ-ਧਰਮ ਦੇ ਬੀਜ ਦੁਆਰਾ, ਦੈਵੀ ਗੁਣਾ ਦੀ ਸਾਂਝ ਦਾ ਅੰਕੁਰ (ਅੰਗੂਰ) ਫੁੱਟਦਾ ਹੈ, ਤਾਂ ਆਰਥਕ, ਰਾਜਨੀਤਕ ਤੇ ਸਮਾਜਕ ਖੇਤਰਾਂ ਵਿਚ ਵੀ, ਸਭ ਦੁਜੈਗੀਆਂ ਖਤਮ ਹੋ ਕੇ, ਹਰ ਪਾਸੇ, ਆਪਣੇ ਆਪ, ਪਿਆਰ-ਸਾਂਝਾਂ ਉਗਮ ਪੈਂਦੀਆਂ ਹਨ। ਉਸ ਅਕਹਿ ਤੇ ਅਨੰਦ-ਮਈ ਅਵਸਥਾ ਦਾ ਝਲਕਾਰਾ ਗੁਰਬਾਣੀ ਦੀਆਂ ਇਹਨਾਂ ਤੁਕਾਂ ਤੋਂ ਅਨੁਮਾਨਿਆ ਜਾ ਸਕਦਾ ਹੈ :—

(ੳ) ਬਿਸਰਿ ਗਈ ਸਭ ਤਾਤਿ ਪਰਾਈ ॥ (ਤਾਤ=ਈਰਖਾ)
ਜਬ ਤੇ ਸਾਧ ਸੰਗਤਿ ਮੋਹਿ ਪਾਈ ॥
ਨਾ ਕੋ ਬੈਰੀ, ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ ॥
(ਮ. 5, ਪੰ. 1299)

(ਅ) ਸਭੁ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ ॥ (ਮ. 5, ਪੰ. 671)

(ੲ) ਸਭ ਕੀ ਰੇਨੁ ਹੋਇ ਰਹੈ ਮਨੂਆ, ਸਗਲੇ ਦੀਸਹਿ ਮੀਤ ਪਿਆਰੇ ॥
ਸਭ ਮਧੇ ਰਵਿਆ ਮੇਰਾ ਠਾਕੁਰੁ, ਦਾਨੁ ਦੇਤਿ ਸਭਿ ਜੀਅ ਸਮਾਰੇ ॥ (ਉਹੀ, ਪੰ. 379)

(ਸ) ਘਾਲਿ ਖਾਇ ਕਿਛੁ ਹਥਹੁ ਦੇਇ ॥ =ਧਰਮ ਦੀ ਕਿਰਤ ਦੀ ਸਾਂਝ
ਨਾਨਕ, ਰਾਹੁ ਪਛਾਣਹਿ ਸੇਇ ॥ (ਮ. 1, ਪੰਨਾ 1245)

(3)

ਜਦ ਰੱਬੀ ਸਾਂਝੀਵਾਲਤਾ ਦੀ ਗੱਲ ਤੁਰਦੀ ਹੈ ਤਾਂ ਸੰਸਾਰ ਵਿਚ ਤੁਰਿਆ ਹਰੇਕ ਮੱਤ, ਇਸ ਦਾ ਦਾਅਵੇਦਾਰ ਬਣਦਾ ਹੈ। ਦਰੁਸਤ ਹੈ ਕਿ ਸਮੇਂ-ਸਮੇਂ, ਜੋ ਜੋ ਮਹਾਂਪੁਰਸ਼ ਸੰਸਾਰ ਵਿਚ ਵਿਚਰੇ, ਉਹਨਾਂ ਵਿਚੋਂ ਬਹੁਤਿਆਂ ਨੇ ਦੇਸ਼ ਤੇ ਕਾਲਵਸ, ਆਪਣੀ ਆਪਣੀ ਪਹੁੰਚ ਤੇ ਤੌਰ ਤਰੀਕੇ ਅਨੁਸਾਰ, ਵਧੇਰੇ ਕਰ ਕੇ, ਆਪਣੇ ਪੈਰੋਕਾਰਾਂ ਨੂੰ ਹੀ, ਉਚਿਆਉਣ ਦਾ ਜਤਨ ਕੀਤਾ ਹੈ; ਪ੍ਰੰਤੂ, ਜਿਥੋਂ ਤੱਕ ਕੁਲੀ ਅਥਵਾ ਸੰਪੂਰਨ ਮਨੁੱਖੀ ਸਮਾਨਤਾ ਤੇ ਇਕ-ਪੱਧਰੀ ਸਾਂਝੀਵਾਲਤਾ ਦਾ ਸੰਬੰਧ ਹੈ, ਉਹ ਦੂਜਿਆਂ ਨੂੰ, ਉਹਨਾਂ ਪਦਵੀਆਂ ਤੇ ਮੁਰੱਵਤਾਂ (ਮੇਹਰਬਾਨੀਆਂ) ਨਾਲ ਨਹੀਂ ਨਿਵਾਜ ਸਕੇ, ਜੋ ਉਹਨਾਂ ਉੱਤੇ ਈਮਾਨ ਰੱਖਣ ਵਾਲੇ ਅਨੁਯਾਈਆਂ (ਪੈਰੋਕਾਰਾਂ) ਨੂੰ, ਉਹਨਾਂ ਨੇ ਲੋਕ-ਪ੍ਰਲੋਕ ਵਿਚ ਬਖਸ਼ਣ ਦਾ ਇਕਰਾਰ ਕੀਤਾ ਹੈ। ਉਹਨਾਂ ਦੀ ਸੀਮਤ ਪਹੁੰਚ ਦੀ ਹਕੀਕਤ ਨੂੰ ਇਕ ਪ੍ਰਬੀਨ ਸ਼ਾਇਰ ਇਉਂ ਬਿਆਨਦਾ ਹੈ :

ਤੂਰ ਪਰ ਕੋਈ, ਕੋਈ ਅਰਸ਼ਿ ਬਰੀਂ ਪਰ ਪਹੁੰਚਾ,
ਜਹਾਂ ਤਕ ਜਿਸ ਕੀ ਪਰਵਾਜ਼ ਥੀ, ਵੁਹ ਵਹੀਂ ਤੱਕ ਪਹੁੰਚਾ।

(ਨੋਟ : ਏਥੇ, ਇਕ ਤਾਂ ਹਜ਼ਰਤ ਮੂਸਾ ਵੱਲ ਇਸ਼ਾਰਾ ਹੈ, ਜੋ ਤੂਰ ਪਰਬਤ ਉੱਤੇ ਰੱਬ ਨਾਲ ਗੱਲਾਂ ਕਰਿਆ ਕਰਦਾ ਸੀ, ਅਤੇ ਦੂਜੇ ਇਸਲਾਮ ਵੱਲ, ਜੋ ਰੱਬ ਨੂੰ ਇੱਕ-ਪੁਰਖੀ ਖ਼ੁਦਾ ਬਾਪ ਕੇ, ਸਤਵੇਂ ਅਰਸ਼ (ਤਖ਼ਤ) ਉੱਤੇ ਬਿਰਾਜਮਾਨ ਮੰਨਦਾ ਹੈ।

ਹਜ਼ਰਤ ਈਸਾ ਵੀ 'ਸਗਲ ਜਮਾਤੀ' ਹੋਣ ਦੀ ਥਾਂ, ਕੇਵਲ ਕੁਝ ਲੋਕਾਂ ਦੀਆਂ ਕਦਰਾਂ ਕੀਮਤਾਂ ਤੇ ਰਾਖੀ ਦੀ ਖ਼ਾਤਰ ਹੀ ਸਲੀਬ (ਸੂਲੀ) ਉੱਤੇ ਚੜ੍ਹ ਗਏ। ਉਨ੍ਹਾਂ ਨੇ ਕੇਵਲ ਉਹਨਾਂ ਇਸਰਾਈਲੀਆਂ ਦੇ ਗੁਨਾਹ ਆਪਣੇ ਮੋਢਿਆਂ ਉੱਤੇ ਚੁੱਕਣ ਦਾ ਵਾਅਦਾ ਕੀਤਾ ਹੈ; ਜੋ ਉਨ੍ਹਾਂ ਉੱਤੇ ਈਮਾਨ ਲਿਆਉਣਗੇ, ਉਨ੍ਹਾਂ ਦੇ ਵਾੜੇ ਦੀਆਂ ਭੇਡਾਂ ਬਣਨਗੇ। ਬਨੀ ਇਸਰਾਈਲੀਆਂ ਲਈ ਰੱਖੀ ਕੋਈ ਰਾਖਵੀਂ ਬਖ਼ਸ਼ਿਸ਼, ਗ਼ੈਰ-ਇਸਰਾਈਲੀਆਂ ਉੱਤੇ ਨਛਾਵਰ ਕਰਨ ਨੂੰ, ਉਨ੍ਹਾਂ ਨੇ, ਸੂਰਾਂ ਅੱਗੇ ਮੋਤੀ ਖਿਲਾਰਨ ਤੁਲ ਦੱਸਿਆ ਹੈ। ਏਥੇ ਵੀ, ਸਿੱਖ-ਗੁਰੂ ਸਾਹਿਬਾਨ ਦੀ ਸਰਬੱਤ ਦੇ ਭਲੇ ਅਤੇ 'ਜਿਤ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ' (ਪੰ. 853) ਵਾਲੀ ਸਮਾਨਤਾ-ਭਰਪੂਰ ਮਾਨਵੀ ਖੁਲ੍ਹ-ਦਿਲੀ ਤੇ ਸਾਂਝ ਦਾ ਅਭਾਵ ਹੈ।

ਹਜ਼ਰਤ ਮੁਹੰਮਦ ਸਾਹਿਬ ਨੇ 'ਰੱਬਉਲ ਆਲਮੀਨ' (ਰੱਬ ਸਭ ਦਾ ਹੈ) ਦਾ ਨਾਅਰਾ ਬਰ ਹੱਕ, ਜ਼ਰੂਰ ਲਾਇਆ ਹੈ; ਪ੍ਰੰਤੂ ਅਮਲੀ ਵਰਤੋਂ ਸਮੇਂ, ਬਹਿਸ਼ਤ ਤੇ ਹੂਰਾਂ ਆਦਿ ਨੇਮਤਾਂ ਦੀ ਪ੍ਰਾਪਤੀ ਉਸੇ ਨੂੰ ਹੋਣੀ ਮੰਨੀ ਹੈ, ਜੋ ਹਜ਼ਰਤਾਂ ਨੂੰ ਆਖ਼ਰੀ ਨਬੀ ਅਤੇ ਕੁਰਾਨ ਸ਼ਰੀਫ਼ ਨੂੰ ਆਖ਼ਰੀ ਰੱਬੀ-ਕਿਤਾਬ ਮੰਨਣਗੇ, ਅਤੇ ਹਜ਼ਰਤਾਂ ਵਲੋਂ ਦੱਸਿਆ ਕਲਮਾਂ, ਨਮਾਜ਼, ਰੋਜ਼ਾ, ਜ਼ਕਾਤ ਤੇ ਜਹਾਦ ਅਤੇ ਹੋਰ ਦੱਸੀ ਸ਼ਰ੍ਹਾ ਦੇ ਪਾਬੰਦ ਰਹਿਣਗੇ। ਜੋ ਇਉਂ ਨਹੀਂ ਮੰਨਦੇ; ਜਾਂ ਬੁੱਤਾਂ ਨੂੰ ਪੂਜਦੇ ਤੇ ਇਸ ਤਰ੍ਹਾਂ ਖ਼ੁਦਾ ਨਾਲ ਸ਼ਿਰਕ (ਸ਼ਰੀਕਾ, ਬਰਾਬਰੀ) ਪੈਦਾ ਕਰਦੇ ਹਨ, ਉਹ ਸਾਰੇ ਕਾਫ਼ਿਰ ਹਨ। ਉਨ੍ਹਾਂ ਨਾਲ ਸਾਂਝੀਵਾਲਤਾ ਤੇ ਮੁਸਾਵਾਤ (ਸਮਾਨਤਾ) ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸਗੋਂ, ਉਨ੍ਹਾਂ ਨੂੰ ਇਸਲਾਮ ਦੇ ਦਾਇਰੇ ਵਿਚ ਲਿਆਉਣ ਹਿੱਤ, ਸਾਰੇ ਵਾਹ ਲਾਉਣ ਉਤੇ ਵੀ, ਜੇ ਸਫਲਤਾ ਪ੍ਰਾਪਤ ਨਾ ਹੋਵੇ, ਅਤੇ ਹਜ਼ਰਤਾਂ ਦੀ ਉੱਮਤ ਨੂੰ ਵਧਾਉਣ ਦਾ ਸਵਾਬ (ਪੁੰਨ) ਨਾ ਮਿਲ ਸਕੇ, ਤਾਂ ਉਨ੍ਹਾਂ ਨੂੰ ਖ਼ਤਮ ਕਰਨ ਦਾ ਸਵਾਬ (ਪੁੰਨ) ਲੈਣਾ ਹੀ ਚੰਗਾ ਤੇ ਪ੍ਰਵਾਨ ਹੈ। ਸਿਆਣੇ ਆਖਦੇ ਹਨ ਕਿ ਦਰੱਖ਼ਤ ਆਪਣੇ ਫਲ ਤੋਂ ਪਹਿਚਾਨਿਆ ਜਾਂਦਾ ਹੈ। ਇਸਲਾਮ ਦੀ ਤਾਲੀਮ ਦੀ, ਮੋਮਨਾਂ ਨੇ ਕਿਵੇਂ ਵਰਤੋਂ ਕੀਤੀ, ਇਤਿਹਾਸ ਉਸ ਦੀ ਕਰਵੀਂ ਤੇ ਤਲਖ਼ ਗਵਾਹੀ ਭਰਦਾ ਹੈ। ਭਰਦਾ ਹੈ ਕਿ ਈਰਾਨ ਦਾ ਸ਼ੀਆ ਪ੍ਰਧਾਨ, ਖੁਮੀਨੀ, ਈਰਾਨੀ ਫ਼ੌਜੀਆਂ ਨੂੰ ਯੁੱਧ ਵਿਚ ਭੇਜਣ ਸਮੇਂ, ਪਲਾਸਟਿਕ ਦੀ ਇੱਕ ਇੱਕ ਚਾਬੀ ਵੀ ਦਿੰਦਾ ਸੀ, ਤਾਂ ਜੋ, ਜੇ ਉਹ ਈਰਾਕੀ ਸੁੰਨੀ ਮੁਸਲਮਾਨਾਂ ਵਿਰੁੱਧ ਲੜੀ ਜਾ ਰਹੀ ਜੰਗ ਵਿਚ ਸ਼ਹੀਦ ਹੋ ਜਾਣ, ਤਾਂ ਚਾਬੀ ਨਾਲ ਬਹਿਸ਼ਤ ਦਾ ਦਰਵਾਜ਼ਾ ਖੋਲ੍ਹ ਲੈਣ, ਅਤੇ ਸਦੀਵੀ ਤੌਰ ਉੱਤੇ ਬਹਿਸ਼ਤ ਦੀਆਂ ਹੂਰਾਂ ਤੇ ਤੂਬਾ ਰੁੱਖ ਤੋਂ ਪ੍ਰਾਪਤ ਹੋਣ ਵਾਲੀਆਂ ਮਨ-ਇੱਛਤ ਨੇਮਤਾਂ ਮਾਨਣ।

ਡਾਕਟਰ ਸਰ ਮੁਹੰਮਦ ਇਕਬਾਲ ਜਿਹੇ ਪ੍ਰਸਿੱਧ ਇਸਲਾਮੀ ਵਿਦਵਾਨ ਦਾ, ਹਜ਼ਰਤਾਂ ਦੇ ਬਹਿਸ਼ਤ ਤੇ ਹੂਰਾਂ ਆਦਿ ਦੇ ਵਾਅਦੇ ਤੋਂ, ਇਉਂ ਤੌਬਾ ਕਰਨਾ, ਅਜੀਬ, ਪੁਰ ਇਸਰਾਰ, ਅਰਥ-ਭਰਪੂਰ ਤੇ ਹੈਰਾਨਕੁਨ ਹੈ :

ਬਹਿਸ਼ਤੇ, ਹੂਰੇ, ਗ਼ੁਲਿਮਾਂ, ਇਵਜ਼ਿ ਤ੍ਹਾਇਤ, ਮੈਂ ਨਾ ਮਾਨੂੰਗਾ।
ਇਨਹੀਂ ਬਾਤੋਂ ਸੇ ਐ ਜ਼ਾਹਿਦ, ਜ਼ਈਫ਼ ਈਮਾਨ ਹੋਤਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ, ਵਾਰ ਆਸਾ ਦੀ ਛੇਵੀਂ ਪਉੜੀ ਦੇ ਪਹਿਲੇ ਸਲੋਕ ਵਿਚ ਇਸਲਾਮੀ ਅਕੀਦੇ ਅਨੁਸਾਰ, ਸ਼ਰੀਅਤ ਦੀ ਕਰੜੀ ਪਾਬੰਦੀ ਦੁਆਰਾ, ਰੱਬ ਦੇ ਦੀਦਾਰ ਹੋਣ ਦੀ ਇਸਲਾਮੀ ਮਨੌਤ ਨੂੰ ਇੰਞ ਅੰਕਿਤ ਕਰਦੇ ਹਨ :

ਮੁਸਲਮਾਨਾਂ, ਸਿਫਤਿ ਸਰੀਅਤ, ਪੜਿ ਪੜਿ ਕਰਹਿ ਬੀਚਾਰੁ ॥
ਬੰਦੇ ਸੇ, ਜਿ ਪਵਹਿ ਵਿਚਿ ਬੰਦੀ, ਵੇਖਣ ਕਉ ਦੀਦਾਰੁ ॥

(ਬੰਦੀ=ਸ਼ਰ੍ਹਾ ਦੀ ਪਾਬੰਦੀ, ਕੈਦ)

ਹਿੰਦੂਆਂ ਵਿਚ, ਜੀਵਨ ਦੇ ਕਿਸੇ ਪੜਾਅ ਉਤੇ ਵੀ, ਸਮਾਨਤਾ ਤੇ ਸਾਂਝੀਵਾਲਤਾ ਦੇ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਇਨ੍ਹਾਂ ਦੇ ਇਸ਼ਟ, ਮੰਦਰ, ਯੱਗੋਪਵੀਤ (ਜੰਞੂ), ਖਾਣ ਪਾਨ, ਪਹਿਰਾਵਾ, ਪੂਜਾ ਪ੍ਰਤਿਸ਼ਠਾ ਤੇ ਜ਼ਾਤਪਾਤ ਆਦਿ ਸਭ ਵੱਖਰੇ ਵੱਖਰੇ ਹਨ। ਅਛੂਤਾਂ, ਸ਼ੂਦਰਾਂ ਤੇ ਹੋਰ ਨੀਵੀਆਂ ਜਾਤੀਆਂ ਤੇ ਜੂਨੀਆਂ ਨਾਲ, ਇਹਨਾਂ ਵਲੋਂ ਹੁੰਦੇ ਆ ਰਹੇ ਦੁਰ-ਵਿਵਹਾਰ ਦੀ ਤਾਂ ਗੱਲ ਹੀ ਛੱਡੋ, ਉਦਾਹਰਣ ਵਜੋਂ, ਜੈਨੀਆਂ ਤੇ ਹਿੰਦੂਆਂ ਵਿਚ ਵਿੱਥ ਤੇ ਨਫਰਤ ਦਾ ਇਹ ਆਲਮ ਹੈ, ਕਿ ਜੇ ਜੈਨੀ ਪਿੱਛੇ ਪਾਗਲ ਹਾਥੀ ਲਗ ਜਾਵੇ, ਤਾਂ ਉਸ ਨੂੰ ਹਾਥੀ ਦੇ ਪੈਰ ਹੇਠ ਆ ਕੇ ਕੁਚਲੇ ਜਾਣ ਦੀ ਤਾਕੀਦ ਤਾਂ ਹੈ, ਪਰ ਜਾਨ ਬਚਾਉਣ ਲਈ, ਹਿੰਦੂ-ਮੰਦਰ ਵਿਚ ਦਾਖਲ ਹੋਣ ਦੀ ਆਗਿਆ ਨਹੀਂ। ਇਸ ਦੇ ਵਿਪਰੀਤ, ਅਜੇਹੀ ਸਿਖਿਆ ਹੀ, ਹਿੰਦੂਆਂ ਨੂੰ, ਜੈਨ-ਮੰਦਰ ਵਿਚ, ਦਾਖਲ ਹੋਣ ਬਾਰੇ ਹੈ। (ਆਤਮ-ਪੂਜਾ ਉਪਨਿਸ਼ਦ, ਪੰਨਾ 171 ਤੋਂ, ਸੰਖੇਪ, ਸ੍ਰੀ ਰਜਨੀਸ਼)

ਡਾਕਟਰ ਭਾਈ ਵੀਰ ਸਿੰਘ ਜੀ ਦੇ ਕਥਨ ਅਨੁਸਾਰ, ਮੁਸਲਮਾਨ ਹਮਲਾਆਵਰਾਂ ਵਲੋਂ ਢਾਹੇ ਗਏ ਮੰਦਰਾਂ ਦੀ ਹਰ ਸਿੱਲ (ਇੱਟ-ਪੱਥਰ) ਹਿੰਦੂ ਸਮਾਜ ਵਿਚ ਸਮਾਨਤਾ ਤੇ ਸਾਂਝੀਵਾਲਤਾ ਦੇ ਅਭਾਵ ਦੀ ਤਲਖ਼ ਗਵਾਹੀ ਇਉਂ ਦੇ ਰਹੀ ਹੈ :

ਹਾਏ! ਹਿੰਦ, ਕੁਲ ਜ਼ਾਤੀਆਂ ਵਾਲੇ, ਹਰ ਸਿਲ ਕਹਿੰਦੀ ਰੋਈ। (ਮਟਕ ਹੁਲਾਰੇ)

(4)

ਸਮਾਨਤਾ ਤੇ ਸਾਂਝੀਵਾਲਤਾ ਦੇ ਆਸ਼ਕ, ਗੁਰੂ ਨਾਨਕ ਦਾ ਕਮਾਲ :

ਹਾਂ, ਜੇ ਕਿਸੇ ਨੇ ਸਹੀ ਅਰਥਾਂ ਵਿਚ, ਇਹਨਾਂ ਸਮਾਜਕ, ਧਾਰਮਿਕ, ਆਰਥਿਕ ਤੇ ਰਾਜਨੀਤਕ ਮਰਜ਼ਾਂ, ਕੁਅੱਲਤਾਂ ਤੇ ਬੁਰਾਈਆਂ ਵਿਰੁੱਧ ਪੂਰੀ ਬੇਬਾਕੀ ਤੇ ਦਰਦ ਨਾਲ, ਹਾਅ ਦਾ ਨਾਅਰਾ ਮਾਰਿਆ, ਲੂੰ ਲੂੰ ਦੁਖੀ ਤੇ ਨਿਢਾਲ ਹੋਈ ਮਨੁੱਖਤਾ ਦੀ ਇਕ-ਸਮਾਨ ਬਾਂਹ ਫੜੀ, ਉਸ ਨੂੰ ਛਾਤੀ ਨਾਲ ਲਾਇਆ, ਢਾਰਸ ਦਿੱਤੀ, ਇਨਸਾਨ ਨੂੰ ਉਸ ਦੇ ਜੋਤਿ ਸਰੂਪ ਹੋਣ ਦੇ ਨਾਤੇ, ਪਰਸਪਰ ਅਜ਼ਲੀ ਸਮਾਨਤਾ ਤੇ ਸਾਂਝੀਵਾਲਤਾ ਦਾ ਵਾਰਿਸ ਹੋਣ ਦਾ ਵਿਸ਼ਵਾਸ ਦਿਵਾਇਆ, ਅਤੇ ਰਾਵੀ ਦੇ ਬੇਲਿਆਂ ਤੋਂ ਲੈ ਕੇ, ਸੁਮੇਰ ਪਰਬਤ ਦੀਆਂ ਉਚਾਣਾਂ, ਅਤੇ ਅਰਬ ਦੇ ਰੇਤ-ਥਲਿਆਂ ਤੱਕ ਮਨੁੱਖੀ ਸਾਂਝ ਦਾ ਨਗ਼ਮਾ ਗਾਇਆ, ਤਾਂ ਉਹ ਸਨ : ਰੱਬ ਵਾਂਗ ਰੋਸ਼ਨ, ਰੱਬ ਦੇ ਫ਼ਕੀਰ, ਕਿਸੇ ਦੇ ਗੁਰੂ ਤੇ ਕਿਸੇ ਦੇ ਪੀਰ, **ਪਰ ਕੁਲ ਮਖ਼ਲੂਕ ਦੇ ਸਾਂਝੇ ਸੇਵਕ ਤੇ ਰਹਬਰ : ਨਿਰੰਕਾਰੀ ਗੁਰੂ, ਸਤਿਗੁਰੂ ਨਾਨਕ ਦੇਵ**, ਜਿਨ੍ਹਾਂ ਨੂੰ ਵਿਦਵਾਨ ਸਵਰਗੀ ਸਾਧੂ ਟੀ.ਐਲ. ਵਸਵਾਨੀ, ਹੱਕੀ ਤੌਰ ਉੱਤੇ, '**ਲੋਕਾਈ ਦਾ ਰਹਬਰ**' (Prophet of the People) ਕਰ ਕੇ ਪਿਆਰਦਾ, ਸਤਿਕਾਰਦਾ ਤੇ ਨਮਸਕਾਰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ, ਤਥਾ ਉਨ੍ਹਾਂ ਦੇ ਉੱਤ੍ਰਾਧਿਕਾਰੀ ਗੁਰੂ ਸਾਹਿਬਾਨ ਦੇ 239 ਕੁ ਸਾਲ ਦੇ ਲੰਬੇ ਜੀਵਨ-ਸਫ਼ਰ ਵੱਲ ਡੂੰਘੀ ਝਾਤ ਮਾਰੋ, ਤਾਂ ਤੁਹਾਨੂੰ ਇਸ ਯਾਤਰਾ ਦੇ ਕਿਸੇ ਪੜਾਅ ਉਤੇ ਵੀ **ਸੰਪ੍ਰਦਾਇਕਤਾ, ਮਜ਼ਹਬੀ ਤੁਅੱਸਬ, ਘਿਰਣਾ, ਮਨੁੱਖੀ ਅਸਮਾਨਤਾ, ਵਿੱਥ ਤੇ ਵਿਤਕਰੇ ਦੀ ਲੇਸ ਤੱਕ ਵੀ ਲੱਭਿਆਂ ਨਹੀਂ ਲੱਭੇਗੀ।** ਹਰ ਪਾਸੇ ਉਨ੍ਹਾਂ ਦੇ ਦਰਦਮੰਦ ਦਿਲਾਂ ਵਿਚੋਂ, ਸਭ ਲਈ ਪ੍ਰੇਮ ਤੇ ਪਿਆਰ ਦੇ ਫੁਆਰ-ਛਾਟੇ ਉਠਦੇ ਨਜ਼ਰੀਂ ਪੈਣਗੇ। ਇੰਝ ਹੋਵੇ ਵੀ ਕਿਉਂ ਨਾ, ਜਦ ਕਿ ਉਨ੍ਹਾਂ ਦਾ ਪੰਥ ਪਿਆਰ ਦਾ ਹੈ, ਅਤੇ ਵਰਤੋਂ ਪ੍ਰਦਰਸ਼ਦ ਸਾਂਝ, ਇਨਕਸਾਰੀ (ਹਲੀਮੀ), ਆਸ਼ਤੀ (ਮਿੱਤ੍ਰਤਾ) ਅਤੇ 'ਸਗਲ ਸੰਗਿ ਹਮ ਕਉ ਬਨਿ ਆਈ' ਦੀ।

ਆਓ, ਹਣ ਵੇਖੋ, 'ਬਾਬੇ' ਦੀ ਮਨੁੱਖੀ ਸਮਾਨਤਾ ਤੇ ਸਾਂਝੀਵਾਲਤਾ ਦੇ ਅਲੌਕਿਕ ਦ੍ਰਿਸ਼ :

ਸਭ ਦਾ 'ਸਾਂਝਾ ਬਾਬਾ', ਪਹਿਲੀ ਉਦਾਸੀ ਸਮੇਂ, ਜੇ ਕੋਈ ਸਾਥੀ ਚੁਣਦਾ ਹੈ ਤਾਂ ਉਹ ਸੀ ਮਰਦਾਨਾ (ਡੂਮ)। ਕੀਰਤਨੀਆ ਹੋਣ ਦੇ ਨਾਤੇ 'ਬਾਬਾ' ਉਸ ਨੂੰ 'ਭਾਈ' ਦੀ ਮਹਾਨ ਉਪਾਧੀ ਪ੍ਰਦਾਨ ਕਰਦਾ ਹੈ। ਸ਼ਾਇਰ ਦੇ ਇਸ ਕਥਨ : 'ਫ਼ਲਕ ਕੋ ਕਬ ਹੈ, ਯਿਹ ਤਾਬੋ ਤਾਕਤ, ਜ਼ਿਮੀ ਕੋ ਕਬ ਹੈ ਯਿਹ ਦਸਤਿ ਕੁਦਰਤ ? ਹਮੀਂ ਉਠਾਏਂਗੇ ਨਾਜ਼ ਤੇਰੇ, ਜੋ ਬਾਰਿ ਉਲਫ਼ਤ ਉਠਾਏ ਹੂਏ ਹੈਂ', ਅਨੁਸਾਰ, ਬਾਬਾ ਉਸ ਦੇ ਹਜ਼ਾਰਾਂ ਰੋਸੇ ਤੇ ਨਾਜ਼ ਬਰਦਾਸ਼ਤ ਕਰਦਾ ਹੈ। ਦੂਜੇ, ਜੇ ਇਸ ਉਦਾਸੀ ਦਾ ਪਹਿਲਾ ਵਡਾ ਪੜਾਅ ਹੁੰਦਾ ਹੈ ਤਾਂ ਭਾਈ ਲਾਲੋ ਦੀ ਕੁੱਲੀ ਵਿਚ, ਜਿਥੇ ਕਿਸੇ ਅਗੰਮੀ ਸਤਿਸੰਗੀ ਮੌਜ ਵਿਚ ਰਾਤ ਨੂੰ ਮੱਢਲ (ਕੋਧਰੇ) ਦੀਆਂ ਰੁੱਖੀਆਂ ਪਰਸ਼ਾਦੀਆਂ ਛਕਦੇ ਹਨ ਦੋਵੇਂ, ਬਲਖ ਤੇ ਬੁਖਾਰੇ ਦੇ ਮੇਵਿਆਂ ਨਾਲੋਂ ਮਿੱਠੀਆਂ ਤੇ ਛੱਤੀ ਪ੍ਰਕਾਰ ਦੇ ਭੋਜਨਾਂ ਤੋਂ ਸਵਾਦਿਸ਼ਟ ਜਾਣ ਕੇ। ਇਸ ਦੈਵੀ ਸਾਂਝ ਅਥਵਾ ਸਾਂਝੀਵਾਲਤਾ ਦੇ ਅਲੌਕਿਕ ਦ੍ਰਿਸ਼ ਨੂੰ ਇਕ ਪ੍ਰਬੀਨ ਸ਼ਾਇਰ ਇਉਂ ਦਰਸਾਉਂਦਾ ਹੈ ;—

"ਤੇਸਾ ਤੇ ਹੱਥ ਸੀ ਸੱਥਰਾ, ਤਰਖਾਣ ਕਾਰੇ ਲੱਗ ਰਿਹਾ।
ਸਖਤ ਸੀ ਕੰਮ ਉਸ ਦਾ, ਪਰਸਿਉ ਤਨ ਚੋਂ ਵੱਗ ਰਿਹਾ।
ਕਰਦਾ ਸੀ ਸੇਵਾ ਮੱਗ ਦੀ, ਪਰ ਉਲਟ ਉਸ ਨੂੰ ਜੱਗ ਕਿਹਾ :
ਨੀਵਾਂ ਏਂ ਤੂੰ, ਸ਼ੂਦਰ ਏਂ ਤੂੰ, ਦਿਲਨੂੰ ਵੀ ਉਸ ਨੂੰ ਧੱਗ ਕਿਹਾ।
ਸੁਣ ਕੇ ਤੇ ਮਨ ਭਰ ਆਇਆ, ਚੁੱਪ ਕਰ ਰਿਹਾ ਲਾਚਾਰ ਤੱਦ।
ਪਿੱਛੋਂ ਆਵਾਜ਼ਾ ਆਇਆ, "ਲਾਲੋ ਜੀ ! ਸਤਿਕਰਤਾਰ" ਤੱਦ।

ਤਥਾ—ਉਹ ਟਿਕਿਆ ਜਾ ਕੇ ਲਾਲੋ ਦੇ, ਟੁੱਟੀ ਹੋਈ ਜਿਸ ਦੀ ਕੁੱਲੀ ਸੀ।
ਸੱਥਰ ਤੇ ਜਿਸ ਦਾ ਸੌਣਾ ਸੀ, ਪਾਟੀ ਹੋਈ ਜਿਸ ਦੀ ਜੁੱਲੀ ਸੀ।
ਘਰ ਜਿਸ ਦੇ ਰੋਟੀਂ ਖਾਵਣ ਨੂੰ, ਮੱਢਲ ਦੀ ਪੱਕੀ ਕੁੱਲੀ ਸੀ।
ਓਥੇ ਤਕ 'ਬਾਬੇ' ਬੈਠੇ ਨੂੰ, ਕੁਲ ਆਲਮ ਦੇ ਗਲ ਖੁਲ੍ਹੀ ਸੀ।
"ਬਣ ਕੇ ਗ਼ਮਖ਼ਾਰ ਗ਼ਰੀਬਾਂ ਦਾ, ਬਣਿਆ ਸਰਦਾਰ ਹਬੀਬਾਂ ਦਾ।
(ਹਬੀਬ—ਰੱਬ ਦੇ ਪਿਆਰੇ ਤੇ ਪ੍ਰਵਾਨੇ ਸਤਿਪੁਰਖ)

ਗੱਲ ਕੀ, ਮਾਨਵੀ ਸਾਂਝਾਂ ਦਾ ਮੁਦੱਈ, ਅਰਸ਼ੀ ਨਾਨਕ, ਹਿੰਦੂਆਂ ਦੇ ਤੀਰਥਾਂ, ਜੋਗੀਆਂ ਦੇ ਪਰਬਤੀ ਟਿਕਾਣਿਆਂ ਤੇ ਇਸਲਾਮੀ ਤਾਲੀਮ ਦੇ ਕੇਂਦਰਾਂ ਉਤੇ ਪਹੁੰਚਦਾ ਅਤੇ ਸਭ ਥਾਈਂ,

ਸਾਂਝੇ 'ਸਤਿਨਾਮ ਤੇ ਸਤਿਕਰਤਾਰ' ਦਾ ਨਾਦ ਗੂੰਜਾਉਂਦਾ ਹੈ। ਸਭ ਨੂੰ ਇਕ ਸਮਾਨ ਹਉਮੈ ਤੇ ਤੁਅੱਸਬ ਦੇ ਖੱਡਿਆਂ ਦੀ 'ਇਕੱਲਤਾ' ਵਿਚੋਂ ਕੱਢ ਕੇ, ਸਰਬ-ਸੁਖਦਾਈ ਸਾਂਝੀਵਾਲਤਾ ਦੀ ਸੰਥਾ ਪੜ੍ਹਾਉਂਦਾ ਅਤੇ 'ਸਰਬਤ ਦਾ ਭਲਾ' ਮੰਗਣ ਦਾ ਵੱਲ ਸਿਖਾਉਂਦਾ ਹੈ। ਸੱਚੀ ਬਾਬੇ ਦੀ ਦੈਵੀ ਸਾਂਝੀਵਾਲਤਾ ਦਾ ਇਸ ਤੋਂ ਵੱਡਾ ਹੋਰ ਸਬੂਤ ਕੀ ਹੋ ਸਕਦਾ ਹੈ ਕਿ ਆਖ਼ਰ, ਜਦ ਬਾਬਾ ਜੀ ਕਰਤਾਰਪੁਰ ਜੋਤੀ ਜੋਤ ਸਮਾਏ, ਤਾਂ ਹਿੰਦੂਆਂ ਤੇ ਮੁਸਲਮਾਨਾਂ ਵਿਚ ਝਗੜਾ ਖੜ੍ਹਾ ਹੋ ਗਿਆ; ਹਿੰਦੂ, ਬਾਬੇ ਦੀ ਦੇਹ ਦਾ ਸਸਕਾਰ ਕਰਨਾ ਚਾਹੁੰਦੇ ਸਨ, ਜਦ ਕਿ ਮੁਸਲਮਾਨ ਆਪਣਾ ਪੀਰ ਜਾਣ ਕੇ ਦਫ਼ਨਾਉਣਾ। ਪਰ, ਬਾਬਾ ਤਾਂ ਨੂਰੀ ਜੋਤ ਸੀ, ਤੇ ਜੋਤ ਵੀ ਕਦੀ ਵੰਡੀ ਜਾ ਸਕਦੀ ਹੈ। ਉਹ ਸਭ ਦੀ ਹੈ ਅਤੇ ਸਾਰੇ, ਸਦਾ ਸਦਾ ਲਈ, ਉਸ ਦੇ ਸਾਂਝੀਵਾਲ ਹਨ। ਆਖ਼ਰ, ਅਰਸ਼ੋਂ ਆਵਾਜ਼ ਆਈ:

"ਬਾਬਾ ਮੜ੍ਹੀ ਨ ਗੋਰ, ਗੁਰ ਅੰਗਦ ਕੇ ਹੀਐ ਮਹਿ।
ਉਨ, ਸੰਗਤ ਅਉਰ, ਨਿਸਦਿਨ ਬਸਤੇ ਮੈਂ ਕਹਉਂ।"

ਜੇ ਗੁਰਮੱਤ ਦੀ ਵਿਸ਼ਾਲਤਾ, ਖੁਲ੍ਹਦਿਲੀ, ਸਹਿਵਾਸ ਤੇ ਸਾਂਝੀਵਾਲਤਾ ਦੇ ਹੋਰ ਅਲੌਕਿਕ ਦ੍ਰਿਸ਼ ਵੇਖਣੇ ਹੋਣ, ਤਾਂ ਬਾਰੇ ਭਾਈ ਨੰਦ ਲਾਲ ਜੀ ਗੋਇਆ ਦੇ, ਸ੍ਰੀ ਦਸਮੇਸ਼ ਜੀ ਵਲੋਂ ਪ੍ਰਵਾਨ, 'ਦੀਵਾਨਿ ਗੋਯਾ' ਵਿਚੋਂ, ਵੰਨਗੀ ਮਾਤ੍ਰ ਇਹ ਸ਼ੇਅਰ:

(ੳ) ਨਗੋਇਮਤ ਕਿ ਸੂਏ ਦੈਰ ਯਾ ਹਰਮ ਮੇ ਰੌ,
ਬ-ਹਰ ਤਰਫ਼ ਮੇਂ ਰਵੀ, ਜਾਨਬਿ ਖ਼ੁਦਾ ਮੇ ਬਾਸ਼।

ਅਰਥ-ਭਾਵ: ਮੈਂ ਤੈਨੂੰ ਇਹ ਨਹੀਂ ਆਖਦਾ ਕਿ ਮੰਦਰ ਵਲ ਜਾ, ਜਾਂ ਮਸਜਦ ਵਲ ਜਾ। ਜਿਸ ਪਾਸੇ ਵੀ ਜਾਵੇਂ, ਜਾਹ; ਪਰ ਸ਼ਰਤ ਇਹ ਹੈ ਕਿ ਰੱਬ ਵੱਲ ਜਾਵੀਂ।)

(ਅ) ਬੂ ਨੇਸਤ ਗ਼ੈਰ ਅਜ਼ਾਂ ਸਨਮ, ਦਰ ਪਰਦਾਇ ਦੈਰੋ ਹਰਮ,
ਕੇ ਸ਼ੁੱਦਦ ਆਤਸ਼ਿ ਦੋ ਰੰਗ, ਅਜ਼ ਇਖ਼ਤਲਾਫ਼ਿ ਸੰਗਹਾ।

(ਅਰਥ-ਭਾਵ: ਜਦ, ਮੰਦਰ ਤੇ ਮਸੀਤ ਦੇ ਪਰਦੇ ਵਿਚ ਉਸ ਮਾਹੀ (ਪ੍ਰਮਾਤਮਾ) ਤੋਂ ਬਿਨਾਂ ਕੋਈ ਹੋਰ ਦੂਜਾ ਨਹੀਂ, ਤਾਂ ਫੇਰ, ਪੱਥਰਾਂ ਦੇ (ਆਪਸ ਵਿਚ ਦੀ) ਵਖ ਵਖ ਰੰਗਾਂ ਦੇ ਹੋਣ ਨਾਲ (ਉਨ੍ਹਾਂ ਵਿਚੋਂ ਨਿਕਲਣ ਵਾਲੀ) ਅੱਗ ਵੀ ਕਦੀ ਦੋ ਰੰਗ ਦੀ ਹੋਈ ਹੈ? ਭਾਵ—ਰੱਬ ਕਿਸੇ ਇਕ ਥਾਂ ਕੈਦ ਨਹੀਂ; ਉਹ ਸਭ ਦਾ ਸਾਂਝਾ ਹੈ ਤੇ ਹਰ ਥਾਂ ਵਿਆਪਕ ਹੈ। ਸਾਰੇ ਹੀ ਉਸ ਦੇ ਇਕ-ਸਮਾਨ ਸਾਂਝੀਵਾਲ ਹਨ।)

ਮਾਨਵ ਕਲਿਆਣ ਅਤੇ ਪਰਮ ਅਨੰਦ ਦੀ ਪ੍ਰਾਪਤੀ ਲਈ, ਇਸ ਸੱਚ ਨੂੰ ਘੁੱਟ ਕੇ ਪੱਲੇ ਬੰਨ੍ਹਣ ਦੀ ਲੋੜ ਹੈ ਕਿ ਸਭ ਦੇ ਖ਼ਾਲਕ, ਪਾਲਕ ਤੇ ਸਾਂਝੇ ਰੱਬ ਨੂੰ ਆਪਣੀ ਆਪਣੀ ਬੋਲੀ ਜਾਂ ਮਨੌਤ ਅਨੁਸਾਰ ਵਾਹਿਗੁਰੂ; ਅੱਲਾਹ, ਰਾਮ ਜਾਂ ਰਹੀਮ ਆਦਿ ਨਾਵਾਂ ਨਾਲ ਪੁਕਾਰਨ ਵਿਚ, ਮਨੁੱਖ ਦੀ ਪਰਸਪਰ ਮੁੱਢਲੀ ਪਿਆਰ-ਸਾਂਝ ਵਿਚ ਕਿਸੇ ਪ੍ਰਕਾਰ ਦੀ ਤਰੇੜ ਨਹੀਂ ਪੈਂਦੀ। ਨਫ਼ਰਤ ਦੀ, ਈਰਖਾ ਦੀ, ਸਵਾਰਥ ਤੇ ਲੁੱਟ-ਖਸੁੱਟ ਦੀ ਤਰੇੜ ਓਦੋਂ ਪੈਂਦੀ ਹੈ, ਜਦ ਅਸੀਂ ਇਕ ਓਅੰਕਾਰ ਆਦਿ ਨੂੰ ਹਿੰਦੂ-ਰੱਬ, ਮੁਸਲਮਾਨ ਰੱਬ ਜਾਂ ਈਸਾਈ ਰੱਬ ਆਦਿ ਕਰ ਕੇ ਮੰਨਦੇ ਅਤੇ ਧੂਹ-ਘਸੀਟ ਵਿਚ ਪੈ ਜਾਂਦੇ ਹਾਂ। ਸ੍ਰੀ ਗੁਰੂ ਅਰਜਨ ਦੇਵ ਜੀ ਇਕ ਥਾਂ, ਇਸ ਨੁਕਤੇ ਬਾਰੇ ਬੜੀ ਸਪਸ਼ਟ ਤੇ ਭਾਵ-ਪੂਰਤ ਸੇਧ ਬਖ਼ਸ਼ਣ ਦਾ ਉਪਕਾਰ ਕਰਦੇ ਹਨ :—

ਕੋਈ ਬੋਲੈ ਰਾਮ ਰਾਮ, ਕੋਈ ਖੁਦਾਇ ॥ ਕੋਈ ਸੇਵੈ ਗੁਸਈਆ, ਕੋਈ ਅਲਾਹਿ ॥
ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥ (ਪੰਨਾ 885)

ਬੋਲੀ ਦੇ ਉਚਾਰਣ-ਭੇਦ ਨਾਲ ਵਸਤੂ ਨਹੀਂ ਬਦਲਦੀ ।

ਵਿਦਵਾਨ ਸ਼ੇਕਸਪੀਅਰ ਨੇ ਏਸ ਵੱਡੀ ਸੱਚਾਈ ਨੂੰ ਇਕ ਬੜੀ ਸਾਧਾਰਣ ਜਿਹੀ ਮਿਸਾਲ ਦੇ ਕੇ ਸਮਝਾਇਆ ਹੈ ਕਿ "ਨਾਂ ਵਿਚ ਕੀ ਪਿਆ ਹੈ ? ਗੁਲਾਬ ਦੇ ਫੁਲ ਦਾ ਨਾਮ ਚਾਹੇ ਕੋਈ ਹੋਰ ਰੱਖ ਲਵੋ, ਪਰ ਇਸ ਦੀ ਸੁਗੰਧੀ ਇਕ-ਸਮਾਨ, ਵੈਸੀ ਹੀ ਰਹੇਗੀ ।"

ਮਨੁੱਖ ਦਾ ਕਿਤਨਾ ਦੁਰਭਾਗ ਹੈ ਕਿ ਇਹ ਹਉਮੈਂ, ਈਰਖਾ ਤੇ ਦਵੈਖ ਦੇ ਮਾਇਆ-ਜਾਲ ਵਿਚ ਜਕੜਿਆ, ਕਿਤਨੀ ਆਸਾਨੀ ਨਾਲ "ਸਭੈ ਘਟ ਰਾਮੁ ਬੋਲੈ" ਦੀ ਵਿਆਪਕ ਸਚਾਈ ਅਥਵਾ ਰੱਬੀ-ਸਾਂਝੀਵਾਲਤਾ ਨੂੰ ਭੁਲਦਾ, ਅਤੇ ਜਨਮ ਜਨਮ ਦੁੱਖ ਭੋਗਦਾ ਹੈ ।

(5)

ਨਿਰੰਕਾਰੀ ਬਾਬੇ ਦੀ ਜੋਤਿ ਨੇ, ਵੱਖ-ਵੱਖ ਸਰੀਰਕ ਰੂਪਾਂ ਤੇ ਰੰਗਾਂ ਵਿਚ 239 ਸਾਲ ਤੇ 9 ਮਹੀਨੇ ਤੱਕ ਸਮੱਸਤ ਸੰਸਾਰ ਨੂੰ ਇਕ-ਓਅੰਕਾਰੀ-ਏਕਤਾ ਉਤੇ ਆਧਾਰਤ ਸਹੀ ਤੇ ਸੁਖਦਾਈ ਸਾਂਝੀਵਾਲਤਾ ਵੱਲ ਵਧਣ ਤੇ ਆਨੰਦਤ ਹੋਣ ਲਈ ਜੋ ਮੀਲ-ਪੱਥਰ ਗੱਡੇ, ਉਹਨਾਂ ਦਾ ਸੰਖੇਪ ਜਿਹਾ ਬਿਊਰਾ, ਸਦੀਵੀ ਮਾਨਵ ਅਗਵਾਈ ਹਿਤ, ਇਉਂ ਦਿਤਾ ਜਾ ਸਕਦਾ ਹੈ ।

1. **ਸਾਂਝਾ ਰੱਬ :** ਰੱਬ ਸਭ ਦਾ ਕਰਤਾ, ਹਰਤਾ ਤੇ ਪਾਲਕ ਹੋਣ ਦੇ ਨਾਤੇ ਸਭ ਦਾ ਸਾਂਝਾ ਹੈ । ਗੁਰਬਾਣੀ: ਉਸ ਇੱਕੋ ਖ਼ਾਲਿਕ ਦੇ ਨੂਰ ਤੋਂ ਸਭ ਦਾ ਜ਼ਹੂਰ ਹੋਣ ਦੀ ਪੀਡੀ ਤੇ ਅਟੁੱਟ ਸਾਂਝ ਨੂੰ ਇਉਂ ਬਿਆਨ ਕਰਦੀ ਹੈ :—

"ਅਵਲਿ ਅਲਹ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨ ਭਲੇ, ਕੋ ਮੰਦੇ ॥
ਲੋਗਾ ! ਭਰਮਿ ਨ ਭੂਲਹੁ ਭਾਈ ॥ ਖਾਲਿਕੁ ਖਲਕ, ਖਲਕ ਮਹਿ ਖਾਲਕੁ,
ਪੂਰ ਰਹਿਉ ਸਰਬ ਠਾਂਈਂ" ॥ (ਪੰਨਾ 1349)

ਰੱਬ ਦੇ ਦਰਬਾਰ ਵਿਚ, ਸਭ ਦਾ ਨਿਬੇੜਾ ਕੇਵਲ ਅਮਲਾਂ ਉਤੇ ਹੁੰਦਾ ਹੈ। ਓਥੇ ਜ਼ਾਤ, ਜਨਮ ਤੇ ਕੁਲ ਦੀ ਕੋਈ ਪੁੱਛ ਪ੍ਰਤੀਤ ਨਹੀਂ । ਗੁਰੂ ਜੀ ਦੇ ਅੰਮ੍ਰਿਤ ਬਚਨ ਹਨ :

ਸਭਨਾਂ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ ॥ (ਮ: ੧, ਪੰ. 952)

2. **ਸਾਂਝਾ ਗੁਰੂ :** ਜਦ ਗੁਰੂ ਨਾਨਕ ਦੇਵ ਜੀ ਦਾ ਪਿਆਰਾ ਪ੍ਰਭੂ, ਖਸਮ, ਜਿੰਦ-ਜਾਨ ਤੇ ਮਾਲਿਕ ਸਭ ਦਾ ਸਾਂਝਾ ਹੈ, ਤਾਂ ਉਸ ਦਾ ਬੇ-ਖਰੀਦ ਬੰਦਾ, ਮੁਲ-ਖਰੀਦੀ ਲਾਲਾ ਗੋਲਾ ਤੇ ਢਾਡੀ; ਨਾਨਕ, ਸਭ ਲੋਕਾਈ ਦਾ ਆਪਣਾ ਤੇ ਸਾਂਝਾ ਕਿਉਂ ਨਾ ਹੋਵੇ ? ਗੁਰੂ ਜੀ ਦਾ ਆਪਣਾ ਅਮਰ ਕਥਨ ਹੈ ਕਿ ਸੱਚਾ ਗੁਰੂ ਹੈ ਹੀ ਉਹ, ਜੋ ਸਭ ਨੂੰ ਸੱਚ ਦੇ ਇਕ ਨੁਕਤੇ ਉਤੇ ਕੇਂਦਰਤ ਕਰਦਾ ਤੇ ਮੇਲਦਾ ਹੈ, ਜੋੜਦਾ ਹੈ; ਨਾ ਕਿ ਤੋੜਦਾ ਤੇ ਆਪਸੀ ਨਫ਼ਰਤ ਪੈਦਾ ਕਰਦਾ ਹੈ । ਫ਼ੁਰਮਾਨ ਹੈ :

ਨਾਨਕ, ਸਤਿਗੁਰੁ ਐਸਾ ਜਾਣੀਐ, ਜੋ ਸਭਸੈ ਲਏ ਮਿਲਾਇ ਜੀਉ ॥ (ਮ: ੧, ਪੰ. 72)

ਤਥਾ – ਸੋ ਗੁਰੁ ਕਰਉ, ਜਿ ਸਾਚੁ ਦ੍ਰਿੜਾਵੈ ॥ ਅਕਥੁ ਕਥਾਵੈ, ਸਬਦਿ ਮਿਲਾਵੈ ॥ (ਉਹੀ, ਪੰ. 686)

3. **ਸਾਂਝਾ ਧਰਮ ਗ੍ਰੰਥ** : ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਭ ਦੀ ਸਰਬ-ਪੱਖੀ ਜੀਵਨ-ਅਗਵਾਈ ਦੇ ਪਹਿਲੇ ਸਾਂਝੇ ਗ੍ਰੰਥ ਹਨ, ਜਿਸ ਵਿਚ ਨਾ ਕੇਵਲ ਗੁਰੂ ਸਾਹਿਬਾਨ ਦੀ ਆਪਣੀ ਸਰਬ-ਕਾਲੀ ਤੇ ਸਰਬ-ਦੇਸ਼ੀ, ਅਨੁਭਵੀ ਬਾਣੀ ਹੀ ਅੰਕਿਤ ਹੈ; ਸਗੋਂ, ਪੰਜਾਂ ਸਦੀਆਂ ਵਿਚ ਵਿਚਰੇ ਤੀਹਾਂ ਭਗਤਾਂ, ਭੱਟਾਂ ਤੇ ਮੁਸਲਮਾਨ ਸੂਫੀ ਫਕੀਰਾਂ ਦੀ ਪਾਵਨ ਰਚਨਾ ਵੀ ਦੇਸ਼ ਦੀਆਂ ਦਰਜਨ ਕੁ ਬੋਲੀਆਂ ਵਿਚ ਸਮਾਨ ਸੁਭਾਇਮਾਨ ਹੈ। ਇਹਨਾਂ ਵਿਚੋਂ ਸਮਾਜ ਤੋਂ ਛੇਕੇ ਹੋਏ ਕੁਝ ਕੁ ਉਹਨਾਂ ਅਖੌਤੀ ਅਛੂਤ ਤੇ ਸ਼ੂਦਰ ਜਾਤੀਆਂ ਨਾਲ ਸੰਬੰਧਤ ਹਨ, ਜਿਨ੍ਹਾਂ ਨੂੰ ਸਮਾਜ ਠੁਕਰਾਉਂਦਾ ਤੇ ਤ੍ਰਿਸਕਾਰਦਾ ਸੀ; ਪਰ ਜਿਨ੍ਹਾਂ ਦੇ ਸੰਗੀ ਸਾਥੀ ਹੋਣ ਵਿਚ ਸਤਿਗੁਰੂ ਜੀ ਮਾਣ ਮਹਿਸੂਸ ਕਰਦੇ ਹਨ। ਆਪ ਜੀ ਦਾ ਦ੍ਰਿੜਤਾ-ਭਰਪੂਰ ਨਾਅਰਾ ਹੈ :—

"ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨ, ਤਿਥੈ ਨਦਰਿ ਤੇਰੀ ਬਖਸੀਸ ॥ (ਪੰਨਾ 15)

ਪੰਜਾਂ ਸਦੀਆਂ ਦੇ ਸੁਗਿਆਨ ਦਾ ਇਹ ਖਜ਼ਾਨਾ, ਸਦੀਵੀ ਸਚਾਈਆਂ (Universal Truth) ਦੀ ਗੱਲ ਕਰਦਾ ਹੈ। ਇਹ ਭਾਵਕ-ਏਕਤਾ (Emotional Integration) ਤੇ ਸਹਿਵਾਸ (Co-existence) ਅਥਵਾ ਰਵਾਦਾਰੀ ਦੀ ਇਕ ਅਦੁੱਤੀ ਮਿਸਾਲ ਤੇ ਸਫਲ ਤਜਰਬਾ ਹੈ। ਭਾਵਕ-ਏਕਤਾ ਤੇ ਸਹਿਵਾਸ ਦਾ ਹੀ ਦੂਜਾ ਨਾਮ ਸਫਲ ਸਾਂਝੀਵਾਲਤਾ ਹੈ, ਜੋ ਸਰਵ-ਨਾਸ਼ ਦੇ ਦਹਾਨੇ ਉੱਤੇ ਖੜੇ ਲੋਭੀ ਤੇ ਹਉਮੈਂ-ਗ੍ਰਸਤ ਸੰਸਾਰ ਨੂੰ ਬਚਾ ਸਕਦੀ ਹੈ।

4. **ਸਾਂਝਾ ਧਰਮ ਮੰਦਰ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦੁੱਤੀ ਸੰਪਾਦਕ ਤੇ ਸੰਕਲਣ-ਕਰਤਾ, ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਅੱਜ ਤੋਂ ਚਾਰ ਸਦੀਆਂ ਪਹਿਲਾਂ, ਪ੍ਰਾਣੀ ਮਾਤਰ ਲਈ, ਚੌਂਹ ਦਰਵਾਜ਼ਿਆਂ ਵਾਲੇ ਸੱਚੀਂ ਮੁੱਚੀਂ ਹਰੀ-ਮੰਦਰ ਜੀ ਦੀ ਰਚਨਾ ਕਰਨੀ, ਅਤੇ ਉਸ ਦਾ ਨੀਂਹ-ਪੱਥਰ, ਸੂਫੀ ਸੰਤ ਹਜ਼ਰਤ ਮੀਆਂ ਮੀਰ ਤੋਂ ਰਖਵਾਉਣਾ, ਸੰਸਾਰ ਦੇ ਧਾਰਮਿਕ ਵਿਸ਼ਵਾਸ ਵਿਚ ਇਕ ਅਜ਼ੀਮ ਇਨਕਲਾਬ ਸੀ। ਇਉਂ ਕਰਕੇ, ਸਤਿਗੁਰਾਂ ਨੇ ਸਦੀਆਂ ਤੋਂ ਚਲੇ ਆ ਰਹੇ ਇਸ ਅੰਧ-ਵਿਸ਼ਵਾਸ ਦਾ ਭਰਪੂਰ ਖੰਡਨ ਕੀਤਾ ਕਿ ਰੱਬ ਕਿਸੇ ਵਿਸ਼ੇਸ਼ ਦਿਸ਼ਾ ਜਾਂ ਸਥਾਨ ਵਿਚ ਨਿਵਾਸ ਰਖਦਾ ਹੈ। ਇਉਂ ਕਰਕੇ ਉਹਨਾਂ ਦੱਸਿਆ ਕਿ ਰੱਬ ਸਭ ਦਾ ਸਾਂਝਾ ਤੇ ਸਰਬ-ਵਿਆਪਕ ਹੈ। ਤੁਹਾਨੂੰ ਸੰਸਾਰ ਵਿਚ ਹਿੰਦੂ, ਮੁਸਲਮਾਨ, ਈਸਾਈ, ਬੋਧੀ ਤੇ ਜੈਨੀ-ਮੱਠ, ਮੰਦਰ ਮਸਜਿਦ ਤਾਂ ਮਿਲਣਗੇ, ਪ੍ਰੰਤੂ, ਉਹਨਾਂ ਵਿਚ ਹਕੀਕੀ ਤੇ ਵਿਆਪਕ ਮਨੁੱਖੀ ਸਾਂਝ ਕਿਤੇ ਨਹੀਂ ਲਭੇਗੀ। ਹਾਂ, ਜੇ ਧਰਤੀ ਉਤੇ ਸੱਚੀਂ-ਮੁੱਚੀਂ ਕੋਈ ਐਸਾ ਰੂਹਾਨੀ ਮੰਦਰ ਹੈ ਤਾਂ ਉਹ ਹੈ : **ਸ੍ਰੀ ਅੰਮ੍ਰਿਤਸਰ ਦਾ 'ਹਰਿਮੰਦਰ'**, 'ਦਰਬਾਰ ਸਾਹਿਬ', 'ਗੋਲਡਨ ਟੈਂਪਲ'; ਅਥਵਾ ਇਸ ਦਾ ਹੀ ਅਕਸ, ਫੈਲਾਉ, ਪ੍ਰਤੀਕ ਤੇ ਵਿਸਥਾਰ—ਹਰ ਸਿੱਖ-ਗੁਰਦੁਆਰਾ।

5. **ਸਾਂਝੀ ਸੰਗਤ ਤੇ ਪੰਗਤ** : ਸੰਸਾਰ ਅਤੇ ਵਿਸ਼ੇਸ਼ ਕਰਕੇ ਰਿਸ਼ੀਆਂ ਮੁਨੀਆਂ ਦੀ ਪੁੰਨ-ਭੂਮੀ, ਭਾਰਤ ਵਿਚ, ਮਨੁੱਖੀ ਸਮਾਨਤਾ ਦੀ ਪ੍ਰਤੀਕ, ਨਾ ਤਾਂ ਸੰਗਤ ਸਾਂਝੀ ਸੀ, ਤੇ ਨਾ ਹੀ ਪੰਗਤ। ਗੁਰੂ ਸਾਹਿਬਾਨ ਨੇ ਇਸ ਵਿਤਕਰੇ ਦਾ ਵੀ ਸਦਾ ਲਈ ਅਭਾਵ ਕਰ ਦਿਤਾ ਅਤੇ **ਸਰਬ ਸਾਂਝੀ ਸੰਗਤ ਤੇ ਪੰਗਤ** ਦੀ ਕਲਿਆਣਕਾਰੀ ਮਰਯਾਦਾ ਤੋਰੀ। ਇਸ ਨਾਲ ਅਰਸ਼ਾਂ ਤੇ ਫ਼ਰਸ਼ਾਂ ਤੋਂ ਮਾਨਵੀ ਸਮਾਨਤਾ ਤੇ ਸਾਂਝ ਦੀ ਜੈ ਜੈ ਕਾਰ ਹੋਈ।

6. ਸਾਂਝਾ ਲੰਗਰ : ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਸ੍ਰੀ ਕਰਤਾਰਪੁਰ (ਪਾਕਿਸਤਾਨ) ਵਿਖੇ, ਸਾਂਝੇ ਲੰਗਰ ਦੀ ਮਰਯਾਦਾ ਤੋਰੀ, ਜੋ ਚਲਦੀ ਚਲਦੀ ਸਿਖ-ਧਰਮ ਤੇ ਗੁਰਦੁਆਰੇ ਦਾ ਇਕ ਅਹਿਮ ਅੰਗ (Institution) ਬਣ ਗਈ ਅਤੇ ਹਰ ਸਿੱਖ ਦਾ ਘਰ ਤਕ, ਧਰਮਸਾਲ ਵਿਚ ਤਬਦੀਲ ਹੋ ਗਿਆ। ਗੁਰੂ ਦੇ ਸਾਂਝੇ ਲੰਗਰ ਦੁਆਰਾ, ਨਾ ਕੇਵਲ ਪੰਗਤ ਦੀ ਸਾਂਝ ਤੇ ਸਮਾਨਤਾ ਹੀ ਕਾਇਮ ਹੋਈ; ਸਗੋਂ, ਇਕੱਠੇ ਬੈਠ ਕੇ ਪ੍ਰਸ਼ਾਦ-ਛਕਣ ਨਾਲ ਅਖੌਤੀ ਛੂਤ-ਛਾਤ ਦਾ ਵੀ ਪੂਰਨ ਅਭਾਵ ਹੋ ਗਿਆ। ਗੁਰੂ ਜੀ ਦੇ ਸਾਂਝੇ ਲੰਗਰ ਦੀ ਇਕ ਖੂਬੀ ਇਹ ਵੀ ਹੈ ਕਿ ਉਸ ਵਿਚ ਕੋਈ ਪਕਵਾਨ ਅਜਿਹਾ ਨਹੀਂ ਪਕਦਾ, ਜੋ ਕਿਸੇ ਦੇ ਮੱਤ ਵਿਚ ਵਰਜਤ ਹੋਵੇ। ਗੁਰੂ ਸਭ ਦਾ ਸਾਂਝਾ ਜੁ ਹੋਇਆ। ਸ੍ਰੀ ਗੁਰੂ ਅਮਰਦਾਸ ਜੀ ਦਾ ਤਾਂ ਹੁਕਮ ਸੀ ਕਿ ਜੋ ਉਹਨਾਂ ਨੂੰ, ਮਿਲਣਾ ਚਾਹੁੰਦਾ ਹੈ ਉਹ ਪਹਿਲਾਂ 'ਗੁਰੂ ਕੇ ਲੰਗਰ' ਵਿਖੇ, ਪੰਗਤ ਵਿਚ ਬੈਠ ਕੇ, ਪ੍ਰਸ਼ਾਦ ਛਕੇ। ਇਥੋਂ ਤਕ, ਕਿ ਸ਼ਹਿਨਸ਼ਾਹ ਅਕਬਰ ਨੂੰ ਵੀ, ਜਦ ਉਹ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਗੋਇੰਦਵਾਲ ਸਾਹਿਬ ਹਾਜ਼ਰ ਹੋਇਆ, ਤਾਂ ਛੋਟ ਨਾ ਮਿਲ ਸਕੀ। ਸਤਿਗੁਰਾਂ ਦੀ ਏਕਤਾ-ਉਪਜਾਊ ਸਾਂਝੀਵਾਲਤਾ ਦੇ ਸਤਿਕਾਰ ਵਿਚ ਮਹਾਨ ਅਕਬਰ ਨੇ ਸੰਗਤ ਨਾਲ, ਪੰਗਤ ਵਿਚ ਬੈਠ ਕੇ, 'ਅੰਮ੍ਰਿਤਮਈ' ਗੁਰੂ ਕਾ ਲੰਗਰ ਛਕਿਆ ਤੇ ਨਿਹਾਲ ਹੋਇਆ।

7. ਸਾਂਝਾ ਅੰਮ੍ਰਿਤ : ਖੰਡੇ ਦੀ ਪਾਹੁਲ ਵੀ ਸਭ ਲਈ, ਸਮਾਨ ਸਾਂਝੀ, ਅਮੁੱਕ ਤੇ ਅਸੀਮ ਹੈ। ਇਹ ਖੀਰ-ਸਾਗਰ ਵਿਚੋਂ ਮੰਥਨ ਉਪ੍ਰੰਤ ਨਿਕਲੇ ਮਿਥਿਹਾਸਕ ਅੰਮ੍ਰਿਤ ਵਾਂਗ ਸੀਮਤ ਤੇ ਕਲਹ ਦਾ ਕਾਰਨ ਨਹੀਂ। ਪੰਜ ਪਿਆਰੇ, ਜੋ 30 ਮਾਰਚ, 1699 ਨੂੰ, ਵੈਸਾਖੀ ਵਾਲੇ ਦਿਨ, ਸ੍ਰੀ ਆਨੰਦਪੁਰ ਸਾਹਿਬ ਦੀ ਇਤਿਹਾਸਕ ਠੌਰ (ਕੇਸਗੜ੍ਹ ਸਾਹਿਬ) ਦੇ ਦੀਵਾਨ ਵਿਚ ਸੀਸ ਭੇਟ ਕਰਨ ਲਈ ਨਿੱਤਰੇ, ਉਹਨਾਂ ਵਿਚੋਂ ਚਾਰ ਅਖੌਤੀ ਸ਼ੂਦਰ ਜਾਤੀਆਂ ਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਨਾ ਕੇਵਲ ਇਨਸਾਨ ਦੀ ਇਨਸਾਨ, ਜਾਂ ਸਿੱਖ ਦੀ ਸਿੱਖ ਨਾਲ ਬਰਾਬਰੀ ਤੇ ਸਾਂਝ ਹੋਣ ਉਤੇ ਹੀ ਜ਼ੋਰ ਦਿੱਤਾ; ਸਗੋਂ, ਸਿੱਖ ਤੇ ਗੁਰੂ ਦੀ ਸਾਂਝ ਨੂੰ ਵੀ, ਦੁਵੱਲਿਉਂ ਪੀਡਿਆਂ ਕਰਨ ਹਿਤ, ਪੰਜਾਂ ਪਿਆਰਿਆਂ ਤੋਂ, ਆਪ ਵੀ 'ਖੰਡੇ ਦੀ ਪਾਹੁਲ' ਪ੍ਰਾਪਤ ਕੀਤੀ। ਕਿੱਥੇ ਲੱਭਣਗੇ ਹੋਰਥੇ, ਏਕਤਾ, ਸਮੀਪਤਾ, ਸਮਾਨਤਾ ਤੇ ਸਾਂਝੀਵਾਲਤਾ ਦੀ ਇਹ ਵੱਡੀ ਸੂਝ ?

8. ਸਾਂਝਾ ਰਾਜ : ਜਦ ਸਿੱਖਾਂ ਪਾਸ ਰਾਜ ਭਾਗ ਆਇਆ ਤਾਂ ਉਸ ਨੂੰ ਭਾਵੇਂ ਕਿਹਾ ਤਾਂ ਸਿੱਖ-ਰਾਜ ਤੇ **ਸਰਕਾਰ ਖ਼ਾਲਸਾ**, ਹੀ ਜਾਂਦਾ ਸੀ, ਪਰ ਉਹ ਸਹੀ ਅਰਥਾਂ ਵਿਚ, ਪੰਜਾਬੀਆਂ ਦਾ 'ਸਾਂਝਾ ਰਾਜ' ਸੀ, ਨਿਆਂ ਦਾ ਰਾਜ। ਮਹਾਰਾਜਾ ਦੇ ਕੁਝ ਵਿਸ਼ੇਸ਼ ਫੁਰਮਾਨ ਇਸ ਸੱਚ ਦੀ ਭਰਵੀਂ ਗਵਾਹੀ ਭਰਦੇ ਹਨ।

9, 10 ਤੇ 11. ਸਾਂਝਾ ਜੈਕਾਰਾ, ਸਾਂਝੀ ਫ਼ਤਹਿ ਤੇ ਸਾਂਝੀ ਅਰਦਾਸ : ਕਿੱਥੋਂ ਤੱਕ ਗਿਣੀਏ, ਖ਼ਾਲਸੇ ਦਾ ਤਾਂ ਤਨ ਮਨ ਤੇ ਧਨ, ਸਭ ਕੁਝ ਹੀ, ਸਭ ਲਈ ਹੈ। 'ਸਤਿ ਸ੍ਰੀ ਅਕਾਲ ਦੇ ਜੈਕਾਰੇ ਵਿਚ, 'ਵਾਹਿਗੁਰੂ ਜੀ ਕੀ ਫ਼ਤਹਿ' ਵਿਚ ਤੇ 'ਸਰਬਤ ਦਾ ਭਲਾ' ਮੰਗਣ ਵਾਲੀ ਅਰਦਾਸ ਵਿਚ ਦੱਸੋ, ਹੈ ਕਿਤੇ ਸੰਪ੍ਰਦਾਇਕਤਾ, ਸੰਕੀਰਣਤਾ ਤੇ ਪੱਖਪਾਤ ਦਾ ਨਾਮ ਨਿਸ਼ਾਨ ? ਭਲਾ, ਕਿਸ ਨੂੰ ਇਤਰਾਜ਼ ਹੋ ਸਕਦਾ ਹੈ ਕਿ ਪ੍ਰਮਾਤਮਾ ਸੱਤਿ ਹੈ, ਸਭ ਤੋਂ ਵੱਡਾ ਹੈ ਅਤੇ ਕਾਲ ਤੋਂ ਪਰ੍ਹੇ ਹੈ, ਅਤੇ ਜੈ ਜੈਕਾਰ (ਫ਼ਤਹਿ) ਸਦਾ ਵਾਹਿਗੁਰੂ ਦੀ ਹੈ ?

ਅਤੇ ਖ਼ਾਲਸੇ ਵਿਚ ਇਹ ਅਤੇ ਐਸੀਆਂ ਬੇਅੰਤ ਹੋਰ ਮਾਨਵ-ਸਾਂਝਾਂ ਇਸ ਲਈ ਹਨ ਕਿ ਸਿੱਖਾਂ ਦਾ ੧ਓਅੰਕਾਰ ਵਾਹਿਗੁਰੂ ਸਭ ਦਾ ਸਾਂਝਾ ਹੈ, ਇਹਨਾਂ ਦਾ ਪ੍ਰੇਰਨਾ ਸ੍ਰੋਤ ਹੈ, ਅਤੇ ਇਹਨਾਂ ਦਾ ਨਿਆਰਾ ਹੈ :

''**ਸਭੇ ਸਾਂਝੀਵਾਲ ਸਦਾਇਨਿ, ਤੂੰ ਕਿਸੈ ਨ ਦਿਸਹਿ ਬਾਹਰਾ ਜੀਉ** ॥ (ਗੁਰੂ ਅਰਜਨ-97)
ਭਾਵਾਰਥ : ਹੇ ਪ੍ਰਮਾਤਮਾ, ਸਭ ਤੇਰੇ ਸਮਾਨ ਹਿੱਸੇਦਾਰ ਹਨ। ਤੂੰ ਕਿਸੇ ਨੂੰ ਓਪਰਾ ਨਹੀਂ'।)

(6)

ਅੰਤ ਵਿਚ, ਆਓ ਬਿਆਨ ਨੂੰ ਹੋਰ ਭਾਵ-ਪੂਰਤ ਤੇ ਸਾਰਥਕ ਬਣਾਉਣ ਹਿਤ, ਸੰਖੇਪ ਵਿਚ, ਕੁਝ ਵਰਤਮਾਨ ਸਮਾਜਵਾਦੀ ਸਾਂਝੀਵਾਲਤਾ ਦੀ ਵੀ ਗੱਲ ਹੋ ਜਾਵੇ :

ਸੋਸ਼ਲਿਜ਼ਮ (ਸਮਾਜਵਾਦ) ਸ਼ਬਦ ਦੀ ਵਰਤੋਂ, ਸਭ ਤੋਂ ਪਹਿਲਾਂ, ਸੰਨ 1833 ਵਿਚ ਇਕ ਰਾਜਸੀ ਮੈਗਜ਼ੀਨ —Poor Man's Guardian (England) ਵਿਚ ਹੋਈ। ਇਹ ਰਾਜਨੀਤਕ ਆਰਥਕਤਾ ਵਿਚ ਇਕ ਐਸਾ ਪ੍ਰਬੰਧ ਹੈ, ਜਿਸ ਅਨੁਸਾਰ ਸਮਾਜ ਵਿਚ ਆਰਥਕ ਵਸੀਲਿਆਂ ਦੀ ਇਕੋ ਜਿਹੀ ਵੰਡ ਹੋਣੀ ਕਰਾਰ ਦਿਤੀ ਗਈ ਹੈ;

ਸੋ, ਇਸ ਤਰ੍ਹਾਂ ਇਹ ਸਾਂਝੀਵਾਲਤਾ ਇਕ ਰਾਜਨੀਤਕ ਤੇ ਆਰਥਕ ਸਿਸਟਮ ਅਥਵਾ ਵਿਚਾਰਧਾਰਾ ਹੈ, ਜੋ ਅੱਜ ਤਕ, ਮੁਕੰਮਲ ਤੌਰ ਉਤੇ, ਸੰਸਾਰ ਦੇ ਕਿਸੇ ਕਮਿਊਨਿਸਟ ਦੇਸ਼ ਵਿਚ ਵੀ ਲਾਗੂ ਨਹੀਂ ਹੋ ਸਕੀ। ਇਸ ਦਾ ਟੀਚਾ ਇਹ ਹੈ ਕਿ ਧਨ ਦੌਲਤ ਤੇ ਜਾਇਦਾਦ ਦੀ ਸਾਂਝੀ ਤੇ ਸਮਾਨ ਵੰਡ ਹੋਵੇ ਅਤੇ ਵਖਰੇ ਹੱਕ ਤੇ ਲਾਭ ਖਤਮ ਕੀਤੇ ਜਾਣ। ਸਿੱਖ ਧਰਮ, ਐਸੇ ਸਮਾਜਵਾਦ ਜਾਂ ਸਾਂਝੀਵਾਲਤਾ ਦੀ ਮੁਖ਼ਾਲਫ਼ਤ ਨਹੀਂ ਕਰਦਾ। ਸਗੋਂ, ਗੁਰੂ ਸਾਹਿਬਾਨ ਲੁੱਟ ਖਸੁੱਟ, ਪਾਪਾਂ ਨਾਲ ਮਾਇਆ ਇਕੱਤਰ ਕਰਨ ਤੇ ਦੂਜੇ ਦਾ ਹੱਕ ਮਾਰਨ ਦੇ ਤਾਂ ਆਪ ਵੱਡੇ ਵਿਰੋਧੀ ਹਨ। ਵੰਡ ਕੇ ਛਕਣ ਦੀ ਬਰਦੀਂ ਉਗਾਹੀ ਉਹ ਇਉਂ ਭਰਦੇ ਹਨ :

(ੳ) ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ, ਰਾਹੁ ਪਛਾਣਹਿ ਸੇਇ ॥ (ਮ: ਪਹਿਲਾ, ਪੰਨਾ 1245)
(ਅ) ਇਸੁ ਜਰ ਕਾਰਣਿ ਘਣੀ ਵਿਗੁਤੀ, ਇਨਿ ਜਰ ਘਣੀ ਖੁਆਈ ॥ (ਜਰ—ਧਨ ਦੌਲਤ
ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ ॥ (ਮ. ਪਹਿਲਾ, ਪੰਨਾ 417)
(ੲ) ਜਿਸ ਗ੍ਰਿਹਿ ਬਹੁਤ, ਤਿਸੈ ਗ੍ਰਿਹਿ ਚਿੰਤਾ ॥ ਜਿਸ ਗ੍ਰਿਹਿ ਥੋਰੀ, ਸੁ ਫਿਰੈ ਭ੍ਰਮੰਤਾ ॥
ਦੁਹੂ ਬਿਵਸਥਾ ਤੇ ਜੋ ਮੁਕਤਾ, ਸੋਈ ਸੁਹੇਲਾ ਭਾਲੀਐ ॥ (ਮ. ਪੰਜਵਾਂ, ਪੰਨਾ 1019)

ਹੋਰ ਵੇਖੋ, ਕਿਤਨਾ ਕਰੜਾ ਹੈ ਦੂਜੇ ਦਾ ਹੱਕ ਮਾਰਨ ਵਿਰੁੱਧ, ਗੁਰੂ ਨਾਨਕ ਪਾਤਸ਼ਾਹ ਦਾ ਇਹ ਫ਼ੁਰਮਾਨ, ਹਿੰਦੂ ਤੇ ਮੁਸਲਮਾਨ, ਅਥਵਾ ਸਭ ਲਈ :—

ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ, ਜਾ ਮੁਰਦਾਰੁ ਨ ਖਾਇ ॥ (ਪੰਨਾ 141)

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ (ਪ੍ਰਚਾਰ-ਫੇਰੀਆਂ) ਦਾ ਇਹ ਪਹਿਲੂ, ਵਿਸ਼ੇਸ਼ ਤੌਰ ਉਤੇ ਵਾਚਣ, ਵਿਚਾਰਨਯੋਗ ਹੈ ਕਿ ਗੁਰੂ ਜੀ ਜਦ ਵੀ ਸੱਜਨ (ਠੱਗ), ਮਲਿਕ ਭਾਗੋ, ਭੂਮੀਆ (ਚੋਰ) ਜਾਂ ਕਿਸੇ ਹੋਰ ਮਾਇਆਧਾਰੀ (ਪੂੰਜੀ-ਪਤੀ) ਪਾਸ ਪਹੁੰਚੇ, ਤਾਂ ਉਹਨਾਂ ਪਾਸੋਂ

ਅੰਨ ਪਾਣੀ ਦੀ ਸੇਵਾ ਉਦੋਂ ਹੀ ਪ੍ਰਵਾਨ ਕੀਤੀ, ਜਦ ਉਸ ਨੇ ਜ਼ੋਰ ਜਬਰ ਨਾਲ, ਦੂਜਿਆਂ ਦਾ ਹੱਕ ਮਾਰ ਕੇ, ਇਕੱਠਾ ਕੀਤਾ ਧਨ ਗਰੀਬਾਂ, ਲੋੜਵੰਦਾਂ ਵਿਚ ਵੰਡ ਦਿੱਤਾ, ਤੇ ਅਗੋਂ ਲਈ ਧਰਮ ਦੀ ਕਿਰਤ ਕਰਨ ਤੇ ਵੰਡ-ਛਕਣ ਦਾ ਬਚਨ ਦਿੱਤਾ। ਆਪ ਜੀ ਦਾ ਵੀਚਾਰ ਸੀ ਕਿ ਪਾਪਾਂ ਨਾਲ ਕਮਾਈ, ਰੋਜ਼ੀ, ਮਨ ਨੂੰ ਵੀ ਅਵੱਸ਼ ਮੈਲਾ ਕਰ ਦਿੰਦੀ ਹੈ। ਇਸ ਸੰਬੰਧ ਵਿਚ ਵੀਚਾਰਵਾਨ ਸ਼ੇਖ ਸਾਅਦੀ ਦਾ ਵੀ ਯਥਾਰਥ ਕਥਨ ਹੈ: 'ਪ੍ਰਾਗੰਦਾ ਰੋਜ਼ੀ, ਪ੍ਰਾਗੰਦਾ ਦਿਲ' (ਅਧਰਮ ਦੀ ਕਿਰਤ ਨਾਲ ਕਮਾਈ ਰੋਜ਼ੀ, ਦਿਲ ਨੂੰ ਮਲੀਨ ਕਰ ਦਿੰਦੀ ਹੈ।)

ਮੰਦੀ ਬਾਬੇ ਦਾ ਤ੍ਰੈ-ਪੱਖਾ ਨਾਅਰਾ— 'ਧਰਮ ਦੀ ਕਿਰਤ ਕਰੋ, ਨਾਮ ਜਪੋ, ਤੇ ਵੰਡ ਕੇ ਛਕੋ' ਧਰਮ ਦੀ ਕਿਰਤ ਤੋਂ ਤੁਰਦਾ ਤੇ ਵੰਡ ਕੇ ਛਕੋ ਉਤੇ ਮੁੱਕਦਾ ਹੈ। ਇਹਨਾਂ ਦੋਹਾਂ ਦੀ ਧੁਲ ਹਨ: ਸ਼ਬਦ - 'ਨਾਮ ਜਪੋ'। ੴ ਅੰਕਾਰ (ਨਾਮ) ਧੁਰ ਅੰਦਰ ਵਸੇ ਬਗੈਰ ਨਾ ਧਰਮ ਦੀ ਕਿਰਤ ਹੋ ਸਕਣੀ ਸੰਭਵ ਹੈ ਅਤੇ ਨਾ ਵੰਡ ਕੇ ਛਕਣ ਦੀ ਉਦਾਰਤਾ ਤੇ ਖੁਲ੍ਹ-ਦਿਲੀ। ਨਾਮ ਅੰਦਰ ਵੱਸਣ ਅਥਵਾ ਜਪਣ ਤੋਂ ਭਾਵ ਹੈ—ਰੱਬ ਨਾਲ ਅਟੁੱਟ ਸਾਂਝ, ਰੱਬ ਦੀ ਹਜ਼ੂਰੀ ਅਥਵਾ ਆਤਮਾ ਤੇ ਪ੍ਰਮਾਤਮਾ ਦਾ ਇਕ-ਸੁਰ ਹੋ ਜਾਣਾ। ਇਹ ਵੀ ਚੇਤੇ ਰਹੇ ਕਿ ਹਰੇਕ ਕਮਿਊਨਿਸਟ ਸਮਾਜਵਾਦੀ (Socialist) ਹੁੰਦਾ ਹੈ, ਪਰ ਹਰ ਸਮਾਜਵਾਦੀ ਕਮਿਊਨਿਸਟ ਨਹੀਂ ਹੁੰਦਾ।

ਜੇ, ਜੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਤਖੱਯਲ ਦੀ ਹਲੇਮੀ ਅਥਵਾ ਧਰਮ ਰਾਜ-ਪ੍ਰਬੰਧ ਦੁਆਰਾ, ਦਿਲੀ ਦਰਦਾਂ ਵਾਲੀ ਸਹੀ ਸਾਂਝੀਵਾਲਤਾ ਦਾ ਬੋਲਬਾਲਾ, ਸਮਾਜਵਾਦੀਆਂ ਵੱਲੋਂ, ਹੋ ਸਕੇ, ਤਾਂ ਇਹ ਗੱਲ ਸਿੱਖ-ਧਰਮ ਦੇ ਆਸ਼ੇ ਅਨੁਕੂਲ ਹੋਵੇਗੀ। ਸਿੱਖੀ, ਪੂੰਜੀਵਾਦ ਦੀ ਹਾਮੀ ਨਹੀਂ। ਪਰ ਨਾਲ ਹੀ, ਸਿੱਖ-ਧਰਮ ਖੂਨੀ ਇਨਕਲਾਬ ਦੇ ਸਿਧਾਂਤ ਨੂੰ ਵੀ ਨਹੀਂ ਕਬੂਲਦਾ।

ਸਿੱਖ-ਧਰਮ ਅਨੁਸਾਰ ਉਚੇਰਿਆਂ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਸਾਧਨ (Means) ਵੀ ਉਤਨੇ ਹੀ ਉੱਚੇ ਸੁੱਚੇ ਹੋਣ ਯੋਗ ਹਨ।

ਗੁਰੂ ਨਾਨਕ ਦੇ ਨਿਰਮਲ ਪੰਥ, ਖਾਸ ਰੂਪ ਖਾਲਸਾ ਦਾ ਧਰਮ ਬਣਦਾ ਹੈ ਕਿ ਉਹ ਐਸੀ ਸਰਬ-ਪੱਖੀ ਸਹਜ ਤੇ ਸੰਤੁਲਿਤ ਸਾਂਝੀਵਾਲਤਾ ਦਾ ਪੈਗ਼ਾਮ ਸਮਸਤ ਸੰਸਾਰ ਨੂੰ ਦੇਵੇ; ਪ੍ਰੰਤੂ, ਅਜੇਹਾ ਹੋਣਾ ਜਾਂ ਕਰ ਸਕਣਾ ਤਾਂ ਹੀ ਸੰਭਵ ਹੈ, ਜੇ ਗੁਰੂ ਜੀ ਦੇ ਸਿੱਖ, ਪਹਿਲਾਂ, ਪੰਥ ਵਿਚ ਐਸੀ ਸਮਾਨਤਾ ਤੇ ਸਾਂਝੀਵਾਲਤਾ ਦਾ ਪ੍ਰਚੰਡ ਪ੍ਰਕਾਸ਼ ਕਰਨਗੇ। ਪੰਜਵੇਂ ਗੁਰੂ ਜੀ ਦਾ ਪੱਥ ਪਰਦਰਸ਼ਕ ਫੁਰਮਾਨ ਹੈ: ਪ੍ਰਥਮੇ ਮਨੁ ਪ੍ਰਬੋਧੈ ਆਪਣਾ, ਪਾਛੈ ਅਵਰ ਰੀਝਾਵੈ ॥ (ਪੰਨਾ 381)

ਪ੍ਰਸ਼ਨ: ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ?
ਉੱਤਰ: ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ ॥

(ਸ੍ਰੀ ਗੁਰੂ ਨਾਨਕ ਦੇਵ)

ਸ੍ਰੀ ਸੁਖਮਨੀ ਸਾਹਿਬ ਵਿਚ

ਬ੍ਰਹਮ ਗਿਆਨੀ ਦਾ ਸੰਕਲਪ

ਗੁਰਬਾਣੀ ਨੂੰ ਗਹੁ ਨਾਲ ਵਾਚਿਆਂ, ਪਤਾ ਲਗਦਾ ਹੈ ਕਿ ਇਸ ਵਿਚ ਵੱਖ ਵੱਖ ਪਦਾਂ ਨੂੰ ਕਈ ਥਾਈਂ ਕਿਸੇ ਇਕੋ ਵਿਸ਼ੇਸ਼ ਭਾਵ ਵਿਚ ਵੀ ਵਰਤਿਆ ਗਿਆ ਹੈ: ਜਿਵੇਂ, ਨਾਮ*, ਨਾਮੀ, ਓਅੰਕਾਰ, ਸਤਿ (ਸੱਚ) ਸ਼ਬਦ ਅੱਖਰ, ਅੰਮ੍ਰਿਤ ਤੇ ਇਕ ਦੀ ਵਰਤੋਂ ਸਰਬ-ਸਮਰਥ ਵਾਹਿਗੁਰੂ ਦੇ ਅਰਥ ਭਾਵ ਵਿਚ ਵੀ ਕੀਤੀ ਮਿਲਦੀ ਹੈ। ਇਸੇ ਤਰ੍ਹਾਂ ਨਾਮ, ਸ਼ਬਦ, ਚਰਨ, ਅੰਮ੍ਰਿਤ ਤੇ ਜਲਨਿਧਿ ਆਦਿ ਪਦਾਂ ਨੂੰ ਸਮ-ਅਰਥਕ ਤੌਰ ਉੱਤੇ ਵੀ ਵਰਤਿਆ ਗਿਆ ਹੈ। ਏਹੀ ਗੱਲ ਸੰਤ, ਸਾਧ, ਭਗਤ, ਪੂਰਨ ਪੁਰਖ ਬ੍ਰਹਮ-ਗਿਆਨੀ, ਗੁਰਸਿੱਖ ਤੇ ਗੁਰਮੁਖ ਪਦਾਂ ਦੀ ਵਰਤੋਂ ਬਾਰੇ ਕਹੀ ਜਾ ਸਕਦੀ ਹੈ।

ਵਿਚਾਰ ਅਧੀਨ ਸਮਾਸ-ਪਦ, ਬ੍ਰਹਮ ਗਿਆਨੀ, ਦੇ ਅਰਥ ਹਨ ਉਹ ਵਿਅਕਤੀ ਜੋ ਬ੍ਰਹਮ, ਵਾਹਿਗੁਰੂ ਅਕਾਲ ਪੁਰਖ ਦਾ ਗਿਆਨ ਰਖਦਾ ਹੈ, ਸੋਝੀ ਤੇ ਸਮਝ ਰਖਦਾ ਅਥਵਾ ਉਸ ਨੂੰ ਜਾਣਦਾ ਹੈ। ਪਰੰਤੂ, ਵਾਹਿਗੁਰੂ ਦਾ ਇਹ ਜਾਨਣਾ, ਸਮਝਣਾ ਜਾਂ ਗਿਆਨ ਰਖਣਾ ਵਿਸ਼ੇਸ਼ ਤੇ ਡੂੰਘੇ ਅਰਥ-ਭਾਵ ਰਖਦਾ ਹੈ। ਇਹ ਗਿਆਨ ਕੇਵਲ ਦਿਮਾਗ਼ੀ ਹੀ ਨਹੀਂ, ਸਗੋਂ ਮਨ, ਬਚਨ, ਕਰਮ ਤੇ ਗੁਣਾਂ ਕਰਕੇ ਗੇਯ (ਜਿਸ ਨੂੰ ਜਾਨਣਾ ਹੈ) ਦਾ ਰੂਪ ਹੋ ਜਾਣ ਦਾ ਨਾਮ ਹੈ। ਇਹ ਉਸ ਨਾਲ ਅਭੇਦ ਹੋ ਵਰਤਣ ਤੇ ਆਪਣੇ ਕਰਤਾ-ਪਨ ਦੇ ਭਾਵ ਨੂੰ ਗਵਾ ਦੇਣ ਤੇ ਜਗਜੀਵਨ ਪ੍ਰਭੂ ਵਿਚ ਜੀਊਣ ਵਾਲੀ

---

*1. ਨਾਮੇ ਹੀ ਤੇ ਸਭ ਕਿਛੁ ਹੋਆ, ਬਿਨੁ ਸਤਿਗੁਰ ਨਾਮ ਨ ਜਾਪੈ (ਪੰ. 753)
2. ਆਪਨ ਖੇਲੁ ਆਪਿ ਵਰਤੀਜਾ ॥ ਨਾਨਕ ਕਰਨੈਹਾਰੁ ਨ ਦੂਜਾ (21, ਸੁਖਮਨੀ)
3. ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ ਨਾਨਕ, ਹੋਸੀ ਭੀ ਸਚੁ (ਜਪੁਜੀ)
4. ਏਕੁ ਅਖਰੁ (ਓਅੰਕਾਰ) ਜੋ ਗੁਰਮੁਖਿ ਜਾਪੈ, ਤਿਸ ਕੀ ਨਿਰਮਲ ਸੋਇ (261)
5. ਏਕੰਕਾਰੁ ਅਵਰੁ ਨਹੀਂ ਦੂਜਾ, ਨਾਨਕ ਏਕੁ (ਓਅੰਕਾਰ, ਵਾਹਿਗੁਰੂ) ਸਮਾਈ ॥
6. ਏਕੁ ਸਬਦੁ (ਵਾਹਿਗੁਰੂ, ਨਾਮ) ਮੇਰੈ ਪ੍ਰਾਨਿ ਬਸਤੁ ਹੈ, ਬਹੁਰਿ ਜਨਮਿ ਨ ਆਵਾ ॥ (ਸਬਦ ਹਜਾਰੇ)
7. ਹਰਿ ਚਰਣ ਕਵਲ (ਹਰੀ ਦਾ ਨਾਮ) ਮਕਰੰਦ ਲੋਭਿਤ ਮਨੋ,
   ਅਨਦਿਨੋ ਮੋਹਿ ਆਹੀ ਪਿਆਸਾ ॥ (ਸੋਹਿਲਾ)
8. ਜਿਸੁ ਜਲਨਿਧਿ (ਨਾਮ-ਅੰਮ੍ਰਿਤ) ਕਾਰਣਿ ਤੁਮ ਜਗਿ ਆਏ
   ਸੋ ਅੰਮ੍ਰਿਤੁ (ਨਾਮੁ) ਗੁਰ ਪਾਹੀ ਜੀਉ ॥ (598)

ਨੋਟ: ਗੁਰਬਾਣੀ-ਤੁਕਾਂ ਨਾਲ ਦਿਤੇ ਪੰਨੇ 1430 ਪੰਨੇ ਵਾਲੀ 'ਪਾਵਨ ਬੀੜ' ਅਨੁਸਾਰ ਹਨ।

ਪਰਮ ਦਸ਼ਾ ਹੈ। ਇਹ ਹਰ ਥਾਂ, ਹਰ ਹਰਕਤ ਤੇ ਹਰ ਰੰਗ ਵਿਚ ਵਾਹਿਗੁਰੂ ਨੂੰ ਵਰਤੀਂਦਾ ਵੇਖਣ ਤੇ ਮਹਿਸੂਸਣ ਦੀ ਉੱਚ-ਭਾਵੀ ਮਨੋਬਿਰਤੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਜਦ ਹਰੀ ਰੰਗ ਰੰਗੇ ਅਥਵਾ ਪ੍ਰਭੂ ਨਾਲ ਅਭੇਦ ਇਕ-ਸੁਰ ਤੇ ਲੀਨ ਹੋ 'ਖਸਮ' ਵਲੋਂ ਆਈ ਬ੍ਰਹਮ-ਬਾਣੀ ਦੁਆਰਾ, ਬ੍ਰਹਮ ਗਿਆਨੀ ਦੇ ਗੁਣ, ਲੱਛਣ ਸਮਰਥਾ ਤੇ ਸਹਿਜ-ਸੁਭਾਵ ਨੂੰ ਕਲਮਬੰਦ (ਨਿਰੂਪਨ) ਕਰਦੇ ਹਨ ਤਾਂ ਆਪ ਜੀ ਨੂੰ ਬ੍ਰਹਮ ਗਿਆਨੀ ਦੇ ਸਰੂਪ ਵਿਚ ਹਰਿ-ਜੋਤ-ਸਰੂਪੀ ਮਨੁੱਖ ਦੀ ਸਰਬ ਪੱਖੀ ਪੂਰਨਤਾ ਤੇ ਪ੍ਰਭੂ ਨਾਲ ਅਭੇਦਤਾ ਸਫੁਟ, ਉੱਮਲ ਉੱਮਲ, ਪ੍ਰਗਟੀਂਦੀ ਦਿਸਦੀ ਹੈ। ਆਰੰਭਕ ਸਲੋਕ ਵਿਚ ਹੀ ਗੁਰਦੇਵ, ਅਗੇ ਆਉਣ ਵਾਲੀ ਅਸ਼ਟਪਦੀ ਦਾ ਮਹਾਨ-ਭਾਵੀ ਸਾਰ, ਅਤਿ ਸੰਖਿਪਤ ਰੂਪ ਵਿਚ ਇਉਂ ਬਿਆਨ ਕਰਦੇ ਹਨ : —

ਮਨਿ ਸਾਚਾ, ਮੁਖਿ ਸਾਚਾ ਸੋਇ ॥ ਅਵਰੁ ਨ ਪੇਖੈ, ਏਕਸੁ ਬਿਨੁ ਕੋਇ ॥
ਨਾਨਕ, ਇਹ ਲਛਣ ਬ੍ਰਹਮ ਗਿਆਨੀ ਹੋਇ ॥

ਜਿਸ ਦੇ ਮਨ ਤੇ ਮੂੰਹ ਵਿਚ, ਭਾਵ, ਹਿਰਦੇ ਵਿਚ ਅਤੇ ਜ਼ਬਾਨ ਉਤੇ, ਹਰਦਮ, ਸਤਿ ਸਰੂਪ ਵਾਹਿਗੁਰੂ ਦਾ ਨਾਮ ਵਸਦਾ ਹੈ, ਜੋ ਇਕ ਓਅੰਕਾਰ ਤੋਂ ਬਿਨਾਂ, ਕਿਸੇ ਹੋਰ ਸਹਾਰੇ ਤੇ ਟੇਕ ਲਈ, ਦੂਸਰੇ ਵਲ ਨਹੀਂ ਵੇਖਦਾ, ਜਿਸ ਦਾ ਵਿਸ਼ਵਾਸ ਪ੍ਰਭੂ ਉਤੇ ਕਾਮਿਲ ਤੇ ਪੁਖਤਾ ਹੈ; ਉਹ, ਤੇ ਕੇਵਲ ਉਹ ਮਨੁੱਖ ਹੀ 'ਬ੍ਰਹਮ ਗਿਆਨੀ' ਅਥਵਾ 'ਬ੍ਰਹਮਵੇਤਾ' ਕਿਹਾ ਜਾ ਸਕਦਾ ਹੈ। ਬਸ, ਕੁੱਜੇ ਵਿਚ ਸਾਗਰ ਬੰਦ ਕਰਨ ਸਮਾਨ, ਬ੍ਰਹਮ ਗਿਆਨੀ ਦੇ ਲੱਛਣ ਤਾਂ ਬਿਆਨੇ ਗਏ, ਸਤਿਗੁਰੂ ਜੀ ਦੀ ਗੱਲ ਤਾਂ ਸੰਪੂਰਨ ਹੋਈ। ਇਸ ਤੋਂ ਅੱਗੇ ਸਾਡੇ ਲਈ ਅਸ਼ਟਪਦੀ ਦੇ ਅੱਠਾਂ ਪਦਿਆਂ ਵਿਚ ਗੁਰੂ ਜੀ ਨੇ ਜਿਸ ਸਵਿਸਥਾਰ, ਪ੍ਰਬੀਨਤਾ ਤੇ ਹੱਕ-ਗੰਢੀ ਨਾਲ ਬ੍ਰਹਮ ਗਿਆਨੀ ਦੇ ਲੱਛਣ, ਗੁਣ, ਪਹੁੰਚ, ਉੱਚਤਾ ਤੇ ਰੂਹਾਨੀ ਪਰਵਾਜ਼ ਦਾ ਉਲੇਖ ਕੀਤਾ ਹੈ, ਉਹ ਆਪਣੀ ਮਿਸਾਲ ਆਪ ਹੈ, ਅਪੂਰਵ ਹੈ, ਅਦੁੱਤੀ ਹੈ। ਦਰਅਸਲ, ਪੂਰਨ ਪ੍ਰਭੂ ਦੇ ਆਸ਼ਿਕ, ਸਾਦਕ ਤੇ ਆਸ਼ਾਵਾਦੀ ਸਤਿ-ਗੁਰੂਆਂ ਦਾ ਮੰਤਵ ਤੇ ਨਿਸ਼ਾਨਾ 'ਪੂਰੇ'[1] ਦੀ ਹਰ ਰਚਨਾ ਨੂੰ ਸੰਪੂਰਨ ਵੇਖਣਾ ਹੈ। ਇਨਸਾਨ, ਜੋ ਸਭ ਜੂਨੀਆਂ ਤੋਂ ਸ੍ਰੇਸ਼ਟ ਹੈ, ਉਹ ਉਨ੍ਹਾਂ ਦੇ ਉਲੇਖ ਤੇ ਬਿਆਨ ਤੋਂ ਕਿਵੇਂ ਬੱਚ ਸਕਦਾ ਸੀ। ਇਸ ਅਸ਼ਟਪਦੀ ਵਿਚ ਗੁਰੂ ਜੀ ਬ੍ਰਹਮ ਗਿਆਨੀ ਦਾ ਚਿਹਨ ਚੱਕਰ ਤੇ ਕਰਤੱਵ ਚਿਤ੍ਰਣ ਵੇਲੇ ਉਸ ਦੀ ਤਸਵੀਰ ਵਿਚ 60 ਤੋਂ ਵਧੀਕ ਰੰਗੀ ਗੁਣਾਂ ਦਾ ਰੰਗ ਭਰਦੇ ਅਤੇ ਉਸ ਦੀ ਸਖਸੀਅਤ ਨੂੰ ਨਿਖਾਰਦੇ ਤੇ ਮੂਰਤੀਮਾਨ ਕਰਦੇ ਹਨ। ਆਪ ਜੀ ਦੇ ਇਸ ਰੱਬੀ-ਇਕ ਸੁਰਤਾ ਵਿਚ ਰਚੇ ਅਨੁਭਵੀ ਫ਼ੁਰਮਾਨ ਦੇ ਸਾਰ ਨੂੰ, ਅੰਕਮਾਤ੍ਰ ਕੁੱਝ ਇਵੇਂ ਅੰਕਿਤ ਕੀਤਾ ਜਾ ਸਕਦਾ ਹੈ।

ਬ੍ਰਹਮ ਗਿਆਨੀ ਸੰਸਾਰ ਵਿਚ ਵਿਚਰਦਾ ਹੋਇਆ ਵੀ ਇਉਂ ਮਾਇਆ ਤੋਂ ਨਿਰਲੇਪ ਤੇ ਨਿਰਦੋਸ਼ ਹੈ, ਜਿਵੇਂ ਪਾਣੀ ਵਿਚ ਉਗਿਆ ਕੰਵਲ ਫੁਲ ਜਾਂ ਸੂਰਜ ਤੋਂ ਆਈ ਕਿਰਨ[2]। ਉਸ ਦੇ

1. ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥
ਨਾਨਕ, ਗੁਰਮੁਖਿ ਐਸਾ ਜਾਣੈ, ਪੂਰੇ ਮਾਂਹਿ ਸਮਾਂਹੀ ॥ (ਮ. ੧, ਪੰਨਾ 1412)

2. Truth is as impossible to be soiled by an outward touch as the Sun-beam. (Milton)

ਅੰਦਰਲਾ ਸੱਚ, ਮਹਾਨ ਕਵੀ ਮਿਲਟਨ ਦੇ ਕਥਨ ਅਨੁਸਾਰ ਸੰਸਾਰਕ ਵਿਸ਼ੇ ਵਿਕਾਰਾਂ ਦੇ ਗਰਦ ਗੁਬਾਰ ਨਾਲ ਪ੍ਰਦੂਸ਼ਤ ਨਹੀਂ ਕੀਤਾ ਜਾ ਸਕਦਾ। ਉਹ ਪਵਨ ਸਮਾਨ, ਸਭ ਲਈ, ਸਮ-ਦ੍ਰਿਸ਼ਟੀ ਰਖਦਾ ਹੈ, ਉਹ ਧਰਤੀ ਸਮਾਨ ਧੀਰ, ਅਗਨੀ ਸਮਾਨ ਸਹਿਜ-ਸੁਭਾਉ ਵਾਲਾ ਤੇ ਜਲ ਸਮਾਨ ਨਿਰਮਲ ਹੈ। ਉਸ ਦੇ ਅੰਦਰ ਸੁਗਿਆਨ ਦਾ ਪ੍ਰਕਾਸ਼ ਹੈ, ਉਸ ਲਈ ਸਭ, ਮਿੱਤਰ ਹੀ ਮਿੱਤਰ ਹਨ ਅਤੇ ਉਹ ਹੰਕਾਰ ਤੋਂ, ਜੋ ਮਨੁੱਖ ਨਾਲੋਂ ਮਨੁੱਖ ਨੂੰ ਤੋੜਦਾ, ਪ੍ਰਭੂ ਤੋਂ ਦੂਰੀ ਪੈਦਾ ਕਰਦਾ ਤੇ ਉਪੱਦਰ ਕਰਾਉਂਦਾ ਹੈ, ਰਹਿਤ ਹੈ। ਉਹ ਵਿਚਾਰਾਂ ਦੇ ਉਚੇਰੇ ਮੰਡਲਾਂ ਵਿਚ ਵਿਚਰਦਾ ਹੋਇਆ ਵੀ ਆਪਣੇ ਮਨ ਨੂੰ ਨੀਵੇਂ ਤੋਂ ਨੀਵਾਂ ਰਖਦਾ ਤੇ ਸਭ ਦੇ ਪੈਰਾਂ ਦੀ ਖਾਕ ਸਮਝਦਾ ਹੈ। ਉਹ ਆਤਮ-ਰੰਗ ਮਾਣਦਾ ਤੇ ਸਭ ਵਲ ਸ਼ੁਭ ਭਾਵਨਾ ਰਖਦਾ ਹੈ, ਉਹ ਕਿਸੇ ਦਾ ਮੰਦਾ ਨਹੀਂ ਲੋਚਦਾ। ਉਸ ਦੀ ਪਾਕ ਨਜ਼ਰ ਵਿਚੋਂ, ਹਰ ਪਾਸੇ ਠੰਡਾਂ ਪਾਉਣ ਵਾਲਾ ਅੰਮ੍ਰਿਤ ਵਰ੍ਹਦਾ ਹੈ। ਉਹ ਸੰਸਾਰਕ ਬੰਧਨਾਂ ਤੋਂ ਮੁਕਤ ਤੇ ਨਿਰਮਲ ਜੀਵਨ-ਜੁਗਤੀ ਵਾਲਾ ਹੁੰਦਾ ਹੈ। ਉਹ ਸੁਗਿਆਨ-ਰੂਪੀ ਅੰਜਨ ਫਬਦਾ ਤੇ ਧਿਆਨ ਨੂੰ ਸਦਾ ਵਾਹਿਗੁਰੂ ਉਤੇ ਕੇਂਦ੍ਰਤ ਰਖਦਾ ਹੈ। ਉਹ ਸ਼ਬਦ-ਸੁਰਤਿ ਦਾ ਅਭਿਆਸੀ ਹੁੰਦਾ ਹੈ। ਉਹ ਆਪਣੀ ਡੋਰੀ ਪ੍ਰਭੂ-ਹੱਥ ਦੇਈ ਰਖਦਾ ਅਤੇ ਉਸ ਦੀ ਰਜ਼ਾ ਵਿਚ ਤੁਰਦਾ ਹੈ। ਉਹ ਆਤਮਿਕ ਤੌਰ ਉੱਤੇ ਸਦ-ਜੀਵਤ ਹੈ। ਉਹ ਨਿਮਰਤਾ ਦਾ ਧਾਰਨੀ ਹੁੰਦਾ ਹੋਇਆ, ਪਰਉਪਕਾਰੀ ਜੀਵਨ ਜੀਉਂਦਾ, ਵਾਹਿਗੁਰੂ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਦਾ, ਸਾਰੇ ਸੰਸਾਰ ਦਾ ਇਕ ਸਮਾਨ ਭਲਾ ਲੋਚਦਾ ਤੇ ਉਧਾਰ ਕਰਦਾ ਹੈ। ਉਹ ਖੁਸ਼ੀ-ਗ਼ਮੀ, ਦੁਖ-ਸੁਖ ਵਿਚ ਇਕ-ਰੰਗ ਰਹਿੰਦਾ ਹੈ; 'ਸਦਾ ਸਚਦਾਨੰਦ' ਪ੍ਰਭੂ, ਸਦਾ ਉਸ ਦੇ ਅੰਗ ਸੰਗ ਹੈ। ਹਰੀ-ਨਾਮ ਉਸਦਾ ਆਸਰਾ ਹੈ, ਇਹੀ ਪ੍ਰਵਾਰ। ਮਾਇਆ ਦੀ ਨੀਂਦ ਉਸ ਉਤੇ ਕਲਖਾ ਨਹੀਂ ਪਾ ਸਕਦੀ, ਕਿਉਂਕਿ ਉਹ, ਪ੍ਰਭੂ-ਕਿਰਪਾ ਦੁਆਰਾ, ਹਉਮੈਂ ਹੰਕਾਰ ਵਾਲੀ ਬੁੱਧੀ ਦਾ ਤਿਆਗੀ ਹੁੰਦਾ ਹੈ। ਉਸ ਦਾ ਹਿਰਦਾ ਸਦਾ ਪਰਮਾਨੰਦ ਦੀ ਅਵਸਥਾ ਵਿਚ ਰਹਿੰਦਾ, ਤੇ ਸਦਾ ਸਹਿਜ ਅਵਸਥਾ ਦਾ ਪਰਮ ਸੁੱਖ ਮਾਣਦਾ ਹੈ।

ਅੱਗੇ, ਛੇਵੇਂ, ਸੱਤਵੇਂ ਤੇ ਅਠਵੇਂ ਪਦੇ ਵਿਚ ਗੁਰੂ ਜੀ ਫੁਰਮਾਉਂਦੇ ਹਨ ਕਿ ਬ੍ਰਹਮ-ਗਿਆਨੀ ਬ੍ਰਹਮ-ਵੇਤਾ ਹੁੰਦਾ ਹੋਇਆ, ਪ੍ਰਮਾਤਮਾ ਨੂੰ ਹਿਰਦਿਉਂ, ਭਾਵ, ਦਿਲ ਤੇ ਦਿਮਾਗ਼ ਦੋਹਾਂ ਕਰਕੇ ਜਾਣਦਾ ਤੇ ਅਚਿੰਤ ਵਿਚਰਦਾ ਹੈ। ਉਸ ਦੇ ਉਪਦੇਸ਼ ਵਿਚ ਸਵਾਰਥ, ਈਰਖਾ, ਦਵੈਸ਼ ਆਦਿ ਦੀ ਅੰਸ਼ ਨਹੀਂ ਹੁੰਦੀ। ਐਸੇ ਰੱਬੀ-ਪੁਰਸ਼ ਦਾ ਦਰਸ਼ਨ ਦੁਰਲੱਭ ਹੈ। ਸਾਨੂੰ, ਉਸ ਤੋਂ ਬਲਿਹਾਰ ਜਾਣਾ ਚਾਹੀਦਾ ਹੈ, ਕਿਉਂਕਿ ਉਸਦੇ ਦਰਸ਼ਨਾਂ ਦੀ ਤਾਂਘ ਵਿਚ ਦੇਵਤੇ ਵੀ ਸਦਾ ਯਤਨ-ਸ਼ੀਲ ਰਹਿੰਦੇ ਹਨ।

ਬ੍ਰਹਮ ਗਿਆਨੀ ਅਮੁੱਲ ਹੈ। ਉਹ ਆਪ ਤਾਂ ਸਭ ਦਾ ਜਾਨਣਹਾਰ ਹੈ, ਪਰੰਤੂ ਆਪ ਸਭ ਲਈ ਗੁਹਜ ਤੇ ਅਭੇਦ ਹੈ। ਉਹ ਖ਼ੁਦੀ ਮਿਟਾ ਕੇ, ਆਪਣੇ ਲਾ-ਮਹਦੂਦ ਖ਼ੁਦਾ ਨਾਲ ਏਦੂੰ ਅਭੇਦ ਹੋ ਵਰਤਦਾ ਹੈ ਕਿ ਉਸ ਦਾ ਅੱਧਾ ਅੱਖਰ ਵੀ ਬਿਆਨੋਂ ਬਾਹਰ ਹੈ। ਉਹ ਸਭ ਦਾ ਸੁਆਮੀ ਹੈ। ਉਹ ਆਪਣੀ ਉੱਚਤਾ ਤੇ ਪਵਿੱਤ੍ਰਤਾ ਦਾ ਅੰਦਾਜ਼ਾ ਆਪ ਹੀ ਲਾ ਸਕਦਾ ਹੈ। ਉਹ ਰੱਬ ਵਾਂਗ ਬੇਅੰਤ ਹੈ, ਇਸ ਲਈ ਨਮਸਕਾਰ ਯੋਗ ਹੈ। ਉਹ ਸਾਰੀ ਸ੍ਰਿਸ਼ਟੀ ਦਾ ਕਰਤਾ, ਅਮਰ ਤੇ ਪੂਰਨ ਪੁਰਖ ਹੈ। ਇਹ ਸਾਰਾ ਪਸਾਰਾ ਉਸੇ ਦਾ ਹੈ। ਗੱਲ ਕੀ, ਉਹ ਆਪ ਹੀ ਨਿਰੰਕਾਰ, ਭਾਵ, ਨਿਰੰਕਾਰ ਸਰੂਪ ਹੈ।

ਉਪ੍ਰੋਕਤ ਅਸ਼ਟਪਦੀ ਵਿਚ ਭਾਵੇਂ ਬ੍ਰਹਮ ਗਿਆਨੀ ਦੀ ਮਹਿਮਾ ਬੇਅੰਤ ਤੇ ਅਪਰ ਅਪਾਰ ਕਰ ਕੇ ਦੱਸੀ ਹੈ, ਉਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਬ੍ਰਹਮ-ਗਿਆਨ, ਅਕਾਲ ਪੁਰਖ ਵਾਹਿਗੁਰੂ ਦੀ ਇਕ ਦੇਣ, ਬਖਸ਼ਿਸ਼ ਕਰਮ ਅਥਵਾ ਦਾਤ ਹੈ। ਇਸ ਸੰਬੰਧ ਵਿਚ ਇਸ ਅਸ਼ਟਪਦੀ ਦੀਆਂ ਇਹ ਪੰਕਤੀਆਂ ਨੋਟ ਕਰਨ ਯੋਗ ਹਨ :—

ੳ) ਬ੍ਰਹਮ ਗਿਆਨੀ, ਜਿਸੁ ਕਰੈ ਪ੍ਰਭੁ ਆਪਿ ॥

ਅ) ਬ੍ਰਹਮ ਗਿਆਨੀ, ਸੇ ਜਨ ਭਏ। ਨਾਨਕ, ਜਿਨ ਪ੍ਰਭੁ ਆਪਿ ਕਰੇਇ ॥

ਦੂਜੀ ਨੋਟ ਕਰਨ ਯੋਗ ਗੱਲ ਇਹ ਹੈ ਕਿ ਬ੍ਰਹਮ ਗਿਆਨੀ ਨੂੰ ਗੁਣਾਂ ਕਰਕੇ ਅਕਾਲ-ਪੁਰਖ ਵਾਹਿਗੁਰੂ ਨਾਲ ਅਭੇਦ, ਅਮਰ, ਅਪਾਰ, ਕਰਤਾ ਤੇ ਉਸੇ ਦਾ ਹੀ ਰੂਪ ਦਰਸਾਇਆ ਗਿਆ ਹੈ, ਜਿਵੇਂ :—

ੳ) ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥

ਅ) ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥

ੲ) ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥

ਸ) ਬ੍ਰਹਮ ਗਿਆਨੀ ਸਦ ਜੀਵੈ ਨਹੀਂ ਮਰਤਾ ॥

ਹ) ਬ੍ਰਹਮ ਗਿਆਨੀ ਕਾ ਨਹੀਂ ਬਿਨਾਸ ॥

ਕ) ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥
ਬ੍ਰਹਮ ਗਿਆਨੀ ਸਦ ਜੀਵੈ, ਨਹੀ ਮਰਤਾ ॥

ਸਾਧਾਰਣ ਤੇ ਓਪਰੀ ਨਜ਼ਰ ਨਾਲ ਵੇਖਿਆਂ ਉਪਰੋਕਤ ਦੋਵੇਂ ਵਿਚਾਰ ਆਪਾ-ਵਿਰੋਧੀ ਜਾਪਦੇ ਹਨ। ਇਕ ਪਾਸੇ ਬ੍ਰਹਮ-ਗਿਆਨਤਾ, ਕਿਸੇ ਉਚੇਰੀ ਹਸਤੀ, ਵਾਹਿਗੁਰੂ, ਵਲੋਂ ਬਖਸ਼ਿਸ਼ ਹੈ ਤੇ ਦੂਜੇ ਪਾਸੇ ਬ੍ਰਹਮ ਗਿਆਨੀ ਆਪ ਹੀ (ਪ੍ਰਮੇਸ਼ਰ ਵਾਂਗ) ਕਰਤਾ, ਅਮਰ, ਪ੍ਰਮੇਸਰ ਤੇ ਨਿਰੰਕਾਰ ਹੈ। ਫੇਰ, ਇਹ ਬਖਸ਼ਿਸ਼ ਕਿਵੇਂ ਹੁੰਦੀ ਤੇ ਕਿਸ ਵਲੋਂ ? ਇਹ ਨੁਕਤਾ ਵਿਚਾਰਨ ਜੋਗ ਹੈ :—

ਵਿਚਾਰ :—ਵਾਹਿਗੁਰੂ ਦੇ ਪ੍ਰਸਾਦ ਜਾਂ ਉਸ ਦੀ ਬਖਸ਼ਿਸ਼ ਦੁਆਰਾ, ਖੁਦੀ[1] (ਹਉਮੈ) ਨੂੰ ਮਿਟਾ ਕੇ, ਆਪੇ ਦਾ ਜਾਣੂ ਹੋ ਕੇ ਅਤੇ ਮਾਲਿਕ ਦੇ ਗੁਣ ਗਾਉਣ ਤੇ ਰਜ਼ਾ ਵਿਚ ਚੱਲਣ ਨਾਲ ਸੇਵਕ/ਸਿੱਖ ਵਿਚ ਉਹ ਸਾਰੇ ਗੁਣ ਆ ਜਾਂਦੇ ਹਨ ਜੋ ਗੁਣ-ਮਾਲਿਕ, ਗੁਣ-ਦਾਤਾ ਵਿਚ ਹੁੰਦੇ ਹਨ। ਤੀਜੇ ਗੁਰਦੇਵ ਦਾ ਕਥਨ ਹੈ ਕਿ ਗੁਣ ਗਾਉਣ ਵਾਲਾ ਆਤਮਿਕ ਤੌਰ ਉਤੇ 'ਗੁਣੀ' ਵਿਚ ਅਭੇਦ ਹੋ ਜਾਂਦਾ ਹੈ, ਉਸੇ ਦਾ ਰੂਪ ਹੀ ਵੇਖਦਾ ਹੈ।

ਸਦਾ ਅਨੰਦਿ ਰਹਹਿ ਦਿਨੁ ਰਾਤੀ, ਗੁਣ ਕਹਿ, ਗੁਣੀ ਸਮਾਵਣਿਆ ॥ (ਮ. ੩, ਪੰ. ੧੧੪)

ਜਦ ਸਿੱਖ, ਸੇਵਕ ਅਥਵਾ ਮਰੀਦ ਆਪਾ ਭਾਵ (ਖੁਦੀ) ਤੇ ਮਨ ਦੀ ਮੱਤ ਤਿਆਗ ਕੇ ਆਪਣੇ ਮਨ ਨੂੰ ਸਤਿਗੁਰਾਂ ਪਾਸ ਵੇਚ[2] ਦੇਂਦਾ ਤੇ ਉਨ੍ਹਾਂ ਦੀ ਮਰਜ਼ੀ ਤੇ ਮਤ ਦੇ ਅਧੀਨ ਕਰ ਦਿੰਦਾ ਹੈ, ਤਾਂ ਆਤਮਕ ਮੰਡਲਾਂ ਦੇ ਇਸ ਮਿਲਾਪ ਉਪ੍ਰੰਤ, ਇਕ ਤਰ੍ਹਾਂ ਨਾਲ, ਉਹ ਗੁਰੂ ਰੂਪ ਹੀ ਹੋ

---

੧. ਬਿਗੁਜ਼ਰ ਅਜ਼ ਬੇਗਾਨਗੀ ਤਾ ਸ਼ੀ ਬ-ਖੁਦ ਤੋ ਆਸ਼ਨਾ।
ਹਰ ਕਿ ਸ਼ੁਦ ਖੁਦ ਆਸ਼ਨਾ ਸ਼ੁਦ, ਅਜ਼ ਖੁਦਾ ਬੇਗਾਨਾ ਨੇਸਤ। (ਭਾਈ ਨੰਦ ਲਾਲ 'ਗੋਯਾ')

੨. ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥ (ਸੁਖਮਨੀ ੧੮)

ਵੇਖਦਾ ਹੈ। ਸਿੱਖ, ਗੁਰੂ ਤੇ ਗੋਬਿੰਦ ਦੀ ਵਾਹਰੀ ਵਿੱਚ ਖਤਮ ਹੋ ਜਾਂਦੀ ਹੈ। ਫੇਰ ਬ੍ਰਹਮ ਗਿਆਨੀ, ਸਿੱਖ, ਸੰਤ, ਸਤਿਗੁਰੂ ਤੇ ਗੋਬਿੰਦ ਦੇ ਕੰਮਾਂ ਦਾ ਖੇਤਰ ਵੱਖਰਾ ਵੱਖਰਾ ਨਹੀਂ ਰਹਿ ਜਾਂਦਾ। ਸਮਝੋ ਕਿ ਇਕ ਦੇ ਕੀਤੇ ਕੰਮ, ਕੁਦਰਤੀ ਤੌਰ ਉਤੇ, ਦੂਜੇ ਦੇ ਵੀ ਹੋਏ। ਪ੍ਰਭੂ-ਸੰਤਾਂ ਬਾਰੇ ਇਹ ਫ਼ੁਰਮਾਨ ਅਮੁੱਲ ਹੈ :—

ਸੋਈ ਸੰਤੁ ਜਿ ਭਾਵੈ ਰਾਮ ਰਾਮ ॥ ਸੰਤ ਗੋਬਿੰਦ ਕੈ ਏਕੈ ਕਾਮ ॥ (ਮ. 5, ਪੰਨਾ 867)

ਪ੍ਰਭੂ-ਭਗਤਾਂ, ਸਿੱਖਾਂ ਤੇ ਆਸ਼ਿਕਾਂ ਸਾਦਕਾਂ ਲਈ, ਪ੍ਰੇਮ ਮਾਰਗ ਵਿਚ, ਇਕ ਮੁਕਾਮ ਐਸਾ ਵੀ ਆਉਂਦਾ ਹੈ ਜਦ ਇਹ ਪਹਿਚਾਣ ਕਰਨੀ ਅਸੰਭਵ ਹੋ ਜਾਂਦੀ ਹੈ ਕਿ ਭਗਤ ਕੌਣ ਹੈ ਤੇ ਭਗਵਾਨ ਕੌਣ ? ਆਸ਼ਿਕ ਕੌਣ ਤੇ ਮਾਸ਼ੂਕ ਕੌਣ ? ਤਾਲਿਬ ਕੌਣ ਤੇ ਮਤਲੂਬ ਕੌਣ ? ਇਸ ਸੰਬੰਧ ਵਿਚ ਵੰਨਗੀ ਵਜੋਂ ਇਹ ਪ੍ਰਮਾਣ ਵਾਚਣ ਯੋਗ ਹਨ :—

'ਆਸ਼ੁਫਤਾਏ ਆਨੇਮ ਕਿ ਆਸ਼ੁਫਤਾਏ ਮਾਸਤ।
ਮਾ ਸ਼ਾਹ ਨ ਦਾਨੇਮ, ਗਦਾ ਰਾ ਨ ਸ਼ਨਾਸੇਮ। (ਭਾ. ਨੰਦ ਲਾਲ ਜੀ ਗੋਯਾ, ਗ਼ਜ਼ਲ 58)

(ਭਾਵ—ਅਸੀਂ ਉਸ ਦੇ ਮਤਵਾਲੇ (ਪ੍ਰੇਮੀ) ਹਾਂ ਜੋ ਸਾਡਾ ਮਤਵਾਲਾ ਹੈ। ਪ੍ਰੀਤ-ਰੀਤ ਵਿਚ ਨਾ ਅਸੀਂ ਕਿਸੇ ਨੂੰ ਬਾਦਸ਼ਾਹ ਗਿਣਦੇ ਹਾਂ, ਨਾ ਕੰਗਾਲ। ਸਭ ਬਰਾਬਰ ਹਨ।)

ਤਥਾ :—"ਦਿਲਿ ਆਸ਼ਕ ਬ-ਅੰਦਕਿ ਫੁਰਸਤੇ, ਮਾਸ਼ੂਕ ਮੇਂ ਗਰਦਦ।
ਸਰਾ ਪਾ ਜਾਂ ਸ਼ਵਦ, ਹਰਕਸ, ਕਿ ਬਾ ਜਾਨਾਨਾ ਮੇਂ ਸਾਜ਼ਦ।" (ਉਹੀ, ਗਜ਼ਲ 21)

ਭਾਵ :– (ਪ੍ਰੇਮੀ ਦਾ ਦਿਲ ਥੋੜੇ ਸਮੇਂ ਬਾਅਦ ਪ੍ਰੇਮਕਾ ਦੇ ਦਿਲ ਵਿਚ ਬਦਲ ਜਾਂਦਾ ਹੈ। ਜੋ ਪਿਆਰੇ ਨਾਲ ਪ੍ਰੀਤ ਪਾਉਂਦਾ ਹੈ ਉਹ ਆਖਰ ਉਸੇ ਦਾ ਹੀ ਰੂਪ ਹੋ ਜਾਂਦਾ ਹੈ।)

ਭਗਤ ਕਬੀਰ ਜੀ ਦਾ ਦਾਅਵਾ ਹੈ :–

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ, ਸੰਤਨ ਦੋਊ ਰਾਦੇ ॥
ਹਮ ਕਾਹੂ ਕੀ ਕਾਣਿ ਨ ਕਢਤੇ, ਆਪਣੇ ਗੁਰ ਪ੍ਰਸਾਦੇ ॥
ਅਬ ਤਉ ਜਾਇ ਚਢੇ ਸਿੰਘਾਸਨਿ, ਮਿਲੇ ਹੈ ਸਾਰਿੰਗਪਾਨੀ ॥
ਰਾਮ ਕਬੀਰਾ ਏਕ ਭਏ ਹੈ, ਕੋਇ ਨ ਸਕੈ ਪਛਾਨੀ ॥ (ਪੰ. 669)

ਜਦ ਪਾਣੀ ਦੀ ਬੂੰਦ ਵੱਖਰੀ ਹੈ, ਤਾਂ ਉਹ ਸਾਗਰ ਨਹੀਂ; ਪ੍ਰੰਤੂ, ਜਦ ਉਹ ਆਪਣੀ ਹਸਤੀ ਨੂੰ ਮਿਟਾ ਕੇ ਸਾਗਰ ਵਿਚ ਮਿਲ ਗਈ ਤਾਂ ਸਾਗਰ ਹੋ ਗਈ। ਜੁਜ਼ ਕੁਲ ਹੋ ਗਈ। ਇਸੇ ਲਈ ਜਦ ਬ੍ਰਹਮ ਗਿਆਨੀ ਨੂੰ ਪ੍ਰਮੇਸ਼ਰ ਜਾਂ ਨਿਰੰਕਾਰ ਅਥਵਾ ਨਿਰੰਕਾਰ-ਸਰੂਪ ਕਿਹਾ ਜਾਂਦਾ ਹੈ ਤਾਂ ਇਸ ਦਾ ਭਾਵ ਹੁੰਦਾ ਹੈ ਕਿ ਉਸ ਨੇ ਆਪਣੀ ਅਹੰ-ਭਾਵ ਅਥਵਾ ਖ਼ੁਦੀ ਦੂਰ ਕਰਕੇ ਪੂਰਨ ਤੌਰ ਉਤੇ ਪ੍ਰਭੂ-ਰਜ਼ਾ ਪ੍ਰਵਾਨ ਕਰ ਲਈ ਹੈ। ਜੋ ਉਹ ਕਰਦਾ ਹੈ, ਉਸ ਦਾ ਕਰਤਾ ਵੀ ਪ੍ਰਮੇਸ਼ਰ ਹੈ ਅਤੇ ਜੋ ਪ੍ਰਮੇਸ਼ਰ ਕਰਦਾ ਹੈ, ਉਹ ਇਕ ਤਰ੍ਹਾਂ ਨਾਲ ਉਸ ਵਿਚ ਆਤਮਕ ਤੌਰ ਉਤੇ ਹਲੂਲ ਹੋਇਆ ਬ੍ਰਹਮ ਗਿਆਨੀ ਹੀ ਕਰਦਾ ਹੈ। ਬ੍ਰਹਮ ਗਿਆਨੀ ਦਾ ਨਿਰੰਕਾਰ ਤੇ ਪ੍ਰਮੇਸ਼ਰ ਵਾਂਗ ਅਮਰ, ਸ੍ਰਿਸ਼ਟੀ-ਕਰਤਾ ਹੋਣ ਤੋਂ ਭਾਵ ਨਿਰੰਕਾਰੀ ਹੋਣਾ ਜਾਂ ਪ੍ਰਮੇਸ਼ਰ ਜਾਂ ਗੋਬਿੰਦ ਸਰੂਪ ਹੋਣਾ ਹੈ। ਆਪਾ ਪਰਕਾ ਮਿਟਾ ਕੇ ਤੂੰ ਤੇ ਕੇਵਲ ਤੂੰ ਹੋ ਜਾਣਾ ਹੈ। ਸ੍ਰੀ ਗੀਤਾ ਤੇ ਗੁਰੂ ਗ੍ਰੰਥ ਸਾਹਿਬ ਵਿਚ ਮੋਟਾ ਅੰਤਰ ਇਹੀ ਹੈ ਕਿ ਉਸ ਵਿਚ 'ਮੈਂ' ਦੁਆਰਾ ਗਲ ਕੀਤੀ ਗਈ ਹੈ ਤੇ ਏਥੇ 'ਤੂੰ' ਦੁਆਰਾ। ਜਿਥੋਂ ਤਕ

ਵਾਹਿਗੁਰੂ ਦੇ ਅਜੂਨੀ ਤੇ ਸੈਭੰ ਗੁਣਾਂ ਵਾਲੇ ਹੋਣ ਦਾ ਸੰਬੰਧ ਹੈ, ਉਹ ਗੁਣ ਕੇਵਲ ਵਾਹਿਗੁਰੂ ਅਕਾਲਪੁਰਖ ਉਤੇ ਹੀ ਘਟਦੇ ਹਨ। ਪੰਜਵੇਂ ਗੁਰਦੇਵ ਦਾ ਇਹ ਅਰਸ਼ਾਦ ਨੋਟ ਕਰਨ ਯੋਗ ਹੈ :

ਰਵਿਦਾਸ ਧਿਆਏ ਪ੍ਰਭੁ ਅਨੂਪ ॥ ਗੁਰੂ ਨਾਨਕ ਦੇਵ, ਗੋਬਿੰਦ ਰੂਪ ॥ (ਪੰ. 1192)

ਏਥੇ ਵਿਸ਼ੇਸ਼ ਤੌਰ ਉੱਤੇ ਨੋਟ ਕਰਨ ਵਾਲੀ ਇਕ ਹੋਰ ਗੱਲ ਇਹ ਵੀ ਹੈ ਕਿ ਗੁਰੂ ਸਾਹਿਬਾਨ ਦੇ ਧਿਆਨ ਦਾ ਕੇਂਦਰੀ ਬਿੰਦੂ, ਪੂਰਨ ਤੇ ਅਦੁੱਤੀ ਵਾਹਿਗੁਰੂ ਹੋਣ ਕਰਕੇ, ਉਹ ਹਰ ਪਾਸੇ ਪੂਰਨਤਾ ਹੀ ਪੂਰਨਤਾ ਵੇਖਣ ਦੇ ਸ਼ੈਦਾਈ ਹਨ। ਉਹਨਾਂ ਦਾ ਰੱਬ ਪੂਰਾ, ਉਸਦਾ ਨਾਮ ਪੂਰਾ ਤੇ ਨਾਮ-ਦਾਤਾ ਗੁਰੂ ਪੂਰਾ ਹੈ। 'ਗੁਰ ਚੇਲਾ, ਚੇਲਾ ਗੁਰ ਹੋਈ', ਦੇ ਕਥਨ ਅਨੁਸਾਰ ਗੁਰੂ, ਗੁਰੂ ਸਰੂਪ ਸੇਵਕ ਤੇ ਬ੍ਰਹਮ ਗਿਆਨੀ ਸਭ ਸੰਪੂਰਨ ਤੇ ਇੱਕ ਮਿੱਕ ਹਨ। ਕੋਈ ਊਣਾ ਨਹੀਂ। ਗੱਲ ਕੀ ਪ੍ਰਭੂ ਦਾ ਰਚਿਆ ਇਹ ਸਾਰਾ ਬਾਣ ਹੀ ਸੰਪੂਰਨ ਹੈ। ਕੇਵਲ ਠੀਕ ਨਾਲ ਵੇਖਣ ਵਾਲੀ ਅੱਖ ਦੀ ਲੋੜ ਹੈ। ਭਾਈ ਨੰਦ ਲਾਲ ਜੀ ਗੋਯਾ ਨੇ ਰੱਬੀ ਜਲਵੇ ਦੀ ਪਰੀਪੂਰਨਤਾ ਨੂੰ ਵੇਖਣ ਵਾਲੀ ਅੱਖ ਦੀ ਅਣਹੋਂਦ ਦਾ, ਹਕੀਕੀ ਜ਼ਿਕਰ ਇਉਂ ਕੀਤਾ ਹੈ :

"ਜਮਾਲਿ ਊ ਹਮਾ ਜਾ, ਬੇ ਹਜਾਬ ਜਲਵਾ ਗਰ ਅਸਤ
ਤੂ ਕਿ ਦਰ ਹਜਾਬਿ ਖੁਦੀ ਯਾਰਿ ਮਹਲਕਾ ਚਿ: ਕੁੰਨਦ ? (ਗਜ਼ਲ 20)

ਇਸ ਦਾ ਭਾਵਾਰਥ ਹੈ ਕਿ "ਰੱਬ ਦਾ ਜਲਵਾ, ਬਿਨਾ ਪਰਦਿਉਂ ਸਭ ਥਾਈਂ ਪ੍ਰਕਾਸ਼ਮਾਨ ਹੈ, ਪ੍ਰਗਟ ਹੈ; ਪਰ ਤੂੰ ਖੁਦੀ (ਹੰਕਾਰ) ਦੇ ਪਰਦੇ ਵਿਚ ਲੁਕੀ ਬੈਠਾ ਹਾਂ। ਚੰਦਰਮੁਖੀ ਮਿੱਤਰ (ਵਾਹਿਗੁਰੂ) ਕੀ ਕਰੇ, ਭਾਵ, ਤੈਨੂੰ ਕਿਵੇਂ ਦੀਦਾਰ ਦੇਵੇ ?"

ਵਧੇਰੇ ਸਪਸ਼ਟਤਾ ਲਈ ਵਾਚੋ, ਵੀਚਾਰ ਪੂਰਬਕ, ਇਹ ਕੁਝ ਕੁ ਹੋਰ ਪ੍ਰਮਾਣ :

ੳ) ਪੂਰਾ ਪ੍ਰਭੁ ਆਰਾਧਿਆ, ਪੂਰਾ ਜਾ ਕਾ ਨਾਉ ॥
ਨਾਨਕ, ਪੂਰਾ ਪਾਇਆ, ਪੂਰੇ ਕੇ ਗੁਨ ਗਾਉ ॥ (ਸੁਖਮਨੀ)
ਅ) ਪੂਰਾ ਥਾਟੁ ਬਣਾਇਆ, ਰੰਗੁ ਗੁਰਮਤੀ ਮਾਣੁ ॥ (ਮ. 3, ਪੰਨਾ 7989)
ੲ) ਪੂਰਾ ਸੇਵਕੁ ਸਬਦਿ ਸਿਞਾਪੈ। (ਮ. 3, ਪੰਨਾ 1045)
ਸ) ਪੂਰੇ ਗੁਰਿ ਤੇ ਸਭ ਸੋਝੀ ਪਾਈ ॥ (ਮ. 3, ਪੰਨਾ 1051)
ਹ) ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ, ਪੂਰਨ ਸੋਈ ਸੰਤੁ ॥ (ਪੰ. 319)

ਅੰਤ ਵਿਚ ਵਿਸਤਾਰਤਨ ਲਿਖਿਆ ਗਿਆ ਸੀ ਕਿ ਸੰਤ, ਸਾਧ, ਗੁਰਮੁਖ, ਬ੍ਰਹਮ ਗਿਆਨੀ ਦੇ ਗੁਣ ਲੱਛਣ ਸਮਾਨ ਹਨ। ਇਸ ਦੀ ਪੁਸ਼ਟੀ ਵਿਚ ਗੁਰਬਾਣੀ ਵਿਚੋਂ ਹਜ਼ਾਰਾਂ ਪ੍ਰਮਾਣ ਮਿਲਦੇ ਹਨ। ਦੂਰ ਜਾਣ ਦੀ ਲੋੜ ਨਹੀਂ, ਸ੍ਰੀ ਸੁਖਮਨੀ ਸਾਹਿਬ ਦੀ ਸੱਤਵੀਂ ਅਸ਼ਟਪਦੀ ਵਿਚ ਹੀ ਰੱਬੀ ਸੰਤਾਂ ਬਾਰੇ ਜੋ 75 ਕੁ ਗੁਣ/ਲੱਛਣ ਅੰਕਿਤ ਹਨ, ਉਹ ਸਾਰੇ ਦੇ ਸਾਰੇ ਬ੍ਰਹਮ-ਗਿਆਨੀ ਉਤੇ ਵੀ ਘਟਦੇ ਹਨ ਤੇ ਬ੍ਰਹਮ ਗਿਆਨੀ ਵਾਲੇ, ਸੰਤ ਜਨਾਂ ਉਤੇ। ਦੋਹਾਂ ਵਿਚ ਕੇਵਲ ਵਾਚਕ ਸ਼ਬਦਾਂ ਕਰ ਕੇ ਭਿੰਨਤਾ ਹੈ, ਗੁਣ, ਕਰਮ ਤੇ ਸੁਭਾਵ ਕਰਕੇ ਨਹੀਂ।

ਇਸ ਅਸ਼ਟਪਦੀ ਬਾਰੇ ਸ਼ੰਕਾਵਾਦੀਆਂ ਵਲੋਂ ਇਕ ਨੁਕਤਾ ਇਹ ਵੀ ਉਠਾਇਆ ਜਾਂਦਾ ਹੈ ਕਿ ਬ੍ਰਹਮ ਗਿਆਨੀ ਦਾ ਨਿਰੰਕਾਰ (ਆਕਾਰ ਰਹਿਤ ਪ੍ਰਭੂ) ਸਰੂਪ ਹੋਣਾ ਕਿਵੇਂ ਸੰਭਵ ਹੈ ? ਆਓ

ਥੋੜ੍ਹੀ ਜਿਹੀ ਹੋਰ ਵੀਚਾਰ ਕਰੀਏ ।

ਹੋਰ ਵੀਚਾਰ :—ਗੁਰਮਤਿ ਵਿਚ ਜਗਿਆਸੂ ਦੀ ਅਗਵਾਈ ਲਈ ਕੁਝ ਕੁ ਤੱਥ ਬੜੇ ਹੀ ਸਪਸ਼ਟ ਕਰਕੇ ਬਿਆਨੇ ਗਏ ਹਨ; ਜਿਵੇਂ :—

ੳ) ਪ੍ਰਮਾਤਮਾ ਇਕ ਹੈ, ਸਤਿ ਹੈ । ਉਹ ਨਿਰਗੁਣ ਵੀ ਹੈ ਤੇ ਸਰਗੁਣ ਵੀ ਹੈ । ਦੂਜੀ ਹਾਲਤ ਵਿਚ ਵੀ ਉਹ ਸਤਿ, ਚਿੱਤ, ਅਨੰਦ ਤੇ ਰਚਨਾ ਨਾਲ ਓਤਪੋਤ ਹੈ । ਤ੍ਰੈਗੁਣੀ ਰਚਨਾ ਅਥਵਾ ਸਰਗੁਣੀ ਪ੍ਰਗਟਾਅ ਵਾਲੀ ਅਵਸਥਾ ਤੋਂ ਪਹਿਲਾਂ ਉਹ ਨਿਰਗੁਣ, ਨਿਰੰਕਾਰ ਅਥਵਾ ਸੁੰਨ ਸਮਾਧੀ ਵਾਲੀ ਹਾਲਤ ਵਿਚ ਸੀ । ਪ੍ਰਗਟਾਅ ਉਪ੍ਰੰਤ, ਉਹ ਇਕੋ ਸਮੇਂ ਨਿਰਗੁਣ ਵੀ ਹੈ ਤੇ ਸਰਗੁਣ ਵੀ, ਜਿਵੇਂ :—

ਸਰਗੁਨ, ਨਿਰਗੁਨ, ਨਿਰੰਕਾਰ, ਸੁੰਨ ਸਮਾਧੀ ਆਪਿ ॥
ਆਪਨ ਕੀਆ ਨਾਨਕਾ, ਆਪੇ ਹੀ ਫਿਰ ਜਾਪਿ ॥ (ਸੁਖਮਨੀ, 21)

ਤਥਾ :—ਜਹ ਆਪਿ ਰਚਿਓ ਪਰਪੰਚੁ ਆਕਾਰੁ ॥
ਤਿਹ ਗੁਣ ਮਹਿ ਕੀਨੋ ਬਿਸਥਾਰੁ ॥ (ਸੁਖਮਨੀ, 21)

ਅ) ਪ੍ਰਮਾਤਮਾ ਆਪ ਸਤਿ ਹੈ, ਇਸ ਲਈ ਉਸ ਦੀ ਰਚਨਾ, ਜਿਸ ਵਿਚ ਉਹ ਆਪ ਸੂਤਰਧਾਰੀ ਹੈ, ਵੀ ਸਤਿ ਹੈ । ਗੁਰ ਫੁਰਮਾਨ ਹਨ :—

1. ਆਪ ਸਤਿ, ਕੀਆ ਸਭੁ ਸਤਿ ॥
2. ਸਚੇ ਤੇਰੇ ਖੰਡ, ਸਚੇ ਬ੍ਰਹਮੰਡ ॥
   ਸਚੇ ਤੇਰੇ ਲੋਅ, ਸਚੇ ਆਕਾਰ ॥ (ਵਾਰ ਆਸਾ)

ੲ) ਗੁਰਬਾਣੀ ਵਿਚ ਭਗਤੀ, ਜੋਗ, ਸੂਫ਼ਿਆਨ ਤੇ ਵੇਦਾਂਤ ਆਦਿ ਵਿਚਾਰਾਂ ਦਾ ਸੁਮੇਲ ਹੈ, ਪ੍ਰੰਤੂ ਹੈ ਇਹ ਗੁਰਮਤਿ ਦੇ ਆਪਣੇ ਵਿਸ਼ੇਸ਼ ਅਰਥਾਂ, ਭਾਵਾਂ ਤੇ ਸਹਿਜਤਾ ਸਰੂਪ ਵਿਚ । ਹਾਂ, ਇਸ ਵਿਚ ਪ੍ਰੇਮ-ਭਗਤੀ-ਭਾਵ ਦੀ ਪ੍ਰਬਲਤਾ ਹੈ । ਵੇਦਾਂਤ ਦੀ ਇਸ ਗੱਲ ਨੂੰ ਸਿਧਾਂਤਕ ਤੌਰ ਤੇ ਪਰਵਾਨਿਆ ਗਿਆ ਹੈ ਕਿ ਆਤਮਾ, ਪ੍ਰਮਾਤਮਾ ਦਾ ਸਰੂਪ, ਰਾਮ ਦੀ ਅੰਸ਼ ਤੇ ਅਸਲਾ ਹੈ; ਜਿਵੇਂ, ਕਿਰਨ ਸੂਰਜ ਦਾ ਤੇ ਬੂੰਦ ਸਾਗਰ ਦਾ; ਪ੍ਰੰਤੂ, ਕਿਰਨ, ਸੂਰਜ ਨਹੀਂ ਅਤੇ ਬੂੰਦ ਸਾਗਰ ਨਹੀਂ । ਜੇ ਸਾਗਰ ਤੋਂ ਵੱਖਰੀ ਹੋ ਕੇ ਇਹ ਨਾਅਰਾ ਲਾਵੇ ਕਿ ਉਹ ਬੂੰਦ ਹੀ ਸਾਗਰ ਹੈ, ਤਾਂ ਗਲ ਹਾਸੋਹੀਣੀ, ਬੇ-ਮਾਅਨੀ ਤੇ ਹਉਮੈ-ਭਾਵ ਵਾਲੀ ਹੋਵੇਗੀ । ਯਾਦ ਰਹੇ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤ ਕਾਨ੍ਹਾ ਦਾ ਕਲਾਮ—"ਮੈਂ ਓਹੀ ਰੇ, ਮੈਂ ਓਹੀ ਰੇ", ਨੂੰ ਏਸੇ ਕਾਰਨ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਕਰਨੋਂ ਨਾਂਹ ਕਰ ਦਿੱਤੀ ਸੀ । 'ਗੀਤਾ', ਵਿਚ ਜਿਥੇ, 'ਮੈਂ' ਦੀ ਵਰਤੋਂ ਉਤੇ ਬਲ ਹੈ, ਉਥੇ ਗੁਰਮਤਿ ਵਿਚ ਭਗਤੀ ਭਾਵ, ਆਪਾ ਸਮਰਪਣ ਤੇ ਬਿਬੇਕ ਬੁੱਧ ਦੁਆਰਾ ਮੈਂ-ਹਉਮੈ, ਖੁਦੀ ਨੂੰ ਮੇਟਣ ਦੀ ਤਾਕੀਦ ਤੇ ਆਪਣੇ ਮੂਲ ਨੂੰ ਪਛਾਨਣ ਦੀ ਲੋੜ ਉਤੇ ਜ਼ੋਰ ਦਿੱਤਾ ਗਿਆ ਹੈ, ਗੁਣ-ਹੀਣ ਹੁੰਦਿਆਂ ਹੋਇਆਂ, ਆਪਣੇ ਆਪ ਨੂੰ ਫੋਕਾ 'ਮੈਂ ਬ੍ਰਹਮ' ਕਹਿਣ ਉਤੇ ਨਹੀਂ । ਏਥੇ 'ਜਿਨਿ ਹਰਿ ਪਾਇਓ ਤਿਨਹਿ ਛੁਪਾਇਓ' (718) ਵਾਲਾ ਗੰਭੀਰ ਬਿਰਤੀ ਮਾਰਗ ਅਪਣਾਇਆ ਗਿਆ ਹੈ ।

ਸੁਖਮਨੀ ਸਾਹਿਬ ਅਥਵਾ ਗੁਰਬਾਣੀ ਵਿਚ ਇਨ੍ਹਾਂ ਦੋਹਾਂ ਵਿਚਾਰ ਧਾਰਾਵਾਂ ਨੂੰ ਅਪਣਾਇਆ ਗਿਆ ਹੈ—'ਹਮਾਓਸਤ' ਤੇ 'ਅਜ਼ ਹਮਾ ਓਸਤ', ਭਾਵ ਜੋ ਕੁਝ ਹੈ ਸਭ ਉਹੀ ਪ੍ਰਮਾਤਮਾ ਹੀ ਹੈ ਅਤੇ ਜੋ ਕੁਝ ਹੈ ਸਭ ਓਸੇ ਤੋਂ ਆਕਾਰ ਵਿਚ ਆਇਆ ਹੈ – ਸੁਖਮਨੀ ਸਾਹਿਬ ਵਿਚੋਂ ਲਏ ਗਏ ਇਹ ਕੁਝ ਕੁ ਪ੍ਰਮਾਣ ਇਸ ਅਹਿਮ ਨੁਕਤੇ ਨੂੰ ਇਉਂ ਸਪਸ਼ਟ ਕਰਦੇ ਹਨ :—

7/21 ਜਹ ਆਪਿ ਰਚਿਓ ਪਰਪੰਚੁ ਅਕਾਰੁ ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥
(ਨਿਰੰਕਾਰ ਤੋਂ ਆਕਾਰੀ, ਵਿਸਥਾਰੀ ਰੂਪ ਵਿਚ)

8/21 ਆਪਹਿ ਕਉਤਕ ਕਰੈ ਅਨਦ ਚੋਜ, ਆਪਹਿ ਰਸ ਭੋਗਨ, ਨਿਰਜੋਗ ॥
(ਹਰੀ ਆਪੇ ਭੋਗੀ ਰੋਗੀ ਤੇ ਆਪੇ ਅਲੇਪ, ਵੱਖ)

5/23 ਆਪਿ ਸਤਿ ਕੀਆ ਸਭੁ ਸਤਿ, ਤਿਸੁ ਪ੍ਰਭ ਤੇ ਸਗਲੀ ਉਤਪਤਿ ॥
(ਸਤਿ ਤੋਂ ਉਪਜੀ ਸਾਰੀ ਉਤਪਤੀ ਸਤਿ ਹੈ)

6/23 ਸਰਬ ਭੂਤ ਆਪਿ ਵਰਤਾਰਾ । ਸਰਬ ਨੈਨ ਆਪਿ ਪੇਖਨਹਾਰਾ ॥
ਸਗਲ ਸਮਗ੍ਰੀ ਜਾ ਕਾ ਤਨਾ ॥ ਆਪਨ ਜਸੁ, ਆਪ ਹੀ ਸੁਨਾ ॥
ਸਭ ਕੈ ਮਧਿ ਅਲਿਪਤੋ ਰਹੈ ॥ ਜੋ ਕਿਛੁ ਕਹਣਾ ਸੁ ਆਪੇ ਕਹੈ ॥

1/21 ਜਬ ਧਾਰੀ ਆਪਨ ਸੁੰਨ ਸਮਾਧਿ ॥ ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥
(ਅਫੁਰ, ਨਿਰਗੁਣ ਅਵਸਥਾ ਵਿਚ)

ਸਲੋਕ 11 :—ਕਰਣ ਕਾਰਣ ਪ੍ਰਭੁ ਏਕੁ ਹੈ, ਦੂਸਰ ਨਾਹੀ ਕੋਇ,
ਨਾਨਕ, ਤਿਸੁ ਬਲਿਹਾਰਣੈ, ਜਲਿ ਥਲਿ ਮਹੀਅਲਿ ਸੋਇ ॥

ਕਹਿੰਦੇ ਹਨ ਕਿ ਸਾਗਰ ਦੇ ਕੰਢੇ ਇਕ ਵੱਡਾ ਮਜਮਾ ਸੀ ਕਿ ਸਮੁੰਦਰ ਦੀ ਥਾਹ ਕਿਵੇਂ ਲਈ ਜਾਵੇ । ਏਨੇ ਨੂੰ ਇਕ ਲੂਣ ਦੀ ਡਲੀ ਆ ਗਈ ਤੇ ਕਹਿਣ ਲਗੀ ਕਿ ਪ੍ਰੇਸ਼ਾਨ ਹੋਣ ਵਾਲੀ ਕੋਈ ਗਲ ਨਹੀਂ, ਉਹ ਝਟਪਟ ਸਾਗਰ ਵਿਚ ਜਾ ਕੇ ਉਸ ਦੀ ਗਹਿਰਾਈ ਦਾ ਪਤਾ ਕਰ ਆਉਂਦੀ ਹੈ । ਸੋ, ਉਸ ਨੇ ਪਾਣੀ ਵਿਚ ਛਾਲ ਮਾਰੀ, ਪ੍ਰੰਤੂ, ਮੁੜ ਨਾ ਪਰਤ ਸਕੀ । ਪਾਣੀ ਵਿਚ ਖੁਰ ਗਈ । ਇਸ ਹਕੀਕਤ ਨੂੰ 'ਵੀਚਾਰ ਮਾਲਾ ਪੋਥੀ' ਵਿਚ ਇਉਂ ਅੰਕਿਤ ਕੀਤਾ ਗਿਆ ਹੈ :—

ਚਲੀ ਪੁਤਰੀ ਲੂਣ ਕੀ, ਥਾਹ ਸਿੰਧ ਕੀ ਲੈਣ ।
ਨਾਥ ਆਪ ਆਪੇ ਭਈ, ਪਲਟ ਕਹੈ ਕੋ ਬੈਨ ।

ਇਕ ਘਟਨਾ ਇਸ ਲੇਖਕ ਨਾਲ ਵੀ ਘਟੀ :—

ਮੈਂ ਇਕ ਪਰਮਹੰਸ ਸੰਤ, ਸ੍ਰੀ ਦੌਲਤ ਦਾਸ ਜੀ ਕੋਲੋਂ ਵੇਦਾਂਤ ਪੜ੍ਹਿਆ । ਜਦ ਉਹ ਮੈਨੂੰ ਕਾਫ਼ੀ ਕੁਝ ਦਸ ਚੁਕੇ ਤੇ ਮੇਰੇ ਤੋਂ ਆਸ ਕੀਤੀ ਕਿ ਹੁਣ ਮੈਂ ਵੇਦਾਂਤੀ ਹੋ ਜਾਵਾਂ ਤੇ 'ਅਹੰ ਬ੍ਰਹਮ ਅਸਮੀ' ਦਾ ਜਾਪ ਕਰਾਂ, ਤਾਂ ਮੈਂ ਨਿਮ੍ਰਤਾ ਸਹਿਤ ਬੇਨਤੀ ਕੀਤੀ : 'ਮੈਂ ਆਪ ਜੀ ਦਾ ਰਿਣੀ ਹਾਂ, ਪਰ ਮੇਰਾ ਇਹ ਜਾਪ ਕਰਨ ਨੂੰ ਮਨ ਨਹੀਂ ਮੰਨਦਾ ।' ਜੋ ਰਸ, ਰਹੱਸ ਤੇ ਪ੍ਰੇਮ-ਉਡਾਰੀਆਂ ਭਗਤੀ ਭਾਵ ਵਿਚ ਹਨ, ਉਹ 'ਮੈਂ ਬ੍ਰਹਮ ਹਾਂ' ਦੇ ਰੁੱਖੇ ਜਾਪ ਵਿਚ ਨਹੀਂ । ਹੋਰ, ਜਦ ਮੈਂ ਬ੍ਰਹਮ ਨਾਲ ਇਕ-

ਸੁਰਤਾ ਵਾਲੀ ਅਵਸਥਾ ਵਿਚ ਨਹੀਂ, ਤਾਂ ਹਉਮੈ-ਉਪਜਾਊ-ਜਾਪ ਦੁਆਰਾ ਵਕਤੀ ਸਮਾਂ ਖਰਚ ਕਰਨ ਦਾ ਕੀ ਲਾਭ; ਅਤੇ ਜਦ ਮੈਂ ਹਉਮੈ ਦਾ ਅਭਾਵ ਕਰਕੇ ਉਸ ਪਰਮ ਸ਼ਕਤੀ ਵਿਚ ਆਪਾ ਹਲੂਲ ਕਰ ਦਿਆਂਗਾ, ਤਾਂ ਫਿਰ ਨਾ ਕੇਵਲ ਕਹਿਣ ਦੀ ਲੋੜ ਹੀ ਨਹੀਂ, ਲੂਣ ਦੀ ਡਲੀ ਵਾਂਗ, ਕਹਿ ਸਕਣਾ ਸੰਭਵ ਹੀ ਨਹੀਂ ਹੋਵੇਗਾ। ਗੁੰਗੇ ਦੇ ਗੁੜ ਖਾਣ ਵਾਂਗ ਇਹ ਅਨੰਦ ਮਾਣਿਆ ਜਾ ਸਕਦਾ ਹੈ, ਬਿਆਨਿਆ ਨਹੀਂ ਜਾ ਸਕਦਾ।

ਸੋ ਗੁਰਬਾਣੀ ਵਿਚ ਬਹੁਤ ਵੇਰ ਆਈਆਂ ਇਸ ਭਾਵ ਦੀਆਂ ਤੁਕਾਂ "ਬ੍ਰਹਮ ਮਹਿ ਜਨੁ, ਜਨ ਮਹਿ ਪਾਰ ਬ੍ਰਹਮ, ਏਕਹਿ ਆਪਿ ਨਹੀਂ ਕਛੁ ਭਰਮੁ ॥"

ਤਥਾ :- ਹਰਿ ਕਾ ਸੇਵਕ, ਹਰਿ ਹੀ ਜੇਹਾ ॥ ਭੇਦੁ ਨਾ ਜਾਣਹੁ, ਮਾਨਸ ਦੇਹਾ ॥

ਜਾਂ

'ਬ੍ਰਹਮ ਗਿਆਨੀ ਆਪਿ ਪਰਮੇਸੁਰ' ਤੋਂ ਭਾਵ ਇਹੀ ਹੈ ਕਿ ਬ੍ਰਹਮ ਗਿਆਨੀ ਜੋ ਭਗਤੀ ਭਾਵ ਦੁਆਰਾ ਸ਼ਾਂਤ ਤੇ ਅ-ਮਨ ਹੋ ਚੁੱਕਾ ਹੈ, ਉਹ ਜੋਤ ਕਰਕੇ ਨਿਰ-ਆਕਾਰ ਬ੍ਰਹਮ ਨਾਲ ਓਤ ਪੋਤ ਹੈ। ਜਦ ਦੇਹ-ਅਧਿਆਸ ਤੋਂ ਉਚੇਰੇ ਉਠ ਕੇ 'ਸਬਦ ਬੀਚਾਰਿ, ਭਏ ਨਿਰੰਕਾਰੀ ॥ (ਮ. 1/974) ਵਾਲੀ ਘਟਨਾ ਘਟੀ ਤਾਂ ਫਿਰ ਨਿਰੰਕਾਰ ਤੇ ਨਿਰੰਕਾਰੀ ਵਿਚ ਭੇਦ-ਭਾਵ ਤੇ ਅੰਤਰਾ ਕਾਹਦਾ ? ਅੰਤਰ ਤਾਂ ਦੇਹ-ਅਧਿਆਸ ਤੇ ਮੈਂ ਮੇਰੀ ਹੀ ਪੈਦਾ ਕਰਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਇਹ ਸ਼ਬਦ ਉਸ ਵਿਧੀ ਅਥਵਾ ਮਾਰਗ ਦੀ ਦਸ ਪਾਉਂਦਾ ਹੈ, ਜੋ ਮਨੁੱਖ ਨੂੰ ਨਿਰੰਕਾਰ ਨਾਲ ਅਭੇਦ ਕਰ ਕੇ, ਇਉਂ ਨਿਰੰਕਾਰ ਬਣਾ ਦਿੰਦਾ ਹੈ, ਜਿਵੇਂ ਟੋਭਿਆਂ ਤੇ ਨਦੀਆਂ ਨਾਲਿਆਂ ਦਾ ਪਾਣੀ ਸਾਗਰ ਦੇ ਪਾਣੀ ਨਾਲ ਮਿਲ ਕੇ ਅਭੇਦ ਤੇ ਇਕ-ਰੂਪ ਹੋ ਜਾਂਦਾ ਹੈ :—

'ਜੋ ਨਰੁ ਦੁਖ ਮੈਂ ਦੁਖੁ ਨਹੀਂ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀਂ ਜਾਕੈ, ਕੰਚਨ ਮਾਟੀ ਮਾਨੈ ॥1॥ ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ, ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ, ਨਾਹਿ ਮਾਨ ਅਪਮਾਨਾ ॥1॥
ਆਸਾ ਮਨਸਾ ਸਗਲ ਤਿਆਗੈ, ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ, ਤਿਹ ਘਟਿ ਬ੍ਰਹਮੁ ਨਿਵਾਸਾ ॥2॥
ਗੁਰ ਕਿਰਪਾ ਜਿਹ ਨਰ ਕਉ ਕੀਨੀ, ਤਿਹ ਇਹ ਜੁਗਤਿ ਪਛਾਨੀ ॥
ਨਾਨਕ, ਲੀਨ ਭਇਓ ਗੋਬਿੰਦ ਸਿਉ, ਜਿਉ ਪਾਨੀ ਸੰਗਿ ਪਾਨੀ ॥3॥ (ਸੋਰਠਿ)*

ਆਤਮਾ ਕਿਵੇਂ ਤਨ ਤੋਂ ਵੱਖ ਹੋ ਕੇ ਇਸ ਦੇ ਦੁੱਖ ਸੁੱਖ ਦਾ ਕੇਵਲ ਸਾਖੀ ਜਾਂ ਦ੍ਰਿਸ਼ਟਾ ਹੋ ਵਿਚਰਦਾ ਅਤੇ ਅਲੇਪ ਤੇ ਉਚੇਰਾ ਹੋ ਕੇ ਹਰ ਹਾਲਤ ਵਿਚ ਪਰਮਾਨੰਦ ਮਾਣਦਾ ਤੇ ਨਿਰੰਕਾਰੀ ਜਾ

*ਇਸ ਲੇਖ ਵਿਚ 'ਬ੍ਰਹਮ ਗਿਆਨੀ' ਦੇ ਸਰੂਪ, ਸਥਾਨ ਅਤੇ ਪ੍ਰਭੂ ਨਾਲ ਇਕ-ਮਿਕਤਾ ਆਦਿ ਬਾਰੇ ਕੀਤੀ ਇਹ ਅੰਸ਼-ਮਾਤਰ ਵਿਆਖਿਆ, ਇਸ ਪ੍ਰਸ਼ਨ ਦਾ ਵੀ ਉੱਤਰ ਹੈ ਕਿ ਭੱਟਾਂ ਦੇ ਕਥਨ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਵੇਂ ਸਤਿਜੁਗ ਨੂੰ ਮਾਣਿਆ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਕਿਵੇਂ 'ਪ੍ਰਤਖਿ ਹਰਿ' ਹਨ।

ਨਿਰੰਕਾਰ-ਸਰੂਪ ਬਣ ਬੈਠਦਾ ਹੈ, ਇਹ ਸਚਾਈ, ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ, ਬੇਅੰਤ ਸਿਦਕੀ ਸਿੱਖ ਸ਼ਹੀਦਾਂ, ਸੁਕਰਾਤ, ਮਨਸੂਰ ਤੇ ਸਰਮਦ ਆਦਿ ਦੀਆਂ, ਚਿੰਤੇ ਸ਼ਿਕਾਇਤ-ਰਹਿਤ ਤੇ ਅਡੋਲ ਸ਼ਹਾਦਤਾਂ ਤੋਂ ਸਿੱਧ ਹੋ ਜਾਂਦੀ ਹੈ। ਕਹਿੰਦੇ ਹਨ ਕਿ ਮਨਸੂਰ ਨੂੰ ਜਦ ਸੰਗਸਾਰ ਕਰਕੇ, ਹੱਥ ਪੈਰ ਕੱਟੇ ਜਾ ਰਹੇ ਸਨ ਤਾਂ ਉਹ ਹੱਸਦਾ ਸੀ। ਲੋਕਾਂ ਪੁੱਛਿਆ ਕਿ ਐਸੀ ਕਸ਼ਟ-ਭਰਪੂਰ ਹਾਲਤ ਵਿਚ ਉਹ ਹੱਸਦਾ ਕਿਉਂ ਹੈ, ਉਸ ਨੇ ਉੱਤਰ ਦਿਤਾ, "ਮੈਂ, ਮੈਨੂੰ ਤਸੀਹੇ ਦੇ ਕੇ ਮਾਰਨ ਵਾਲਿਆਂ ਦੀ ਮੂਰਖਤਾ ਉਤੇ ਹੱਸ ਰਿਹਾ ਹਾਂ। ਇਹ ਲੋਕ ਨਹੀਂ ਸਮਝਦੇ ਕਿ ਮੈਂ ਸਰੀਰ ਨਹੀਂ, ਆਤਮਾ ਹਾਂ, ਅਤੇ ਇਹ ਪ੍ਰਮਾਤਮਾ ਨਾਲ ਜੁੜੀ ਹੋਈ ਹੋਣ ਕਰ ਕੇ ਇਹਨਾਂ ਸਰੀਰਕ ਕਸ਼ਟਾਂ ਤੋਂ ਅਛੋਹ ਹੈ, ਨਿਰਲੇਪ ਹੈ, ਉਚੇਰੀ ਹੈ।"

ਇਹ ਹੈ ਸੰਖੇਪ ਜਿਹਾ ਨਮ੍ਰ ਬਿਆਨ, ਉਸ ਅਲੇਪ, ਅਮਰ ਅਤੇ ਪ੍ਰਮੇਸ਼ਰ ਤੇ ਨਿਰੰਕਾਰ ਸਰੂਪ ਬ੍ਰਹਮ ਗਿਆਨੀ ਦਾ, ਜਿਸ ਦਾ ਅਤਿ ਸੁੰਦਰ ਤੇ ਭਾਵ-ਪੂਰਤ ਉਲੇਖ, ਪੰਜਵੇਂ ਗੁਰੂ ਨਾਨਕ ਨਿਰੰਕਾਰੀ ਜੀ ਨੇ ਸ੍ਰੀ ਸੁਖਮਨੀ ਜੀ ਦੀ ਅੱਠਵੀਂ ਅਸ਼ਟਪਦੀ ਵਿਚ ਕੀਤਾ ਹੀ ਨਹੀਂ; ਸਗੋਂ, ਅਦੁੱਤੀ ਸ਼ਹਾਦਤ ਦੁਆਰਾ ਕਮਾਇਆ ਤੇ ਅਮਲਾਇਆ ਵੀ।

ਬ੍ਰਹਮ ਗਿਆਨੀ, ਸੂਫ਼ੀ ਸੰਤ—"ਸਾਈਂ ਸਰਮਦ ਜੀ" ਜਿਨ੍ਹਾਂ ਨੂੰ ਸ਼ਾਹ ਔਰੰਗਜ਼ੇਬ ਨੇ ਕਤਲ ਕਰ ਦਿੱਤਾ ਸੀ, ਆਪਣੇ ਸੰਸਾਰ ਵਿਚ ਆਉਣ, ਜਾਣ ਦੀ ਦੋ-ਹਰਫ਼ੀ ਗੱਲ ਇਉਂ ਸਮਝਾਉਂਦੇ ਹਨ:

"ਸ਼ੋਰੇ ਸ਼ੁਦੇ, ਅਜ਼ ਖ਼੍ਵਾਬਿ ਅਦਮ, ਚਸ਼ਮ ਕੁਸ਼ੂਦੇਮ,
ਦੀਦੇਮ ਕਿ ਬਾਕ਼ੀਸਤ ਸ਼ਬਿ ਫ਼ਿਤਨਾ, ਗ਼ਨੂਦੇਮ।"

(ਭਾਵ: ਸ੍ਰਿਸ਼ਟੀ ਦੇ ਜ਼ਹੂਰ ਦਾ ਇਕ ਰੌਲਾ ਪਿਆ ਅਤੇ ਅਸੀਂ ਸੁੰਨਤਾ ਦੀ ਨੀਂਦ ਤੋਂ ਜਾਗ ਪਏ। ਪਰ, ਏਥੇ ਆ ਕੇ ਵੇਖਿਆ ਕਿ ਰਾਤ (ਅਗਿਆਨਤਾ) ਦਾ ਅਨ੍ਹੇਰਾ ਅਜੇ ਬਾਕੀ ਹੈ, ਸੋ ਫੇਰ ਅੱਖ ਮੀਟ ਲੈਂਦੇ, ਆਪਣਾ ਪ੍ਰਭੂ ਵਿਚ ਲੀਨ ਹੋ ਜਾਂਦੇ ਹਾਂ।)

ਧਰਮ ਅਤੇ ਰਾਜਨੀਤੀ

ਅਜੋਕੀ ਦੁਨੀਆਂ ਵਿਚ ਆਮ ਕਰ ਕੇ, ਅਤੇ ਭਾਰਤ ਵਿਚ ਖਾਸ ਕਰ ਕੇ ਇਹ ਵਿਸ਼ਾ ਵੱਡੀ ਚਰਚਾ ਦਾ ਕਾਰਨ ਹੈ ਕਿ ਕੀ ਧਰਮ ਤੇ ਰਾਜਨੀਤੀ (ਪੀਰੀ ਤੇ ਮੀਰੀ) ਦਾ ਪਰਸਪਰ ਸੰਗਮ ਅਥਵਾ ਖੇਤਰ, ਅਟੁੱਟ ਹੈ ਜਾਂ ਟੁੱਟ; ਅਨਿਖੜਵਾਂ ਹੈ ਜਾਂ ਨਿਖੜਵਾਂ? ਕੀ ਸਫਲ ਅਤੇ ਸਰਬ-ਸੁਖਦਾਈ ਰਾਜ-ਨੀਤੀ ਅਥਵਾ ਰਾਜ-ਪ੍ਰਬੰਧ ਇਹਨਾਂ ਦੋਹਾਂ ਨੂੰ, ਘਿਉ ਖਿਚੜੀ ਸਮਾਨ ਇਕ ਜਾਨ ਕਰਕੇ ਚਲਾਇਆ ਜਾ ਸਕਦਾ ਹੈ, ਜਾਂ ਨੀਤੀ ਨੂੰ ਧਰਮ ਤੋਂ ਬੇ-ਨਿਆਜ ਕਰ ਕੇ? ਪ੍ਰੰਤੂ, ਸੱਚ ਇਹ ਹੈ ਕਿ ਦੋਵੇਂ ਵਿਪੱਖੀ ਧਿਰਾਂ, ਇਸ ਅਹਿਮ ਸਮੱਸਿਆ ਦੇ ਸਾਰੇ ਪੱਖਾਂ ਨੂੰ ਪੂਰੀ ਗੰਭੀਰਤਾ ਨਾਲ ਘੋਖਣ ਅਤੇ ਇਸ ਦੀ ਸੰਭਵਤਾ ਤੇ ਵਾਸਤਵਿਕਤਾ ਨੂੰ ਅਮਲੀ ਪੱਖੋਂ ਹਾੜਨ ਤੇ ਤੋਲਣ ਦੀ ਥਾਂ, ਕਲਪਨਾਵਾਂ ਦਾ ਪਾਣੀ ਰਿੜਕਣ ਦੀ ਭੁੱਲ ਕਰ ਰਹੇ ਹਨ। ਇਹ ਦੋਵੇਂ ਕਿਵੇਂ ਇਕੱਠੇ, ਇਕ ਜਾਨ ਹਨ ਅਤੇ ਕਿਵੇਂ ਵੱਖ ਵੱਖ, ਇਸ ਸੰਬੰਧੀ ਹਕੀਕੀ ਨੁਕਤਾ ਜਾਂ ਅੰਤਿਮ ਸੱਚ ਜਾਨਣ ਲਈ ਸਾਨੂੰ, ਧਰਮ ਅਤੇ ਮੱਤ, ਮਜਹਬ, ਫਿਰਕੇ ਤੇ ਸੰਪ੍ਰਦਾਇ ਦੇ ਬੁਨਿਆਦੀ ਫਰਕ ਨੂੰ ਸਮਝਣਾ ਪਏਗਾ।

ਆਸਤਕ ਜਗਤ ਵਿਚ, ਮਨੁੱਖ ਨੂੰ ਜਿਸ ਧਰਮ ਦੇ ਧਾਰਨੀ ਹੋਣ ਉੱਤੇ, ਸਤਿਗੁਰੂਆਂ ਅਤੇ ਹੋਰ ਸਤਿ ਪੁਰਖਾਂ ਨੇ ਇਤਨਾ ਬਲ ਦਿਤਾ ਹੈ, ਉਸ ਦਾ ਵਿਆਪਕ ਘੇਰਾ, ਮੱਤ ਮਤਾਂਤ੍ਰਾਂ, ਤੇ ਸੰਪ੍ਰਦਾਵਾਂ ਨਾਲੋਂ ਕਿਤੇ ਵਿਸ਼ਾਲ ਹੈ, ਅਸੀਮ ਹੈ। ਧਰਮ, ਸੱਚ, ਨਾਮੁ, ਸ਼ਬਦ ਤੇ ਪਿਆਰ ਤਾਂ ਪ੍ਰਭੂ-ਗੁਣ ਹਨ, ਜਦ ਕਿ ਮੱਤ ਅਤੇ ਸੰਪ੍ਰਦਾਵਾਂ ਮਨੁੱਖੀ ਸੰਕਲਪ ਹੋਣ ਕਰਕੇ ਜੁਜ, ਆਰਜੀ ਤੇ ਵਕਤੀ ਹਨ। ਇਉਂ ਸਮਝੋ ਕਿ ਧਰਮ ਇਕ ਸਾਗਰ ਹੈ, ਜਦ ਕਿ ਸੰਸਾਰ ਦੇ Religion ਮੱਤ, ਮਜਹਬ ਤੇ ਸੰਪ੍ਰਦਾਵਾਂ, ਸਾਗਰ ਤੋਂ ਉਪਜੀਆਂ ਲਹਿਰਾਂ ਸਮਾਨ ਹਨ। ਇਹ ਸਾਗਰ ਤੋਂ ਉਪਜਦੀਆਂ, ਅਤੇ ਅਗਲੇ ਛਿਨ ਸਾਗਰ ਵਿਚ ਸਮਾ ਜਾਂਦੀਆਂ ਹਨ। ਧਰਮ-ਰੂਪੀ ਸਾਗਰ ਇਹਨਾਂ ਮੱਤਾਂ ਤੇ ਸੰਪ੍ਰਦਾਵਾਂ-ਰੂਪੀ ਲਹਿਰਾਂ ਦੇ ਸਮੁਦਾਇ ਨਾਲੋਂ ਵੀ ਕਿਤੇ ਅਸੀਮ ਹੈ, ਅਥਾਹ ਹੈ, ਗਹਿਰ ਗੰਭੀਰ ਹੈ। ਇਹਨਾਂ ਸਭਨਾਂ ਨਾਵਾਂ ਦੀ ਵਰਤੋਂ ਧਰਮ ਸ਼ਬਦ ਨਾਲ ਖਲਤ ਮਲਤ ਕਰਨੀ ਅਯੋਗ, ਅਨੁਚਿਤ ਤੇ ਭਿਆਨਕ ਭੁੱਲ ਹੈ। ਕੁਲ, ਹਮੇਸ਼ਾਂ ਜੁਜ ਤੋਂ ਵੱਡਾ ਹੁੰਦਾ ਹੈ।

ਧਰਮ ਸ਼ਬਦ ਦੀ ਉਤਪਤੀ ਸੰਸਕ੍ਰਿਤ ਦੇ 'ਧ੍ਰਿ' ਧਾਤੂ ਤੋਂ ਹੁੰਦੀ ਹੈ, ਅਤੇ ਅਰਥ ਹਨ। ਜੋ ਸੰਸਾਰ ਨੂੰ ਧਾਰਨ ਕਰਦਾ ਹੈ, ਸ਼ੁਭ ਕਰਮ, ਪ੍ਰਕਿਰਤੀ ਸੁਭਾਵ, ਅਤੇ ਤੱਤਾਂ ਦੇ ਸ਼ਬਦ ਸਪਰਸ਼, ਗੰਧ ਆਦਿ ਗੁਣ; ਆਦਿਕ। ਧਰਮ ਉਹ ਪ੍ਰਭੂ-ਸੱਤਾ ਨੇਮ ਜਾਂ ਜਬਤ (Cosmic Law) ਹੈ ਜੋ ਕੁਲ, ਦਿਸਦੀ ਤੇ ਅਣਦਿਸਦੀ ਕਾਇਨਾਤ ਨੂੰ ਧਾਰ ਅਤੇ ਸੂਤ ਵਿਚ ਰੱਖ ਕੇ ਚਲਾ ਰਿਹਾ ਹੈ। ਹਰ ਮੁਕਾਮ ਉੱਤੇ, ਹਰ ਪੱਖੋਂ ਸਗਲ ਸਮੱਗਰੀ ਦਾ ਸੂਤਰਧਾਰੀ ਹੈ। ਸ੍ਰੀ ਗੁਰੂ ਅਰਜੁਨ ਦੇਵ ਜੀ ਦਾ ਅਨਮੋਲ ਫੁਰਮਾਨ ਹੈ :

ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥

ਤੁਮ ਤੇ ਹੋਇ ਸੋ ਆਗਿਆ ਕਾਰੀ ॥ (ਸੁਖਮਨੀ)

ਜਿਵੇਂ; ਗੁਰਬਾਣੀ ਵਿਚ 'ਨਾਮ' ਅਤੇ 'ਨਾਮੀ' (ਪ੍ਰਭੂ) : ਗੁਣ, ਕਰਮ ਕਰਕੇ ਸਮ-ਅਰਥਕ, ਅਭੇਦ ਅਥਵਾ ਪ੍ਰਯਾਇਵਾਚੀ ਹਨ; ਤਿਵੇਂ, ਧਰਮ ਅਤੇ ਧਰਮੀ (ਅਕਾਲ ਪੁਰਖ) ਵੀ, ਪ੍ਰਯਾਇ-ਵਾਚੀ ਹਨ ।

ਵੱਖ ਵੱਖ ਮਹਾਂਪੁਰਸ਼ਾਂ ਨੇ, ਧਰਮ ਦੇ, ਇਉਂ ਵੀ ਅਰਥ ਕੀਤੇ ਹਨ :

ੳ) ਜੈਮਨੀ ਰਿਸ਼ੀ ਦਾ ਵੀਚਾਰ ਹੈ ਕਿ ਵੇਦ ਦਾ ਹੁਕਮ ਹੀ ਧਰਮ ਹੈ :
"ਨੋਦਨਾ ਲਕਸ਼ਣੋ ਅਰਥੋ ਧਰਮ:" । (ਪੂਰਵ ਮੀਮਾਂਸਾ, ਸੂਤ੍ਰ 1)

ਅ) ਜੈਨੀਆਂ ਦਾ ਵਿਸ਼ਵਾਸ ਹੈ : 'ਅਹਿੰਸਾ ਪਰਮੋ ਧਰਮ: ।'

ੲ) ਮਹਾਤਮਾ ਬੁੱਧ ਅਨੁਸਾਰ ਧਰਮ ਦੇ ਅਸ਼ਟ ਅੰਗ ਹਨ :
ਸਦ ਵਿਸ਼ਵਾਸ, ਸਦ ਵੀਚਾਰ, ਸਦ ਵਾਕ, ਸਦ ਕਰਮ, ਸਦ ਜੀਵਨ, ਸਦ ਪ੍ਰਯਤਨ, ਸਦ ਚਿੰਤਨ ਅਤੇ ਸਦ ਧਿਆਨ ॥

ਸ) ਸਾਰੁਕਤਾਵਲੀ ਵਿਚ ਧਰਮ ਦੇ ਲੱਛਣ ਇਉਂ ਅੰਕਿਤ ਹੋਏ ਮਿਲਦੇ ਹਨ :
ਖਿਮਾ, ਅਹਿੰਸਾ, ਦਯਾ, ਮ੍ਰਿਦੁ (ਕੋਮਲਤਾ), ਸਤਬਚਨ, ਤਪ, ਦਾਨ ।
ਸੀਲ, ਸੰਤੋਖ, ਤ੍ਰਿਸ਼ਨਾ ਬਿਨਾ, ਧਰਮ ਲਿੰਗ ਦਸ ਜਾਣ ।

ਹ) ਸਤਿ ਪੁਰਖਾਂ ਦਾ ਮਾਰਗ ਵੀ, ਧਰਮ ਦਾ ਮਾਰਗ ਮੰਨਿਆ ਗਿਆ ਹੈ :
'ਮਹਾ ਜਨੋ ਯੇਨ ਗਤਾ : ਸਾ ਪੰਥ:'

ਉਪਨਿਸ਼ਦ ਅਨੁਸਾਰ : ਮਨ, ਬਚਨ, ਕਰਮ ਕਰਕੇ ਸਭ ਦਾ ਭਲਾ ਲੋਚਣਾ ਹੀ 'ਧਰਮ' ਹੈ, ਕੇਵਲ ਆਚਾਰ (ਸੱਚ-ਆਚਾਰ) ਨੂੰ ਵੀ ਪਰਮ ਧਰਮ ਮੰਨਿਆ ਗਿਆ ਹੈ ।

ਗੁਰਮਤ ਦਾ ਦ੍ਰਿਸ਼ਟੀਕੋਣ ਧਰਮ ਦੀ ਪਰਿਭਾਸ਼ਾ ਸੰਬੰਧੀ ਬੜਾ ਸੰਖੇਪ, ਸਪਸ਼ਟ ਤੇ ਸਾਰਥਕ ਹੈ । ਸ੍ਰੀ ਗੁਰੂ ਅਰਜੁਨ ਦੇਵ ਜੀ ਦਾ ਫੁਰਮਾਨ ਹੈ :

ੳ) ਸਰਬ ਮਤਾਂਤ ? ਕੇਵਲ ਹਰਿਨਾਮੁ । (ਸੁਖਮਨੀ)

ਅ) ਸਰਬ ਧਰਮ ਮਹਿ ਸ੍ਰੇਸ਼ਟ ਧਰਮ ?
ਹਰਿ ਕੋ ਨਾਮੁ ਜਪਿ, ਨਿਰਮਲ ਕਰਮ ॥ (ਸੁਖਮਨੀ)

ੲ) ਬਲਿਓ ਚਰਾਗੁ ਅੰਧ੍ਯਾਰ ਮਹਿ,
ਸਭ ਕਲਿ ਉਧਰੀ, ਇਕ ਨਾਮ ਧਰਮ ॥ (ਪੰ. 1387)

ਧੁਰ ਸਿਰ ਪਹਿਲਾਂ, ਆਦਿ ਗੁਰੂ ਨਾਨਕ ਦੇਵ ਜੀ ਨੇ, ਭੁੱਲੀ ਭਟਕੀ ਮਖਲੂਕ ਨੂੰ ਇਹੀ ਨੁਕਤਾ ਇਉਂ ਜ਼ਿਹਨ ਨਸ਼ੀਨ ਕਰਾਉਣ ਦਾ ਉਪਕਾਰ ਕੀਤਾ ਸੀ :

"ਏਕੋ ਧਰਮੁ, ਦ੍ਰਿੜੈ ਸਚੁ ਕੋਈ ॥
ਗੁਰਮਤਿ ਪੂਰਾ, ਜੁਗਿ ਜੁਗਿ ਹੋਈ ॥" (ਪੰ. 1188)

ਭਾਵਾਰਥ :—ਜੇ ਕੋਈ ਪੂਰਨ ਤੌਰ ਉੱਤੇ ਸਚਾਈ ਨੂੰ ਹਿਰਦੇ ਵਿਚ ਵਸਾਵੇ, ਤਾਂ ਉਹ ਜਾਣੇਗਾ, ਕਿ ਧਰਮ ਅਸਲ ਵਿਚ ਇਕੋ ਹੀ ਹੈ । ਗੁਰਮਤਿ ਦੁਆਰਾ ਇਹ ਸੂਝ ਉਪਜਦੀ ਹੈ ਕਿ

ਪੂਰਾ ਪ੍ਰਭੂ ਹਰੇਕ ਜੁਗ ਵਿਚ ਇਕੋ ਜਿਹਾ ਵਰਤਦਾ ਹੈ, (ਅਤੇ ਇਸ ਨਾਤੇ ਉਸ ਦਾ ਇੱਕੋ ਇੱਕ ਸੱਚ ਅਥਵਾ ਨਾਮ ਧਰਮ ਵੀ।)

ਉਪ੍ਰੋਕਤ ਸੰਖਿਪਤ ਵਿਚਾਰ ਤੋਂ ਇਹ ਨੁਕਤਾ ਸੂਰਜ-ਵਤ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬਾਨ ਦੀ ਦ੍ਰਿਸ਼ਟੀ ਅਥਵਾ ਮਨੌਤ ਅਨੁਸਾਰ ਜਿਵੇਂ ਅਕਾਲ ਪੁਰਖ ਵਾਹਿਗੁਰੂ ਇਕ ਤੇ ਕੇਵਲ ਇਕ ਹੈ, ੴ ਹੈ, ਤਿਵੇਂ ਉਸ ਦਾ ਸੱਚ ਧਰਮ ਵੀ ਇਕ ਹੈ। ਹਰੀ, ਹਰੀ ਨਾਮੁ ਅਤੇ ਸਚੁ ਤਿੰਨੇ ਓਤਪੋਤ ਹਨ। ਸੋ, ਸੱਚ, ਧਰਮ ਨੂੰ ਮੱਤ ਮਤਾਂਤ੍ਰਾਂ, ਮਜ਼ਹਬਾਂ ਅਥਵਾ ਸੰਪ੍ਰਦਾਵਾਂ ਦੇ ਸੋੜੇ ਤੇ ਸੰਕੀਰਣ ਦਾਇਰੇ ਅੰਦਰ, ਕੈਦ ਕਰਨ ਦੀ ਗੱਲ ਕਰਨਾ ਬੇਸੁਧ ਹੈ, ਝੂਠ ਹੈ, ਹਾਸੋ-ਹੀਣਾ ਹੈ। ਜਿਵੇਂ ਸੱਚ ਅਥਵਾ ਨਾਮ ਪੁਰਾਣਾ ਤੇ ਮੈਲਾ, ਨਹੀਂ ਹੁੰਦਾ, ਤਿਵੇਂ 'ਧਰਮ' ਵੀ ਸਦਾ ਅ-ਬਦਲ ਇਕ-ਰੰਗ ਤੇ ਇਕ ਵੇਸ ਹੋ ਵਰਤਦਾ ਹੈ। ਇਸ ਦੀ ਸਦ-ਨਵੀਨਤਾ ਬਾਰੇ, ਗੁਰਦੇਵ ਇਉਂ ਸਾਖੀ ਭਰਦੇ ਹਨ :

"ਸਚੁ ਪੁਰਾਣਾ ਹੋਵੈ ਨਾਹੀ, ਸੀਤਾ ਕਦੇ ਨ ਪਾਟੈ ॥
ਨਾਨਕ, ਸਾਹਿਬੁ ਸਚੋ ਸਚਾ, ਤਿਚਰੁ ਜਾਪੀ ਜਾਪੈ ॥ (ਮ. ਪਹਿਲਾ—ਪੰ. 955)

ਤਥਾ :— ਸਚੁ ਪੁਰਾਣਾ ਨ ਥੀਐ, ਨਾਮੁ ਨ ਮੈਲਾ ਹੋਇ ॥ (ਮ. 3, ਪੰ. 924)

(ਨੋਟ:—ਜਿਵੇਂ ਸਚੁ ਅਤੇ ਨਾਮੁ, ਪੁਰਾਣੇ ਤੇ ਮੈਲੇ ਨਹੀਂ ਥੀਂਦੇ, ਤਿਵੇਂ ਸੱਚ ਅਥਵਾ ਨਾਮ-ਧਰਮ ਵੀ ਸਦਾ ਸੁਹੇਨਾ, ਅ-ਬਦਲ ਤੇ ਉਜਲਾ ਹੋ ਵਰਤਦਾ ਹੈ।)

ਇਸ ਸਚਾਈ ਨੂੰ ਕੁਝ ਇਕ ਹੋਰ ਵਿਦਵਾਨਾਂ ਨੇ ਵੀ, ਇਉਂ ਹੀ ਪ੍ਰਤੀਤਿਆ ਤੇ ਪ੍ਰਗਟਾਇਆ ਹੈ :—

1) Truth is truth to the end of reckoning. (Shakspeare)
(ਭਾਵ — ਸੱਚ, ਪਰਲੋ ਤਕ, ਸੱਚ ਹੀ ਰਹਿੰਦਾ ਹੈ। (ਸ਼ੇਕਸਪੀਅਰ)

੨) Truth is as impossible to be soiled by an outward touch, as the sun-beam. (Milton)

(ਭਾਵ :—ਸੱਚ ਨੂੰ, ਕਿਸੇ ਵੀ ਬਾਹਰੀ ਛੁਹ ਨਾਲ ਮੈਲਾ ਨਹੀਂ ਕੀਤਾ ਜਾ ਸਕਦਾ, ਜਿਵੇਂ ਕਿ ਸੂਰਜ ਦੀ ਕਿਰਨ ਨੂੰ। (ਮਿਲਟਨ)

ਅਕਾਲ ਪੁਰਖ ਵਾਹਿਗੁਰੂ ਨੂੰ ਵੀ ਪ੍ਰਭੂ-ਲੋਕਾਂ ਨੇ ਸਤਿਅਮ, ਸ਼ਿਵਮ ਤੇ ਸੁੰਦਰਮ ਕਰਕੇ ਮੰਨਿਆ ਹੈ।

ਇਸ ਸੰਬੰਧ ਵਿਚ ਨੋਟ ਕਰਨ ਵਾਲਾ ਨੁਕਤਾ ਇਹ ਹੈ ਕਿ ਜਿਵੇਂ ਪਿਆਰ, ਹਵਾ, ਪਾਣੀ ਤੇ ਅਗਨੀ ਨੂੰ ਹਿੰਦੂ, ਮੁਸਲਿਮ, ਈਸਾਈ ਆਦਿ ਮੱਤਾਂ ਨਾਲ ਜੋੜਿਆ ਤੇ ਮਖ਼ਸੂਸ ਨਹੀਂ ਕੀਤਾ ਜਾ ਸਕਦਾ, ਏਸੇ ਤਰ੍ਹਾਂ 'ਧਰਮ' ਦੀਆਂ ਵੰਡੀਆਂ ਪਾਉਣ ਬਾਰੇ ਸੋਚਣਾ ਹੀ ਮਹਾਂ-ਮੂਰਖਾਂ ਦੀ ਦੁਨੀਆਂ ਵਿਚ ਰਹਿਣਾ ਹੈ। ਮਜ਼ਹਬੀ ਸੰਪ੍ਰਦਾਵਾਂ, ਸਮੇਂ ਦੇ ਗੇੜ ਅਧੀਨ ਬਣਦੀਆਂ ਤੇ ਬਿਣਸਦੀਆਂ ਰਹਿੰਦੀਆਂ ਹਨ; ਪ੍ਰੰਤੂ, 'ਸੱਚ ਅਥਵਾ ਨਾਮ-ਧਰਮ' ਰੱਬ ਸਮਾਨ "ਆਦਿ ਸਚੁ, ਜੁਗਾਦਿ ਸਚੁ ॥

ੳ) ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ॥ (ਗੁਰੂ ਨਾਨਕ, 350)
ਅ) ਏਕੰਕਾਰੁ ਅਵਰੁ ਨਹੀਂ ਦੂਜਾ, ਨਾਨਕ, ਏਕੁ ਸਮਾਈ ॥ (ਉਹੀ, ਪੰ. 930)

ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ ॥' ਹੈ। ਇਹ ਮਜ਼ਹਬਾਂ ਤੇ ਮਿੱਲਤਾਂ ਦੀ ਸੰਕੀਰਣਤਾ ਤੋਂ ਸੁਤੰਤਰ ਅਤੇ ਆਕਾਸ਼ ਸਮਾਨ ਵਿਸ਼ਾਲ, ਵੈਰਾਟ ਤੇ ਵਿਆਪਕ ਹੈ।

ਹਾਂ, ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਮ ਕਰਕੇ, ਹਰੇਕ ਮਜ਼ਹਬ ਮੱਤ ਜਾਂ ਸੰਪ੍ਰਦਾਇ ਵਿਚ, 'ਧਰਮ' ਦੇ, ਵੱਧ ਜਾਂ ਘੱਟ ਮਾਤ੍ਰਾ ਵਿਚ ਸਾਂਝੇ ਅੰਸ਼ ਅਥਵਾ ਗੁਣ ਹੋ ਸਕਦੇ ਹਨ; ਪ੍ਰੰਤੂ, ਸਾਰਿਆਂ ਮੱਤਾਂ ਦੀ ਆਸ਼ਾ, ਇਸ਼ਟ, ਉਪਾਸਨਾ, ਰਹੁ ਰੀਤ ਤੇ ਸ਼ਰ੍ਹਾ ਸ਼ਰੀਅਤ ਆਪਸ ਵਿਚ ਦੀ ਮੇਲ ਖਾਂਦੀ ਹੈ, ਇਹ ਨਾ ਹੀ ਸੰਭਵ ਹੈ, ਨਾ ਹੀ ਸੱਚ।। ਦੇਸ਼ ਤੇ ਕਾਲ-ਵੱਸ, ਇਹਨਾਂ ਦੀਆਂ ਜ਼ਾਹਰਦਾਰੀ ਮਨੌਤਾਂ ਵਿਚ ਆਵੱਸ਼ ਅੰਤਰ ਹੋਵੇਗਾ। ਇਹ ਠੀਕ ਹੈ ਕਿ ਹਰੇਕ ਸਤਿਕਾਰਤ ਮਜ਼ਹਬੀ ਆਗੂ, ਪੈਗ਼ੰਬਰ ਅਤੇ ਗੁਰੂ ਪੀਰ ਨੇ ਸਮੇਂ ਸਮੇਂ, ਆਪਣੀ ਆਪਣੀ ਰੂਹਾਨੀ ਪਹੁੰਚ ਤੇ ਪਰਵਾਜ਼ ਅਨੁਸਾਰ, ਦੇਸ਼ ਤੇ ਕਾਲ-ਵੱਸ ਲੋਕਾਈ ਨੂੰ ਉੱਚਾ ਉਠਾਉਣ ਦਾ ਸ਼ਲਾਘਾਯੋਗ ਯਤਨ ਕੀਤਾ ਹੈ; ਪ੍ਰੰਤੂ ਹਰੇਕ ਦੀ ਦੂਰ-ਦ੍ਰਿਸ਼ਟਤਾ ਅਥਵਾ ਅਨੁਭਵਤਾ, ਇਕ ਸਮਾਨ, ਉਚੇਰੀ ਤੇ ਮਾਨਵੀ ਸੀ, ਇਹ ਸੱਚ ਨਹੀਂ। ਇਸ ਨੁਕਤੇ ਨੂੰ ਲੇਖਕ ਨੇ ਨਿਮਨ ਲਿਖਤ ਗ਼ਜ਼ਲ ਵਿਚ ਇਉਂ ਬਿਆਨਣ ਦਾ ਨਿਮਰ ਯਤਨ ਕੀਤਾ ਹੈ :–

1) ਯੂੰ ਤੋ ਔਰ ਭੀ ਹੋ ਗੁਜ਼ਰੇ ਹੈਂ ਦੁਨੀਆਂ ਮੇਂ ਵਲੀ ਅੱਲਾ ਬਹੁਤ ਅੱਛੇ,
ਹੈ ਮਗਰ ਨਾਨਕ ਕੀ ਪਰਵਾਜ਼ਿ ਅਲਾਹੀ ਕਾ ਮਜ਼ਾ, ਕੁੱਛ ਔਰ।
2) ਤੂਰ[1] ਪਰ ਕੋਈ, ਕੋਈ ਅਰਸ਼ਿ ਬਰੀਂ[2] ਪਰ ਪਹੁੰਚਾ,
ਹੈ ਮਗਰ 'ਬਾਬੇ' ਕੀ ਬੁਲੰਦੀ ਕਾ ਨਿਸ਼ਾਂ, ਕੁੱਛ ਔਰ।
3) ਪੂਰਬ ਮੇਂ ਕਿਸੀ, ਕਿਸੀ ਪੱਛਮ ਮੇਂ ਖ਼ੁਦਾ ਕੋ ਮਾਨਾ,
ਹੈ ਮਗਰ ਨਾਨਕ ਕਾ ਹਰ ਜਾ ਮੌਜੂਦ ਖ਼ੁਦਾ, ਕੁੱਛ ਔਰ।
4) ਦੇਤੇ ਹੈਂ ਵੁਹ ਸਾਥੇ, ਰੂਹੋਂ ਕੋ ਬਨੀ[3] ਆਦਮ ਕੋ,
ਹੈ ਮਗਰ ਨਾਨਕ ਕੀ ਪੁਰ ਅਮਲ ਦੁਆ, ਕੁੱਛ ਔਰ।
5) ਕੈਦੋ ਪਾਬੰਦ ਨਹੀਂ ਜੋ ਕਾਬਾ ਓ ਬੁਤਖ਼ਾਨਾ ਮੇਂ,
ਹੈ ਵਹੀ ਨਾਨਕ ਕਾ ਜ਼ਾਹਰੋ[4] ਬਾਤਨ ਖ਼ੁਦਾ, ਕੁੱਛ ਔਰ।
6) ਕਰਤੇ ਹੈਂ ਵੁਹ ਕੁਫ਼ਰੋ ਦੀਂ ਕੇ ਤਕਾਜ਼ੋਂ ਸੇ ਜਹਾਂ ਤਾਰੀਕ,
ਹੈ ਮਗਰ ਨਾਨਕ ਕਾ ਪੁਰ ਨੂਰ ਜਹਾਂ, ਕੁੱਛ ਔਰ।
7) ਯੂੰ ਤੋ ਸਭੀ ਦੇਤੇ ਹੈਂ, ਇਬਾਦਤ ਕੋ ਰੁਤਬਾ ਆਲਾ,
ਹੈ ਮਗਰ ਨਾਨਕ ਕੀ ਤੌਹੀਦ ਪ੍ਰਸਤੀ ਕਾ ਬਿਆਂ, ਕੁੱਛ ਔਰ।

---

1. ਫ਼ਲਸਤੀਨ ਵਿਚ ਇਕ ਪਰਬਤ (ਤੂਰਸੀਨ), ਜਿਸ ਉੱਪਰ ਹਜ਼ਰਤ ਮੂਸਾਂ ਨੂੰ ਪ੍ਰਕਾਸ਼ ਹੋਇਆ ਸੀ।
2. ਸਭ ਤੋਂ ਉੱਚਾ (ਸਤਵਾਂ) ਅਰਸ਼ (ਤਖ਼ਤ) ਜਿਥੇ, ਇਸਲਾਮਕ ਅਕੀਦੇ ਅਨੁਸਾਰ ਖ਼ੁਦਾ ਦਾ ਤਖ਼ਤ ਹੈ, ਜਿਸ ਦੇ ਗਿਰਦ ਕਰੂਬੀਆਂ ਫ਼ਰਿਸ਼ਤੇ ਘੁੰਮ ਅਤੇ ਉਸ ਦੀ ਸਿਫ਼ਤ ਸਾਲਾਹ ਕਰ ਰਹੇ ਹਨ।
3. ਆਦਮ ਦੇ ਬੰਦੇ ਨੂੰ। 4. ਛੁਪਿਆ ਹੋਇਆ।

੪) ਖੋ ਜਾਤਾ ਹੂੰ ਜਬ ਕਭੀ ਮੈਂ ਆਲਮਿ ਨਾਨਕ ਮੇਂ,
ਤੋ ਹੋਤਾ ਹੈ ਮੁਝੇ 'ਬਾਬੇ' ਕੀ ਬਡਾਈ ਕਾ ਗੁਮਾਂ, ਕੁੱਛ ਔਰ ।

ਧਰਮ ਤੇ ਰਾਜਨੀਤੀ ਨੂੰ ਨਿਖੇੜਨ ਦੀ ਗੱਲ :– ਜੋ ਲੋਕ 'ਧਰਮ' ਨੂੰ, ਰਾਜਨੀਤੀ ਨਾਲੋਂ, ਵੱਖ ਕਰਨ ਦੀ ਗੱਲ ਕਰਦੇ ਹਨ, ਉਹ ਗੁਰਮੱਤ ਅਤੇ ਪ੍ਰਮਾਣੀਕ ਗ੍ਰੰਥਾਂ ਵਿਚ ਦਰਸਾਏ ਸੱਚ ਧਰਮ, ਨਾਮ ਧਰਮ, ਅਤੇ ਮਜ਼ਹਬ, ਮੱਤ ਜਾਂ ਸੰਪ੍ਰਦਾਇ ਦੇ ਬੁਨਿਆਦੀ ਫ਼ਰਕ ਨੂੰ ਨਹੀਂ ਸਮਝਦੇ ਅਥਵਾ ਨਹੀਂ ਸਮਝਣਾ ਚਾਹੁੰਦੇ । ਉਹ 'ਧਰਮ' ਦੇ ਸਹੀ ਅਰਥ : ਸਭ ਨੂੰ ਧਾਰਨ ਵਾਲਾ ਸਰਬ ਵਿਆਪੀ, ਸ਼ਾਸ਼ਵਤ ਨੇਮ ਤੇ ਜ਼ਬਤ (Cosmic Law) ਕਰਨ ਦੀ ਥਾਂ, ਮਜ਼ਹਬ, ਲਾਤੀਨੀ ਮੂਲ ਦੇ ਸ਼ਬਦ Religio ਤੋਂ ਬਣਿਆ ਪਦ Religion, ਮੱਤ ਜਾਂ ਸੰਪ੍ਰਦਾਇ ਕਰਨ ਦੀ ਭੁਲ ਕਰਦੇ ਹਨ । ਧਰਮ ਰਾਜਨੀਤੀ ਤੋਂ ਤਾਂ ਕੀ, ਜੀਵਨ ਦੇ ਕਿਸੇ ਖੇਤ੍ਰ, ਕਿਸੇ ਪੱਖ ਜਾਂ ਹਰਕਤ ਨਾਲੋਂ, ਕਿਸੇ ਸਮੇਂ ਵੀ, ਵੱਖ ਨਹੀਂ ਕੀਤਾ ਜਾ ਸਕਦਾ । ਜਿਵੇਂ 'ਸਤਿਨਾਮ' ਤੋਂ ਬਿਨਾਂ ਜੀਵਨ ਥੋਥਾ, ਬੇਕਾਰ ਤੇ ਮ੍ਰਿਤਕ ਤੁੱਲ ਸਮਾਨ ਹੈ; ਤਿਵੇਂ ਨਾਮ-ਧਰਮ, ਸੱਚ-ਧਰਮ ਜੋ ਆਪਣੇ ਨਾਮੀ ਵਾਹਿਗੁਰੂ ਨਾਲ ਅਭੇਦ ਹੈ, ਸਮ-ਅਰਥਕ (Synonymeus) ਹੈ, ਤੋਂ ਬਿਨਾਂ ਜੀਵਨ, ਆਤਮਕ ਮੌਤ ਹੈ, ਦਰਿੰਦਿਆਂ ਵਾਲੀ ਜ਼ਿੰਦਗੀ ਤੇ ਬਰਬਰੀਅਤ ਹੈ ।

ਜੇ ਧਰਮ ਦੇ ਸਹੀ, ਵਿਸ਼ਾਲ ਤੇ ਸਰਬ-ਵਿਆਪੀ ਅਰਥਾਂ ਤੇ ਅਨੁਭਵ, ਅਤੇ ਮੱਤ ਮਤਾਂਤ੍ਰਾਂ ਦੀ ਹਾਨੀਕਾਰਕ ਸੰਕੀਰਣਤਾ, ਸਵਾਰਥ ਅਤੇ ਹਉਮੈਂ ਭਾਵ ਦੇ ਵਖਰੇਵਿਆਂ ਦੇ ਫ਼ਰਕ ਨੂੰ ਸਮਝਿਆ ਜਾਵੇ ਤਾਂ ਸ਼ਿਕਾਇਤ ਤਾਂ ਇਹ ਹੋਣੀ ਚਾਹੀਦੀ ਹੈ ਕਿ ਸਾਡੀ ਰਾਜਨੀਤੀ ਅਥਵਾ **ਜੀਵਨ ਦੇ ਸਮਾਜਕ ਤੇ ਆਰਥਕ ਆਦਿ-ਪੱਖ**, ਧਰਮ ਦੇ ਕੁੰਡੇ ਹੇਠ ਕਿਉਂ ਨਹੀਂ । ਇਹਨਾਂ ਸਭਨਾਂ ਵਿਚ ਧਰਮ ਦਾ ਦਖਲ ਤੇ ਸ਼ਮੂਲੀਅਤ ਕਿਉਂ ? ਪਰ, ਜਾਣੇ ਅਣਜਾਣੇ, **ਵਾਵੇਲਾ ਇਹ** ਹੋ ਰਿਹਾ **ਹੈ ਕਿ ਧਰਮ ਤੇ ਰਾਜਨੀਤੀ** ਨੂੰ ਇਕੱਠੇ ਰੱਖਣ ਦੀ ਸੁਭਾਵਕ (Natural) ਗੱਲ ਹੀ ਕਿਉਂ ਕੀਤੀ ਜਾਂਦੀ ਹੈ । ਜਦ 'ਨਾਮ-ਧਰਮ', ਰਾਜਨੀਤੀ 'ਚੋਂ ਵੱਖ ਹੋ ਜਾਂਦਾ ਹੈ, ਖੰਭ ਲਾ ਕੇ ਉੱਡ ਜਾਂਦਾ ਹੈ, ਤਾਂ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿਚ ਇਕ ਐਸਾ ਹਾਹਾਕਾਰ ਮੱਚਦਾ, ਅਤੇ ਜੀਵਨ ਰਸਾਤਲ ਨੂੰ ਜਾ ਡੁੱਬਦਾ ਹੈ :—

ਕਲਿ ਕਾਤੀ¹, ਰਾਜੇ ਕਾਸਾਈ, **ਧਰਮੁ ਪੰਖ ਕਰਿ ਉਡਰਿਆ** ॥
ਕੂੜੁ ਅਮਾਵਸ, ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ² ਹੋਈ, ਆਧੇਰੈ ਰਾਹੁ ਨ ਕੋਈ ॥ (ਪੰਨਾ 145)
ਵਿਚਿ ਹਉਮੈ ਕਰਿ ਦੁਖੁ ਰੋਈ, ਕਹੁ ਨਾਨਕ, ਕਿਨਿ ਬਿਧਿ ਗਤਿ ਹੋਈ ?

ਤਥਾ :—ਰਾਜੇ ਸੀਂਹ, ਮੁਕੱਦਮ ਕੁੱਤੇ ॥ ਜਾਇ ਜਗਾਇਨਿ ਬੈਠੇ ਸੁਤੇ ॥
ਚਾਕਰ ਨਹਦਾਂ³ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥ (ਪੰਨਾ 1288)

ਜਿਸ ਧਰਮ ਦੇ, ਰਾਜਨੀਤੀ ਅਥਵਾ ਸੰਸਾਰ ਵਿਚੋਂ ਪਰ ਲਾ ਕੇ ਉੱਡ ਜਾਣ (ਵੱਖ ਹੋਣ) ਨਾਲ, ਕੂੜ ਕੁਸੱਤ, ਈਰਖਾ, ਦ੍ਵੈਖ ਅਤੇ ਜ਼ੋਰ ਜ਼ੁਲਮ ਦਾ ਬੋਲਬਾਲਾ ਹੁੰਦਾ ਹੋਵੇ, ਉਸੇ ਧਰਮ ਨੂੰ ਹੀ ਗੁਰੂ ਜੀ **"ਇਕ ਨਾਮ ਜਾਂ ਸਚ-ਧਰਮ"** ਦੀ ਸੰਗਿਆ ਦਿੰਦੇ ਹਨ । ਰਾਜਨੀਤੀ ਨਾਲੋਂ ਧਰਮ

---

1. ਕੈਂਚੀ, ਛੁਰੀ, 2. ਵਿਆਕੁਲ, 3. ਨੌਂਹਾਂ ਨਾਲ ।

ਨੂੰ ਵੱਖ ਕਰਨ ਦੇ ਸਿੱਧੇ ਤੇ ਸਾਫ਼ ਅਰਥ ਹਨ : ਰਾਜਨੀਤੀ ਨੂੰ ਸਤਿ ਵਿਹਾਰ ਤੋਂ ਸੱਖਣੀ ਤੇ ਅਧਰਮੀ ਬਣਾ ਦੇਣਾ । ਕੂੜ ਉੱਤੇ ਆਧਾਰਤ ਐਸੀ ਰਾਜਨੀਤੀ ਕਿਤਨੇ ਦਿਨ ਚੱਲੇਗੀ । ਜਦ ਕੂੜ ਨਿਖੁੱਟਣ ਵਾਲੀ ਸ਼ੈ ਹੈ, ਤਾਂ ਉਸ ਉੱਪਰ ਆਧਾਰਤ ਕੂੜੀ ਨੀਤੀ ਵੀ ਚਾਰ ਦਿਨ ਦੀ ਚਾਂਦਨੀ ਦੇ ਸਮਾਨ ਹੋਵੇਗੀ । ਗੁਰੂ ਬਾਬੇ ਦਾ ਅਮਰ ਤੇ ਅਟੱਲ ਫ਼ੁਰਮਾਨ ਹੈ :

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ (ਪੰ. 953)

ਅੱਲਾਮਾ ਇਕਬਾਲ ਨੇ, ਇੱਕ ਥਾਂ, ਬੜੇ ਪਤੇ ਦੀ ਗੱਲ ਆਖੀ ਹੈ :—

ਜਲਾਲਿ ਪਾਤਸ਼ਾਹੀ ਹੋ, ਯਾ ਜਮਹੂਰੀ ਤਮਾਸ਼ਾ ਹੋ ।
ਜੁਦਾ ਹੋ ਦੀਂ ਸਿਆਸਤ ਸੇ, ਤੋ ਰਹਿ ਜਾਤੀ ਹੈ ਚੰਗੇਜ਼ੀ ।

ਵਿਚਾਰਵਾਨ ਸ਼ਾਇਰ ਸਪਸ਼ਟ ਕਰਦਾ ਹੈ ਕਿ ਰਾਜ-ਪ੍ਰਬੰਧ-ਢਾਂਚਾ, ਚਾਹੇ ਇਕ-ਪੁਰਖੀ ਤੇ ਪਾਤਸ਼ਾਹੀ ਜਲਾਲ (ਸ਼ਾਨੋ-ਸ਼ੌਕਤ) ਵਾਲਾ ਹੋਵੇ, ਜਾਂ ਪਰਜਾ-ਤੰਤਰੀ 'ਤਮਾਸ਼ਾ', ਜੇ ਰਾਜ-ਨੀਤੀ ਨਾਲੋਂ ਦੀਨ ਨੂੰ ਵੱਖ ਕਰ ਦਿੱਤਾ ਜਾਵੇ, ਤਾਂ ਬਾਕੀ ਚੰਗੇਜ਼ ਖਾਂ ਦੀ ਜ਼ੋਰ, ਜ਼ੁਲਮ, ਲੁੱਟ-ਖਸੁੱਟ ਤੇ ਬਰਬਾਦੀ ਵਾਲੀ ਹਕੂਮਤ ਰਹਿ ਜਾਂਦੀ ਹੈ । ਇਕਬਾਲ ਦੀ, ਏਥੇ, 'ਦੀਨ' ਤੋਂ ਮੁਰਾਦ ਇਸਲਾਮੀ ਸ਼ਰ੍ਹਾ-ਸ਼ਰੀਅਤ ਤੇ ਤੁਅੱਸਬ ਵਾਲੀ ਹਕੂਮਤ ਤੋਂ ਨਹੀਂ, ਸਗੋਂ ਹੱਕ, ਇਨਸਾਫ਼ ਦੇ ਧਰਮੀ ਰਾਜ ਤੋਂ ਹੈ, ਜੋ ਸਾਰੀ ਪਰਜਾ ਨਾਲ ਇੱਕੋ ਜਿਹਾ ਨਿਆਂ ਵਾਲਾ ਵਰਤੋਂ ਵਿਹਾਰ ਕਰੇ । ਇਕਬਾਲ ਦੀ ਅਜਿਹੀ ਈਮਾਨਦਾਰਾਨਾ ਤੇ ਖੁਲ੍ਹ-ਦਿਲੀ ਵਾਲੀ ਵਿਚਾਰਧਾਰਾ ਦੀ ਪੁਸ਼ਟੀ ਦੀ ਇਕ ਝਲਕ, ਉਸ ਦੇ ਇਸ ਸ਼ਰ੍ਹਾ-ਵਿਦਰੋਹੀ ਕਲਾਮ ਤੋਂ ਵੀ ਵੇਖੀ ਜਾ ਸਕਦੀ ਹੈ :

ਬਹਿਸ਼ਤੋ, ਹੂਰੋ, ਗ਼ੁਲਿਮਾ, ਇਵਜ਼ਿ ਤਾਇਤ, ਮੈਂ ਨ ਮਾਨੂੰਗਾ ।
ਇਨਹੀਂ ਬਾਤੋਂ ਸੇ, ਐ ਜ਼ਾਹਿਦ ! ਜ਼ਈਫ਼ ਈਮਾਨ ਹੋਤਾ ਹੈ ।

ਧਰਮੀ ਰਾਜਨੀਤੱਗ :

ਜਿਵੇਂ ਹਰ ਕਮਿਊਨਿਸਟ, ਸਮਾਜਵਾਦੀ ਤਾਂ ਹੁੰਦਾ ਹੈ, ਪਰ ਹਰ ਸਮਾਜਵਾਦੀ (Socialist), ਕਮਿਊਨਿਸਟ ਨਹੀਂ ਹੁੰਦਾ; ਤਿਵੇਂ ਹੀ ਹਰ ਧਰਮੀ, ਰਾਜਨੀਤੱਗ ਤਾਂ ਹੁੰਦਾ ਹੈ, ਪਰ ਹਰ ਰਾਜਨੀਤੱਗ, ਧਰਮੀ ਨਹੀਂ ਹੁੰਦਾ । ਇਸ ਲਈ ਜੇ ਇਸ ਸੰਸਾਰ ਨੂੰ, ਸਹੀ ਅਰਥਾਂ ਵਿਚ, ਭਗਤ ਰਵਿਦਾਸ ਜੀ ਦੇ ਤਖ਼ੱਯੁਲ ਦਾ 'ਬੇਗਮਪੁਰਾ' (ਸੁਰਗ) ਬਣਾਉਣਾ ਹੈ, ਤਾਂ ਰਾਜਨੀਤੱਗ (ਸਿਆਸਤਦਾਨ) ਵੀ ਧਰਮੀ ਹੀ ਹੋਣੇ ਚਾਹੀਦੇ ਹਨ । ਧਰਮੀ ਪੁਰਸ਼ ਹਰ ਬੇਇਨਸਾਫ਼ੀ ਵਿਰੁੱਧ ਆਵਾਜ਼ ਉਠਾਏਗਾ, ਚਾਹੇ ਉਹ ਰਾਜਨੀਤਕ ਖੇਤਰ ਵਿਚ ਹੋਵੇ, ਚਾਹੇ ਸਮਾਜਕ ਜਾਂ ਆਰਥਕ ਖੇਤਰ ਵਿਚ । ਸੱਚ ਤਾਂ ਇਹ ਹੈ ਕਿ 'ਨਾਮ-ਧਰਮ' ਦਾ ਪੁਜਾਰੀ ਹੀ ਸੰਪ੍ਰਦਾਇਕ ਬੰਧਨਾਂ ਦੀ ਸੰਕੀਰਣਤਾ ਤੋਂ ਸੁਤੰਤਰ ਹੋ ਸਕਦਾ ਹੈ । ਨਿੱਜ ਅਥਵਾ 'ਮਾਨਵ ਧਰਮ' ਦੇ ਪੁਜਾਰੀ ਨਿਰੰਕਾਰੀ ਸਤਿਗੁਰੂ ਨੇ, ਜਦ ਮਨੁੱਖੀ ਜੀਵਨ ਦੇ ਹਰ ਅੰਗ ਵਿਚੋਂ, 'ਧਰਮ ਨੂੰ ਖੰਭ ਲਾ ਕੇ' ਉੱਡ ਗਿਆ ਵੇਖਿਆ ਤਾਂ ਉਨ੍ਹਾਂ ਨੇ ਜਿਥੇ, ਕਰਮਕਾਂਡੀ ਬ੍ਰਾਹਮਣ, ਸ਼ਰ੍ਹਈ ਮੁੱਲਾਂ ਤੇ ਜੁਗਤ-ਹੀਨ ਜੋਗੀ ਦਾ ਮਾਰਗ-ਦਰਸ਼ਨ ਕੀਤਾ, ਓਥੇ ਬਾਬਰ ਜਿਹੇ ਜਾਬਰ ਬਾਦਸ਼ਾਹ ਨੂੰ ਵੀ, ਵੱਡੀ ਬੇਬਾਕੀ ਨਾਲ, 'ਸੱਚ ਦੀ ਬਾਣੀ' ਆਖ ਸੁਣਾਈ । ਗ੍ਰਿਹਸਥ ਨੂੰ, ਸੰਨਿਆਸ ਨਾਲੋਂ, ਕੇਵਲ ਅਫ਼ਜ਼ਲ (ਸ੍ਰੇਸ਼ਟ) ਕਰਾਰ ਹੀ ਨਹੀਂ ਦਿੱਤਾ, ਸਗੋਂ ਗ੍ਰਿਹਸਥੀ ਨੂੰ ਵੀ, ਅਤਿ ਸੰਖਿਪਤ ਵਿਚ, ਦਰਸਾਇਆ ਕਿ ਕਿਰਤੀ ਕੈਸਾ ਧਰਮੀ ਹੋਣਾ ਲੋੜੀਏ :—

ਸੋ ਗਿਰਹੀ, ਜੋ ਨਿਗ੍ਰਹੁ[1] ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥
ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥ (ਪੰਨਾ 952)

ਜੇ ਵਧੇਰੇ ਗਹੁ ਤੇ ਪ੍ਰਬੀਨਤਾ ਨਾਲ ਵੇਖਿਆ ਜਾਵੇ ਤਾਂ ਧਰਮ ਨੂੰ ਸਹੀ ਅਰਥਾਂ ਵਿਚ ਸਮਝਣ ਤੇ ਕਮਾਉਣ ਵਾਲੇ ਪ੍ਰਭੂ-ਲੋਕਾਂ ਨੇ, ਆਦਿ ਕਾਲ ਤੋਂ ਹੀ 'ਧਰਮ' (ਸਚ-ਧਰਮ, ਨਾਮ-ਧਰਮ) ਨੂੰ ਜੀਵਨ ਦੇ ਹਰ ਪੱਖ ਦਾ ਧੁਰਾ ਬਣਾਇਆ ਹੈ। ਜੀਵਨ ਦੇ ਜਿਸ ਖੇਤਰ, ਚਾਹੇ ਉਹ ਸਮਾਜਕ ਹੈ, ਨੈਤਿਕ ਹੈ, ਆਰਥਕ, ਜਾਂ ਰਾਜਨੀਤਕ ਹੈ, ਵਿਚ ਬੁਰਾਈ ਵੇਖੀ, ਅਥਵਾ ਧਰਮ ਦਾ ਅਭਾਵ ਵੇਖਿਆ, ਉਸ ਵਿਰੁੱਧ ਉਹ ਹੱਕ ਦਾ ਨਾਅਰਾ ਲਾਉਣੋਂ ਤੇ ਸੰਘਰਸ਼ ਕਰਨੋਂ ਬਾਜ਼ ਨਾ ਰਹੇ। ਉਨ੍ਹਾਂ ਵਲੋਂ ਅਜਿਹਾ ਕਰਨਾ ਸੁਭਾਵਕ ਸੀ। ਜਿਵੇਂ ਪ੍ਰਭੂ ਇੱਕ ਹੈ, ਨਾਮ ਇੱਕ ਹੈ, ਧਰਮ ਇਕ ਹੈ, ਤਿਵੇਂ ਮਨੁੱਖ ਦਾ ਜੀਵਨ ਵੀ ਇੱਕ ਹੈ। ਸਫਲ ਜੀਵਨ ਲਈ, ਇਸ ਨੂੰ ਪੱਕੇ ਤੌਰ ਉਤੇ Water tight-Compartments ਵਿਚ ਵੰਡ ਸਕਣਾ ਅਸੰਭਵ ਹੈ। ਇਸੇ ਲਈ, ਸਿੱਖ-ਗੁਰੂ ਸਾਹਿਬਾਨ ਨੇ ਮਨੁੱਖ ਨੂੰ ਸਫਲ, ਸਾਦਾ ਤੇ ਸੁਭਾਵਕ ਜੀਵਨ ਵਾਲਾ **'ਪੂਰਨ ਮਨੁੱਖ ਖਾਲਸਾ'** ਬਣਨ ਦੀ ਜੁਗਤੀ ਦੱਸੀ ਹੈ। ਇਸ ਜੁਗਤ ਦਾ ਆਰੰਭ ਆਦਿ ਗੁਰੂ ਜੀ ਤੋਂ ਹੋਇਆ ਅਤੇ ਸੰਪੂਰਨਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੇਲੇ। ਜੋਤਿ ਤੇ ਜੁਗਤੀ ਇੱਕ, ਪ੍ਰੰਤੂ, ਕੇਵਲ ਰੂਪ, ਸਰੀਰ, ਕਾਇਆਂ, ਵੱਖ ਵੱਖ ਹੋਣ ਦੀ ਗਵਾਹੀ ਇਉਂ ਭਰੀ ਗਈ ਹੈ :—

1) ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥ (ਸ੍ਰੀ ਗੁ.ਗ੍ਰੰਥ ਪੰ 967)

2) ਅਰਜਨ ਕਾਇਆ ਪਲਟ ਕੈ, ਮੂਰਤਿ ਹਰਿ ਗੋਬਿੰਦ ਸਵਾਰੀ ॥
(ਭਾ. ਗੁਰਦਾਸ ਜੀ ਵਾਰ ਪਹਿਲੀ, ਪੌੜੀ 48)

ਸੋ, ਇਹ ਕਹਿਣਾ ਤੇ ਸਮਝਣਾ ਦਰੁਸਤ ਨਹੀਂ ਕਿ 'ਮੀਰੀ ਤੇ ਪੀਰੀ' ਦੇ ਸੁਮੇਲ ਦਾ ਮੁੱਢ, ਛੇਵੀਂ ਪਾਤਸ਼ਾਹੀ – ਸ੍ਰੀ ਗੁਰੂ ਹਰਿ ਗੋਬਿੰਦ ਜੀ, ਦੇ ਸਮੇਂ ਹੀ ਬੱਝਾ।

ਹਾਂ, ਇਸਦਾ ਪ੍ਰਗਟਾ, ਦੇਸ਼, ਕਾਲ ਤੇ ਹਾਲਾਤ ਵੱਸ ਕਦੀ ਬੇ-ਬਾਕ ਬਚਨਾ (ਸੱਚ ਕੀ ਬਾਣੀ) ਦੁਆਰਾ ਹੋਇਆ, ਅਤੇ ਕਦੀ ਨਾਲ ਬਾਹੂ ਬਲ ਦੁਆਰਾ ਵੀ। ਸ਼ਾਇਰ ਦਾ ਇਹ ਕਥਨ ਇਸ ਸੰਬੰਧ ਵਿਚ ਬੜਾ ਸਾਰਥਕ ਹੈ :—

ਬਰੂਏ ਮਜ਼ਹਬ ਹੈਂ ਦੋਨੋ ਜਾਇਜ਼, ਕਹੀਂ ਤਵਾਜ਼ਅ ਕਹੀਂ ਤਕੱਬਰ,
ਕਿਸੀ ਕੀ ਆਂਖੋਂ ਕਾ ਖ਼ਾਰ ਬਨ ਕਰ, ਕਿਸੀ ਕੇ ਦਿਲ ਕਾ ਕਰਾਰ ਹੋ ਜਾ।

ਸਖਤੀ ਅਤੇ ਨਰਮੀ, ਅਥਵਾ ਵਿਰੋਧੀ ਤੱਤਾਂ ਦੇ ਸੁਮੇਲ ਦੀ ਗਵਾਹੀ, ਗੁਰਬਾਣੀ ਇਉਂ ਦੇਂਦੀ ਹੈ :—

"ਪਉਣੁ ਉਪਾਇ ਧਰੀ ਸਭ ਧਰਤੀ, **ਜਲ ਅਗਨੀ ਕਾ ਬੰਧੁ ਕੀਆ।**" (ਮ. 1, ਪੰ. 350)

ਦਸਵੇਂ ਨਾਨਕ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਰਹੱਕ ਐਲਾਨ ਸੀ ਕਿ 'ਮੈਨੂੰ ਅਕਾਲਪੁਰਖ ਵਾਹਿਗੁਰੂ ਨੇ 'ਧਰਮ ਚਲਾਵਣ' ਹਿੱਤ ਜਗਤ ਵਿਚ ਭੇਜਿਆ ਹੈ'। ਇਤਿਹਾਸ ਸਾਹਿਦ ਹੈ ਕਿ ਜੀਵਨ ਦਾ ਕੇਹੜਾ ਪੱਖ ਸੀ ਜਿਸ ਵਿਚ ਧਰਮ ਅਸਥਾਪਨ ਕਰਨ ਲਈ, ਆਪ ਨੂੰ, ਜਾਨ ਤਕ

1. ਇੰਦ੍ਰੀਆਂ ਨੂੰ ਵਿਕਾਰਾਂ ਤੋਂ ਰੋਕੇ।

ਦੀ ਬਾਜ਼ੀ ਲਾ ਕੇ ਵੀ, ਸੰਘਰਸ਼ ਨਹੀਂ ਕਰਨਾ ਪਿਆ। ਸੰਘਰਸ਼ ਦੀ ਰੂਪ ਰੇਖਾ ਤੇ ਤਰੀਕ ਅਮਲ, ਹਾਲਾਤ ਵੱਸ, ਆਦੇਸ਼ ਬਦਲਦੀ ਰਹੀ; ਪ੍ਰੰਤੂ, ਨਿਸ਼ਾਨਾ ਉਹੀ ਧਰਮੀ 'ਜੋਤਿ ਤੇ ਜੁਗਤਿ' ਸੀ, ਜਿਸ ਦੇ ਪੂਰਨੇ, ਪੂਰਬਲੇ ਗੁਰੂ ਸਾਹਿਬਾਨ ਨੇ ਪਾਏ ਸਨ। ਭਾਈ ਸੱਤਾ ਤੇ ਬਲਵੰਡ ਨੇ ਇਸ ਸੱਚ ਦੀ ਸਾਖੀ ਇਉਂ ਭਰੀ ਹੈ, ਜੋ ਫਿਰ ਦੁਹਰਾਈ ਜਾ ਰਹੀ ਹੈ :—

ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥ (ਪੰ. 966)

ਸੰਪ੍ਰਦਾਵਾਂ ਤੇ ਮੱਤ ਮਾਤ੍ਰਾਂ ਦੀ ਲਘੂ ਦ੍ਰਿਸ਼ਟੀ ਤੇ ਤੁਅੱਸਬ ਤੋਂ ਉਚੇਰੇ ਉੱਠ ਕੇ 'ਮਾਨਵ' ਅਥਵਾ 'ਨਾਮ ਧਰਮ' ਦੇ ਕਲਿਆਨ ਮਈ ਟੀਚੇ ਵਲ ਵਧਣ ਦੀ ਭਰਪੂਰ ਪ੍ਰੇਰਨਾ, ਤੇ ਤਤਕਾਲ, ਸ੍ਰੀ ਦਸ਼ਮੇਸ਼ ਜੀ, ਆਪ ਇਉਂ ਕਰਦੇ ਹਨ :—

ਕੋਊ ਭਯੋ ਮੁੰਡੀਆ, ਸੰਨਿਆਸੀ, ਕੋਊ ਜੋਗੀ ਭਯੋ,
ਕੋਊ ਬ੍ਰਹਮਚਾਰੀ, ਕੋਊ ਜਤੀ ਅਨੁਮਾਨਬੋ।
ਹਿੰਦੂ, ਤੁਰਕ ਕੋਊ, ਰਾਫਜੀ ਇਮਾਮਸਾਫੀ,
ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ, ਰਾਜਕ ਰਹੀਮ ਓਈ,
ਦੂਸਰੋ ਨ ਭੇਦ ਕੋਈ, ਭੂਲ ਭਰਮ ਮਾਨਬੋ ॥

---

1. ਡਾਕਟਰ ਜਸਪਾਲ ਸਿੰਘ ਜੀ, ਆਪਣੀ ਪੁਸਤਕ 'ਰਾਜ ਦਾ ਸਿੱਖ ਸੰਕਲਪ' ਦੇ ਪੰਨਾ 14 ਉੱਤੇ ਇਸ ਸੱਚ ਦਾ ਇਉਂ ਪ੍ਰਗਟਾ ਕਰਦੇ ਹਨ :—

"ਮੇਰਾ ਇਹ ਨਿਸ਼ਚਿਤ ਮੱਤ ਹੈ ਕਿ ਸਿੱਖ ਚਿੰਤਨ, ਇਕ ਸੰਪੂਰਣ ਧਰਮ-ਚਿੰਤਨ ਹੈ ਅਤੇ ਸਿੱਖ ਚਿੰਤਨ ਅਨੁਸਾਰ ਧਰਮ ਦਾ ਕਾਰਜ-ਖੇਤਰ ਅਸੀਮ ਹੈ। ਪਾਰਲੌਕਿਕ ਅਤੇ ਇਹਲੌਕਿਕ, ਦੋਵਾਂ ਖੇਤਰਾਂ ਦੀਆਂ ਬਣਤਰਾਂ ਸਿੱਖ ਧਰਮ-ਚਿੰਤਨ ਦੇ ਘੇਰੇ ਵਿਚ ਹਨ, ਰਾਜ ਵੀ ਸਿੱਖ ਧਰਮ-ਚਿੰਤਨ ਦਾ ਇਕ ਕੇਂਦਰੀ ਵਿਸ਼ਾ ਹੈ। ਗੁਰੂ ਨਾਨਕ ਦੇਵ ਜੀ ਮੱਧਕਾਲ ਦੇ ਪਹਿਲੇ ਧਰਮ-ਆਗੂ ਹਨ, ਜਿਨ੍ਹਾਂ ਨੇ ਭਗਤੀ ਪ੍ਰੰਪਰਾ ਦੀ ਸਾਂਝੀ ਵਿਚਾਰਧਾਰਾ ਦੇ ਨਾਲ ਨਾਲ ਰਾਜ ਅਤੇ ਸਮਾਜ ਪ੍ਰਤੀ ਪੂਰੀ ਜਾਗਰੂਕਤਾ ਦਾ ਪ੍ਰਗਟਾਵਾ ਕੀਤਾ ਹੈ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਪੂਰੀ ਗੁਰੂ ਪਰੰਪਰਾ ਦਾ ਤੱਤਕਾਲੀਨ ਨਿਰੰਕੁਸ਼ ਰਾਜ ਬਾਰੇ ਪ੍ਰਤੀਕਰਮ ਬਾਣੀ ਰੂਪ ਵਿਚ ਅਭਿਵਿਅਕਤ ਹੁੰਦਾ ਰਿਹਾ ਹੈ, ਪਰ ਸਮਾਂ ਪਾ ਕੇ ਜਦੋਂ ਪਰਸਥਿਤੀਆਂ ਨੇ ਆਵੱਸ਼ਕ ਬਣਾ ਦਿੱਤਾ, ਤਾਂ ਗੁਰੂ ਪਰੰਪਰਾ ਦੀ ਪ੍ਰਤੀਕਰਮ ਹਥਿਆਰਬੰਦ ਘੋਲ ਵਿਚ ਬਦਲ ਗਿਆ। ਮੇਰੀ ਇਹ ਵੀ ਸਪਸ਼ਟ ਮਾਨਤਾ ਹੈ ਕਿ ਜਦੋਂ ਗੁਰੂ ਪਰੰਪਰਾ ਤੱਤਕਾਲੀਨ ਰਾਜ ਦਾ ਨਿਰਭੈ ਹੋ ਕੇ ਖੰਡਨ ਕਰਦੀ ਹੈ, ਓਦੋਂ ਉਸ ਦੇ ਅੰਤਹਕਰਨ ਵਿਚ ਇਕ ਸੁਚੱਜੇ ਰਾਜ ਦਾ ਸੰਕਲਪ ਮੌਜੂਦ ਹੁੰਦਾ ਹੈ।...ਕਹਿਣ ਤੋਂ ਭਾਵ ਹੈ ਕਿ ਗੁਰੂ ਪਰੰਪਰਾ ਦੇ ਪ੍ਰਤੀਕਰਮ ਪਿੱਛੇ ਰਾਜ ਪ੍ਰਤੀ ਇਕ ਸੰਪੂਰਨ ਸੋਚ ਕਾਰਜਸ਼ੀਲ ਸੀ। ਅਸਲ 'ਚ ਜਦੋਂ ਵਿਹਾਰ ਵਿਚ ਗੁਰੂ ਪਰੰਪਰਾ ਤੱਤਕਾਲੀਨ ਰਾਜ ਦਾ ਖੰਡਨ ਕਰ ਰਹੀ ਹੁੰਦੀ ਹੈ, ਉਦੋਂ ਸਿਧਾਂਤਕ ਰੂਪ ਵਿਚ ਉਸ ਦੇ ਹਿਰਦੇ ਵਿਚ ਇਕ ਸੁਚੱਜੇ ਰਾਜ ਦਾ ਸੰਕਲਪ ਸਮਾਇਆ ਹੁੰਦਾ ਹੈ। ਸਪਸ਼ਟ ਹੈ ਕਿ ਇਹ ਪ੍ਰਤੀਕਰਮ ਨਿਰਾ ਨਾਂਹ-ਮੁਖ ਨਹੀਂ, ਸਗੋਂ ਉਸ ਵਿਚ ਹਾਂ-ਮੁਖ ਅਤੇ ਰਚਨਾਤਮਕ ਤੱਤ ਸ਼ਾਮਲ ਹਨ।"

ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ, ਸਭੈ ਏਕੈ ਜੋਤ ਜਾਨ ਬੋ ॥

ਅ) ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ ਓਹੀ,
ਮਾਨਸ ਸਬੈ ਏਕ ਪੈ ਅਨੇਕ ਕੋ ਪ੍ਰਭਾਉ ਹੈ ॥
ਦੇਵਤਾ, ਅਦੇਵ, ਜੱਛ, ਗੰਧ੍ਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਭ੍ਰਮਾਉ ਹੈ ।
ਏਕੈ ਨੈਨ, ਏਕੈ ਕਾਨ, ਏਕੈ ਦੇਹ, ਏਕੈ ਬਾਨ,
ਖ਼ਾਕ, ਬਾਦ, ਆਤਸ ਔ ਆਬ ਕੋ ਰਲਾਉ ਹੈ ॥
ਅਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ॥ (ਅਕਾਲ ਉਸਤਤਿ)

ਪਾਤਸ਼ਾਹਾਂ, ਰਾਜਿਆਂ, ਤਖ਼ਤਾਂ ਤੇ ਤਾਜਾਂ ਦੀ ਗੱਲ :— ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਉੱਤ੍ਰਾਧਿਕਾਰੀ ਗੁਰੂ ਸਾਹਿਬਾਨ ਨੇ ਬਾਦਸ਼ਾਹਾਂ, ਰਾਜਿਆਂ ਅਤੇ ਹੋਰ ਸੱਤਾ-ਧਾਰੀ ਆਗੂਆਂ ਦੀ, ਹਜ਼ਾਰਾਂ ਸਾਲਾਂ ਵਿਚ ਵਿਕਸਤ ਹੋਈ ਪ੍ਰਥਾ (Institution) ਦੇ ਕਤਅਨ ਅਭਾਵ ਦੀ ਗੱਲ ਨਹੀਂ ਆਖੀ। ਉਹ ਇਕ ਪ੍ਰਬੀਨ ਮਨੋਵਿਗਿਆਨੀ ਹੋਣ ਦੇ ਨਾਤੇ ਜਾਣਦੇ ਸਨ ਕਿ ਇਹ ਵਿਵਸਥਾ ਮਨੁੱਖ ਦੇ ਸਮਾਜੀ ਜੀਵਨ ਵਿਚ ਸੁਭਾਵਕ ਹੈ, ਮਨੋਵਿਗਿਆਨਕ ਹੈ। ਇਸ ਲਈ ਇਹ ਪਿੱਛੇ, ਕਿਸੇ ਨਾ ਕਿਸੇ ਰੂਪ ਵਿਚ, ਹਰ ਪੱਧਰ ਉੱਤੇ, ਰਹੀ ਅਤੇ ਅੱਗੇ ਨੂੰ ਰਹੇਗੀ। ਮਾਰਕਸੀ ਰਾਜ-ਸਮਾਜਵਾਦੀਆਂ ਦਾ, ਜਮਾਤ-ਰਹਿਤ (Classless) ਸੋਸਾਇਟੀ ਸਥਾਪਤ ਕਰ ਲੈਣ ਉਪ੍ਰੰਤ, ਰਾਜ-ਪ੍ਰਬੰਧ-ਢਾਂਚਾ (State) ਦਾ ਮੂਲੋਂ ਹੀ ਅਭਾਵ ਕਰ ਦੇਣ ਦਾ ਸਿਧਾਂਤ, ਇੱਕ ਸੁਹਾਵਣੇ ਸੁਪਨੇ ਤੋਂ ਸਿਵਾ ਕੁੱਝ ਨਹੀਂ। ਹੁਣ ਤਕ ਜਮਾਤ ਤੇ ਰਾਜ-ਪ੍ਰਬੰਧ-ਰਹਿਤ ਸਮਾਜ, ਨਾ ਕਿਤੇ ਕਾਇਮ ਹੋ ਸਕਿਆ ਹੈ, ਅਤੇ ਨਾ ਹੀ, ਭਵਿਖ ਵਿਚ, ਕਿਤੇ ਸਥਾਪਤ ਹੋਣ ਦੀ ਸੰਭਾਵਨਾ ਹੈ। ਸਗੋਂ, ਹੁਣ ਤਾਂ ਰੂਸ ਜਿਹੇ ਆਗੂ ਦੇਸ਼ਾਂ ਨੇ ਵੀ ਰਸਮੀ ਤੌਰ ਉੱਤੇ, ਪਰਜਾ-ਤੰਤ੍ਰ (Democracy) ਦਾ ਰਾਹ ਅਪਣਾਅ ਲਿਆ ਹੈ।

ਹਾਂ, ਗੁਰੂ ਸਾਹਿਬਾਨ ਨੇ ਜਿਥੇ ਆਦਰਸ਼ਕ ਗ੍ਰਿਹਸਥੀ, ਸੰਨਿਆਸੀ, ਜੋਗੀ, ਪੰਡਿਤ, ਮੁੱਲਾਂ ਅਤੇ ਸਿੱਖ, ਸਖਾ ਤੇ ਸੇਵਕ ਆਦਿ ਦੀ ਪਰਿਭਾਸ਼ਾ ਕੀਤੀ ਹੈ, ਉਥੇ ਆਦਰਸ਼ਕ ਰਾਜਿਆਂ ਦੇ ਗੁਣ ਦੱਸਣ ਦਾ ਉਪਕਾਰ, ਵੀ ਕੀਤਾ, ਅਤੇ ਇਨ੍ਹਾਂ ਨੂੰ ਜੰਤਾ ਦੇ ਸੱਚੇ ਸੁੱਚੇ, ਸੇਵਕ ਹੋਣ ਉੱਤੇ ਜ਼ੋਰ ਦਿੱਤਾ ਹੈ। ਫੇਰ, 'ਜਥਾ ਰਾਜਾ, ਤਥਾ ਪਰਜਾ' ਦੇ ਅਖਾਣ ਅਨੁਸਾਰ, ਧਰਮੀ ਰਾਜੇ ਦੀ ਪਰਜਾ ਵੀ ਅਵੱਸ਼ ਧਰਮੀ ਹੋਵੇਗੀ। ਚੇਤੇ ਰਹੇ, ਧਰਮੀ ਵੋਟਰਾਂ ਦਾ ਆਗੂ ਧਰਮੀ ਹੋਵੇਗਾ, ਅਤੇ ਧਰਮੀ ਆਗੂ ਦੇ ਵੋਟਰ ਤੇ ਸਾਥੀ ਧਰਮੀ ਹੀ ਹੋਣਗੇ। ਇਸ ਵਿਚ ਪਹਿਲ ਕੌਣ ਕਰੇ ? ਇੱਕ ਆਦਰਸ਼ਕ ਰਾਜ ਸੰਬੰਧੀ ਗੁਰਬਾਣੀ ਵਿਚੋਂ ਕੁਝ, ਸੇਧਕ ਪ੍ਰਮਾਣ ਹਾਜ਼ਰ ਹਨ :—

ੳ) ਤਖਤਿ ਬਹੈ ਤਖਤੈ ਕੀ ਲਾਇਕ ॥ ਪੰਚ ਸਮਾਇ ਗੁਰਮਤਿ ਪਾਇਕ ॥ (ਪੰ. 968)
(ਭਾਵ, ਤਖਤ ਉੱਤੇ ਓਹੀ ਸੇਵਕ (ਰਾਜਾ) ਬੈਠਦਾ ਤੇ ਟਿਕਦਾ ਹੈ, ਜੋ ਉਸ ਦੇ ਯੋਗ ਹੁੰਦਾ ਹੈ, ਜਿਸ ਨੇ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ—ਪੰਜ ਦੋਸ਼

(ਵਿਕਾਰ) ਮਾਰ ਮੁਕਾਏ ਹੋਣ ।

ਅ) ਰਾਜਾ ਤਖਤਿ ਟਿਕੈ ਗੁਣੀ, ਭੈ ਪੰਚਾਇਣ ਰਤੁ ॥ (ਪੰ. 992)

ਭਾਵ : ਰਾਜਾ ਗੁਣਾਂ ਕਰ ਕੇ ਤਖਤ ਉੱਤੇ ਟਿਕਦਾ ਹੈ, ਅਤੇ ਉਹ ਗੁਣ ਹਨ : ਸੱਤ, ਸੰਤੋਖ, ਦਇਆ, ਧਰਮ ਤੇ ਧੀਰਜ ।

ਆਪਣੇ ਤੀਜੇ ਜਾਮੇ ਵਿਚ, ਸ੍ਰੀ ਗੁਰੂ ਨਾਨਕ ਦੇਵ ਜੀ, ਏਸੇ ਸੱਚ ਨੂੰ, ਫੇਰ ਇਉਂ ਪਰਪੱਕ ਕਰਾਉਂਦੇ ਹਨ :

ਤਖਤਿ ਰਾਜਾ ਸੋ ਬਹੈ, ਜੋ ਤਖਤਿ ਲਾਇਕ ਹੋਈ ॥
ਜਿਨੀ ਸਚੁ ਪਛਾਣਿਆ, ਸਚੁ ਰਾਜੇ ਸੇਈ ॥ (ਪੰ. 1088)

ਸੱਚ ਨੂੰ ਪਹਿਚਾਨਣ ਵਾਲੇ, ਹਿਰਦਿਓਂ ਸੱਚੇ ਹੋਣ ਵਾਲੇ ਰਾਜੇ ਦੇ ਰਾਜ ਦੀ ਕੀ ਪਛਾਣ ਹੋਵੇਗੀ, ਸ੍ਰੀ ਗੁਰੂ ਅਰਜੁਨ ਦੇਵ ਜੀ ਇਉਂ ਦੱਸਣ ਦੀ ਮਿਹਰੰਮਤ ਕਰਦੇ ਹਨ :

ਹੁਣ ਹੁਕਮ ਹੋਆ ਮੇਹਰਵਾਨ ਦਾ, ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ, ਇਹ ਹੋਆ ਹਲੇਮੀ ਰਾਜ ਜੀਉ ॥ (ਪੰ. 74)

ਅਤੇ 'ਹਲੇਮੀ ਰਾਜ' ਦਾ ਫੁੱਲ, ਕੇਵਲ ਤੇ ਕੇਵਲ ਓਥੇ ਹੀ ਖੁੱਲ ਸਕਦਾ ਹੈ, ਜਿਥੇ ਰਾਜ-ਪ੍ਰਬੰਧ ਦੀ ਨੀਂਹ ਸਚ, ਨਾਮ-ਧਰਮ ਉੱਤੇ ਹੋਵੇ, ਜਿਥੇ ਮੀਰੀ, ਪੀਰੀ ਦੇ ਪਹਿਰੇ ਹੇਠ ਵਰਤਦੀ ਹੈ, ਜਿਥੇ ਮਜ਼ਹਬਾਂ, ਮੱਤਾਂ ਸੰਪ੍ਰਦਾਵਾਂ ਤੇ ਫ਼ਿਰਕਿਆਂ ਦੇ ਤਕਰਾਰਿਆਂ, ਤਨਾਜ਼ਿਆਂ ਅਤੇ ਨਫ਼ਰਤਾਂ ਦੀ ਕਦੂਰਤ ਦਾ ਅੰਧਕਾਰ ਨਹੀਂ ਪਸਰਦਾ, ਐਸਾ ਅੰਧਕਾਰ ਜਿਸ ਵਿਚ ਨ ਰਾਜਾ ਸੁਖੀ ਹੁੰਦਾ ਹੈ, ਨ ਪਰਜਾ, ਨ ਅਮੀਰ, ਨ ਗਰੀਬ :

ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥
ਰਾਜਾ, ਰੰਕ ਦੋਊ ਮਿਲਿ ਰੋਈ ਹੈ ॥ (ਕਬੀਰ, ਪੰ. 325)

ਕੋਈ ਆਸਤਕ ਹੋਵੇ ਜਾਂ ਨਾਸਤਕ, ਰੱਬ ਦੀ ਹੋਂਦ ਨੂੰ ਪ੍ਰਗਟ ਤੌਰ ਉੱਤੇ, ਮੰਨਦਾ ਹੋਵੇ ਜਾਂ ਨਾਂਹ, ਪ੍ਰੰਤੂ, ਹਲੇਮੀ (ਸਰਬ ਸੁਖਦਾਈ) ਰਾਜ ਦਾ ਸੁਪਨਾ ਤਾਂ ਉੱਚ-ਇਖਲਾਕੀ (ਧਰਮੀ) ਕਦਰਾਂ ਕੀਮਤਾਂ ਉੱਤੇ ਹੀ ਸਾਕਾਰ ਹੋ ਸਕਦਾ ਹੈ । ਗੁਰੂ ਸਾਹਿਬਾਨ ਵਲੋਂ ਹਿਰਦਿਓਂ ਕਮਾਇਆ ਸਚ* ਅਥਵਾ ਧਰਮ ਨ ਕਿਸੇ ਵੀਚਾਰਕ ਦੀ ਦਿਮਾਗੀ ਮਨੌਤ ਤੇ ਕਲਪਨਾ ਹੈ, ਅਤੇ ਨਾ ਹੀ ਕਿਸੇ ਮੱਠ ਵਿਚ ਬੈਠੇ ਜਾਂ ਨਿਰਜਨ ਜੰਗਲਾਂ ਵਿਚ ਭਟਕਦੇ ਸੰਨਿਆਸੀ ਦੀ ਇਕਾਂਤ-ਵਾਸੀ ਇਬਾਦਤ ਦਾ ਸਿੱਟਾ । ਇਹ ਤਾਂ ਸੰਸਾਰ ਦੇ ਸ਼ੋਰ ਗੁਲ ਵਿਚ ਸ਼ਾਂਤ ਰਹਿਣ ਦੀ ਜਾਚ ਹੈ, ਸੰਪੂਰਨ ਇਨਸਾਨੀਅਤ ਹੈ । ਦੂਸਰਿਆਂ ਦੀ ਸੇਵਾ ਕਰਨ ਅਤੇ ਸੁਖ ਦੇਣ ਵਿਚੋਂ ਸੁਖ ਮਾਨਣ ਦੀ ਇਕ ਪਰਮ ਕਲਾ ਹੈ । ਗੁਰੂ ਦਾ ਸਿਖ ਸੰਤ ਵੀ ਹੈ, ਅਤੇ ਸਿਪਾਹੀ ਵੀ । ਉਹ ਪੀਰੀ ਤੇ ਮੀਰੀ ਦੇ ਸੰਜੋਗ ਦਾ ਵਾਰਿਸ ਹੈ । ਉਹ 'ਦੇਗ ਤੇਗ ਜਗ ਮੇਂ ਦੋਊ ਚਲੈਂ' ਦਾ ਧਾਰਨੀ ਹੈ । ਉਸ 'ਤੇਗ' 'ਦੇਗ' ਦੀ ਰਾਖੀ ਲਈ ਹੈ । ਉਸ ਨੇ ਸਭ ਨਾਲ 'ਗੁਣਾਂ ਦੀ ਸਾਂਝ' ਕਰਨੀ ਹੈ, ਕਿਸੇ ਦਾ ਨਿੱਜੀ ਤੌਰ ਉੱਤੇ, ਮਜ਼ਹਬੀ ਵਿਸ਼ਵਾਸ ਅਤੇ ਮਨੌਤ ਦਾ ਤੌਰ ਤਰੀਕਾ, ਰਸਮ ਰੀਤ ਤੇ ਬਾਹਰੀ ਸ਼ਰੀਅਤ ਕੀ ਹੈ, ਇਸ

*ਸਚੁ ਤਾ ਪਰੁ ਜਾਣੀਐ, ਜਾ ਰਿਦੈ ਸਚਾ ਹੋਇ ॥ (ਵਾਰ ਆਸਾ, ਮ. ਪਹਿਲਾ)

ਨਾਲ ਉਸ ਦਾ ਕੋਈ ਪ੍ਰਯੋਜਨ ਨਹੀਂ, ਜਿਵੇਂ ਹੀ ਇਕ ਧਰਮੀ ਸਟੇਟ (State) ਦਾ। ਉਸ ਦਾ ਅਕੀਦਾ ਹੈ :

ਬੁਲਬੁਲ ਕੋ ਗੁਲ ਮੁਬਾਰਿਕ, ਗੁਲ ਕੋ ਚਮਨ ਮੁਬਾਰਿਕ।
ਨਾਨਕ ਕੇ ਆਸ਼ਕੋਂ ਕੋ, ਖ਼ਾਕਿ ਗੁਰੂ ਮੁਬਾਰਿਕ ॥ (ਹਰਿਭਜਨ ਸਿੰਘ)

ਕੀ ਵਖਰਾ ਹੈ ਤੇ ਕਿਵੇਂ : ਇਤਿਹਾਸ ਗਵਾਹ ਹੈ ਕਿ ਪੁਰਾਣੇ ਵਕਤਾਂ ਵਿਚ ਵਰਤਮਾਨ ਢੰਗ ਦੀ ਸਾਂਝੇ ਰਾਜ, ਅਥਵਾ ਪਰਜਾ-ਤੰਤ੍ਰ ਦੇ ਸੰਕਲਪ ਜਾਂ ਧਾਰਨਾ (concept) ਦਾ ਅਭਾਵ ਸੀ। ਆਮ ਤੌਰ ਉੱਤੇ, ਬਾਦਸ਼ਾਹ ਦੇ ਮੱਤ (ਰਾਜ-ਮੱਤ) ਦੀ ਹੀ ਪ੍ਰਧਾਨਤਾ ਹੁੰਦੀ ਸੀ, ਪ੍ਰੰਤੂ, ਵਰਤਮਾਨ ਪਰਜਾ-ਤੰਤ੍ਰੀ ਢਾਂਚੇ ਜਾਂ ਮਿਲਵੇਂ ਸਾਂਝੇ ਰਾਜ ਵਿਚ ਕੁਝ ਇਕ ਅਰਬੀ ਮੁਸਲਮ ਦੇਸ਼ਾਂ ਤੇ ਪਾਕਿਸਤਾਨ ਆਦਿ ਨੂੰ ਛੱਡ ਕੇ ਵੱਖ ਵੱਖ ਮੱਤਾਂ ਦੇ ਅਨੁਯਾਈਆਂ ਦਾ ਮਿਲਵਾਂ ਰਾਜ ਹੈ। ਕਿਸੇ ਇਕ ਮਜ਼ਹਬ ਦੇ ਸਮੁੱਚੇ ਸਿਧਾਂਤ, ਵਿਸ਼ੇਸ਼ ਕਰ ਕੇ ਉਸ ਦੀ ਬਾਹਰਲੀ ਰਹੁ-ਰੀਤ ਮਰਯਾਦਾ, ਅਤੇ ਸ਼ਰ੍ਹਾ ਸ਼ਰੀਅਤ ਨੂੰ, ਰਾਜ-ਪ੍ਰਬੰਧ ਦੁਆਰਾ, ਸਾਰੀ ਪਰਜਾ ਉੱਤੇ ਲਾਗੂ ਨਹੀਂ ਕੀਤਾ ਜਾ ਸਕਦਾ। ਹਾਂ, ਸਾਰੇ ਸੰਬੰਧਤ ਮੱਤਾਂ ਦੇ ਸਾਂਝੇ, ਮਾਨਵੀ ਤੇ ਧਰਮ-ਭਾਵੀ ਸਿਧਾਂਤ, ਵਿਧਾਨ ਵਿਚ ਆਵੱਸ਼ ਸ਼ਾਮਿਲ ਕੀਤੇ ਜਾ ਸਕਦੇ ਹਨ, ਜਿਵੇਂ : ਸਤਿ ਵਿਹਾਰ ਸੰਤੋਖ, ਧੀਰਜ, ਹਮਦਰਦੀ, ਪਰਸੁਆਰਥ, ਈਮਾਨਦਾਰੀ, ਧਰਮ ਦੀ ਕਿਰਤ, ਹੱਕ, ਤੇ ਫਰਜ਼-ਸ਼ਨਾਸੀ, ਭਾਵਕ ਏਕਤਾ ਤੇ ਸਹਿਵਾਸ ਆਦਿਕ, ਆਦਿਕ। ਐਸੇ ਢਾਂਚੇ ਵਿਚ ਰਾਜਨੀਤੀ ਦੀ ਨੀਂਹ ਆਵੱਸ਼ ਧਰਮ ਉੱਤੇ ਹੋਵੇਗੀ ਅਤੇ ਧਰਮ ਤੇ ਰਾਜਨੀਤੀ ਦੇ ਇਸ ਸੁਮੇਲ ਵਿਰੁਧ ਅਥਵਾ ਇਨ੍ਹਾਂ ਦੇ ਖੇਤਰ ਵਖ ਵਖ ਹੋਣ ਬਾਰੇ ਭੁਲੇਖੇ ਵਿਚ ਛਿੜਿਆ, ਵਾਦ-ਵਿਵਾਦ, ਆਪਣੇ ਆਪ ਬੰਦ ਹੋ ਜਾਵੇਗਾ। ਸਾਡਾ ਦੁਖਾਂਤ ਇਹ ਹੈ ਕਿ ਅਸੀਂ, ਬਿਨਾਂ ਸੋਚੇ ਸਮਝੇ, ਦੇ 'ਧਰਮ' ਜਿਹੇ ਸਰਬ-ਭਾਵੀ, ਪਾਵਨ ਅਤੇ ਵਿਆਪਕ ਸ਼ਬਦ ਦੀ ਵਰਤੋਂ ਮੱਤਾਂ, ਮਤਾਂਤ੍ਰਾਂ, ਮਜ਼ਹਬਾਂ ਤੇ ਸੰਪ੍ਰਦਾਵਾਂ ਦੀ ਸੌੜੀ ਤੇ ਸੰਕੀਰਣ ਸੋਚ ਤੇ ਅਰਥਾਂ ਵਿਚ ਕਰਦੇ ਹਾਂ। ਹਾਂ ਸਿੱਖ ਧਰਮ ਦੇ ਸਰਬ-ਸਾਂਝੇ ਬੁਨਿਆਦੀ ਸਿਧਾਂਤ, ਇਸ ਨੂੰ, ਇਸ ਘੁਮਰੇ ਵਿਚ ਆਉਣੋਂ ਬਚਾਉਂਦੇ ਹਨ। ਇਹ ਇਕ ਸਰਬ-ਸਾਂਝਾ ਮੁਕੰਮਲ ਧਰਮ ਹੈ ਅਤੇ ਧਰਮ ਦੇ ਪੜਦੇ ਹੇਠ ਪਲਣ ਵਾਲੀ ਸੰਪ੍ਰਦਾਇਕਤਾ ਤੋਂ ਬਹੁਤ ਬਹੁਤ ਬੁਲੰਦ ਹੈ। ਆਉ ਵੇਖੀਏ, ਕਿਵੇਂ :

ਗੁਰੂ ਸਾਹਿਬਾਨ ਦੇ ਸਿੱਖਾਂ ਦਾ ਰੱਬ ਸਾਂਝਾ, ਗੁਰੂ ਸਾਂਝਾ, ਸਤਿਨਾਮ ਸਾਂਝਾ, ਗੁਰੂ ਗਰੰਥ ਸਾਹਿਬ ਸਾਂਝਾ, ਗੁਰਦੁਆਰਾ ਸਾਂਝਾ, ਗੁਰੂ ਕਾ ਲੰਗਰ ਸਾਂਝਾ ਅਤੇ ਸੰਗਤ ਤੇ ਪੰਗਤ ਵੀ ਸਾਂਝੀ। ਕਿਤੇ ਵੀ ਜ਼ਾਤ, ਕੁਲ, ਨਸਲ ਅਤੇ ਕੌਮੀਅਤ ਦੀ ਬਿਨਾਅ ਉੱਤੇ ਕੋਈ ਵਿਤਕਰਾ ਤੇ ਭਿੰਨ ਭੇਦ ਨਹੀਂ। ਜੇ ਅਰਦਾਸ ਵੀ ਕੀਤੀ ਜਾਂਦੀ ਹੈ, ਤਾਂ 'ਸਰਬੱਤ ਦਾ ਭਲਾ' ਮੰਗਣ ਵਾਲੀ ਲੰਚਾ ਅਧੀਨ, ਅਤੇ ਜੇ 'ਸਿਖ ਰਾਜ' ਅਸਥਾਪਨ ਹੋਇਆ ਤਾਂ ਉਹ ਵੀ **'ਸਭੇ ਸਾਂਝੀਵਾਲ ਸਦਾਇਨਿ'** ਦੇ ਧਰਮੀ ਸਿਧਾਂਤਾਂ ਉੱਤੇ।

ਇਹ ਸਾਰਾ ਕ੍ਰਿਸ਼ਮਾ ਇਸ ਲਈ ਹੋਇਆ ਕਿ ਸਿੱਖ-ਰਾਜ ਦੀ ਨੀਂਹ ਨਾਮ-ਧਰਮ ਤੇ ਮਾਨਵਤਾ ਉੱਤੇ ਸੀ, ਨਾ ਕਿ ਪੰਥਕ ਰੀਤਾਂ ਰਸਮਾਂ ਅਥਵਾ ਸਿੱਖ ਰਹਿਤ ਮਰਯਾਦਾ ਉੱਤੇ।

ਇਹ ਤਾਂ ਖਾਲਸੇ ਦੀ ਅੰਦਰਲੀ ਆਤਮਿਕ ਉਸਾਰੀ ਅਤੇ ਜਥੇਬੰਦੀ ਲਈ ਹਨ, ਇਸ ਦਾ ਅਕੱਟ ਪ੍ਰਮਾਣ ਬਲਵੰਡ ਜੀ, ਰਾਮਕਲੀ ਕੀ ਵਾਰ ਵਿਚ, ਇਉਂ ਦਿੰਦੇ ਹਨ :

ਨਾਨਕਿ ਰਾਜੁ ਚਲਾਇਆ, ਸਚੁ ਕੋਟੁ ਸਤਾਣੀ ਸਤਾਣੀ ਨੀਵ ਦੈ ॥ (ਪੰ. 966)

(ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਮਤ ਦਾ, ਧਰਮ ਦਾ, ਰਾਜ ਚਲਾਇਆ ਅਤੇ ਇਸ ਰਾਜ ਦਾ ਸੱਚ ਰੂਪੀ ਕਿਲਾ ਬੜੇ ਤ੍ਰਾਣ ਵਾਲੀ (ਮਜ਼ਬੂਤ, ਤਕੜੀ) ਨੀਂਹ ਉੱਤੇ ਉਸਾਰਿਆ।

ਇਸ ਹਕੀਕਤ ਦੇ ਅਕੱਟ ਸਬੂਤ ਵਿਚ ਅਸੀਂ ਹੇਠਾਂ, ਮਹਾਰਾਜਾ ਰਣਜੀਤ ਸਿੰਘ ਦੇ, ਫਾਰਸੀ ਵਿਚ ਜਾਰੀ ਹੋਏ ਦੋ ਫੁਰਮਾਨਾਂ ਦਾ ਅੰਗਰੇਜ਼ੀ ਤਰਜਮਾ ਪੇਸ਼ ਕਰਦੇ ਹਾਂ, ਤਾਂ ਜੋ ਸਭ ਤੇ ਸਪਸ਼ਟ ਹੋ ਜਾਏ ਕਿ ਸਚ ਧਰਮ ਤੇ ਸਿਆਸਤ ਦੇ ਸੁਮੇਲ ਦਾ ਨਮੂਨਾ ਕੀ ਹੁੰਦਾ ਹੈ ਅਤੇ ਇਹ ਅਮਲੀ ਤੌਰ ਉੱਤੇ ਕਿਵੇਂ ਵਰਤਦੀ ਹੈ।

I. "Sincere well-wisher, Fakir Nuruddin Ji, may you be happy !

It is hereby decreed by His Highness with the utmost emphasis that no person in the city should practise high-handedness and oppression on the people. **Indeed, if even His Highness himself should issue an inappropriate** order against any resident of Lahore, it should be clearly brought to the notice of his higness, so that it may be amended. Protector of Bravery Malwa Singh should always be advised to dispense justice in accordance with legitimate right and without the slightest oppression and, further more, he should be advised to pass orders in consultation with the panels and judges of the city and in accordance with-shastras and the Quran, as pertinent to the faith of the parties; for such is our pleasure. And should any person fail to act in accordance with your advice or instruction, you should send him a formal letter, so that it may serve as a proof on the strength of which His Highness may punish him for disobedience. Despatched from the court of His Highness (M. Ranjit Singh) 31 Bhadon, 1882 Sambat.

For repairs to the old ditch an expenditure of thousand rupees is hereby sanctioned. For the present the salary of Fakir Sahib, Rs. 1500/-. After expenditure on the said ditch, the salary of Sher Dyal Rs. 500/-

II. Ujjal Didar Nirmal Budh Sardar Amir Singh Ji and our sincere well wisher, Fakir Nuruddin, May you live long by the grace of Sri Akal Purkh and enjoy the protection of Sri Akal Budh.

By the grace of Sri Satguru ji, the exhalted command is issued to you that deeming yourselves to be responsible for the security of Lahore, you should take care of the duties pertaining thereto. Sri Satguru ji forbid, if His Highness, his beloved son Kharak Singh ji, Kanwar Sher Singh ji, the Raja Kalan Bahadur, Raja Suchet Singh ji, or jamadar ji should commit

any inappropriate act, you should bring it to the notice of his highness. Secondly, you should send your trusted representative to the Sardar with-instructions to refrain from committing inappropriate acts. If the Sardars act according to your instructions, well and good; otherwise you should send word to them that you will bring the matter to the notice of His Highness. Moreover, you should not permit forcible possession to be taken of any person's land or any persons house to be demolished. Nor should you allow any high-handedness to be practised upon wood cutters, fodder-vendors, oil-vendors, horse-shoers, factory owners, etc. In such cases also you should prevent the oppressors from oppression, you should administor matters in the same way as Sardar Desa Singh ji, should not permit any body to be treated harshly and should forward to His Highness any petitions intended for him. Further more, you should daily send for Chand Mal, Kotwal of the **Royal Court,** and Babu Panda, and obtain from them news of all happenings, so that every person's rights are secured and no person is oppressed. The frames of the city-gates should be caused to be repaired from the revenue of the **Court.** **Hazara Sawars** should be appointed to water the roads and, considering the security of the whole of Lahore city as your responsibility you should act in accordance with this decree.

Dated Lahore
19 Poh, 1888 Sambat

These orders are not models of royal draftsmanship by any standard-ancient or modern, Western or Eastern. But they are unique in one respect : they throw overboard the time-honoured legal fiction upon which the fact of king-ship is based—that the king can do no wrong. It was characteristic of Ranjit Singh to acknowledge that, both as a man and as a king, he was fallible and to provide against any possible adverse effects of his fallibility upon the rights and well-being of his people. Ranjit Singh has often been described by Western writers as an Oriental despot. Even when they have recognised his humanity, his urbanity or his liberal-mindedness, they seem to have done so with a mental reservation, as if it were impossible for an Oriental monarch to have these qualities without being at the same time essentially a despot. Despotism connotes not only absolute rule, but also oppression, tyranny and arbitrariness. A man who could issue orders of the kind reproduced above cannot be called a despot in any sense of the term.

(From '*The Real Ranjit Singh*' Page : 32-33)

ਗੁਰੂ ਸਾਹਿਬਾਨ ਤੇ ਗੁਰਸਿੱਖਾਂ ਦੇ 330 ਸਾਲ ਦੇ ਸੰਘਰਸ਼ ਤੇ ਸ਼ਹਾਦਤਾਂ ਭਰਪੂਰ ਇਤਿਹਾਸ ਉਪ੍ਰੰਤ, ਇਸ ਸੱਚ ਰੂਪੀ ਕਿਲੇ ਦੀ ਰਾਖੀ ਤੇ ਸੇਵਾ ਸੰਭਾਲ ਲਈ 'ਸ਼ੁੱਧ ਸਿਪਾਹੀਆਂ' ਅਥਵਾ 'ਪੂਰਨ ਮਨੁੱਖ ਖਾਲਸੇ' ਦੀ ਸਿਰਜਨਾ ਹੋਈ। ਏਥੇ, ਗੁਰੂ ਨਾਨਕ-ਰਾਜ ਦੇ ਧਰਮੀ ਵਾਰਿਸਾਂ ਦੀ ਸਫਲਤਾ ਤੇ ਸਤਿਕਾਰ ਦੇ ਰਾਜ਼ (ਭੇਤ) ਦੀ ਕਹਾਣੀ, ਇਸ ਇਕ ਸੁਨਹਿਰੀ ਹਵਾਲੇ ਦੁਆਰਾ ਦਰਸਾਉਣੀ ਅੰਤ ਉਚਿਤ ਹੋਵੇਗੀ :

ਅਹਿਮਦ ਸ਼ਾਹ ਅਬਦਾਲੀ (ਦੁੱਰਾਨੀ) ਦੇ ਹਿੰਦੁਸਤਾਨ ਉੱਤੇ ਹੋਏ ਸਤਵੇਂ ਹਮਲੇ ਸਮੇਂ ਉਸ ਦੀ ਸਹਾਇਤਾ ਲਈ, 12000 ਜਵਾਨਾਂ ਨਾਲ, ਕੱਲਾਤ ਤੋਂ ਨਸੀਰ ਖਾਂ ਬਲੋਚ ਵੀ ਭਾਰਤ ਪਹੁੰਚਿਆ। ਨਸੀਰ ਖਾਂ ਨਾਲ ਇਕ ਬਲੋਚ ਵਿਦਵਾਨ—ਕਾਜ਼ੀ ਨੂਰ ਮੁਹੰਮਦ ਵੀ ਸੀ, ਜਿਸ ਨੇ 'ਜੰਗ ਨਾਮਾ' (ਕਵਿਤਾ) ਪੁਸਤਕ ਵਿਚ ਲੜੇ ਜੁੱਧਾਂ ਦੇ ਹਾਲਾਤ ਕਲਮ-ਬੰਦ ਕੀਤੇ ਹਨ। ਉਹ ਹਰ ਥਾਂ 'ਸਿੱਖਾਂ' ਨੂੰ ਤੁਅੱਸਬੀ, ਨਫਰਤ ਅਧੀਨ 'ਸੱਗ' (ਕੁੱਤੇ) ਕਹਿ ਕੇ ਲਿਖਦਾ ਹੈ। ਪਰ ਅੰਤ ਵਿਚ, ਉਹ ਸਿੰਘਾਂ ਦੀ ਬਹਾਦਰੀ ਅਤੇ ਸੱਚੇ ਸੁੱਚੇ ਚਲਣ ਅਥਵਾ 'ਧਰਮ' ਤੋਂ ਇਤਨਾ ਪ੍ਰਭਾਵਤ ਹੁੰਦਾ ਹੈ ਕਿ ਬੇਸਾਖਤਾ ਇਉਂ ਪੁਕਾਰ ਉੱਠਦਾ ਹੈ :

ਸਗਾਂ-ਰਾ ਮਗੋ ਸਗ ਕਿ ਹਸਤੰਦ ਸ਼ੇਰ।
ਬ-ਮੈਦਾਨਿ ਮਰਦਾਂ, ਬੁ ਸ਼ੇਰਾਂ ਦਲੇਰ।

ਇਹ ਇਸ ਲਈ ਕਿ ਇਹ ਲੋਕ :

1. ਨ ਕੁਸ਼ੰਦ, ਨਾਮਰਦ ਰਾ ਹੇਚ ਗਾਹ,
ਗੁਰੇਜ਼ੰਦਹ ਰਾ, ਹਮ ਨ ਗੀਰੰਦ ਰਾਹ।
2. ਜ਼ਰੋ ਜ਼ੇਵਰਿ ਜ਼ਨ, ਬਤਾਰਾਜ ਨੀਜ਼,
ਨ ਗੀਰੰਦ, ਗਰ ਮਹ-ਰੂ ਹਸਤੋ, ਕਨੀਜ਼।
3. ਜ਼ਨਾਹਮ ਨ ਬਾਸ਼ਦ, ਮਿਆਨੇ ਸਗਾਂ,
ਨ ਦੁਜ਼ਦੀ ਬ-ਵਦ, ਕਾਰਿ ਆਂ ਬਦ-ਰਗਾਂ।
4. ਕਿ ਜ਼ਨ ਗਰ ਜਵਾਂ ਹਸਤ, ਵਰ ਹਸਤ ਪੀਰ,
ਬਗੋਯੰਦ ਬੁੜ੍ਹੀਆ, ਬਰੋ ਗੋਸ਼ਾਗੀਰ।
5. ਬ-ਵਦ ਨਾਮ ਬੁੜ੍ਹੀਆ ਬ-ਹਿੰਦੀ ਜ਼ਬਾਂ,
ਬ-ਮਾਅਨੀ ਕਿ ਈਂ ਪੀਰ, ਜ਼ਾਲ, ਅਜ਼ ਜ਼ਨਾਂ।
6. ਨ ਦੁਜ਼ਦੀਸਤ ਹਰਗਿਜ਼ ਮਿਆਨੇ ਸਗਾਂ,
ਨ ਪੈਵਾਸਤ ਸਾਰਕ, ਦਰਾਂ ਬਦਰਗਾਂ।
7. ਕਿ ਜ਼ਾਨੀ ਓ ਸਾਰਕ ਨ ਦਾਰੰਦ ਦੋਸਤ,
ਵਗਰ ਫੇਅਲਿ ਸ਼ਾਂ, ਜੁਮਲਗੀ ਨ ਨਿਕੋਸਤ।

ਉਲਥਾ : ਕੁੱਤਿਆਂ ਨੂੰ ਕੁੱਤੇ ਨ ਆਖੋ, ਸਚ ਪੁਛੋ ਤਾਂ ਸ਼ੇਰ ਨੇ ਉਹ ।
ਰਣ ਵਿਚ ਜਦ ਖੰਡਾ ਹੈ ਵਹਿੰਦਾ, ਸੂਰੇ ਬਲੀ ਦਲੇਰ ਨੇ ਉਹ ।

1. ਨਾਮਰਦਾਂ ਤੇ ਕਾਇਰਾਂ ਉੱਤੇ, ਹਰਗਿਜ਼ ਵਾਰ ਨ ਕਰਦੇ ਨੇ ।
ਰਣ 'ਚੋਂ ਭੱਜੇ ਦੁਸ਼ਮਨ ਦੀ ਉਹ ਹਰਗਿਜ਼ ਵਾਟ ਨ ਕਰਦੇ ਨੇ ।

2. ਅਬਲਾਵਾਂ ਦੇ ਗਹਿਣੇ ਟੂੰਬਾਂ, ਹਰਗਿਜ਼ ਮੂਲ ਨ ਲਾਂਹਦੇ ਨੇ ।
ਰਾਣੀ ਭਾਵੇਂ ਦਾਸੀ ਹੋਵੇ, ਹਰਗਿਜ਼ ਹੱਥ ਨ ਪਾਂਦੇ ਨੇ ।

3. ਕੁੱਤਿਆਂ ਦੇ ਟੋਲੇ ਵਿਚ ਨਾਹੀਂ, ਰਹਿੰਦਾ ਕੋਈ ਜ਼ਨਾਹੀ ਏ ।
ਚੋਰੀ ਕਰਨਾ ਉਨ੍ਹਾਂ ਤਾਈਂ, ਹਰਗਿਜ਼ ਰਵਾਂ ਨ ਆਈ ਏ ।

4. ਚਾਹੇ ਬੁੱਢੀ ਮਾਈ ਹੋਵੇ, ਭਾਹੇ ਸੁੰਦਰ ਨਾਰੀ ਏ ।
ਹਰ ਇਕ ਤਾਈਂ ਬੁੱਢੀ ਆਂਹਦੇ, ਸੁੰਦਰ ਮਨੋਂ ਵਿਸਾਰੀ ਏ ।

5–6. ਬੁੱਢੀ ਦੇ ਹਨ ਮਾਅਨੇ ਬੁੱਢੜੀ, ਬੋਲੀ ਹਿੰਦੀ ਅੰਦਰ ਜੀ ।
ਤਾਂਹੀਏ ਜ਼ਾਨੀ ਚੋਰ ਨ ਦਿਸਦੇ, ਉਨ੍ਹਾਂ ਟੋਲੀ ਅੰਦਰ ਜੀ ।

7. ਹੋਵੇ ਨ ਇਉਂ ਕਰ, ਕਿ ਜਦ ਉਹ ਚੋਰਾਂ ਯਾਰ ਬਣਾਂਦੇ ਨਾ ।
ਇਸ ਤੋਂ ਬਾਝੋਂ ਹੋਰ ਕੋਈ ਉਹ, ਨੇਕੀ ਕਾਰ ਕਮਾਂਦੇ ਨਾ ।

ਇਹ ਹਨ 'ਸਚ-ਧਰਮ' ਦਾ 'ਸਿਖ ਰਾਜ' ਅਸਥਾਪਨ ਕਰਨ ਵਾਲਿਆਂ ਦੇ ਅਦੁੱਤੀ ਕਿਰਦਾਰ ਦੇ ਕ੍ਰਿਸ਼ਮੇ । ਸਾਡਾ ਦੁਰਭਾਗ ਇਹ ਹੈ ਕਿ ਇਕ ਪਾਸੇ ਤਾਂ ਧਰਮ ਜਿਹੇ ਸੁਗੰਧਤ ਫੁਲ ਨੂੰ ਰਾਜਨੀਤੀ ਨਾਲੋਂ ਵੱਖ ਵੱਖ ਕਰਨ ਦੀ ਅਸੀਂ ਰੱਟ ਲਗਾ ਰੱਖੀ ਹੈ, ਅਤੇ ਦੂਜੇ ਪਾਸੇ ਸੰਪ੍ਰਦਾਇਕਤਾ ਤੇ ਫਿਰਕੂਪੁਣੇ ਦੇ ਭ੍ਰਿਸ਼ਟਾਚਾਰ ਦੀ ਦੁਰਗੰਧਤ ਲਾਸ਼ ਨੂੰ, ਅਸੀਂ ਮੋਢਿਆਂ ਉੱਤੇ ਚੁੱਕੀ ਫਿਰਦੇ ਹਾਂ ।

ਕੁਝ, ਸੈਕੂਲਰ (Secular) ਰਾਜ ਬਾਰੇ :

ਅਸੀਂ ਇਸ ਗਲ ਉੱਤੇ ਬੜਾ ਜ਼ੋਰ ਦਿੰਦੇ ਅਤੇ ਮਾਣ ਕਰਦੇ ਹਾਂ ਕਿ ਭਾਰਤ ਦਾ ਰਾਜ, ਪ੍ਰਬੰਧਕੀ-ਢਾਂਚਾ (ਰਾਜ-ਬਣਤਰ) ਸੈਕੂਲਰ ਹੈ । ਸੈਕੂਲਰ ਦੇ ਅਰਥ ਅੰਗਰੇਜ਼ੀ ਕੋਸ਼ਾਂ (ਡਿਕਸ਼ਨਰੀਆਂ) ਵਿਚ ਇਉਂ ਦਿੱਤੇ ਗਏ ਹਨ : ਲੌਕਿਕ, ਦੁਨਿਆਵੀ, ਵਿਵਹਾਰਕ, ਅਧਰਮੀ, ਅਧਾਰਮਿਕ, that which is not spiritual, irreligious ਆਦਿਕ ।

ਆਪਣੇ ਇਸ ਭਾਵ ਨੂੰ ਅਸੀਂ ਧਰਮ ਨਿਰਪੱਖ ਜਾਂ ਧਰਮ ਨਿਰਪੇਖ ਸ਼ਬਦਾਂ ਦੁਆਰਾ ਪ੍ਰਗਟ ਕਰਦੇ ਹਾਂ, ਅਤੇ ਫਿਰ ਉਹੀ ਗਲਤੀ ਕਰਦੇ ਹਾਂ ਕਿ ਸਾਡੇ ਦੇਸ਼ ਦੇ ਪ੍ਰਬੰਧਕੀ ਢਾਂਚੇ ਦਾ ਧਰਮ ਨਾਲ ਕੋਈ ਸੰਬੰਧ ਨਹੀਂ, ਇਹ ਧਰਮ-ਰਹਿਤ ਹੈ । ਹੁਣ ਦਸੋ : ਧਰਮ ਜੋ ਸਾਰੇ ਸ਼ੁਭ ਗੁਣਾਂ ਦਾ ਧੁਰਾ (Nucleus) ਹੈ, ਉਸ ਤੋਂ ਬਿਨਾ ਕੋਈ ਪ੍ਰਬੰਧ ਅਥਵਾ ਜੀਵਨ ਕਿਵੇਂ ਚਲੇਗਾ ? ਫਿਰ ਤਾਂ ਜੰਗਲ ਦੇ ਕਾਨੂੰਨ ਦੀ ਪ੍ਰਧਾਨਤਾ ਹੋਵੇਗੀ, ਜਿਥੇ 'ਜਿਸ ਦੀ ਲਾਠੀ ਉਸ ਦੀ ਭੈਂਸ' (Might is right) ਵਾਲੀ ਵਿਵਸਥਾ ਹੁੰਦੀ ਹੈ । ਕਹਿਣਾ ਤਾਂ ਇਹ ਚਾਹੀਦਾ ਹੈ ਕਿ ਸਾਡੇ ਰਾਜ ਦਾ ਕਿਸੇ

ਇਕ ਮਤ ਜਾਂ ਸੰਪ੍ਰਦਾਇ ਦੇ ਰਚਵੇਂ ਸਿਧਾਂਤਾਂ ਆਦਿ ਨਾਲ ਕੋਈ ਸੰਬੰਧ ਨਹੀਂ। ਇਹ ਸੰਪ੍ਰਦਾਇਕਤਾ ਨਿਰਪੇਖ ਹੈ, ਅਸੰਪ੍ਰਦਾਇ ਹੈ। ਅਸਲ ਗਲ ਇਹ ਹੈ ਕਿ ਅਸੀਂ 'ਧਰਮ' ਸ਼ਬਦ ਦੇ ਵਿਸ਼ਾਲ ਤੇ ਵਿਆਪਕ ਅਰਥਾਂ ਨੂੰ, ਮੱਤਾਂ, ਮਜ਼ਹਬਾਂ ਤੇ ਸੰਪ੍ਰਦਾਵਾਂ ਦੀ ਸੀਮਤ ਰਹੁ ਰੀਤ ਅਤੇ ਸ਼ਰ੍ਹਾ ਸ਼ਰੀਅਤ ਨਾਲ ਖਲਤ ਮਲਤ ਕਰ ਕੇ ਅਰਥਾਂ ਦੇ ਅਨਰਥ ਕਰਦੇ ਹਾਂ। ਹਰ ਮੱਤ ਦੀ ਰਹਿਤ ਮਰਯਾਦਾ, ਸ਼ਰੀਅਤ ਅਤੇ ਹੋਰ ਰੀਤਾਂ ਰਸਮਾਂ ਤੇ ਸੰਸਕਾਰ, ਦੂਜੇ ਮਤ ਨਾਲੋਂ ਫਰਕ ਰਖਦੇ ਹਨ, ਪ੍ਰੰਤੂ, ਸਚ ਧਰਮ ਅ-ਬਦਲ ਹੈ ਅਤੇ ਕਿਸੇ ਸੰਪ੍ਰਦਾਇਕ ਸੰਕੀਰਣਤਾ ਵਿਚ ਨਹੀਂ ਬੱਝ ਸਕਦਾ। ਉਹ ਸਭ ਦਾ ਏਵੇਂ ਹੀ ਇਕ ਤੇ ਸਾਂਝਾ ਹੈ, ਜਿਵੇਂ ਹਵਾ ਜਾਂ ਸੂਰਜ ਦੀ ਕਿਰਨ ਹੈ, ਜਿਵੇਂ ਮਨੁੱਖੀ ਲਹੂ ਦਾ ਰੰਗ ਅਤੇ ਮਾਨਵ ਦੀ ਜ਼ਾਤ। ਸੋ, ਸਾਨੂੰ ਵੱਖ ਵੱਖ ਮੱਤਾਂ, ਮਜ਼ਹਬਾਂ ਤੇ ਸੰਪ੍ਰਦਾਵਾਂ ਦੀ ਥਾਂ 'ਧਰਮ' ਸ਼ਬਦ ਦੀ ਵਰਤੋਂ ਕਰਨ ਦੀ ਜੋ ਗਲਤ ਪਰਪਾਟੀ, ਕੁਵਾਦੀ ਜਾਂ ਭੁਲ ਹੈ, ਉਸ ਨੂੰ, ਕਤਅਨ ਬੰਦ ਕਰਨਾ ਹੋਵੇਗਾ। ਫੇਰ, ਧਰਮ ਤੇ ਰਾਜਨੀਤੀ, ਵੱਖ ਜਾਂ ਅਵੱਖ ਹੋਣ ਦਾ ਮਸਲਾ ਆਪੇ ਹਲ ਤੇ ਸਪਸ਼ਟ ਹੋ ਜਾਵੇਗਾ।

ਧਰਮ ਤੇ ਰਾਜਨੀਤੀ ਦਾ ਸੁਮੇਲ :—

ਜਿਹਾ ਕਿ ਪਿਛੇ ਦੱਸਿਆ ਜਾ ਚੁੱਕਾ ਹੈ, ਗੁਰਬਾਣੀ ਵਿਚ, ਪ੍ਰਭੂ-ਨਾਮ, ਸੱਚ, ਧਰਮ ਅਥਵਾ ਨਾਮ-ਧਰਮ, ਸਮਾਨਾਰਥ (Synonymous) ਸ਼ਬਦ ਹਨ। ਵਾਹਿਗੁਰੂ ਦਾ ਨਾਮ, ਸਾਰੀ ਰਚਨਾ ਨੂੰ, ਇਸੇ ਤਰ੍ਹਾਂ ਕਰਤਾ ਹੋ ਕੇ ਧਾਰ ਰਿਹਾ ਹੈ; ਜਿਵੇਂ ਕਿ, ਅਕਾਲ ਪੁਰਖ ਵਾਹਿਗੁਰੂ ਆਪ। ਧੁਰੋਂ ਆਈ 'ਬਾਣੀ' ਬੋਲਦੀ ਹੈ :

> ਨਾਮ ਕੇ ਧਾਰੇ ਸਗਲੇ ਜੰਤ, ਨਾਮ ਕੇ ਧਾਰੇ ਖੰਡ ਬ੍ਰਹਮੰਡ ॥
> ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ, ਨਾਮ ਕੇ ਧਾਰੇ ਸਗਲ ਆਕਾਰ ॥ (ਸੁਖਮਨੀ)

ਤਥਾ : ਨਾਮੇ ਤੇ ਹੀ ਸਭੁ ਕਿਛੁ ਹੋਆ, ਬਿਨੁ ਸਤਿਗੁਰ ਨਾਮੁ ਨ ਜਾਪੈ ॥ (ਪੰ. 75)

'ਨਾਮ' ਅਤੇ 'ਨਾਮੀ' (ਪ੍ਰਭੂ) ਕਿਵੇਂ ਅਭੇਦ ਵਰਤਦੇ ਹਨ, ਇਸ ਬਾਰੇ ਭਾਈ ਸੰਤੋਖ ਸਿੰਘ ਜੀ, ਜਪੁ ਸਾਹਿਬ ਦੇ ਟੀਕੇ (ਗਰਬ ਗੰਜਨੀ) ਦੇ ਪੰਨਾ 7 ਉੱਤੇ, ਇਸ ਤਰ੍ਹਾਂ ਸਪਸ਼ਟਤਾ ਦਿੰਦੇ ਹਨ :

'ਨਾਮ ਅਰੁ ਨਾਮੀ ਅਗਿਆਨ ਕਰ ਕੇ ਦੋਇ ਰੂਪ ਹੋਇ ਵਰਤੇ ਹੈਂ', ਗਿਆਨ ਭਏ ਤੇ ਨਾਮ, ਨਾਮੀ ਏਕ ਹੋਇ ਜਾਤੇ ਹੈਂ।'

ਹੁਣ ਨੋਟ ਕਰੋ ਕਿ 'ਨਾਮ', ਸਚ ਅਤੇ ਧਰਮ, ਅਰਥ-ਭਾਵਾਂ ਕਰ ਕੇ ਕਿਵੇਂ ਓਤ ਪੋਤ, ਅਭੇਦ ਅਤੇ ਸਮਾਨ-ਭਾਵੀ ਹਨ :

ੳ) ਸੰਸਾਰ ਰੋਗੀ ਨਾਮੁ ਦਾਰੂ, ਮੈਲੁ ਲਾਗੈ ਸਚੁ ਬਿਨਾ ॥ (ਮ. 1, ਪੰ. 687)
ਅ) ਏਕੋ ਧਰਮੁ, ਦ੍ਰਿੜੈ ਸਚੁ ਕੋਈ ॥ (ਉਹੀ, ਪੰ. 1188)
ੲ) ਕਲਿਜੁਗ ਚਰਾਗ ਅੰਧ੍ਯਾਰ ਮਹਿ, ਸਭ ਕੁਲ ਉਧਰਹੀ, ਇਕ ਨਾਮ ਧਰਮ ॥
(ਮ. 5, ਪੰ. 1387)

ਸੋ, ਉਪਰੋਕਤ ਗੁਰਬਾਣੀ-ਪ੍ਰਮਾਣਾਂ ਅਤੇ ਵੀਚਾਰ ਦੀ ਰੌਸ਼ਨੀ ਵਿਚ ਵੀਚਾਰਿਆਂ, ਘੋਖਿਆਂ, ਨਿਰਸੰਦੇਹ ਇਹੋ ਸਿੱਟਾ ਨਿਕਲਦਾ ਹੈ ਕਿ ਧਰਮ (ਸਚ-ਧਰਮ, ਨਾਮ-ਧਰਮ) ਨੂੰ ਰਾਜਨੀਤੀ

ਜਾਂ ਜੀਵਨ ਦੇ ਹੋਰ ਕਿਸੇ ਵੀ ਖੇਤ੍ਰ, ਅੰਗ ਜਾਂ ਪੱਖ ਤੋਂ ਵੱਖ ਕਰਨ ਦਾ ਪ੍ਰਸ਼ਨ ਹੀ ਨਹੀਂ ਉਠਦਾ।
ਇਉਂ ਕਰਨਾ ਇਵੇਂ ਹੀ ਹੈ, ਜਿਵੇਂ ਦੇਹ ਅਤੇ ਆਤਮਾ ਨੂੰ ਵੱਖ ਵੱਖ ਕਰਨ ਦੀ ਗੱਲ ਕਰਨਾ।
ਸੋ, ਧਰਮ ਤੇ ਰਾਜਨੀਤੀ ਅਥਵਾ ਮੀਰੀ ਤੇ ਪੀਰੀ ਨੂੰ ਇਕੱਠਾ ਜਾਂ ਅਨਿਖੜਵਾਂ ਰੱਖਣ ਦੇ ਹਾਮੀਆਂ
ਦਾ ਦਾਅਵਾ ਸਿਧਾਂਤ, ਸੁਭਾਵਕਤਾ ਅਤੇ ਵਾਸਤਵਿਕਤਾ ਪੱਖੋਂ, ਦਰੁਸਤ ਹੈ, ਮਾਕੂਲ ਹੈ,
ਯਥਾਰਥ ਹੈ। ਪਰ, ਸ਼ਰਤ ਇਹ ਹੈ ਕਿ ਐਸਾ ਹੱਕੀ ਦਾਅਵਾ ਕਰਨ ਵਾਲੇ ਲੋਕ, ਰਾਜਨੀਤੀ ਨੂੰ
ਹਰ ਪੱਖੋਂ ਧਰਮੀ ਬਣਾਉਣ ਅਤੇ ਧਰਮ ਦੇ ਕੁੰਡੇ ਹੇਠ ਰੱਖ ਕੇ ਚਲਾਉਣ ਦੀ ਅਮਲੀ ਮਿਸਾਲ
ਪੇਸ਼ ਕਰਨ। ਧਰਮ ਨੂੰ ਮਨ, ਬਚਨ ਤੇ ਕਰਮ ਕਰ ਕੇ, ਜੀਵਨ ਦੀ ਹਰ ਤੋਰ ਜੁਗਤ ਤੇ ਕਰਬ
ਵਿਚ ਨਿਭਾ ਕੇ, ਵਰਤਾ ਕੇ ਵਿਖਾਉਣ. ਉਹ, । 'ਕਰਿ ਮਨ ਮੇਰੇ ਸਤਿ ਬਿਉਹਾਰ' ਦੇ ਗੁਰ-ਫੁਰਮਾਨ,
ਦੀ ਰੋਸ਼ਨੀ ਵਿਚ ਆਪਣਾ ਹਰ ਚਿੰਤਨ ਤੇ ਕਾਰ-ਵਿਹਾਰ 'ਧਰਮ' ਅਨੁਕੂਲ ਬਣਾਉਣ। ਜੇ ਉਹ
ਐਸਾ ਕਰ ਸਕਣ ਤਾਂ ਇਸ ਪੱਖ ਦੀ ਉਚੇਚੀ ਵਕਾਲਤ ਕਰਨ ਦੀ ਲੋੜ ਹੀ ਨਹੀਂ ਰਹੇਗੀ।
'ਹੱਥ ਕੰਗਣ ਨੂੰ ਆਰਸੀ ਕੀ' ਸਿਆਣਿਆਂ ਦਾ ਕਥਨ ਹੈ ਕਿ ਅਮਲ, ਬੋਲਾਂ ਨਾਲੋਂ, ਉਚੇਰੇ
ਬੋਲਦੇ ਹਨ (Actions speak louder than the words) ਗੱਲ, ਕਿਸੇ ਸਿਧਾਂਤ ਨੂੰ,
ਦਿਮਾਗੀ ਤੌਰ ਉੱਤੇ ਮੰਨ ਲੈਣ ਨਾਲ ਹੀ ਨਹੀਂ ਮੁਕਦੀ, ਉਸ ਨੂੰ ਅਮਲੀ ਤੌਰ ਉੱਤੇ ਕਰ ਕੇ
ਵਿਖਾਉਣ ਨਾਲ ਮੁਕਦੀ ਹੈ। ਸਿਖ ਧਰਮ ਵਿਚ ਇਹੀ ਦਾਅਵਾ ਹੈ ਕਿ ਗੁਰੂ ਸਾਹਿਬਾਨ ਨੇ ਆਪਣੇ
239 ਕੁ ਸਾਲ ਦੇ ਜੀਵਨ ਸਫਰ ਵਿਚ ਆਪਣੇ ਵਲੋਂ ਪ੍ਰਚਾਰੇ ਹਰ ਸਿਧਾਂਤ ਨੂੰ, ਹਰ ਸਚ ਨੂੰ
ਜੀਉਂ ਕੇ, ਅਮਲਾਂ ਕੇ ਵਿਖਾਇਆ ਹੈ। ਏਸੇ ਲਈ, ਸਿੱਖੀ ਨੂੰ ਇਕ ਕਰਣੀ-ਪ੍ਰਧਾਨ ਮੱਤ ਕਰ ਕੇ
ਮੰਨਿਆ ਤੇ ਸਨਮਾਨਿਆ ਜਾਂਦਾ ਹੈ, ਮਹਜ਼ ਕਾਨੂੰਨੀ ਲੋਕਾਂ ਦਾ ਇਕੱਠ ਨਹੀਂ। ਹਰ ਗੁਰਸਿਖ ਕੇ
ਆਲਮ, ਬਾਅਮਲ ਹੋਣਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਤਾਂ ਪੂਰਨ ਸੁਮੱਤ ਅਤੇ
ਸੁਗਿਆਨ ਦਾ ਪ੍ਰਕਾਸ਼ ਹੈ ਹੀ ਓਥੇ, ਜਿਥੇ ਕਥਨੀ ਦੇ ਨਾਲ ਕਰਣੀ ਦੀ ਪ੍ਰਧਾਨਤਾ ਹੈ।
ਫੁਰਮਾਨ ਹੈ :

ਜਹ ਕਰਣੀ, ਤਹ ਪੂਰੀ ਮਤਿ ॥ ਕਰਣੀ ਬਾਝਹੁ, ਘਟੇ ਘਟਿ ॥ (ਪੰ. 25)

ਖਾਲਸਾ ਤੇ ਖਾਲਸਾ ਰਾਜ ਬਾਰੇ :

ਜਦ ਕਿਤੇ ਖਾਲਸਾ ਅਥਵਾ ਖਾਲਸਾ ਰਾਜ ਦੀ ਗਲ ਤੁਰਦੀ ਹੈ ਤਾਂ ਇਸ ਤੋਂ ਬੜਾ
ਤ੍ਰਬਕਿਆ ਜਾਂਦਾ ਹੈ। ਖਾਲਸੇ ਦੇ ਸਹੀ ਅਰਥਾਂ, ਬੁਨਿਆਦੀ ਸਿਧਾਂਤਾਂ ਤੇ ਵਿਕਾਸ ਅਤੇ ਸੁਨਹਿਰੀ
ਇਤਿਹਾਸ ਤੇ ਕਿਰਦਾਰ ਨੂੰ ਨਜ਼ਰ ਅੰਦਾਜ਼ ਕਰ ਕੇ, ਇਸ ਨੂੰ, ਮਨੁੱਖ ਮਨੁੱਖ ਵਿਚ ਵੰਡੀਆਂ ਪਾਉਣ
ਵਾਲੇ ਮੱਤਾਂ ਵਾਂਗ, ਏਵੇਂ ਇਕ ਹੋਰ ਮੱਤ, ਫਿਰਕਾ ਜਾਂ ਸੰਪ੍ਰਦਾਇ ਗਰਦਾਨਿਆ ਜਾਂਦਾ ਹੈ। ਹੱਕ,
ਨਿਆਂ ਦਾ ਤਕਾਜ਼ਾ ਹੈ ਕਿ ਇਸ ਸੰਬੰਧੀ, ਸੰਖੇਪ ਵਿਚ ਇਹ ਸਚ ਦਿਲੋਂ ਸਵੀਕਾਰ ਕੀਤੇ
ਜਾਣ :

1. ਗੁਰੂਆਂ, ਪੀਰਾਂ, ਪੈਗੰਬਰਾਂ ਤੇ ਅਵਤਾਰਾਂ ਦੀ ਲੰਮੀ ਲੜੀ ਵਿਚ ਸ੍ਰੀ ਗੁਰੂ ਨਾਨਕ
ਨਿਰੰਕਾਰੀ ਜੀ, ਏਵੇਂ ਇਕ ਹੋਰ ਗੁਰੂ ਪੀਰ ਨਹੀਂ ਸਨ। ਉਹ ਅਤੇ ਉਨ੍ਹਾਂ ਵਲੋਂ ਪ੍ਰਗਟਾਏ ਸਿਧਾਂਤ
ਹਰ ਪੱਖੋਂ ਅਮਰ ਤੇ ਅਦੁੱਤੀ ਸਨ, ਸਦਾ ਸਦਾ ਲਈ ਮਾਨਵ-ਵਾਦ ਦੇ ਮੁਦੱਈ ਹਨ।

2. ਸ੍ਰੀ ਗੁਰੂ ਗ੍ਰੰਥ ਸਾਹਿਬ, ਏਵੇਂ ਇਕ ਹੋਰ ਸੰਪ੍ਰਦਾਈ ਧਾਰਮਿਕ ਗ੍ਰੰਥ ਨਹੀਂ, ਸਗੋਂ

ਇਕ ਐਸਾ (Spiritual Granth of Synthesis) (ਰੂਹਾਨੀ ਇਕਮਿਕਤਾ) ਦਾ ਧਰਮ-ਗ੍ਰੰਥ ਹੈ ਜਿਸ ਵਿਚ ਸਦੀਵੀ ਤੌਰ ਉੱਤੇ, ਸਭ ਲਈ, ਸਾਰਾ ਸਚ ਤੇ ਰਵਾਦਾਰੀ ਨੂੰ ਸਮੇਟਣ ਦਾ ਸਫਲ ਉਪਰਾਲਾ ਕੀਤਾ ਗਿਆ ਹੈ।

3. ਸ੍ਰੀ ਹਰਿਮੰਦਰ ਸਾਹਿਬ (ਦਰਬਾਰ ਸਾਹਿਬ), ਸਹੀ ਅਰਥਾਂ ਵਿਚ, ਹਰੀ ਪ੍ਰਭੂ ਦਾ ਮੰਦਰ ਹੈ ਪ੍ਰਾਣੀ ਮਾਤ੍ਰ ਦਾ ਆਪਣਾ, ਸਭਨਾ ਦਾ ਸਾਂਝਾ। ਇਸ ਨੂੰ ਕਿਸੇ ਦੇਵੀ ਦੇਵਤੇ (Deity) ਨਾਲ ਸੰਬੰਧਤ ਨਹੀਂ ਕੀਤਾ ਗਿਆ।

4. ਖਾਲਸਾ, ਏਵੇਂ ਇਕ ਹੋਰ ਮੱਤ ਜਾਂ ਸੰਪ੍ਰਦਾਇ ਨਹੀਂ। ਇਹ ਵੀਚਾਰਾਂ ਤੇ ਕਰਣੀ ਦੀ ਸੁੱਚਤਾ ਕਾਰਨ ਅਦੁੱਤੀ ਹੈ, ਸ੍ਰੋਮਣੀ ਹੈ। ਇਹ ਮਹਾਨ ਹੈ, ਕਿਉਂਕਿ ਇਸ ਦਾ ਵਿਰਸਾ ਮਹਾਨ, ਮਹਾਨ ਹੈ। ਇਹ ਮਹਾਨ ਹੈ, ਕਿਉਂਕਿ ਇਹ ਇਕ ਓਅੰਕਾਰ, ਸਮਾਨਤਾ, ਸਾਂਝੀਵਾਲਤਾ, ਭਾਵਕ ਏਕਤਾ ਅਤੇ ਸਹਿਵਾਸ ਦਾ ਦ੍ਰਿੜ੍ਹ ਵਿਸ਼ਵਾਸੀ ਹੈ।

ਖਾਲਸਾ ਕੌਣ।

'ਖਾਲਸਾ' ਅਰਬੀ ਬੋਲੀ ਦਾ ਸ਼ਬਦ ਹੈ ਅਤੇ ਅਰਬੀ ਕੋਸ਼ਾਂ ਅਨੁਸਾਰ ਅਰਥ ਹਨ: ਉਹ ਸ਼ਾਹੀ ਜ਼ਮੀਨ ਜਾਂ ਜਾਇਦਾਦ ਜੋ ਸਿਧੀ ਬਾਦਸ਼ਾਹ ਦੀ ਮਲਕੀਅਤ ਹੋਵੇ। ਸੋ, ਖਾਲਸਾ ਉਹ ਹੈ ਜੋ ਸਿੱਧਾ ਗੋਬਿੰਦ ਰੂਪ ਗੁਰੂ ਜਾਂ ਅਕਾਲ ਪੁਰਖ ਨਾਲ ਸੰਬੰਧਤ ਹੈ; ਜੋ ਮਨ, ਬਚਨ, ਕਰਮ ਕਰ ਕੇ ਖਾਲਿਸ, ਸ਼ੁੱਧ ਤੇ ਨਿਰਮਲ ਹੈ; ਜੋ ਵਾਹਿਗੁਰੂ ਦਾ ਹੈ ਅਤੇ ਜਿਸ ਦੀ ਫਤਹ ਭੀ ਆਪਣੀ ਨਹੀਂ, ਵਾਹਿਗੁਰੂ ਦੀ ਹੈ: ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਫਤਹ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਮਸੰਦਾਂ ਦੀਆਂ ਕੁਰੀਤੀਆਂ ਨੂੰ ਵੇਖ ਕੇ, ਸਭ ਸਿਖ-ਸੰਗਤ ਨੂੰ ਗੁਰੂ ਅਥਵਾ ਕਰਤਾਰ ਨਾਲ ਜੋੜ ਦਿੱਤਾ, ਅਤੇ ਉਸ ਨੂੰ 'ਖਾਲਸੇ' ਦੀ ਸੰਗਿਆ ਬਖਸ਼ੀ:

ਗੁਰੁ, ਸੰਗਤ ਕੀਨੀ ਖਾਲਸਾ, ਮਨਮੁਖੀ ਦੁਹੇਲਾ ॥ (ਵਾਰ 41, ਭਾ: ਗੁ: ਦੂਜਾ)

ਸ. ਸ਼ਮਸ਼ੇਰ ਸਿੰਘ ਜੀ 'ਅਸ਼ੋਕ', ਸੰਪਾਦਕ, 'ਸ੍ਰੀ ਗੁਰ ਸੋਭਾ' (ਰਚਿਤ: ਕਵਿ ਸੈਨਾਪਤਿ) ਦੇ ਪੰਨਾ 5 ਉੱਤੇ ਲਿਖਦੇ ਹਨ:

"ਸਹਿਜਧਾਰੀ ਅਤੇ ਅੰਮ੍ਰਿਤਧਾਰੀ ਉਹੋ ਸਿੱਖ 'ਖਾਲਸਾ' ਅਖਵਾਂਦੇ ਸਨ, ਜਿਨ੍ਹਾਂ ਦਾ ਸਿੱਧਾ ਸੰਬੰਧ ਗੁਰੂ ਜੀ ਨਾਲ, ਸ਼ਾਹੀ, ਅਥਵਾ ਖਾਲਸਾ ਜਾਇਦਾਦ ਵਾਂਗ ਹੁੰਦਾ ਸੀ। ਇਸ ਤੋਂ ਬਿਨਾਂ, ਉਹ ਸਿੱਖ ਜੋ ਮਸੰਦਾਂ ਦੇ ਅਧੀਨ ਸਨ; ਖਾਲਸਾ ਨਹੀਂ, 'ਸਹਿਲਿੰਗ' ਅਖਵਾਂਦੇ ਸਨ। ਮਸੰਦ ਚੂੰਕਿ ਉਸ ਸਮੇਂ ਗੁਰੂ ਘਰ ਦੇ ਵਿਰੋਧੀ ਬਣ ਗਏ ਸਨ, ਇਸ ਲਈ ਗੁਰੂ ਜੀ ਨੇ, ਉਨ੍ਹਾਂ ਨੂੰ ਸਜ਼ਾ ਦਿੱਤੀ, ਅਤੇ ਸਿੱਖਾਂ ਨੂੰ ਨਿਆਰੇ ਕਰ ਕੇ ਸਿੱਧਾ ਆਪਣੇ ਅਧੀਨ ਖਾਲਸਾ ਬਣਾ ਲਿਆ:

'ਸਕਲ ਸਿਖ ਭਏ ਖਾਲਸਾ, ਸੁਨਿਐ ਸਾਚ ਬਿਚਾਰਾ ॥' (ਪੰਨਾ 33)

ਏਸੇ ਕਾਰਨ ਨਿਰਮੋਹ ਗੜ੍ਹ ਦੇ ਯੁੱਧ ਵਿਚ ਭਾਈ ਸਾਹਿਬ ਚੰਦ ਦੇ ਸ਼ਹੀਦ ਹੋਣ ਉੱਤੇ, ਕਵੀ ਸੈਨਾਪਤਿ ਨੇ ਉਸ ਨੂੰ 'ਖਾਲਸਾ' ਪਦਵੀ ਦਿੱਤੀ ਸੀ:

'ਪ੍ਰਾਨ ਤਜੇ ਹੋਇ ਖਾਲਸਾ, ਪੂਰਨ ਤਾ ਕੇ ਭਾਗ ॥' (ਪੰਨਾ 64)

ਸੋ, 'ਖਾਲਸਾ ਰਾਜ' ਸ਼ਬਦ ਤੋਂ ਘਬਰਾਉਣ ਜਾਂ ਤ੍ਰਿਹਕਣ ਦੀ ਲੋੜ ਨਹੀਂ, ਅਤੇ ਨ ਹੀ ਇਸ ਨੂੰ ਵੱਖਰਵਾਦ ਦਾ ਹਊਆ ਸਮਝਣ ਦੀ। ਲੋੜ ਹੈ ਕਿ ਏਧਰ, ਗੁਰੂ ਰੂਪ 'ਖਾਲਸਾ', ਖਾਲਸਈ

ਆਚਾਰ ਤੇ ਗੁਣਾਂ ਕਰ ਕੇ 'ਖਾਲਸਾ' ਬਣ ਕੇ ਵਿਖਾਵੇ ਅਤੇ ਓਧਰ ਸਾਰੇ ਦੇਸ਼ ਵਿਚ ਹੀ ਹੱਕ, ਇਨਸਾਫ਼, ਨਿਆਂ ਅਤੇ ਸਭ ਨਾਲ ਸਮਾਨ-ਵਿਵਹਾਰ ਵਾਲਾ ਵਿਤਕਰੇ-ਰਹਿਤ ਧਰਮੀ ਅਥਵਾ ਖਾਲਸਾ ਰਾਜ ਕਾਇਮ ਹੋਵੇ, ਨਾ ਕਿ ਧਰਮ-ਨਿਰਪੱਖ ਜਾਂ ਧਰਮ ਨਿਰਪੇਖ ਰਾਜ।

ਸਾਰ

1) ਸੰਸਕ੍ਰਿਤ ਪਦ ਦੇ ਧ੍ਰੀ (ਧਾਤੂ) ਤੋਂ ਬਣੇ ਸ਼ਬਦ 'ਧਰਮ' ਨੂੰ ਸਦਾ 'ਸਚ-ਧਰਮ' ਜਾਂ 'ਨਾਮ-ਧਰਮ' ਦੇ ਸਹੀ ਅਰਥਾਂ ਵਿਚ ਲੈਣਾ, ਸਮਝਣਾ ਅਤੇ ਵਰਤਣਾ ਹੈ।

2) ਜਿਵੇਂ ਓਅੰਕਾਰ ਇੱਕ ਤੇ ਕੇਵਲ ਇੱਕ ਹੈ, ਓਸੇ ਤਰ੍ਹਾਂ 'ਧਰਮ' ਵੀ ਇੱਕ ਹੈ, ਅਤੇ ਪ੍ਰਭੂ-ਨਾਮ, ਸੱਚ ਹੁਕਮ ਤੇ ਗੁਰਮਤਿ ਸ਼ਬਦ ਨਾਲ ਸਮ-ਅਰਥਕ, ਇਕ-ਅਰਥਕ (Synonymous) ਹੈ।

3) 'ਧਰਮ' ਓਸੇ ਤਰ੍ਹਾਂ ਹੀ ਦਿਸਦੀ ਤੇ ਅਣਦਿਸਦੀ ਰਚਨਾ ਨੂੰ ਸੂਤਰ-ਧਾਰੀ ਹੋ ਕੇ ਧਾਰ ਰਿਹਾ ਹੈ; ਜਿਵੇਂ ਪ੍ਰਭੂ ਦਾ ਨਾਮ, ਪ੍ਰਭੂ-ਸੱਤਾ, ਹੁਕਮ ਜਾਂ Cosmic (Universal) Law : ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ (ਜਪੁ)

ਤਥਾ : ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ (ਸੁਖਮਨੀ)

4) 'ਧਰਮ' ਸਾਡਾ ਸੁਭਾਵ ਹੈ। ਮੱਤ, ਮਜ਼ਹਬ ਜਾਂ ਸੰਪ੍ਰਦਾਇਕਤਾ ਦੀ ਸੂਝ-ਬੂਝ ਤੇ ਸੰਸਕਾਰਾਂ ਦੀ ਪਕੜ ਅਸੀਂ, ਜਨਮ ਤੋਂ ਬਾਅਦ, ਉਸ ਮਾਹੌਲ ਤੋਂ ਪ੍ਰਾਪਤ ਕਰਦੇ ਹਾਂ, ਜਿਸ ਵਿਚ ਸਾਡੀ ਪਰਵਰਿਸ਼ ਹੁੰਦੀ ਹੈ।

5) ਜਿਵੇਂ, ਹਵਾ, ਪਾਣੀ, ਆਕਾਸ਼ ਜਾਂ ਸੂਰਜ ਦੀ ਕਿਰਨ ਨੂੰ ਹਿੰਦੂ, ਮੁਸਲਿਮ ਜਾਂ ਈਸਾਈ ਆਦਿ ਮੱਤਾਂ ਨਾਲ ਵਾਬਸਤਾ ਕਰਨਾ ਮੂਰਖਤਾ ਹੈ; ਤਿਵੇਂ 'ਧਰਮ' ਨੂੰ ਵੀ ਕਿਸੇ ਪ੍ਰਕਾਰ ਦੀ ਸੰਪ੍ਰਦਾਇਕ ਸੰਕੀਰਨਤਾ ਜਾਂ ਪਾਬੰਦੀ ਵਿਚ ਜਕੜਨ ਦਾ ਜਤਨ ਕਰਨਾ ਬੇ-ਸੂਦ ਹੈ, ਅਨਰਥ ਹੈ।

6) ਕਿਸੇ ਮੱਤ ਜਾਂ ਮਜ਼ਹਬ ਵਿਚ 'ਧਰਮ' ਦੇ ਵੱਧ ਜਾਂ ਘੱਟ ਅੰਸ਼ ਤਾਂ ਹੋ ਸਕਦੇ ਹਨ, ਅਤੇ ਇਨ੍ਹਾਂ ਵਿਚਲਾ ਇਹ ਧਾਰਮਿਕ ਭਾਗ (Ethics—Science of morality—ਆਚਾਰ ਨਿਯਮ, ਨੀਤੀ ਸ਼ਾਸਤਰ), ਸਾਂਝੇ ਰਾਜ ਵਿਚ ਸਭ ਉੱਤੇ ਲਾਗੂ ਹੋ ਸਕਦਾ ਹੈ; ਪ੍ਰੰਤੂ, ਕਿਸੇ ਇਕ ਮੱਤ ਦੀ ਕੁਲੀ (ਸਾਰੀ) ਰਹੁ-ਰੀਤ, ਰਹਿਤ-ਮਰਯਾਦਾ ਆਦਿ ਨੂੰ ਦੂਜਿਆਂ ਮੱਤਾਂ ਦੇ ਅਨੁਯਾਈਆਂ ਉੱਤੇ, ਲਾਗੂ ਕਰਨਾ ਨਾ ਹੀ ਯੋਗ ਹੈ ਅਤੇ ਨਾ ਸਦਾ ਲਈ ਹੀ ਸੰਭਵ ਹੈ।

7) ਕਿਸੇ ਇਕ ਮੱਤ ਦੇ ਰਾਜ ਨੂੰ, ਉਸ ਮੱਤ ਵਿਸ਼ੇਸ਼ ਦਾ ਰਾਜ ਤਾਂ ਕਿਹਾ ਜਾ ਸਕਦਾ ਹੈ; ਪਰ ਉਸ ਨੂੰ 'ਧਰਮ' (ਜਿਵੇਂ, ਈਸਾਈ ਧਰਮ, ਹਿੰਦੂ ਧਰਮ ਜਾਂ ਇਸਲਾਮ ਧਰਮ) ਦਾ ਰਾਜ ਕਹਿਣਾ ਕਤਅਨ ਗਲਤ ਤੇ ਅਸੰਗਤ ਹੈ, ਭੁਲੇਖਾ-ਪਾਊ ਹੈ। 'ਧਰਮ' ਕਦੀ ਵੀ ਸੰਪ੍ਰਦਾਇਕ ਨਹੀਂ ਹੁੰਦਾ, 'ਧਰਮ', ਸਦਾ 'ਧਰਮ' ਹੁੰਦਾ ਹੈ। ਜਿਸ ਦੀ

ਪ੍ਰਾਪਤੀ ਦਾ ਪ੍ਰਗਟਾਅ, ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ, ਸੱਚ-ਕਰਣੀ ਸੱਚੇ ਆਚਾਰ ਦੁਆਰਾ, ਕੁੱਝ ਇਉਂ ਹੁੰਦਾ ਹੈ :

1. ਸਚੁ ਤਾ ਪਰੁ ਜਾਣੀਐ, ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ, ਤਨੁ ਕਰੇ ਹੱਛਾ ਧੋਇ ॥

2. ਸਚੁ ਤਾ ਪਰੁ ਜਾਣੀਐ, ਜਾ ਸਚਿ ਧਰੇ ਪਿਆਰੁ ॥
ਨਾਉ ਸੁਣਿ ਮਨੁ ਰਹਸੀਐ, ਤਾ ਪਾਏ ਮੋਖ ਦੁਆਰੁ ॥

3. ਸਚੁ ਤਾ ਪਰੁ ਜਾਣੀਐ, ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧਿ ਕੈ, ਵਿਚਿ ਦੇਇ ਕਰਤਾ ਬੀਉ ॥

4. ਸਚੁ ਤਾ ਪਰੁ ਜਾਣੀਐ, ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ, ਕਿਛੁ ਪੁੰਨੁ ਦਾਨੁ ਕਰੇਇ ॥

5. ਸਚੁ ਤਾ ਪਰੁ ਜਾਣੀਐ, ਜਾ ਆਤਮ ਤੀਰਥ ਕਰੇ ਨਿਵਾਸੁ ॥
ਸਤਿਗੁਰੂ ਨੋ ਪੁਛਿ ਕੈ, ਬਹਿ ਰਹੈ ਕਰੇ ਨਿਵਾਸੁ ॥

6. ਸਚੁ ਸਭਨਾ ਹੋਇ ਦਾਰੂ, ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ, ਜਿਨ ਸਚੁ ਪਲੈ ਹੋਇ ॥ (ਵਾਰ ਆਸਾ, ਸਲੋਕ ੧੦)

(ਨੋਟ : ਸੱਚ ਅਥਵਾ ਧਰਮ ਕੋਈ ਦਿਮਾਗੀ ਮਨੌਤ ਨਹੀਂ। ਇਸ ਨੂੰ ਪੂਰਨ ਤੌਰ ਉੱਤੇ ਧੁਰ ਹਿਰਦੇ ਵਿਚ ਵਸਾਉਣਾ ਹੀ, ਇਸ ਨੂੰ ਜਾਨਣਾ ਹੈ।

8) 'ਧਰਮ' ਦੀ ਪਹੁੰਚ ਸਰਵਲੌਕਿਕ (Universal) ਹੋਣ ਕਰ ਕੇ, ਇਹ ਮੱਤਾਂ, ਮਜ਼ਹਬਾਂ, ਪ੍ਰਾਂਤਾਂ, ਦੇਸ਼ਾਂ, ਅਥਵਾ ਕੌਮੀਅਤ (Nationality) ਦੀਆਂ ਸੀਮਾਵਾਂ ਤੋਂ ਉਚੇਰਾ ਹੈ, ਬਾਹਰ ਹੈ, ਕੱਥ ਜਿੰਨਾ ਵਿਸ਼ਾਲ ਤੇ ਵਿਆਪਕ। ਉਦਾਹਰਣ ਵਜੋਂ, ਕੌਮੀਅਤ ਦੀ ਸੰਕੀਰਣਤਾ ਬਾਰੇ, ਅੱਲਾਮਾ ਇਕਬਾਲ ਦਾ ਇਹ ਕਥਨ ਬੜਾ ਅਰਥ-ਭਰਪੂਰ ਹੈ :

'ਇਨ ਤਾਜ਼ਾ ਖੁਦਾਓਂ ਮੇਂ', ਬੜਾ ਸਭ ਸੇ ਵਤਨ[1] ਹੈ। (1-ਕੌਮੀਅਤ)
ਜੋ ਪੈਰਹਨ (ਪਹਿਰਾਵਾ) ਇਸ ਕਾ ਹੈ, ਵੁਹ ਮਜ਼ਹਬ ਕਾ ਕਫ਼ਨ ਹੈ।

9) ਕਿਸੇ ਰਾਜ ਨੂੰ ਅ-ਸੰਪ੍ਰਦਾਇਕ ਤਾਂ ਕਿਹਾ ਜਾ ਸਕਦਾ ਹੈ, ਪਰ ਧਰਮ ਨਿਰਪਖ, ਧਰਮ ਨਿਰਪੇਖ ਜਾਂ ਸੈਕੂਲਰ ਨਹੀਂ। ਧਰਮ-ਰਹਿਤ, ਧਰਮ ਤੋਂ ਬਿਨਾਂ, ਹਰ ਪ੍ਰਬੰਧ ਜਾਂ ਵਿਵਹਾਰ, ਇਉਂ ਬਿਖਰ ਜਾਵੇਗਾ; ਜਿਵੇਂ ਸੂਤਰ (ਧਾਗੇ) ਤੋਂ ਬਿਨਾ ਮਾਲਾ ਦੇ ਮਣਕੇ।

10) ਜਦ ਅਸੀਂ 'ਧਰਮ ਤੇ ਰਾਜਨੀਤੀ' ਜਾਂ 'ਪੀਰੀ ਤੇ ਮੀਰੀ' ਨੂੰ ਅਨਿਖੜਵਾਂ ਆਖਦੇ ਹਾਂ, ਤਾਂ ਸਾਡਾ ਭਾਵ ਸਪਸ਼ਟ ਉਸ ਮੀਰੀ ਜਾਂ ਰਾਜਨੀਤੀ ਤੋਂ ਹੁੰਦਾ ਹੈ, ਜੋ ਧਰਮ, ਪੀਰੀ ਅਥਵਾ ਇਨਸਾਨੀਅਤ (ਮਨੁੱਖਤਾ) ਦੇ ਕੁੰਡੇ ਹੇਠ ਵਰਤੇ, ਜਿਥੇ ਧਰਮ (ਪੀਰੀ) ਸਾਰੇ ਵਿਹਾਰ ਕਾਰ ਦਾ ਧੁਰਾ (Nucleous) ਹੋਵੇ।

ਚੇਤੇ ਰਹੇ : ਧਰਮ ਬਿਨਾ ਨਹਿਂ ਰਾਜ ਚਲੈ ਹੈ।
ਧਰਮ ਬਿਨਾ ਸਭ ਦਲੈ ਮਲੈ ਹੈ।

ਗਿਆਨੀ ਗਿਆਨ ਸਿੰਘ ਜੀ ਨੇ ਇਸ ਕਾਵਿ ਨੂੰ 'ਗੁਰ ਪੰਥ ਪ੍ਰਕਾਸ਼' ਵਿਚ ਇਉਂ ਅੰਕਿਤ ਕੀਤਾ ਹੈ।

ਰਾਜ ਬਿਨਾ ਨਹਿ ਧਰਮ ਚਲੈ ਹੈ, ਧਰਮ ਬਿਨਾ ਸਭ ਦਲੈ ਮਲੈ ਹੈ।

ਇਸ ਵਿਚ ਵੀ ਸਚ ਹੈ; ਪ੍ਰੰਤੂ, ਦੋਹਾਂ ਵਿਚੋਂ ਧਰਮ ਪਹਿਲਾਂ ਹੈ, ਅਫ਼ਜ਼ਲ ਹੈ। ਅੱਲਾਮਾ ਇਕਬਾਲ ਇਸ ਨੁਕਤੇ ਨੂੰ ਇਉਂ ਸਪਸ਼ਟ ਕਰਦਾ ਹੈ :

'ਜਿਹ ਪਯਾਮ[1] ਦੇ ਗਈ ਹੈ, ਮੁਝੇ ਬਾਦਿਹ[2] ਸੁਬਹਗਾਹੀ,
ਕਿ ਅੱਲਾ ਕੇ ਆਰਫ਼ੋਂ[3] ਕਾ, ਹੈ ਮੁਕਾਮਿ ਪਾਤਸ਼ਾਹੀ।
ਤੇਰੀ ਜ਼ਿੰਦਗੀ ਇਸੀ ਮੇਂ ਹੈ, ਤੇਰੀ ਆਬਰੂ[4] ਇਸੀ ਮੇਂ ਹੈ,
ਜੋ ਰਹੀ ਖ਼ੁਦੀ[5] ਤੋ ਸ਼ਾਹੀ[6], ਨ ਰਹੀ ਤੋ ਰੂਹ[7]-ਸਿਆਹੀ।

(ਹਰਿਭਜਨ ਸਿੰਘ)

---

(1) ਸੁਨੇਹਾ (2) ਸਵੇਰ ਨੂੰ ਰੁਮਕਣ ਵਾਲੀ ਪੌਣ (3) ਗਿਆਨੀਆਂ ਦਾ (4) ਇੱਜ਼ਤ (5) ਅਣਖ (6) ਬਾਦਸ਼ਾਹੀ, ਹਕੂਮਤ (7) ਕਾਲਾ ਮੂੰਹ—ਜੇ ਅਣਖ ਤੇ ਆਬਰੂ, ਜੋ ਧਰਮੀ ਮਰਦਊਪੁਣੇ ਦੇ ਅੰਗ ਹਨ, ਬੱਚ ਜਾਣ, ਤਾਂ ਦੋਸੇ ਵਿਚ ਬਾਦਸ਼ਾਹੀ ਹੈ, ਪਰ ਜੇ ਕੌਮ ਪਾਸ ਇਹ ਨ ਰਹਿਣ ਅਤੇ ਸੰਸਾਰਕ ਐਸ਼ਵਰਜ ਹੋਵੇ, ਤਾਂ ਸਮਝੋ ਇਹ ਕੁਝ ਹੁੰਦਿਆਂ ਸੁੰਦਿਆਂ ਵੀ ਉਸ ਦਾ ਮੂੰਹ ਕਾਲਾ ਹੋ ਗਿਆ, ਰਜ਼ਾਲਤ ਹੋ ਗਈ।

'ਠਾਕੁਰ ਛੋਡਿ, ਦਾਸੀ ਕਉ ਸਿਮਰਹਿ' ...... ।

(ਨੋਟ : ਨਿਮਨ ਲਿਖਤ ਖ਼ਬਰ 'ਇੰਡੀਅਨ ਐਕਸਪ੍ਰੈਸ' ਮਿਤੀ 12.7.90 ਦੇ ਪਰਚੇ ਵਿਚ ਛਪੀ ਸੀ। ਇਸ ਦੇ ਖੰਡਨ ਵਿਚ, ਇਕ 50 ਕੁ ਪੰਨੇ ਦਾ ਟ੍ਰੈਕਟ ਛਾਪਿਆ ਤੇ ਭੇਟਾ-ਰਹਿਤ ਵੰਡਿਆ ਗਿਆ ਸੀ, ਜਿਸ ਦਾ ਸੰਖਿਪਤ ਰੂਪ ਹਥਲੀ ਪੁਸਤਕ ਵਿਚ ਸੁਰਖਸ਼ਤ ਕੀਤਾ ਜਾਂਦਾ ਹੈ।)

About 'Gavo Sachi Baani'

by Nirupama Dutt, Express News Service

'Gavo Sachi Baani', to be telecast by Jalandhar Doordarshan shortly, is a musical serial approved by Mandi House in special section of feature programmes on Punjab. The serial which seeks to present Gurbaani in its proper perspective is, one with a difference and is likely to be telecast on the national hook up also. For, the many tele-films and serials approved for Doordarshan seek to give the message of harmony by showing families which have both Hindus and Sikhs or the friendship and marital ties between the two communities.

Produced by Rakesh Khatri and directed by N. K. Sharma 'Gavo Sachi Baani' feature the Singh Bandhu team and the commentary which precedes the shabads is the eminent litterateur, Dr. Harbhajan Singh. endeavour of the commentary is to once again bring out the very essence of Gurbaani which by its very nature is secular and upholds the truth common to all religions; for in the past years Gurbaani has often been deciphered to prove the contrary in the audeo cassettes very popular in Punjab.

Mr. Surinder Singh, the younger of the Singh Bandhu in an interview with this reporter, said, "We have selected ten representative shabads and Dr. Harbhajan Singh provides the interpretations. The need to do this was felt because very often we have found people, even Panjabis like us, misconceiving the meanings. While we have taken some very popular shabads, we have also taken some those which are rarely heard now. For instance, the **Krishan Stuti Shabads** are hardly

sung in Punjab. The Krishan Stuti sabad incorporated in the serial is by Guru Arjun Dev—"**Amrita priya bachan tuhare, Att sunder Manmohan pyare.**"

Each episode is to include a shabad, its interpretation and scenes from gurdwaras. Two of the shabads which became very popular in Tamas have been featured in this and Mr. Surinder Singh says, Though we are using the same compositions, the rythm and mood has been changed.

Commenting on Guru Gobind Singh's "**Deh shiva var mohe eh**", Dr. Harbhajan Singh says that it is the jai-gaan or victory song of all Panjab which integrates them with the whole nation and entire humanity. **It is an excellent example of the Guru's beliefs, in both, Chandi and Saraswati,** in both precept and practice. Along with the Baani of the Sikh Gurus are two shabads by Kabir. These are "Awwal Allah nur upaya, and 'Jo larhe din ke het".

Speaking of Kabir poetry, Dr. Harbhajan Singh says that it is so akin to that written by he Gurus that it is impossible to separate the two. And the latter Kabir shabad which speaks **for the upliftment of** the poor and downtrodden, a concern of all medieval saints, has a place of greatest respect in Punjab, though the poet had uttered these **words in Benares...... !**

ਨੋਟ : ਟੀ.ਵੀ. ਉਤੇ ਵਿਖਾਏ ਜਾਣ ਵਾਲੇ 'ਗਾਵਹੁ ਸਚੀ ਬਾਣੀ' ਦੇ ਸੀਰਅਲ ਬਾਰੇ ਇਕ ਇੰਟਰਵੀਊ 'ਇੰਡੀਅਨ ਐਕਸਪ੍ਰੈਸ' ਅਖ਼ਬਾਰ ਵਿਚ 12 ਜੁਲਾਈ, 1988 ਨੂੰ ਛਪਿਆ। ਗਾਏ ਜਾਣ ਵਾਲੇ ਸ਼ਬਦਾਂ ਸੰਬੰਧੀ ਜਾਣਕਾਰੀ ਦੇਣ ਵਾਲੇ ਹਨ—ਡਾ: ਹਰਿਭਜਨ ਸਿੰਘ ਜੀ, ਦਿੱਲੀ। ਉਪ੍ਰੋਕਤ ਛਪੀ ਖ਼ਬਰ ਅਨੁਸਾਰ ਉਹ ਇਕ ਸ਼ਬਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ੍ਰੀ ਕ੍ਰਿਸ਼ਨ ਜੀ ਦੀ ਉਸਤਤੀ ਕਰਦੇ ਵਿਖਾਉਂਦੇ ਹਨ ਅਤੇ ਇਕ ਵਿਚ ਸ੍ਰੀ ਗੁਰੂ ਗੋਬਿੰਦ ਜੀ ਨੂੰ ਸ਼ਿਵਾ (ਪਾਰਬਤੀ) ਤੇ ਸਰਸਵਤੀ ਦੇਵੀ ਦਾ ਭਗਤ।

ਨੋਟ : ਏਸੇ ਸੰਬੰਧ ਵਿਚ ਸਾਡੇ ਮਿੱਤਰ, ਸ: ਰਣਜੀਤ ਸਿੰਘ ਜੀ ਰਿਆੜ, ਆਨਰੇਰੀ ਜਨਰਲ ਸਕੱਤਰ, ਸੈਂਟਰਲ ਕੋਆਰਡੀਨੇਟਿੰਗ ਕਮੇਟੀ (ਗੁਰਦੁਆਰੇ ਅਤੇ ਸਿੱਖ ਅਦਾਰੇ) ਗੁਰਦੁਆਰਾ ਸੈਕਟਰ 15, ਚੰਡੀਗੜ੍ਹ ਨੇ ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ, ਸ: ਬਲਵੰਤ ਸਿੰਘ ਰਾਮੂਵਾਲੀਆ, ਐਮ. ਪੀ., ਸ੍ਰੀ ਆਰ. ਐਲ ਭਾਟੀਆ, ਐਮ. ਪੀ ਆਦਿ ਉੱਚ ਅਧਿਕਾਰੀਆਂ ਨਾਲ ਲਿਖਾ ਪੜ੍ਹੀ ਕੀਤੀ, ਜਿਸ ਦਾ ਵਿਸਥਾਰ ਉਸ ਸਮੇਂ ਛਪੇ ਟਰੈਕਟ ਵਿਚ, ਸੁਰੱਖਿਅਤ ਹੈ।

ਹਰਿਭਜਨ ਸਿੰਘ

ੴ ਵਾਹਿਗੁਰੂ ਜੀ ਕੀ ਫਤਹਿ ॥

ਸੇਵਾ ਵਿਖੇ,

ਸਕੱਤਰ ਸਾਹਿਬ,
ਸ਼੍ਰੋ. ਗੁ. ਪ੍ਰ. ਕਮੇਟੀ,
ਅੰਮ੍ਰਿਤਸਰ ।

ਵਿਸ਼ਾ : 'ਗਾਵਹੁ ਸਚੀ ਬਾਣੀ' ਸੀਰੀਅਲ

ਸ੍ਰੀਮਾਨ ਜੀਓ,

'ਇੰਡੀਅਨ ਐਕਸਪ੍ਰੈਸ' ਮਿਤੀ 12 ਜੁਲਾਈ 1988 ਵਿਚ ਜਲੰਧਰ ਦੂਰਦਰਸ਼ਨ ਰਾਹੀਂ ਬ੍ਰਾਡ-ਕਾਸਟ ਕੀਤੇ ਜਾਣ ਵਾਲੇ ਸੀਰੀਅਲ—'ਗਾਵਹੁ ਸੱਚੀ ਬਾਣੀ' ਬਾਰੇ ਇਕ ਖਬਰ ਛਪੀ ਹੈ । ਡਾਕਟਰ ਹਰਿਭਜਨ ਸਿੰਘ ਜੀ ਦਿੱਲੀ ਵਾਲਿਆਂ ਨੇ, ਇਨ੍ਹਾਂ ਦਸਾਂ ਸ਼ਬਦਾਂ ਵਿਚੋਂ ਕੁਝ ਇਕ ਉੱਤੇ ਕਾਮੈਂਟਰੀ ਕਰਦਿਆਂ, ਇਸ ਖਬਰ ਅਨੁਸਾਰ, ਇਹ ਸਿੱਧ ਕੀਤਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਸ਼ਬਦ ਦੁਆਰਾ ਸ੍ਰੀ ਕ੍ਰਿਸ਼ਨ ਜੀ ਦੀ ਉਸਤਤ ਕੀਤੀ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਰਚਨਾ ਦੁਆਰਾ ਚੰਡੀ (ਦੁਰਗਾ) ਦੇਵੀ ਅਤੇ ਸਰਸਵਤੀ ਦੇਵੀ ਵਿਚ ਸਿਧਾਂਤਕ ਤੇ ਅਮਲ ਤੌਰ ਉੱਤੇ ਵਿਸ਼ਵਾਸ ਪ੍ਰਗਟਾਇਆ, ਅਥਵਾ ਆਪਣਾ ਇਸ਼ਟ ਮੰਨ ਕੇ ਵਰ ਲਈ ਜਾਚਨਾ ਕੀਤੀ ਹੈ । ਇਹ ਦੋਵੇਂ ਤੱਥ ਕਤਅਨ ਨਿਰਾਧਾਰ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਨਿਰਮਲ' ਤੇ 'ਨਿਰਾਲੇ' ਧਰਮ ਦੇ ਪ੍ਰਤਿਕੂਲ ਹਨ । ਇਨ੍ਹਾਂ ਰਚਨਾਵਾਂ ਦੇ ਕੀਤੇ ਗਏ ਅਰਥ ਸੌ ਫੀ ਸਦੀ ਅਸੰਗਤ ਤੇ ਗਲਤ ਹਨ । ਸੋ, ਇਸ ਬਾਰੇ ਸਮੇਂ ਸਿਰ ਦੂਰਦਰਸ਼ਨ ਦੇ ਅਧਿਕਾਰੀਆਂ ਨੂੰ ਸੂਚਤ ਕਰਨ ਦੀ ਲੋੜ ਹੈ । ਵਰਨਾ, ਸਿੱਖ ਸਤਿਗੁਰੂਆਂ ਦੇ ਪਵਿੱਤਰ ਨਾਮ ਨਾਲ ਆਪਣਿਆਂ ਤੇ ਬਿਗਾਨਿਆਂ ਵਲੋਂ ਥੋਪਿਆ ਜਾ ਰਿਹਾ ਕੂੜ ਹੋਰ ਤਹਿਦਾਰ ਤੇ ਪਰਤਾਂ ਵਾਲਾ ਹੋ ਜਾਵੇਗਾ, ਅਤੇ ਸਿੱਖ ਧਰਮ ਦੀ ਰੂਪ ਰੇਖਾ ਅਤੇ ਸੁੰਦਰ ਤੇ ਸਾਰਥਕ ਸਰੂਪ, ਕਰੂਪ ।

ਦਾਸ, ਇਸ ਸੰਬੰਧੀ, ਇਕ ਸਵਿਸਤਾਰ ਤੇ ਤੱਥਾਂ ਉਤੇ ਆਧਾਰਿਤ ਲੇਖ ਲਿਖ ਰਿਹਾ ਹੈ, ਜੋ ਸੰਪੂਰਨ ਹੋਣ ਉੱਤੇ 'ਗੁਰਮਤਿ ਪ੍ਰਕਾਸ਼' ਅਤੇ ਹੋਰ ਪਤਰਾਂ ਤੇ ਪਤ੍ਰਕਾਵਾਂ ਨੂੰ ਪ੍ਰਕਾਸ਼ਤ ਕਰਨ ਹਿਤ ਭੇਜਿਆ ਜਾਵੇਗਾ । ਤੁਰੰਤ ਯੋਗ ਕਾਰਵਾਈ ਕੀਤੇ ਜਾਣ ਅਤੇ ਸ਼ੀਘਰ ਉੱਤਰ ਦਾ ਅਭਿਲਾਖੀ :

19/7/88

ਹਰਿਭਜਨ ਸਿੰਘ

ਉਤਾਰਾ—ਚੀਫ ਖਾਲਸਾ ਦੀਵਾਨ ਦੀ ਸੇਵਾ ਵਿਚ, ਤੁਰੰਤ ਯੋਗ ਕਾਰਵਾਈ ਕਰਨ ਹਿਤ ।

(2) ਸੰਬੰਧਤ ਕਟਿੰਗ ਦੀ ਫੋਟੋ ਸਟੈਟ ਕਾਪੀ ਨਾਲ ਨੱਥੀ ਹੈ ।

ਨੋਟ : ਸ਼੍ਰੋ. ਕਮੇਟੀ ਅਤੇ ਚੀਫ ਖਾਲਸਾ ਦੀਵਾਨ ਵਲੋਂ ਨਾ ਹੀ ਲੇਖਕ ਨੂੰ ਉਪਰੋਕਤ ਪੱਤਰ ਦੀ ਕੋਈ ਪਹੁੰਚ ਹੀ ਪੁੱਜੀ, ਅਤੇ ਨਾ ਹੀ ਉਨ੍ਹਾਂ ਵਲੋਂ ਇਸ ਸੰਬੰਧੀ ਕਿਸੇ ਪ੍ਰਕਾਰ ਦਾ ਜਤਨ ਕੀਤਾ ਗਿਆ ।

The Institute of Sikh Studies

Maj. Gen. Mohinder Singh (Retd.)
President

127, Sector 9-A
Chandigarh
Dated : July 27, 1988

Misc.

Subject : Proposed Doordarshan Serial 'Gavo Sachi Baani'

To
The Secretary to the Government of India
Ministry of Information and Broadcasting
New Delhi

Dear Sir,

This refers to the news item in the Chandigarh edition of Indian Express (copy enclosed), saying that the Jalandhar Doordarshan is contemplating to telecast a musical serial under the above title (Gavo Sachi Baani) to promote harmony among different communities. It has been hinted that the programme may be screened on the national hook-up also. Use of media, particularly the Doordarshan, to project the message of love and universal brotherhood contained in the sacred Baani of Gurus, is indeed a laudable step, provided the proposed commentaries preceeding the shabads convey their true meaning, and provided the shabads are selected from Guru Granth Sahib, which alone is true Gurbani. That, however, does not appear to be the intention, if the description of the programme given in the report is any indication.

Two examples stand out in support of this impression :

(A) The famous hymn of Guru Arjun Dev, 'Amrita Priya Bachan Tuhare', is being passed on as Krishna Stuti. To see, how far this is correct, full translation of the hymn is given below :

Dev Gandhari 5th Guru

My Beloved, ambrosial are Thine words.
Very beauteous enticer Thou art, O. Beloved, Thou
are midst all and yet distinct. Pause.
I desire not empire and I desire not salvation;
My soul longs for the love of Thine lotus feet.
There are Brahma, Shiv, adepts, sages and Indar, but
I desire the Lord's vision alone. O Lord,

I have come helpless to Thine door, and having grown weary, have entered the asylum of Thine saints.
Says Nanak, I have met the beauteous Lord
and my soul is cooled and happy".

(Translation by Manmohan Singh, Sri Guru Granth Sahib, published by the Shiromani Gurdwara Parbandhak Committee, Amritsar, Vol. 3, Page 1758)

Numerous other translators like Dr. Sahib Singh, Teja Singh, Bawa Harkishan Singh, Narain Singh, Mehtab Singh, etc., have given the same version. The hymn is clearly addressed to God. Lord Krishna is not even mentioned in the hymn. To call it Krishna Stuti is a gross distortion and traversity of truth. In fact, the Guru Granth does not recognise the Avtar status of anyone. Guru Gobind Singh expressed his views thus :

> "How many priests and prophets have there been : they are so many that they cannot be counted; from dust they sprang and to dust they returned".
>
> (Macauliffe : "The Sikh Religion", Vol. 5, Page 272)

Again—

> Thou hast millions of times repeated the names of Krishna & Vishnu, & fully meditated on Ram Chandar & the Prophet; Thou hast repeated Brahma's name and established Shiv in thy heart, but none of them will save thee". (ibid, Page 288)

(B) The statements that Guru Gobind Singh believed both in Goddess **Chandi and Sarsavati in concept and precept**, are equally fallacious. It is now an accepted view that **"Chandi Chrittar"** (Ukat Blass) is not the composition of Guru Gobind Singh. This is based on the testimony provided by Principal Harbhajan Singh of the Shaheed Sikh Missionary College, Amritsar, run by the SGPC, Principal Jagjit Singh of the Gurmat College Patiala, affiliated to the Punjabi University for graduate and post-graduate level studies on religion, Bhai Ardaman Singh, the great Sikh theologian of our time, Dr. Rattan Singh Jaggi, in his Ph. D. thesis, supported by Professor Hazari Lal Diwedi of the Punjab University, Professor Harinder Singh Mehboob, whose monumental book has recently been released by the Punjabi University, Patiala, S. Shamsher Singh Ashok, Research Scholar SGPC, S. Gurcharan Singh, Editor Gurmat Missionary of the Sharomini Sikh Samaj,

Delhi, Dr. Man Singh Nirankari, Editor Gian Amrit, Giani Jit Singh, Editor Gurmat Sedhan, Bombay and many others. It is a common knowledge that Guru Gobind Singh worshipped only One Akal Purakh, the Supreme Lord, God. He recognised no deities, gods or goddesses. There is an overwhelming evidence to that effect in his writings, particularly the Jaap Sahib and the Akal Ustat. Therefore, to link him with worship of any goddess is a clear distortion of his belief.

Besides, the above specific points, it seems necessary to make the following observations :

(a) S khism does not subscribe to the doctrine of Avtarhood. In the very Mul Mantra, Guru Nanak Dev described God as Ajuni, implying that God does not take birth. Guru Arjun Dev was more explicit when he said that 'the mouth should burn that says that God takes birth in the human form.'

(b) Some other views in Guru Granth Sahib are : (i) 'Afflicted are Brahma, Vishnu and Shiva. Afflicted is the entire world." (Page 1153), (ii) The vedas do not know His greatness. Neither Brahma, nor Shiva have any clue of Him. The Devtas and Devees have sought to know Him, but failed. The Sole One is far above all. (Ramkali, 5th Guru)

According to Sikh faith, status of **Sachi Baani** is ascribed only to that, included in the Guru Garanth Sahib. It is a violation of the very fundamental of Sikh belief to include any other statement in that.

In view of the theological position, explained above, it should be amply clear that the proposed Doordarshan serial, if screened in the form advertised in the news item, referred to above, will defeat its own purpose of bringing about harmony. Sikhs will strongly resent distortion and misinterpretation of Gurbani and misrepresenation of their faith. The consequent resentment and protests will lead to alienation and disaffection, instead of amity and harmony. The Doordarshan is, therefore, earnestly and strongly advised to desist from creating such a situation. Should, however, it be decided to go ahead with the programme, it is emphasized that the serial be first got cleared by the Shiromani Gurdwara Parbandhak Committee, Amritsar.

Yours faithfully,
Sd/- Mohinder Singh

ੴ ਵਾਹਿਗੁਰੂ ਜੀ ਕੀ ਫਤਹ।

Delhi Sikh Gurdwara Management Committee

Sri Guru Tegh Bahadur Niwas, Sis Ganj,
Chandni Chowk, Delhi-110006

Hon'ble Shri R. Venkataraman
President of India,
Rashtrapati Bhawan, New Delhi

Subject : 'Gavo Sachi Baani" feature to be telecast by Jullundur Door-Darshan with misinterpretation of Guru-Shabadas by Dr. Harbhajan Singh

Respected Sir,

It is humbly submitted that this committee have received a copy of representation bearing No. CCC/45/88/Pr. dated 1-9-1988 from S. Ranjit Singh Riar, Hony. General Secretary of Central Co-ordinating Committee of Gurdwaras & Sikh Institutions, Gurdwara Sahib Sector 15, Chandigarh (Photostat copy of the same is submitted herewith for ready reference).

After going through this representation, I do feel that the serial "Gavo Sachi Baani" needs probe, so that the misgivings enunciated in the representation could be removed.

In this regard this Committee suggest that a Committee consisting of eminent Sikh Historians and Sikh scholars who are well conversant with the Gurbani, be formed at the official level to look into the episode with regard to the above said serial.

With respectful regards,

Yours faithfully,
Sd/ Sucha Singh (Headmaster Sucha Singh)
General Secretary

Encls : Three

Copy to :—
S. Ranjit Singh Riar, Hony. General Secretary
Central Coordinating Committee of Gurdwaras
& Sikh Institutions, Gurdwara Sahib Sector-15, Chandigarh.

ਮਤਾ

ੴ ਸਤਿ ਗੁਰਪ੍ਰਸਾਦਿ ॥

ਗੁਰਮਤਿ ਗ੍ਰੰਥੀ ਸਭਾ, ਲੁਧਿਆਣਾ

ਮੁੱਖ ਦਫਤਰ :
ਦੇ: ਸਤਿਸੰਗ ਸਭਾ
ਸ਼ਿਵਾਲਾ ਰੋਡ, ਪੁਰਾਣੀ ਚੁੰਗੀ ਨੰ: 12,
ਲੁਧਿਆਣਾ।

ਸਬ ਆਫਿਸ :
ਗੁ: ਸ੍ਰੀ ਗੁਰੂ ਸਿੰਘ ਸਭਾ
ਸਬਜ਼ੀ ਮੰਡੀ ਰੋਡ,
ਲੁਧਿਆਣਾ।

ਨੰਬਰ..........

ਮਿਤੀ 22-9-88

ਗੁਰਮਤਿ ਗ੍ਰੰਥੀ ਸਭਾ, ਲੁਧਿਆਣਾ ਵਲੋਂ ਗੁਰਦੁਆਰਾ ਗਊਘਾਟ, ਲੁਧਿਆਣਾ ਵਿਖੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦੇ ਸੰਬੰਧ ਵਿਚ ਸਜੇ ਭਾਰੀ ਦੀਵਾਨ ਵਿਚ ਹੇਠ ਲਿਖਿਆ ਮਤਾ ਸਰਬ-ਸੰਮਤੀ ਨਾਲ ਪ੍ਰਵਾਨ ਕੀਤਾ ਗਿਆ :

ਅੱਜ ਦਾ ਇਹ ਦੀਵਾਨ ਸਰਬ-ਸੰਮਤੀ ਨਾਲ ਪ੍ਰਵਾਨ ਕਰਦਾ ਹੈ ਕਿ 'ਜਲੰਧਰ ਦੂਰ ਦਰਸ਼ਨ' ਕੇਂਦਰ ਵਲੋਂ 'ਗਾਵਹੁ ਸੱਚੀ ਬਾਣੀ' ਦੇ ਨਾਮ ਹੇਠ ਜੋ ਪ੍ਰੋਗਰਾਮ ਰੀਲੀਜ਼ ਕੀਤਾ ਜਾਣ ਵਾਲਾ ਹੈ, ਉਸ ਦੀ ਕਮੈਂਟਰੀ ਦੁਆਰਾ ਗੁਰਮਤਿ ਸਿਧਾਂਤਾਂ ਨੂੰ ਤਰੋੜ ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਸ ਲਈ, ਇਹ ਦੀਵਾਨ ਕੇਂਦਰੀ ਸਰਕਾਰ ਨੂੰ ਸਮੇਂ ਸਿਰ ਸੂਚਤ ਕਰਦਾ ਹੈ, ਕਿ ਸ਼੍ਰੋ: ਗੁ: ਪ੍ਰ: ਕਮੇਟੀ ਦੀ ਪ੍ਰਵਾਨਗੀ ਤੋਂ ਬਿਨਾਂ ਇਹ ਸੀਰੀਅਲ ਜਲੰਧਰ ਤੇ ਹੋਰ ਦੂਰਦਰਸ਼ਨ ਕੇਂਦਰਾਂ ਤੋਂ ਰੀਲੀਜ਼ ਨ ਕੀਤਾ ਜਾਵੇ।'

ਇਸ ਦੀਵਾਨ ਵਿਚ ਮਤਾ ਪਾਸ ਕਰਨ ਵਾਲਿਆਂ ਵਿਚੋਂ, ਹੇਠ ਲਿਖੇ ਵਿਅਕਤੀਆਂ ਦੇ ਨਾਮ ਵਰਨਣਯੋਗ ਹਨ।

ਸਿੰਘ ਸਾਹਿਬ ਜਥੇਦਾਰ ਦਰਸ਼ਨ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਗਿ: ਹਰਬੰਸ ਸਿੰਘ ਜੀ ਪਟਿਆਲਾ ਟੀਕਾਕਾਰ, ਗਿ: ਸਵਰਨ ਸਿੰਘ ਜੀ ਮੀਤ ਪ੍ਰਧਾਨ, ਲੁਧਿਆਣਾ, ਗਿ: ਕੇਵਲ ਸਿੰਘ ਜੀ, ਹੈਡ ਗ੍ਰੰਥੀ, ਗੁ: ਸ੍ਰੀ ਕਲਗੀਧਰ ਜੀ ਲੁਧਿਆਣਾ, ਭਾਈ ਗੁਰਮੀਤ ਸਿੰਘ, ਕਥਾ-ਵਾਚਕ (ਫਿਲੌਰ) ਜਨਰਲ ਸਕੱਤਰ, ਭਾਈ ਸਾਹਿਬ ਪ੍ਰਿੰ. ਹਰਿਭਜਨ ਸਿੰਘ ਜੀ ਚੰਡੀਗੜ੍ਹ, ਗਿ: ਸਾਹਿਬ ਸਿੰਘ ਜੀ, ਸ਼ਾਹਬਾਦ ਮਾਰਕੰਡਾ ਆਦਿ।

ਜਗਤਾਰ ਸਿੰਘ ਜਾਚਕ
ਪ੍ਰਧਾਨ

ਖੰਡਨ

ਸ੍ਰੀ ਗੁਰੂ ਨਾਨਕ ਦੇਵ ਤਥਾ ਉਨ੍ਹਾਂ ਦੇ ਉਤ੍ਰਾਧਿਕਾਰੀ ਗੁਰੂ ਸਾਹਿਬਾਨ ਵੱਲੋਂ ਮਨੁੱਖ ਦੀ ਸਦੀਵੀ ਅਗਵਾਈ ਤੇ ਭਲਾਈ ਲਈ ਚਲਾਏ 'ਨਿਰਮਲ' ਤੇ 'ਨਿਰਾਲੇ' ਪੰਥ (ਜੀਵਨ-ਮਾਰਗ) ਨੂੰ, ਵਰਣ-ਆਸ਼੍ਰਮ ਦੀ ਗੈਰ-ਕੁਦਰਤੀ ਵੰਡ, ਕਰਮ-ਕਾਂਡ, ਧਾਰਮਿਕ ਪਾਖੰਡ ਅਤੇ ਬਹੁ-ਪੂਜਾ ਦੀ ਦਲਦਲ ਵਿਚ ਘਿਰੇ ਬ੍ਰਾਹਮਣ ਨੇ ਕਿੱਥੋਂ ਤਾਂ ਕੀ ਸਮਝਣਾ ਤੇ ਅਪਨਾਉਣਾ ਸੀ, ਗੁਰੂ ਬਾਬੇ ਦੇ ਆਪਣੇ ਅਖਵਾਉਣ ਵਾਲੇ 'ਸਿੱਖ ਵਿਦਵਾਨਾਂ' ਨੇ ਹੀ ਇਸ ਸੱਚੇ ਸੁੱਚੇ ਪੰਥ ਅਥਵਾ ਨਾਮ-ਧਰਮ ਬਾਰੇ ਉਹ ਭੁਲੇਖੇ ਪਾਏ ਅਤੇ ਇਸ ਨੂੰ ਕੁਝ ਕਰੂਪ ਕੀਤਾ ਹੈ ਕਿ 'ਦੁਸ਼ਮਣਾਂ ਦੀ ਦੁਸ਼ਮਣੀ ਦਾ ਗਿਲਾ ਕਰਨਾ ਬੇ-ਸੂਦ ਤੇ ਨਕਾਰਾਤਮਕ ਹੋ ਜਾਂਦਾ ਹੈ। ਗੈਰ ਸਿੱਖਾਂ ਦੀਆਂ ਕੁਹਮਤਾਂ ਦਾ ਉੱਤਰ ਤਾਂ ਦਿੱਤਾ ਜਾ ਸਕਦਾ ਹੈ; ਪਰ, ਜੇ 'ਆਪਣੇ' ਹੀ ਇਸ ਨਿਰਮਲ ਪੰਥ ਬਾਰੇ ਦੋਗਲੀ ਨੀਤੀ ਅਪਨਾਅ ਲੈਣ, ਅਤੇ ਸਵੈ-ਵਿਰੋਧੀ ਲਿਖਤਾਂ ਲਿਖਣੋਂ ਸੰਕੋਚ ਨ ਕਰਨ, ਸਚ ਤੇ ਦੂਰ-ਅੰਦੇਸ਼ੀ ਨੂੰ ਤਿਲਾਂਜਲੀ ਦੇਣ ਉੱਤੇ ਤੁੱਲ ਜਾਣ, ਤਾਂ ਬੇਸਾਖਤਾ ਮੂੰਹੋਂ ਨਿਕਲ ਜਾਂਦਾ ਹੈ ਕਿ 'ਖੁਦ ਕਰਦਾ ਰਾ ਚਿ; ਇਲਾਜ'? (ਆਪੇ ਕੀਤੇ ਦਾ ਕੀ ਇਲਾਜ?)

ਤਥਾ : ਗਿਲਾ ਸੱਯਾਦ ਸੇ ਹੈ, ਨ ਸ਼ਿਕਵਾ ਹੈ ਮੁਕੱਦਰ ਸੇ,
ਅਜਬ ਕੁੱਛ ਢੰਗ ਸੇ ਬਿਗੜਾ ਹੈ ਨਜ਼ਮਿ ਚਮਨ ਅਪਨਾ।
ਜਾਂ – ਦਿਲ ਕੇ ਫਫੋਲੇ ਜਲ ਉਠੇ ਸੀਨੇ ਕੇ ਦਾਗ਼ ਸੇ,
ਇਸ ਘਰ ਕੋ ਆਗ ਲਗ ਗਈ, ਘਰ ਕੇ ਚਰਾਗ਼ ਸੇ।

ਸ੍ਰੀ ਗੁਰੂ ਸਾਹਿਬ ਦੀ ਪਰਮ ਪ੍ਰਮਾਣਿਤ ਬਾਣੀ ਦੀ ਅੱਕਟ ਗਵਾਹੀ ਅਤੇ ਕਸਵੱਟੀ ਉੱਤੇ ਪਰਖੀਆਂ ਗੁਰੂ-ਸਾਖੀਆਂ, ਅਤੇ 'ਬਾਬਾਣੀਆਂ ਕਹਾਣੀਆਂ' ਦੀ ਪ੍ਰਚੰਡ ਰੌਸ਼ਨੀ ਵਿਚ ਵੇਖਿਆਂ ਵੀਚਾਰਿਆਂ, ਸੂਰਜ ਵੱਤ ਰੌਸ਼ਨ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਕੇਵਲ ਤੇ ਕੇਵਲ, ਇਕ ਅਕਾਲ ਦੇ ਪੁਜਾਰੀ ਸਨ। 'ਅਕਾਲ ਪੁਰਖ' ਉਹ ਹੈ ਜੋ ਕਾਲ ਅਥਵਾ ਮਹਾਂ ਕਾਲ ਦਾ ਵੀ ਕਾਲ ਕਰਦਾ ਹੈ; 'ਕਾਲ ਕਰੈ ਜੋ ਕਾਲ ਕੋ, ਸੋਈ ਪੁਰਖੁ ਅਕਾਲ'। ਇਸ ਲਈ, ਉਸ ਨੂੰ ਕਾਲ ਜਾਂ ਮਹਾਂ ਕਾਲ ਦੀ ਸੰਗਿਆ ਦੇਣੀ ਭਿਆਨਕ ਭੁਲ ਹੈ। ਸ੍ਰੀ ਦਸਮੇਸ਼ ਅਨੁਸਾਰ, ਉਹ 'ਕਾਲ-ਰਹਿਤ ਅਨਕਾਲ ਸਰੂਪਾ ਅਲੱਖ ਪੁਰਖੁ ਅਬਿਗਤੁ ਅਵਧੂਤਾ' (ਚੌਪਈ) ਹੈ। ਕੇਵਲ 'ਜਾਗਤ ਜੋਤਿ' ਦੇ ਪੁਜਾਰੀ ਸਤਿਗੁਰੂ ਨਾਲ, ਮਹਾਂ ਕਾਲ ਨੂੰ, ਉਨ੍ਹਾਂ ਦੇ ਇਸ਼ਟ ਜਾਂ ਅਕਾਲ ਪੁਰਖੁ ਦੀ ਥਾਂ ਜੋੜਨਾ, ਗੁਰਮੱਤ ਨਾਲ ਘੋਰ ਅਨਿਆਂਇ ਤੇ ਪਾਪ ਹੈ। ਇਕ ਓਅੰਕਾਰ ਹੀ ਉਨ੍ਹਾਂ ਦਾ ਪਰਮ ਇਸ਼ਟ ਸੀ, ਜੋ ਇਸ ਦਿਸਦੇ ਅਤੇ ਅਣ-ਦਿਸਦੇ ਸੰਸਾਰ ਅਥਵਾ ਕੁਲ-ਕਾਇਨਾਤ ਦਾ ਇਕ-ਮਾਤ੍ਰ ਕਰਤਾ, ਧਰਤਾ, ਹਰਤਾ ਤੇ ਚਾਲਕ ਹੈ। ਗੁਰਬਾਣੀ ਵਿਚ ਆਇਆ ਮੂਲ-ਮੰਤ੍ਰ—'ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ

ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ' ਅਥਵਾ 'ਜਪੁ' ਜੀ ਵਿਚ ਬਿਆਨਿਆ ਇਹ ਸਚ :

ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥' ਇਸ ਅਮਰ ਹਕੀਕਤ ਦੀ ਭਰਵੀਂ ਤੇ ਅਕੱਟ ਗਵਾਹੀ ਭਰਦਾ ਹੈ। ਗੁਰੂ ਬਾਬੇ ਜੀ ਦੇ ਨਿਰਮਲ ਪੰਥ ਸੰਬੰਧੀ ਦੂਜਾ ਇਹ ਵੱਡਾ ਸੱਚ ਜਾਨਣ ਤੇ ਮੰਨਣ ਦੀ ਲੋੜ ਹੈ ਕਿ ਗੁਰੂ ਸਾਹਿਬਾਨ ਦੀ ਕੇਵਲ ਕਾਇਆ ਬਦਲਦੀ ਰਹੀ ਹੈ, ਜੋਤ ਤੇ ਜੁਗਤ ਨਹੀਂ : 'ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥ (ਵਾਰ ਰਾਮਕਲੀ ਸ੍ਰੀ ਗੁਰੂ ਗ੍ਰੰਥ ਜੀ, ਪੰਨਾ 966)। ਸ੍ਰੀ ਗੁਰੂ ਨਾਨਕ ਦੇਵ ਜੀ ਕੇਵਲ ਇਕ ਨਿਰੰਕਾਰ ਦੇ ਪੁਜਾਰੀ ਹੋਣ ਕਰਕੇ ਹੀ ਨਿਰੰਕਾਰੀ ਕਹਾਏ। ਸੋ, ਉਨ੍ਹਾਂ ਦੀ ਜੋਤ, ਬਾਕੀ ਗੁਰੂ ਸਾਹਿਬਾਨ ਵੀ, ਓਸੇ ਤਰ੍ਹਾਂ ਹੀ ਨਿਰੰਕਾਰੀ ਤੇ ਇਕ ਅਕਾਲ ਦੇ ਪੁਜਾਰੀ ਹਨ। ਇਸ ਨਾਤੇ, ਉਹ ਮਨ, ਬਚਨ ਤੇ ਕਰਮ ਕਰ ਕੇ ਕੋਈ ਐਸਾ ਕਥਨ ਜਾਂ ਕਰਤੱਵ, ਕੋਈ ਐਸੀ ਲੀਲ੍ਹਾ ਚਿਤਵ ਹੀ ਨਹੀਂ ਸਕਦੇ ਜੋ ਸਿਧਾਂਤਕ ਤੌਰ ਤੇ ਆਦਿ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਪ੍ਰਗਟਾਏ ਵਿਚਾਰਾਂ ਦੇ ਵਿਰੁੱਧ ਹੋਵੇ। ਜੇ ਸ੍ਰੀ ਗੁਰੂ ਨਾਨਕ ਦੇਵ ਜੀ ਦੇਵੀ ਦੇਵਤਿਆਂ ਦੀ ਪੂਜਾ ਦਾ ਵਿਰੋਧ ਤੇ ਖੰਡਨ ਕਰਦੇ ਹਨ, ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਸ੍ਰੀ ਦਸ਼ਮੇਸ਼ ਜੀ ਕਲਪਤ ਚੰਡੀ, ਚੰਡਿਕਾ, ਸ਼ਾਰਦਾ, ਦੁਰਗਾ ਜਾਂ ਸ਼ਿਵਾ (ਪਾਰਬਤੀ) ਦੇ ਉਪਾਸ਼ਕ ਹੋਣ। ਇਸ ਸੰਬੰਧ ਵਿਚ, ਆਦਿ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਪਸ਼ਟ ਕਥਨ ਹੈ ਕਿ :

'ਦੇਵੀ ਦੇਵਾ ਪੂਜੀਐ ਭਾਈ, ਕਿਆ ਮਾਗਉ ਕਿਆ ਦੇਹਿ ?
ਪਾਹਣੁ ਨੀਰਿ ਪਖਾਲੀਐ ਭਾਈ, ਜਲ ਮਹਿ ਬੂਡਹਿ ਤੇਹਿ' (ਸੋਰਠਿ, ਪੰਨਾ 637)

(ਭਾਵਾਰਥ : ਹੇ ਭਾਈ, (ਮੂਰਖ ਲੋਕ) ਦੇਵੀ ਦੇਵਤੇ ਪੂਜਦੇ ਹਨ, ਪਰ ਉਹ ਇਹ ਨਹੀਂ ਜਾਣਦੇ ਕਿ ਇਹ ਕੀ ਦੇ ਸਕਦੇ ਹਨ ? ਭਾਵ, ਪੂਜਣ ਵਾਲੇ ਦੀ ਕੋਈ ਵੀ ਮੰਗ ਪੂਰੀ ਨਹੀਂ ਕਰ ਸਕਦੇ। ਇਨ੍ਹਾਂ ਪਾਸੋਂ ਮੰਗਣਾ ਇਵੇਂ ਹੀ ਹੈ, ਜਿਵੇਂ, ਪੱਥਰ ਦੀਆਂ ਮੂਰਤੀਆਂ ਦਾ ਪਾਣੀ ਵਿਚ ਧੋਣ ਤੇ ਪਾਉਣ ਨਾਲ ਆਪ ਹੀ ਡੁੱਬ ਜਾਣਾ। ਐਸੀਆਂ ਮੂਰਤੀਆਂ ਨੇ ਹੋਰਨਾਂ ਨੂੰ ਕੀ ਤਾਰਨਾ ਹੈ।)

ਫਿਰ, ਸਵਾਲ ਪੈਦਾ ਹੁੰਦਾ ਹੈ ਕਿ ਕੀ ਪਹਿਲੇ ਜਾਮੇ ਵਿਚ, ਵਜੂਦ ਰਹਿਤ, ਕਲਪਤ, ਪੌਰਾਣਿਕ ਤੇ ਮਿਥਿਹਾਸਿਕ ਦੇਵੀ ਦੇਵਤਿਆਂ ਦਾ ਖੰਡਨ ਕਰਨ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ, ਆਪਣੇ ਦਸਵੇਂ ਜਾਮੇ ਵਿਚ, ਇਹਨਾਂ ਦੇਵੀਆਂ ਅੱਗੇ ਹੱਥ ਫੈਲਾ ਕੇ, ਆਪਾ-ਵਿਰੋਧੀ ਹਰਕਤ ਕਰ ਸਕਦੇ ਹਨ ? ਕਦਾਚਿਤ ਨਹੀਂ। ਕੀ, 'ਸਚ ਕੀ ਬਾਣੀ ਨਾਨਕੁ ਆਖੈ' ਦਾ ਨਾਅਰਾ ਬੁਲੰਦ ਕਰਨ ਵਾਲਾ ਬੇਬਾਕ ਬਾਬਾ, ਕਦੀ ਸੁਪਨੇ ਵਿਚ ਵੀ ਐਸੀ ਨਿਰਾਧਾਰ ਗੱਲ ਸੋਚ ਸਕਦਾ ਹੈ ? ਗੁਰੂ ਨਾਨਕ ਜੋਤ, ਸ੍ਰੀ ਦਸ਼ਮੇਸ਼ ਜੀ ਤਾਂ, ਆਪਣੇ ਦਸਵੇਂ ਜਾਮੇ ਵਿਚ, ਆਪਣੇ ਪੂਜੇ ਇਸ਼ਟ, ਅਕਾਲ ਪੁਰਖ ਵਾਹਿਗੁਰੂ ਦੀ, ਇਉਂ ਵਡਿਆਈ ਕਰਦੇ ਹਨ :

ੳ) ਬਿਨ ਕਰਤਾਰ, ਨ ਕਿਰਤਮ ਮਾਨੋ ॥
ਆਦਿ, ਅਜੋਨਿ, ਅਜੈ, ਅਬਿਨਾਸੀ, ਤਿਹ ਪਰਮੇਸਰ ਜਾਨੋ ॥ (ਸ਼ਬਦ ਹਜ਼ਾਰੇ)

ਅ) ਜਾਗਤ ਜੋਤ ਜਪੈ ਨਿਸ ਬਾਸਰ,
ਏਕ ਬਿਨਾ ਮਨ, ਨੈਕ ਨ ਆਨੈ ॥ (33 ਸਵੈਯੇ)

ਸ੍ਰੀ ਦਸ਼ਮੇਸ਼ ਜੀ ਦਾ, ਜਾਗਤ ਜੋਤ ਅਕਾਲ ਪੁਰਖ, ਕਿਤਨਾ ਬੇਅੰਤ ਤੇ ਅਨੰਤ ਹੈ, ਵਾਚੋ ਉਹਨਾਂ ਦੇ ਆਪਣੇ ਸ਼ਬਦਾਂ ਵਿਚ :

ਕਈ ਕੋਟਿ ਇੰਦ੍ਰ, ਜਿਹ ਪਾਨਿਹਾਰ ॥ (ਪਾਣੀ ਭਰਦੇ ਹਨ)
ਕਈ ਕੋਟਿ ਰੁਦ੍ਰ (ਸ਼ਿਵ) ਜੁਗੀਆ ਦੁਆਰ ॥ (ਦੁਆਰ ਉੱਤੇ ਪਹਿਰੇਦਾਰ)
ਕਈ ਬੇਦ ਬਿਆਸ, ਬ੍ਰਹਮਾ ਅਨੰਤ ॥ ਜਿਹ ਨੇਤ ਨੇਤ, ਨਿਸਦਿਨ ਉਚਰੰਤ ॥
(ਅਕਾਲ ਉਸਤਤਿ, ਛੰਦ 242)

ਹੁਣ ਵਾਚੋ : 'ਦਸਮ ਗ੍ਰੰਥ' ਵਿਚਲੀ ਉਹ ਲਿਖਤ, ਜੋ ਉਪਰੋਕਤ ਰਚਨਾ ਵਿਚ ਪ੍ਰਗਟਾਏ ਵਿਚਾਰਾਂ ਦੇ ਐਨ ਉਲਟ ਹੈ; ਪਰ, ਜਾਣੇ, ਅਣਜਾਣੇ, ਸ੍ਰੀ ਗੁਰੂ ਜੀ ਦੇ ਪਾਵਨ ਨਾਮ ਨਾਲ ਮੜ੍ਹਨ ਦਾ ਅਨਰਥ ਕੀਤਾ ਜਾ ਰਿਹਾ ਹੈ, ਅਤੇ ਉਹ ਵੀ ਉਨ੍ਹਾਂ ਦੇ ਸਿੱਖ ਹੋਣ ਦਾ ਦਮ ਭਰਨ ਵਾਲੇ ਵਿਦਵਾਨਾਂ ਵੱਲੋਂ :

ੳ) ਦੋਹਰਾ : ਹੇ ਮਨ, ਭਜ ਤੂੰ ਸ਼ਾਰਦਾ (ਵਿਦਿਆ ਤੇ ਕਲਾ ਦੀ ਦੇਵੀ)
ਅਨਗਨ ਗੁਣ ਹੈ ਜਾਹਿੰ ॥
ਰਚੌਂ ਗ੍ਰੰਥ ਭਾਗਵਤ, ਜੌ ਵਹਿ (ਸ਼ਾਰਦਾ) ਕ੍ਰਿਪਾ ਕਰ ਹਿੰ ॥(ਕ੍ਰਿਸ਼ਨਾਵਤਾਰ, ਛੰਦ 6)

(ਨੋਟ : ਜਦ ਇੱਕ ਜੋਤ ਤੇ ਜੁਗਤ ਹੋ ਵਰਤੇ, ਪਹਿਲੇ ਗੁਰੂ ਸਾਹਿਬਾਨ ਨੇ, ਸਿਵਾਏ ਇੱਕ ਅਕਾਲ ਪੁਰਖ ਦੇ, ਨ ਕਿਸੇ ਦੂਜੀ ਹਸਤੀ ਨੂੰ ਵਾਹਿਗੁਰੂ ਤੁਲ ਮੰਨਿਆ, ਅਤੇ ਨ ਹੀ ਪੂਜਿਆ ਹੈ, ਤਾਂ ਫੇਰ ਆਪਣੀ ਦਸਵੀਂ ਜੋਤ—ਸ੍ਰੀ ਦਸਮੇਸ਼ ਦੁਆਰਾ, ਸ੍ਵੈ-ਖੰਡਨ ਅਤੇ ਆਪਾ ਵਿਰੋਧੀ ਰੱਵਈਆ ਇਖਤਿਆਰ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ? ਦਸ ਗੁਰੂ ਸਾਹਿਬਾਨ ਦਾ ਧਰਮ, ਅਥਵਾ ਜੀਵਨ-ਆਧਾਰ ਹੈ, ਕੇਵਲ ਸੱਚ ਤੇ ਸੱਚਾ ਆਚਾਰ।

ਗੁਰਬਾਣੀ ਵਿਚ ਆਏ 567 ਸੰਖੇਪ ਤੇ ਸੰਪੂਰਨ ਇਸ਼ਟ-ਮੰਗਲ (ੴ ਸਤਿਨਾਮੁ......) ਇਸ ਹਕੀਕਤ ਦੀ ਅਕੱਟ ਤੇ ਅਟੱਲ ਗਵਾਹੀ ਭਰਦੇ ਹਨ ਕਿ ਗੁਰੂ ਸਾਹਿਬਾਨ ਕੇਵਲ ਉਸ ਆਦਿ, ਅਜੂਨੀ ਤੇ ਅਜੈ ਓਅੰਕਾਰ ਦੇ ਉਪਾਸ਼ਕ ਹਨ, ਜੋ ਸਭ ਦਾ ਕਰਤਾ, ਹਰਤਾ ਤੇ ਮੂਲ ਹੈ। ਰਚਨਾ ਦੇ ਆਦਿ ਵਿਚ ਲਿਖਾਰੀ ਸਦਾ ਆਪਣੇ ਇਸ਼ਟ ਦਾ ਮੰਗਲ ਕਰਦਾ ਹੈ।)

ਅ) ਹੁਣ ਵਾਚੋ, ਕ੍ਰਿਸ਼ਨਾਵਤਾਰ ਦੇ ਅਠਵੇਂ ਛੰਦ ਵਿਚ ਕਵੀ ਵੱਲੋਂ, 'ਪਾਰਬਤੀ ਦੇਵੀ' ਦੀ 'ਗਰੀਬ ਨਿਵਾਜ਼ੀ' ਅਤੇ ਉਸ ਦੀ ਵਰ ਦੇਣ ਦੀ ਸ਼ਕਤੀ ਤੇ ਸਮਰਥਾ ਦਾ ਵਰਨਣ, ਅਤੇ ਸੋਚੋ ਕਿ ਇਸ ਕਲਪਤ ਦੇਵੀ ਅੱਗੇ ਐਸੀਆਂ ਲਿਲਕੜੀਆਂ ਲੈਣ ਵਾਲਾ 'ਕਵੀ', ਕਦੀ ਦਸਵਾਂ ਨਾਨਕ—ਸ੍ਰੀ ਗੁਰੂ ਗੋਬਿੰਦ ਸਿੰਘ, ਹੋ ਸਕਦਾ ਹੈ ?

ਸਵੈਯਾ : ਅਦ੍ਰਸੁਤਾ ਹ੍ਵੈ ਕੀ ਜੋ ਤਨਯਾ, ਮਹਿਖਾਸੁਰ ਕੀ ਮਰਤਾ ਪੁਨ ਜੋਊ ।
ਇੰਦ੍ਰ ਕੋ ਰਾਜਹਿ ਕੀ ਦਦੱਯਾ, ਕਰਤਾ ਬਧ ਸੁੰਭ ਨਿਸੁੰਭਹਿ ਦੋਊ ।
ਜੋ ਜਪ ਕੈ ਇਹ ਸੇਵ ਕਰੈ, ਬਰ ਕੋ ਸੁ ਲਹੈ ਮਨ-ਇੱਛਤ ਸੋਊ ।
ਲੋਕ ਵਿਖੇ, ਉਸ ਕੀ ਸਮਤੁਲ, ਗਰੀਬ-ਨਿਵਾਜ਼ ਨ ਦੂਸਰ ਕੋਊ ।
(ਅਦ੍ਰਸੁਤਾ-ਪਰਬਤ ਕੀ ਬੇਟੀ : ਪਾਰਬਤੀ। ਮਹਿਖਾਸੁਰ ਤੇ ਸੁੰਭ ਨਿਸੁੰਭ ਦੈਂਤਾਂ ਦੇ ਨਾਮ ਹਨ।)

ਨੋਟ :—"ਚੇਤੇ ਰਹੇ ਕਿ ਚੰਡਿ, ਚੰਡਿਕਾ, ਚੰਡੀ, ਦੁਰਗਾ, ਭਵਾਨੀ, ਭਗਉਤੀ, ਹਿੰਗਲਾ, ਪਿੰਗਲਾ, ਸ਼ੀਤਲਾ, ਸ਼ਿਵਾ ਆਦਿ ਸਾਰੇ ਨਾਮ ਪਾਰਬਤੀ ਦੇ ਹੀ ਹਨ ਜੋ 16 ਅਵਤਾਰਾਂ ਦੀ ਹੇਤੂ ਹੈ ।"

ਹੋਰ ਵੇਖ : ਚੰਡੀ ਚਰਿਤ੍ਰ (ਦੂਜਾ) ਦੇ ਅੰਤਲੇ ਛੰਦ, ਨੰ: 262 ਦੁਆਰਾ, 'ਕਵੀ' ਕਿਸ ਸ਼ਰਧਾ ਭਾਵਨਾ ਨਾਲ, ਚੰਡੀ ਦੇਵੀ ਦਾ ਧਿਆਨ ਧਰ ਕੇ ਮੁਕਤੀ ਪ੍ਰਾਪਤ ਕਰਨ ਦੀ ਪ੍ਰੇਰਨਾ ਕਰ ਰਿਹਾ ਹੈ, ਅਤੇ ਦੇਵੀ-ਭਗਤ ਸਿੱਖ ਵਿਦਵਾਨ, ਇਸ ਕਵੀ ਨੂੰ, ਸ੍ਰੀ ਦਸਮੇਸ਼ ਜੀ ਮੰਨਣ ਤੇ ਮਿਥਣ ਦਾ ਅਨਰਥ ਮਾਰ ਰਹੇ ਹਨ, ਜੋ ਦਰਅਸਲ ਸ਼ਾਕਤ-ਪੁਜਾਰੀ ਕੋਈ ਸ਼ਯਾਮ ਕਵੀ ਹੈ :

ਜੋ ਜੋ ਤੁਮਰੇ ਧਿਆਨ ਕੋ, ਨਿਤਿ ਉਠਿ ਧਿਐ ਹੈਂ ਸੰਤ ।
ਅੰਤ ਲਹੈਂਗੇ ਮੁਕਤਿ ਫਲੁ, ਪਾਵਹਿੰਗੇ ਭਗਵੰਤ ।

(ਇਸ ਅਨੁਸਾਰ ਪੂਜੇ ਜਾਣ ਵਾਲੀ ਦੇਵੀ ਤੇ ਭਗਵਾਨ ਅਲੱਗ ਦੋ ਹਸਤੀਆਂ ਹੋਈਆਂ ।)

ਪਰਖ : ਕਿਉਂ ਜੀ ! ਕੀ ਬਾਕੀ ਰਹਿ ਗਿਆ ਹੈ, ਜਿਸ ਲਈ ਇਕ ਅਕਾਲ ਪੁਰਖ ਵਾਹਿਗੁਰੂ ਨੂੰ ਸਿਮਰਿਆ, ਅਤੇ ਗੁਰਬਾਣੀ ਅਨੁਸਾਰ ਜੀਵਨ ਢਾਲ ਕੇ ਸੱਚੇ ਆਚਾਰ ਦੀ ਪ੍ਰਾਪਤੀ ਲਈ ਯਤਨਸ਼ੀਲ ਹੋਇਆ ਜਾਵੇ, ਜਦ ਕਿ ਦੇਵੀ ਭਗਤੀ ਦੁਆਰਾ ਹੀ ਮੁਕਤੀ ਪ੍ਰਾਪਤ ਹੋ ਜਾਂਦੀ ਹੈ ? ਜੇ ਕਲਪਤ ਦੇਵੀ ਦੇਵਤਿਆਂ ਤੋਂ ਹੀ ਮੁਕਤ, ਭੁਗਤ ਲਈ ਤਰਲੇ ਮਾਰਨੇ ਸਨ ਤਾਂ ਗੁਰੂ ਨਾਨਕ ਦੇਵ ਜੀ ਵਲੋਂ 'ਨਿਰਮਲ' ਤੇ 'ਨਿਰਾਲਾ' ਪੰਥ ਚਲਾਉਣ ਦੇ ਦਾਅਵੇ ਦੇ ਕੀ ਅਰਥ ? ਪਰ, ਸਾਡੇ ਵਿਦਵਾਨ ਹਨ ਜੋ ਵੱਡੀ ਦੀਦਾ-ਦਲੇਰੀ ਨਾਲ, ਇੱਕੋ ਸਾਹ, ਸੌ ਫੀਸਦੀ ਵਿਰੋਧੀ ਗੱਲਾਂ ਕਰੀ ਜਾ ਰਹੇ ਹਨ ਕਿ ਗੁਰੂ ਸਾਹਿਬਾਨ ਦਾ ਪੰਥ ਨਿਰਮਲ, ਨਿਆਰਾ ਤੇ 'ਬਿਪਰਨ ਕੀ ਰੀਤਿ' ਤੋਂ ਕਤਅਨ ਵੱਖਰਾ ਹੈ, ਅਤੇ ਨਾਲ ਹੀ ਕਲਪਤ, ਮਿਥਿਹਾਸਿਕ ਦੇਵੀ ਤੋਂ ਮੁਕਤੀ ਦਾ ਵਰ ਮੰਗਣ ਵਾਲਾ ਵੀ । ਨਾ ਇਹਨਾਂ ਲੋਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਗੁਰਬਾਣੀ ਵਿਚ ਬਖਸ਼ੀ ਸੇਧ ਦੀ ਪ੍ਰਵਾਹ ਹੈ, ਅਤੇ ਨਾ ਹੀ ਸ੍ਰੀ ਦਸਮੇਸ਼ ਜੀ ਦੀ ਉਸ ਬਾਣੀ ਦੀ ਜੋ ਸਿਧਾਂਤਕ ਤੌਰ ਉੱਤੇ ਗੁਰਬਾਣੀ ਨਾਲ ਪੂਰਨ ਮੇਲ ਖਾਂਦੀ ਹੈ । ਸੁਹਿਰਦ ਪਾਠਕਾਂ ਦੀ ਜਾਣਕਾਰੀ ਲਈ ਅਸੀਂ ਗੁਰਬਾਣੀ ਵਿਚੋਂ ਕੁਝ ਹੋਰ ਅਜਿਹੇ ਹਵਾਲੇ ਪੇਸ਼ ਕਰਦੇ ਹਾਂ, ਜਿਨ੍ਹਾਂ ਵਿਚ ਪ੍ਰਭੂ ਦੀ ਸਰਬੱਗਤਾ ਅਤੇ ਇਹਨਾਂ ਕਲਪਤ ਦੇਵੀ ਦੇਵਤਿਆਂ ਦੀ ਤੁੱਛਤਾ ਵਿਖਾਈ ਗਈ ਹੈ :—

ੳ) ਮਹਿਮਾ ਨ ਜਾਣਹਿ ਬੇਦ ॥ ਬ੍ਰਹਮੇ ਨਹੀਂ ਜਾਣਹਿ ਭੇਦ ॥
ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥ (ਮ: 5 ਰਾਮਕਲੀ)
ਦੇਵੀਆ ਨਹਿ ਜਾਨਹਿ ਮਰਮ ॥ ਸਭ ਊਪਰ ਅਲੱਖ ਪ੍ਰਾਰਬ੍ਰਹਮ ॥

(ਨੋਟ :—ਪੰਜਵੇਂ ਗੁਰੂ ਦੇਵ ਦੀ ਉਪ੍ਰੋਕਤ ਰਚਨਾ ਵਿੱਚ ਬੇਦ, ਬ੍ਰਹਮੇ, ਸ਼ਿਵ ਅਤੇ ਦੇਵੀਆਂ ਦੇਵਤੇ, ਸਭ ਪਦ ਬਹੁਵਚਨ ਹਨ— ਇੱਕ ਬ੍ਰਹਮਾ ਅਤੇ ਸ਼ਿਵ ਦੀ ਗੱਲ ਹੀ ਕੀ; ਇਹ ਸਭ ਨ ਲਖੇ, ਨਾ ਜਾਣੇ ਜਾਣ ਵਾਲੇ ਜਿਸ ਬੇਅੰਤ ਵਾਹਿਗੁਰੂ ਨੂੰ ਖੋਜਦੇ ਖੋਜਦੇ ਹਾਰ ਹੁੱਟ ਗਏ, ਐਸੇ ਪਾਰਬ੍ਰਹਮ ਦੇ ਉਪਾਸ਼ਕ ਹਨ ਸ੍ਰੀ ਗੁਰੂ ਅਰਜਨ ਦੇਵ ਜੀ ਅਥਵਾ ਉਹਨਾਂ ਦੀ ਜੋਤ ਸ੍ਰੀ ਦਸਮੇਸ਼ ਜੀ ।)

ਅ) ਘਰਿ ਮਹਿ ਠਾਕੁਰੁ ਨਦਰਿ ਨ ਆਵੈ ॥ ਗਲ ਮਹਿ ਪਾਹਣੁ ਲੈ ਲਟਕਾਵੈ ॥1॥
ਭਰਮੇ ਭੂਲਾ ਸਾਕਤੁ ਫਿਰਤਾ ॥ ਨੀਰੁ ਬਿਰੋਲੈ ਖਪਿ ਖਪਿ ਮਰਤਾ ॥ਰਹਾਉ॥

ਜਿਸੁ ਪਾਹਨ ਕਉ ਠਾਕੁਰੁ ਕਹਤਾ ॥ ਓਹੁ ਪਾਹਨੁ ਲੈ ਉਸ ਕਉ ਡੁਬਤਾ ॥2॥
ਗੁਨਹਗਾਰ ਲੂਣ ਹਰਾਮੀ ॥ ਪਾਹਣ ਨਾਵ ਨ ਪਾਰਗਿਰਾਮੀ ॥3॥

ਗੁਰ ਮਿਲਿ ਨਾਨਕ, ਠਾਕੁਰੁ ਜਾਤਾ ॥ ਜਲਿ ਥਲਿ ਮਹੀਅਲਿ ਪੂਰਨ ਬਿਧਾਤਾ ॥4॥
(ਪੰਨਾ 738, ਮ. 5)

ਨੋਟ :—ਉਪ੍ਰੋਕਤ ਸ਼ਬਦ ਵਿਚ ਪੰਚਮ ਗੁਰੂ ਜੀ, ਦੇਵੀ ਦੇਵਤਿਆਂ ਦੀਆਂ ਪੱਥਰ ਦੀਆਂ ਮੂਰਤੀਆਂ ਬਣਾ ਕੇ ਕੀਤੀ ਜਾ ਰਹੀ ਪੂਜਾ ਦਾ ਖੰਡਨ ਕਰਦੇ ਹਨ ਅਤੇ ਵਾਹਿਗੁਰੂ ਠਾਕੁਰ, ਜੋ ਹਰ ਥਾਂ ਵਿਆਪਕ ਹੈ, ਨੂੰ ਹੀ ਆਪਣਾ ਪੂਜ ਮੰਨਦੇ ਹਨ। ਐਸੇ ਨਿਰਾਕਾਰ ਪ੍ਰਭੂ ਦੇ ਉਪਾਸ਼ਕ ਗੁਰੂ ਜੀ ਨੂੰ, ਸ੍ਰੀ ਕ੍ਰਿਸ਼ਨ ਆਦਿ ਦੀ ਉਸਤਤੀ ਕਰਦੇ ਦਰਸਾਉਣਾ ਅਤੇ ਉਹਨਾਂ ਦੀ ਅੰਮ੍ਰਿਤ ਬਾਣੀ ਦੇ ਅਰਥਾਂ ਦੇ ਅਨਰਥ ਕਰਨੇ, ਕਿਤਨਾ ਅਨਿਆਇ ਹੈ, ਬ੍ਰਹਮ ਗਿਆਨੀ ਤੇ ਗੋਬਿੰਦ ਰੂਪ ਸਤਿਗੁਰੂ ਜੀ ਨਾਲ।

(ੲ) ਸਿਵ ਸਿਵ ਕਰਤੇ ਜੋ ਨਰੁ ਧਿਆਵੈ। ਬਰਦ ਚਢੇ ਡਉਰੂ ਢਮਕਾਵੈ ॥
ਮਹਾ ਮਾਈ (ਦੁਰਗਾ, ਭਵਾਨੀ, ਸਿਵਾ ਆਦਿ) ਕੀ ਪੂਜਾ ਕਰੈ ॥
ਨਰ ਸੈ ਨਾਰਿ ਹੋਇ ਅਉਤਰੈ।"
ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ?
ਗੁਰਮਤਿ ਰਾਮ ਨਾਮੁ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥ (874)

(ਨੋਟ :—ਭਗਤ ਨਾਮ ਦੇਵ ਜੀ ਉਪ੍ਰੋਕਤ ਬਾਣੀ ਰਾਹੀਂ ਸ਼ਬਦ ਦੇ ਅੰਤ ਵਿਚ ਜਿਥੇ ਆਪਣਾ ਮੱਤ, ਜੋ ਗੁਰਮਤ ਦੁਆਰਾ ਰਾਮ ਦੇ ਨਾਮ ਨੂੰ ਹਿਰਦੇ-ਵਸਾਉਣਾ ਹੈ, ਦਸਦੇ ਹਨ, ਉਥੇ ਦੇਵੀ ਦੇਵਤਿਆ ਦੀ ਤੁੱਛਤਾ ਵੀ ਦਰਸਾਉਂਦੇ ਹਨ, ਅਤੇ ਦੁਰਗਾ (ਭਵਾਨੀ, ਭਗਉਤੀ, ਸਿਵਾ ਆਦਿ) ਨੂੰ ਸਪਸ਼ਟ ਸੰਬੋਧਨ ਕਰਕੇ ਪੁੱਛਦੇ ਹਨ ਕਿ ਤੂੰ ਜੋ 'ਸਾਰੇ' ਵਰਾਂ ਦੀ (ਭੋਲੇ ਭਟਕੇ ਲੋਕਾਂ ਵਲੋਂ) ਦਾਤੀ ਮੰਨੀ ਜਾਂਦੀ ਹੈਂ; ਭਗਤਾਂ ਨੂੰ ਮੁਕਤੀ ਦੇਣ ਵੇਲੇ ਕਿੱਥੇ ਜਾ ਲੁਕਦੀ ਹੈਂ ? ਪ੍ਰੰਤੂ, ਸਾਡੇ ਆਪਣੇ ਲੇਖਕਾਂ ਅਤੇ ਲਘੂ-ਦ੍ਰਿਸ਼ਟੀ ਵਾਲੇ ਸਿੱਖ ਵੀਰਾਂ ਨੇ **"ਅੰਤ ਲਹੈਂਗੇ ਮੁਕਿਤ ਫਲ, ਪਾਵੈਂਗੇ ਭਗਵੰਤ ॥"** ਵਰਗੀਆਂ, ਕਿਸੇ ਦੇਵੀ-ਭਗਤ ਅਥਵਾ ਸਾਕਤ ਕਵੀ ਦੀਆਂ ਰਚਨਾਵਾਂ ਨੂੰ, ਸ੍ਰੀ ਦਸਮੇਸ਼ ਜੀ ਦੇ ਨਾਮ ਨਾਲ ਜੋੜ ਕੇ, ਅਟੱਲ ਤੇ ਅਮਰ ਗੁਰਮਤ ਸਿਧਾਂਤਾਂ ਨੂੰ ਵਲੂੰਧਰ ਛੱਡਿਆ ਹੈ। ਇਸ ਨੂੰ ਨਾ ਨਿਰਮਲ ਰਹਿਣ ਦਿੱਤਾ ਹੈ, ਅਤੇ ਨਾ ਹੀ ਨਿਆਰਾ ਤੇ ਨਿਰਾਲਾ।)

ਸ) ਲਓ, ਹੁਣ ਵਾਚੋ ਸ੍ਰੀ ਦਸਮੇਸ਼ ਜੀ ਦੀ ਆਪਣੀ ਬਾਣੀ ਵਿਚੋਂ, ਇਹਨਾਂ ਮਿਥਿਹਾਸਕ ਦੇਵੀ ਦੇਵਤਿਆਂ ਦੀ ਅਸਲੀਅਤ :—

1) ਸਾਰੇ ਵਿਦਵਾਨ ਸਰਬ ਸੰਮਤੀ ਨਾਲ ਇਹ ਸਵੀਕਾਰਦੇ ਹਨ ਕਿ 'ਅਕਾਲ ਉਸਤਤਿ' ਦੇ ਆਰੰਭ ਵਿਚ ਅੰਕਿਤ ਚੌਪਈ : **ਪ੍ਰਣਵੋ ਆਦਿ ਏਕੰਕਾਰਾ।** ਜਲ ਥਲ ਮਹੀਅਲ ਕੀਓ ਪਸਾਰਾ। ਆਦਿ ਪੁਰਖ ਅਬਗਤਿ ਅਬਿਨਾਸੀ। ਲੋਕ ਚੱਤ੍ਰੁਦਸ ਜੋਤਿ ਪ੍ਰਕਾਸੀ ॥ ਸ੍ਰੀ ਦਸਮੇਸ਼-ਕ੍ਰਿਤ ਹੈ। ਇਸ ਚੌਪਈ ਦੇ ਪੰਜਵੇਂ ਪਦੇ ਵਿਚ ਆਪ ਜੀ, ਆਦਿ ਪ੍ਰਭੂ ਦੀ ਵਡਿਆਈ ਕਰਦੇ ਹੋਏ, ਲਿਖਦੇ ਹਨ ਕਿ ਭਵਾਨੀ ਆਦਿ (ਕਥਿਤ ਦੇਵੀਆਂ) ਉਸ ਦੇ ਚਰਨਾਂ ਵਿਚ ਵਸਦੀਆਂ; ਭਾਵ, ਉਸ ਦੀਆਂ

ਸੇਵਕਾ ਤੇ ਦਾਸੀਆਂ ਹਨ। ਐਸੇ ਸਪਸ਼ਟ ਤੇ ਪ੍ਰਪਕਤਾ ਵਿਸ਼ਵਾਸ ਦੀ ਹੋਂਦ ਵਿਚ ਠਾਕੁਰ (ਮਾਲਿਕ) ਦੀ ਪੂਜਾ ਛੱਡ ਕੇ ਚੇਰੀ (ਦਾਸੀ) ਦੀ ਪੂਜਾ ਕਿਉਂ ?

ਅਨਹਦ ਰੂਪ, ਅਨਾਹਦ ਬਾਣੀ। ਚਰਨ ਸਰਨਿ ਜਿਹ ਬਸਤ ਭਵਾਨੀ।

ਬ੍ਰਹਮਾ ਬਿਸਨ ਅੰਤੁ ਨਹੀਂ ਪਾਇਓ। ਨੇਤ ਨੇਤ ਮੁਖ ਚਾਰ ਬਤਾਇਓ। (5) ਸ੍ਰੀ ਦਸਮੇਸ਼।

(ਟਿੱਪਣੀ : ਐਸੇ ਸਰਬ ਸ਼ਕਤੀਮਾਨ ਠਾਕੁਰ, ਸਵਾਮੀ ਨੂੰ ਛੱਡ ਕੇ ਉਸ ਦੇ ਚਰਨਾਂ ਦੀ ਸ਼ਰਨ ਵਿਚ ਰਹਿਣ ਵਾਲੀ ਭਵਾਨੀ (ਭਗਉਤੀ, ਦੁਰਗਾ, ਸਿਵਾ, ਹਿੰਗਲਾ ਆਦਿ) ਨੂੰ ਪੂਜਣ ਤੇ ਪ੍ਰਸੰਸਾ ਦੀ ਗੱਲ, ਕਿਸੇ ਦੇਵੀ-ਭਗਤ ਸ਼ਾਕਤ ਦੇ ਕਥਨ ਨੂੰ ਸਬੂਤ ਬਣਾ ਕੇ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤਿ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਦੇ ਪਵਿੱਤਰ ਨਾਮ ਨਾਲ ਮੜ੍ਹਨ ਤੇ ਜੋੜਨ ਤੋਂ ਵੱਧ ਹੋਰ ਕੀ ਅਨਰਥ, ਧ੍ਰੋਹ, ਧੋਖਾ ਅਤੇ ਗੁਰੂ-ਅਵੱਗਿਆ ਹੋ ਸਕਦੀ ਹੈ ?

2) ਕੋਈ ਦਿਜੇਸ਼ ਕੋ ਮਾਨਤ ਹੈ, ਔਰ ਕੋਈ ਮਹੇਸ਼ ਕੋ ਏਸ਼ ਭਣੈ ਹੈ (33 ਸਵੱਯੇ)
ਕੋਈ ਕਹੈ ਬਿਸਨੋ ਬਿਸਨਾਇਕ, ਜਾਹਿ ਭਜੇ ਅਘ ਓਘ ਕਟੈ ਹੈ।
ਬਾਰ ਹਜ਼ਾਰ ਵਿਚਾਰ ਅਰੇ ਜੜ ! ਅੰਤ ਸਮੇਂ ਸਭ ਹੀ ਤਜ ਜੈ ਹੈ।
ਤਾਂ ਹੀ ਕੋ ਧਿਆਨ ਪ੍ਰਮਾਨ ਹੀਯੇ, ਜੋਊ ਥਾ, ਅਬ ਹੈ, ਅਰ ਆਗੈਊ ਹ੍ਵੈ ਹੈ। ਪਾ. ੧੦

3) ਦੇਣਹਾਰ ਦਾਤਾਰ ਕੇਵਲ ਇਕ ਤੇ ਇਕ ਹੈ, ਅਤੇ ਹੋਰ ਸਭ ਮੰਗਤੇ ਹਨ। ਮੰਗਤਿਆਂ ਤੋਂ ਮੰਗਣਾ ਲੱਜਾ ਦਾ ਕਾਰਨ ਹੈ। ਗੁਰਮਤਿ ਸਿਧਾਂਤ ਹੈ : "ਮਾਗਉ ਰਾਮ ਤੇ ਸਭ ਥੋਕ" (ਮ.5) ਤਥਾ-ਸ੍ਰੀ ਦਸਮੇਸ਼ : "ਸਾਹਿਬ ਸ੍ਰੀ ਸਭ ਕੋ ਸਿਰਨਾਇਕ, ਜਾਚਕ ਅਨੇਕ, ਸੁ ਏਕ ਦਵੱਯਾ।"
(ਸੁਧਾ ਸਵੱਯੇ)

4) ਏਕ ਸ਼ਿਵ ਭਏ, ਏਕ ਗਏ, ਏਕ ਫੇਰ ਭਏ,
ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ।
ਬ੍ਰਹਮਾ ਅਰੁ ਬਿਸਨੁ ਕੇਤੇ, ਬੇਦ ਔ ਪੁਰਾਨ ਕੇਤੇ,
ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਏ ਹੈਂ। (ਅਕਾਲ ਉਸਤਤਿ, ਪੰ. 77)
ਮੋਨਦੀ ਮਦਾਰ ਕੇਤੇ, ਅਸੁਨੀ ਕੁਮਾਰ ਕੇਤੇ,
ਅੰਸਾ ਅਵਤਾਰ ਕੇਤੇ, ਕਾਲ ਬਸਿ ਭਏ ਹੈਂ।
ਪੀਰ ਔ ਪਿਕਾਂਬਰ ਕੇਤੇ, ਗਨੇ ਨ ਪਰਤ ਏਤੇ,
ਭੂਮਿ ਹੀ ਤੇ ਹੁਇ ਕੈ, ਫੇਰਿ ਭੂਮਿ ਹੀ ਮਿਲਏ ਹੈਂ।

ਵੰਨਗੀ ਵਜੋਂ, ਉਪ੍ਰੋਕਤ ਦਿੱਤੇ ਕੁਝ ਕੁ ਪ੍ਰਮਾਣ ਇਸ ਸੱਚ ਨੂੰ ਸੂਰਜ-ਵੱਤ ਰੋਸ਼ਨ ਕਰ ਦਿੰਦੇ ਹਨ ਕਿ ਗੁਰੂ ਸਾਹਿਬਾਨ ਇਕ ਅਕਾਲ ਤੋਂ ਸਿਵਾ, ਨ ਕਿਸੇ ਦੇਵੀ ਦੇਵਤੇ ਆਦਿ ਦੇ ਉਪਾਸ਼ਕ ਤੇ ਵਿਸ਼ਵਾਸੀ ਸਨ, ਅਤੇ ਨ ਹੀ ਕਿਸੇ ਦੇ ਉਸਤਤਿ ਕਰਤਾ। ਸਗੋਂ ਉਹ ਤਾਂ ਇਨ੍ਹਾਂ ਸਭਨਾਂ ਨੂੰ ਹਉਮੈਂ ਦੇ ਦੀਰਘ ਰੋਗ ਵਿਚ ਜਕੜੇ ਹੋਏ ਤੇ ਨਾਸ਼ਮਾਨ ਮੰਨਦੇ ਹਨ।

ਚੇਤਾਵਨੀ : 'ਨਿਰਮਲ ਪੰਥ' ਤੇ ਨਿਰਾਲੇ ਤੇ ਖਾਲਸੇ ਨੂੰ ਕਦਾਚਿਤ ਇਹ ਨਹੀਂ

1) ਬ੍ਰਹਮਾ, 2) ਸ਼ਿਵਜੀ, 3) ਈਸ਼ਵਰ, 4) ਵਿਸ਼ਵ ਦਾ ਮਾਲਿਕ, 5) ਪਾਪ ਕਲੇਸ਼। (33 ਸਵੈਯੇ)

ਭੁਲਣਾ ਚਾਹੀਦਾ ਕਿ ਜਾਣੇ, ਅਣਜਾਣੇ ਸਿੱਖ ਵਿਦਵਾਨਾਂ ਵੱਲੋਂ ਇਹ ਸਵੀਕਾਰਨਾ ਕਿ ਸਾਰਾ 'ਦਸਮ ਗ੍ਰੰਥ' ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਹੈ, ਵਿਰੋਧੀ ਅਨਮੱਤੀਆਂ ਤੇ ਪੰਥ-ਦੋਖੀਆਂ ਨੂੰ ਉਤਸਾਹਤ ਕਰਨਾ ਹੈ ਕਿ ਉਹ ਗੁਰੂ ਜੀ ਨੂੰ ਦੇਵੀ-ਪੂਜਨ ਅਤੇ ਚਰਿਤ੍ਰੋ-ਪਖਿਆਨ ਜੈਸੀਆਂ ਅਤਿ ਅਸ਼ਲੀਲ, ਨਗਨ ਤੇ ਕਾਮ-ਉਪਜਾਊ ਰਚਨਾਵਾਂ ਦਾ ਲਿਖਾਰੀ ਸਿੱਧ ਕਰਨ ਦੀ ਨਾਪਾਕ ਕੋਸ਼ਿਸ਼ ਕਰਨ, ਅਤੇ ਸਿੱਖ ਜਗਤ ਨੂੰ ਅਤਿ ਅਨਉਚਿਤ ਕੁੜਿੱਕੀ ਵਿਚ ਕਸੂਤੇ ਫਸਾ ਦੇਣ। ਇਸੇ ਸੰਬੰਧ ਵਿਚ, ਹੁਣੇ ਜਿਹੇ ਵਾਪਰੀ ਇਕ ਘਟਨਾ ਦਾ ਉਲੇਖ ਕਰਦਾ ਹਾਂ :—

ਸ੍ਰੀ ਰਾਜਿੰਦਰ ਸਰੀਨ ਇਕ ਪ੍ਰਸਿੱਧ ਲਿਖਾਰੀ ਤੇ ਪੱਤਰਕਾਰ ਹਨ। ਉਨ੍ਹਾਂ ਦਾ ਪੰਜਾਬ ਦੀ ਸਥਿਤੀ ਬਾਰੇ 20 ਜੂਨ, 1986 ਦੀ ਅੰਗਰੇਜ਼ੀ ਟ੍ਰਿਬਿਊਨ ਵਿਚ ਇਕ ਲੰਮਾ ਚੌੜਾ ਲੇਖ ਸੀ, ਜਿਸ ਵਿਚ ਉਨ੍ਹਾਂ ਨੇ ਸਿੱਖਾਂ ਨੂੰ ਮਸ਼ਵਰਾ ਦਿੱਤਾ ਸੀ ਕਿ ਉਹ ਸ਼ਿਵ ਸੈਨਾ ਦਾ ਇਸ ਕਰ ਕੇ ਵਿਰੋਧ ਨ ਕਰਨ; ਕਿਉਂਕਿ ਇਹ ਇਕ ਤਰ੍ਹਾਂ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੇ ਦੀ ਪੂਰਤੀ, ਅਤੇ ਉਨ੍ਹਾਂ ਦੇ ਸੁਪਨੇ ਨੂੰ ਸਾਕਾਰ ਕਰਨ ਵਾਲੀ ਗੱਲ ਹੈ। 'ਸਰੀਨ ਜੀ' ਦੀ ਇਸ ਮਨੌਤ ਤੇ ਪ੍ਰੇਰਨਾ ਦਾ ਆਧਾਰ ਸੀ 'ਚੰਡੀ ਚਰਿਤ੍ਰ' (ਉਕਤ ਬਿਲਾਸ) ਦਾ 231ਵਾਂ ਛੰਦ, ਜੋ ਸਿੱਖਾਂ ਨੇ ਬਿਨਾਂ ਪਰਖੇ, ਪਛਾਣੇ ਤੇ ਸੋਚੇ ਏ, ਕੌਮੀ ਤਰਾਨੇ* ਵਜੋਂ ਅਪਣਾਅ ਰੱਖਿਆ ਹੈ:

'ਦੇਹ ਸ਼ਿਵਾ ਬਰੁ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋਂ'......।'

'ਸਰੀਨ ਜੀ' ਨੇ 'ਸਿਵਾ' ਦੇ ਅਰਥ 'ਸ਼ਿਵ ਜੀ' ਕੀਤੇ ਹਨ, ਜਦ ਕਿ ਡਾ: ਹਰਿਭਜਨ ਸਿੰਘ ਜੀ ਨੇ 12-7-88 ਦੀ 'ਇੰਡੀਅਨ ਐਕਸਪ੍ਰੈਸ' ਦੇ ਪੰਨਾ 3 ਤੇ ਛਪੇ, ਹਵਾਲੇ ਵਾਲੇ ਨੋਟ ਅਨੁਸਾਰ ਇਸ ਦੇ ਅਰਥ ਚੰਡੀ ਕੀਤੇ ਹਨ, ਅਤੇ ਇਸ ਨਾਤੇ ਸ੍ਰੀ ਦਸਮੇਸ਼ ਜੀ ਨੂੰ ਸਿਧਾਂਤਕ ਤੇ ਅਮਲੀ ਤੌਰ ਤੇ (In precept and practice) 'ਚੰਡੀ ਤੇ ਸਰਸਵਤੀ' ਦੇਵੀ ਦਾ ਵਿਸ਼ਵਾਸੀ (Believer) ਕਰਕੇ ਬਿਆਨਿਆ ਹੈ। ਵੀਚਾਰਵਾਨਾਂ ਦਾ ਕਥਨ ਹੈ ਕਿ ਜਿਸ ਪਉਣ ਨੇ ਆਪਣੇ ਤਿੱਖੇ ਵੇਗ ਦੁਆਰਾ ਪਰਬਤ ਉਡਾ ਦਿਤੇ ਹੋਣ, ਉਸ ਅੱਗੇ ਰੂੰ ਕਿਸ ਲੇਖੇ ਵਿਚ ਆਉਂਦਾ ਹੈ ? ਕੁਝ ਇਵੇਂ ਹੀ, ਜਦ ਡਾ: ਹਰਿਭਜਨ ਸਿੰਘ ਜੀ ਜੈਸੇ ਵਿਦਵਾਨਾਂ ਸਿੱਖ ਦੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਨਿਰਮਲ ਤੇ ਨਿਰਾਲੇ' ਪੰਥ ਨੂੰ ਫੇਰ ਅਵਤਾਰਾਂ ਤੇ ਦੇਵੀ ਦੇਵਤਿਆਂ ਦੇ ਇੰਦਰ-ਜਾਲ ਵਿਚ ਫਸਾਉਣ ਅਤੇ 'ਚਰਿਤ੍ਰੋ ਪਖਿਆਨ' ਜੈਸੀ ਨਗਨ ਤੇ ਕਾਮਕ ਲਿਖਤ ਦਾ ਰਚੈਤਾ ਸਿੱਧ ਕਰਨ ਲਈ ਐਸੀ ਤੱਤਪਰਤਾ ਹੋਵੇਗੀ, ਤਾਂ ਸਰਲ, ਸਾਦੇ ਤੇ ਸਾਧਾਰਣ ਵਿਅਕਤੀ ਜਾਂ ਅਨਮਤੀ ਦੇ ਬਚਾਅ ਦੀ ਕੀ ਆਸ ਹੋ ਸਕਦੀ ਹੈ ? ਐਸੀ ਸਥਿਤੀ ਵਿਚ ਹਰ ਦੂਰ-ਅੰਦੇਸ਼ ਅਤੇ ਪੰਥ-ਦਰਦੀ ਨੂੰ ਖਦਸ਼ਾ ਹੋਣਾ ਸੁਭਾਵਕ ਹੈ ਕਿ ਕਲ ਨੂੰ ਪੰਥ-ਦੋਖੀ ਓਸੇ ਤਰ੍ਹਾਂ **'Riddles in Sikhism'** (ਸਿੱਖ ਧਰਮ ਦੀਆਂ ਬੁਝਾਰਤਾਂ ਤੇ ਉਲਝਣਾਂ) ਲਿਖਣਗੇ, ਜਿਵੇਂ ਡਾ: ਅੰਬੇਦਕਰ ਨੇ **Riddles in Hinduism'** ਲਿਖ ਕੇ ਸਾਰੇ ਹਿੰਦੂ-ਜਗਤ ਨੂੰ ਭੰਚਲ ਵਿਚ ਪਾ ਦਿੱਤਾ ਹੈ; ਅਤੇ ਇਸ ਦੇ ਜ਼ੁੰਮੇਵਾਰ ਹੋਣਗੇ ਉਹ ਸਿੱਖ ਲਿਖਾਰੀ, ਜੋ ਗੁਰਬਾਣੀ ਦੀ ਕਸਵੱਟੀ ਤੇ ਪਰਖ ਉੱਤੇ ਪੂਰੀਆਂ ਨ ਉਤਰਣ ਵਾਲੀਆਂ ਦਸਮ ਗ੍ਰੰਥ ਵਿਚਲੀਆਂ ਰਚਨਾਵਾਂ ਨੂੰ ਵੀ, ਸ੍ਰੀ ਦਸਮੇਸ਼ ਜੀ ਦੀ ਕ੍ਰਿਤ

*ਖਾਲਸੇ ਦਾ ਇਤਿਹਾਸਕ ਕੌਮੀ ਤਰਾਨਾ ਹੈ :

ਦੇਗੋ ਤੇਗੋ ਫ਼ਤਹ ਓ ਨੁਸਰਤ ਬੇਦਰੰਗ। ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਮੰਨਣ ਉੱਤੇ ਬੱਜਿਦ ਹਨ । ਹੁਣੇ ਜਿਹੇ ਇਕ ਸ੍ਰੀ ਰਾਜਿੰਦਰ ਸਿੰਘ ਨਿਰਾਲਾ ਵੱਲੋਂ ਪੰਜਾਬੀ ਵਿਚ ਲਿਖੀ ਪੁਸਤਕ ਦਾ ਹਿੰਦੀ ਅਨੁਵਾਦ ਪ੍ਰਕਾਸ਼ਤ ਹੋਇਆ ਹੈ, ਜਿਸ ਵਿਚ ਉਸ ਨੇ 'ਸਿੱਖਾਂ' ਮੋਢੇ ਉੱਤੇ ਬੰਦੂਕ ਰੱਖ ਕੇ ਸਿੱਧ ਕੀਤਾ ਹੈ ਕਿ ਸਿਖ ਹਿੰਦੂ ਹਨ ।

ਸਿਵਾ ਦੇ ਅਰਥ ?

ਜਿਹਾ ਕਿ, ਇਸ਼ਾਰੇ ਮਾਤ੍ਰ, ਪਿੱਛੇ ਦੱਸਿਆ ਜਾ ਚੁੱਕਾ ਹੈ; ਸ਼ਿਵ ਜੀ ਦੀ ਪਤਨੀ, ਪਾਰਬਤੀ ਦੇਵੀ ਓਸੇ ਤਰ੍ਹਾਂ ਦੁਰਗਾ, ਭਵਾਨੀ, ਭਗਉਤੀ, ਗਿਰਿਜਾ, ਚੰਡ, ਚੰਡਿਕਾ, ਅੰਬਿਕਾ, ਸੀਤਲਾ, ਹਿੰਗਲਾ, ਪਿੰਗਲਾ ਅਤੇ ਸ਼ਿਵਾ ਆਦਿ ਦੇਵੀਆਂ ਦੇ ਅਵਤਾਰਾਂ ਦੀ ਹੇਤੂ (ਕਾਰਨ) ਹੈ; ਜਿਵੇਂ ਪੌਰਾਣਿਕ ਸਾਹਿਤ ਵਿਚ ਵਿਸ਼ਨੂੰ ਜੀ ਨੂੰ ਬ੍ਰਹਮਾ, ਰੁਦ੍ਰ, ਰਾਮ, ਕ੍ਰਿਸ਼ਨ, ਮੱਛ, ਕੱਛ, ਨਾਰਾਇਣ ਮਹਾਂ ਮੋਹਨੀ, ਬੈਰਾਹ (ਸੂਰ) ਬਾਵਨ, ਧਨੰਤਰ, ਸੂਰਜ ਅਤੇ ਨਰ ਆਦਿ 24 ਅਵਤਾਰਾਂ ਦਾ ਹੇਤੂ ਮੰਨਿਆ ਗਿਆ ਹੈ । ਸਾਰੇ ਦਸਮ ਗ੍ਰੰਥ ਵਿਚ ਜਿੱਥੇ ਵੀ 'ਸਿਵਾ' ਪਦ ਦੀ ਵਰਤੋਂ ਹੋਈ ਹੈ, ਓਥੇ, ਇਸ ਤੋਂ ਸਪਸ਼ਟ ਮੁਰਾਦ ਹੈ : ਪਰਬਤ ਦੀ ਧੀ—ਪਾਰਬਤੀ । ਕਈ ਥਾਂ ਇਕੋ ਰਚਨਾ ਜਾਂ ਛੰਦ ਵਿਚ ਹੀ ਦੇਵੀ ਲਈ ਕਦੀ 'ਸਿਵਾ' ਪਦ ਦੀ ਵਰਤੋਂ ਕੀਤੀ ਗਈ ਹੈ, ਅਤੇ ਕਦੀ ਚੰਡ, ਚੰਡਿਕਾ ਜਾਂ ਦੁਰਗਾ ਪਦ ਦੀ । 'ਚੰਡੀ ਚਰਿਤ੍ਰ' (ਉਕਤ ਬਿਲਾਸ) ਵਿਚੋਂ ਵੰਨਗੀ ਵਜੋਂ ਲਈਆਂ, ਇਹ ਉਦਾਹਰਣਾਂ ਸਾਡੇ ਇਸ ਨਿਰਣੈ ਨੂੰ, ਸੋਲਾਂ ਆਨੇ, ਸੱਚ ਸਿੱਧ ਕਰਨ ਲਈ ਕਾਫ਼ੀ ਹਨ :—

(1) ਖੇਤ (ਰਣ ਭੂਮੀ) ਜੀਤ ਦੈਤੰਨ (ਸੁੰਭ ਨਿਸੁੰਭ) ਲੀਓ, ਗਏ ਦੇਵਤੇ ਭਾਜ ।
ਇਹ ਬੀਚਾਰਿਓ ਮਨ ਬਿਖੈ, ਲੇਹੁ 'ਸਿਵਾ' ਤੇ ਰਾਜ (ਛੰਦ 72)
ਭਾਵ : ਭਾਜ, ਖਾ ਕੇ, ਦੇਵਤੇ, ਮੁੜ, ਰਾਜ ਪ੍ਰਾਪਤੀ ਲਈ ਸ਼ਿਵਾ ਦੀ ਸ਼ਰਨ ਜਾ ਪਏ ।

(2) ...ਬਾਨ ਸੁਨੀ ਧੁਨਿ ਦੇਵਨ ਕੀ, ਸਭ ਦਾਨਵ ਮਾਰਨ ਕੋ ਪ੍ਰਨ ਕੀਨੋ । (ਛੰਦ 73)

(ਨੋਟ :—ਅੱਗੇ ਇਹੀ ਸ਼ਿਵਾ (ਪਾਰਬਤੀ) ਆਪਣੇ ਅੰਦਰ 'ਕਾਲੀ' ਨੂੰ ਸਮਾ ਕੇ 'ਚੰਡਕਾ' ਦਾ ਨਾਮ ਧਾਰ ਲੈਂਦੀ ਹੈ :

ਨਿਰਖ ਚੰਡਿਕਾ ਤਾਸ ਕੋ, ਤਬੈ ਬਚਨ ਇਹ ਕੀਨ ।
ਹੇ ਪੁਤ੍ਰੀ ਤੂੰ ਕਾਲਿਕਾ, ਹੋਹੁ ਜੁ ਮੁਝ ਮਹਿ ਲੀਨ ॥
ਸੁਨਤ ਬਚਨ ਯਹ ਚੰਡਿ ਕੋ, ਤਾਂ ਮਹਿ ਗਈ ਸਮਾਇ ।
ਜਿਉਂ ਗੰਗਾ ਕੀ ਧਾਰ ਮੈਂ, ਜਮਨਾ ਧੈਂਸੀ ਧਾਇ ॥ (ਛੰਦ 76 ਤੇ 77)

(ਨੋਟ :—'ਮਹਾਂ ਕਾਲਕਾ ਆਰਾਧੀ' ਵਿਚ, 'ਕਾਲਿਕਾ' ਨੂੰ ਪ੍ਰਮੇਸ਼ਰ, ਅਕਾਲ ਪੁਰਖ, ਮੰਨਣ ਵਾਲੇ ਸੱਜਣ ਨੋਟ ਕਰਨ ਕਿ ਏਥੇ 'ਕਾਲਿਕਾ' ਨੂੰ, 'ਚੰਡਿਕਾ', ਦੇਵੀ ਤੇ 'ਪੁਤ੍ਰੀ' ਕਹਿ ਕੇ ਸੰਬੋਧਨ ਕੀਤਾ ਗਿਆ ਹੈ, ਅਤੇ ਹਰ ਥਾਂ, ਇਸ ਦੀ ਵਰਤੋਂ 'ਇਸਤ੍ਰੀ ਲਿੰਗ' ਵਿਚ ਹੋਈ ਹੈ । ਚੰਡੀ ਚਰਿਤ੍ਰ ਦੇ ਅਗਲੇਰੇ ਛੰਦ 78 ਵਿਚ ਏਸੇ 'ਸਿਵਾ ਤੇ ਚੰਡਕਾ' ਨੂੰ 'ਗਿਰਜਾ' ਦਾ ਨਾਮ ਦਿੱਤਾ ਗਿਆ ਹੈ ।);

(3) ਚੈਨ ਤਬੈ 'ਗਿਰਿਜਾ' ਅਰ ਦੇਵਨ, ਬੁੱਧਿ ਇਹੈ ਮਨ ਮਧਿ ਬਿਚਾਰੀ, (78)
ਭੂਪ ਕੀਏ ਬਿਨੁ ਫੇਰ ਫਿਰੈ ਨਹਿ, ਭੂਮ ਸਭੈ ਅਪਨੀ ਅਵਧਾਰੀ,
ਇੰਦ੍ਰ ਕਹਿਓ; "ਅਬ ਢੀਲ ਬਨੈ ਨਹਿ, ਮਾਤ ਸੁਨੋ ; ਯਹ ਬਾਤ ਹਮਾਰੀ ।"

ਦੈਤਨ ਕੇ ਬਧ ਕਾਜ ਚਲੀ ਰਣਿ, ਕੋਪ ਪ੍ਰਚੰਡ ਭੁਜੰਗਨਿ ਨਾਗੀ। (ਕਾਲੀ ਨਾਗਨ ਬਣ ਕੇ)

(4) ਇਹ ਚੰਡਿਕਾ (ਪਾਰਬਤੀ ਦੇਵੀ) ਸੁਮੇਰ ਪਰਬਤ ਦੀ ਚੋਟੀ ਉਪਰ ਨਿਵਾਸ ਕਰਦੀ ਹੈ; ਕੈਲਾਸ਼ ਪਰਬਤ ਉੱਪਰ, ਆਪਣੇ ਪਤੀ ਸ਼ਿਵ ਜੀ ਨਾਲ :

ਸ੍ਰਿਗਸ ਮੇਰ ਕੇ ਚੰਡਿ ਬਿਰਾਜਤ, ਮਾਨੋ ਸਿਘਾਸਨ ਬੈਠੀ ਸਚੀ ਹੈ (79)
('ਇੰਦਰ ਦੀ ਰਾਨੀ 'ਸਚੀ ਵਾਂਗ')

(5) ਮਹਿਖਾਸੁਰ ਦੈਂਤ ਨੂੰ ਜਿੱਤਣ ਉਪ੍ਰੰਤ ਚੰਡਿ ਦੇਵੀ ਦਾ ਨਿਵਾਸ ਅਸਥਾਨ ਫੇਰ ਕੈਲਾਸ਼ ਪ੍ਰਬਤ ਹੈ : ਸਭ ਦੈਤਨ ਕੋ ਛੈ ਕਰਉ, ਬਸਉ ਸ਼ਿਵਪੁਰੀ ਜਾਇ ॥ (ਛੰਦ 23)

(6) ਉਹੀ ਚੰਡਿਕਾ; ਸੁੰਭ ਦੇ ਸਿਰ ਉੱਤੇ ਗਦਾ (ਗੁਰਜ) ਮਾਰਦੀ ਹੈ, ਪਰ ਉਸ ਦਾ ਨਾਮ ਏਥੇ 'ਸ਼ਿਵਾ' ਕਰ ਕੇ ਵਰਤਿਆ ਗਿਆ ਹੈ। ਕਾਰਨ ? ਇਹ ਸਾਰੇ ਨਾਮ ਪਾਰਬਤੀ ਦੇਵੀ ਅਥਵਾ ਸ਼ਿਵਾ ਦੇ ਹੋਣ ਕਰ ਕੇ ਸਮਾਨ ਤੇ ਇਕੋ ਅਰਥ ਰਖਦੇ ਹਨ ਏਸੇ ਲਈ ਇੱਕੋ ਛੰਦ ਜਾਂ ਪ੍ਰਸੰਗ ਵਿਚ ਪਾਰਬਤੀ ਦਾ ਨਾਮ ਕਦੀ ਕੋਈ ਵਰਤਿਆ ਗਿਆ ਹੈ, ਕਦੀ ਕੋਈ। (ਵਾਚੋ, ਚੰਡੀ ਚਰਿਤ੍ਰ ਉਕਤ ਬਿਲਾਸ, ਛੰਦ 97)
'ਧਾਇ ਗਦਾ ਗਹਿ, ਹੇਰਿਕੈ ਫਉਜ ਕੋ, ਘਾਉ 'ਸ਼ਿਵਾ' (ਚੰਡੀ) ਸਿਰਿ ਦੈਂਤ ਕੇ ਮਾਰਿਓ

(7) ਰਕਤਿਬੀਜ ਦੈਂਤ ਵਿਰੁਧ ਹੋਏ ਜੁੱਧ ਸਮੇਂ ਫੇਰ 'ਸ਼ਿਵਾ' ਦੇ ਨਾਮ ਦੀ ਹੀ ਵਰਤੋਂ ਕੀਤੀ ਗਈ ਹੈ :

ਰਕਤ ਬੀਜ ਦਲ ਸਾਜ ਕੈ, ਉਤਰੇ ਤਟਿ ਗਿਰਿ ਰਾਜ।
ਸ੍ਰਵਣਿ ਕੁਲਾਹਲ (ਸ਼ੋਰ) ਸੁਨਿ 'ਸ਼ਿਵਾ' ਕਰਿਓ ਜੁੱਧ ਕੋ ਸਾਜ (ਛੰਦ 128)

ਨੋਟ :—ਖਾਸ ਤੌਰ ਉੱਤੇ ਨੋਟ ਕਰਨ ਵਾਲਾ ਨੁਕਤਾ ਇਹ ਹੈ ਕਿ ਅਗਲੇ (ਛੰਦ ਨੰ: 129) ਵਿਚ ਹੀ ਏਸੇ 'ਸ਼ਿਵਾ' ਨੂੰ ਫੇਰ ਚੰਡਿਕਾ ਦਾ ਨਾਮ ਦਿੱਤਾ ਗਿਆ ਹੈ :

ਸੋਰਠਾ : ਹੁਇ ਸਿੰਘਹਿ (ਸ਼ੇਰ ਉੱਤੇ) ਅਸਵਾਰ ਗਾਜ ਗਾਜ ਕੈ 'ਚੰਡਿਕਾ',
ਚਲੀ ਪ੍ਰਬਲ ਅਸਿ ਧਾਰ, ਰਕਤਿਬੀਜ ਕੇ ਬਧ ਨਮਿਤ (ਮਾਰਨ ਲਈ)।

(8) ਵੇਖੋ: ਚੰਡੀ ਚਰਿਤ੍ਰ (ਦੂਜੇ) ਦੇ 229ਵੇਂ ਛੰਦ ਵਿਚ, ਕਿਵੇਂ ਇਨ੍ਹਾਂ ਦੇਵੀਆਂ ਦੇ ਨਾਮ ਆਪਸ ਵਿਚ ਹੀ ਓਤ ਪੋਤ ਹਨ, ਪਾਰਬਤੀ ਅਥਵਾ ਚੰਡੀ ਨੂੰ ਸੰਬੋਧਨ ਕਰ ਕੇ ਕਵੀ ਲਿਖਦਾ ਹੈ :

ਨਮੋ ਹਿੰਗੁਲਾ, ਪਿੰਗੁਲਾ, ਤੋਤਲਾਯੇ। ਨਮੋ ਕਾਰਤਿਕ੍ਯਾਨੀ 'ਸ਼ਿਵਾ' ਸੀਤਲਾਯੇ।

(9) 'ਚਰਿਤ੍ਰੋ ਪਖਿਆਨ' ਦੇ ਪਹਿਲੇ 'ਚੰਡੀ ਚਰਿਤ੍ਰ' ਦਾ ਪਹਿਲਾ ਮੰਗਲ ਹੈ :

'ਦੁਰਗਾ' ਤੂੰ, ਛਿਮਾ ਤੂੰ, 'ਸ਼ਿਵਾ' ਰੂਪ ਤੇਰੋ।
ਧਾਤ੍ਰੀ ਸਵਾਣ, ਨਮਸਕਾਰ ਮੇਰੋ।

(ਕੀ ਇਹ ਨਮਸਕਾਰ ਕਰਨ ਵਾਲੇ ਸ੍ਰੀ ਦਸ਼ਮੇਸ਼ ਜੀ ਹੀ ਹਨ ?)

(10) ਇਸ ਸੰਬੰਧ ਵਿਚ ਅਸੀਂ ਕੇਵਲ ਇਕ ਪ੍ਰਮਾਣ 'ਕ੍ਰਿਸ਼ਨਾਵਤਾਰ' (ਅੰਕ 426) ਵਿਚੋਂ ਵੀ ਦਿੰਦੇ ਹਾਂ, ਜੋ ਸਾਡਾ ਦ੍ਰਿਸ਼ਟੀਕੋਣ । ਕਿ 'ਸ਼ਿਵਾ' ਦਾ ਅਰਥ, ਸਾਰੇ 'ਦਸਮ ਗ੍ਰੰਥ' ਵਿਚ, ਕੇਵਲ ਤੇ ਕੇਵਲ, ਪਾਰਬਤੀ ਦੇਵੀ ਹੀ ਹੈ, ਅਤੇ 'ਸ਼ਿਵਾ' ਉਸ ਦੇ 16 ਨਾਂਵਾਂ ਵਿਚ ਇਕ ਨਾਮ ਹੈ, ਸਪਸ਼ਟ ਹੋ ਜਾਵੇ :

ਜਯਾ, ਆਜਯਾ, ਹਿੰਗਲਾ, ਪਿੰਗਲਾ ਹੈਂ, ਸ਼ਿਵਾ ਸੀਤਲਾ ਮੰਗਲਾ ਤੋਤਲਾ ਹੈਂ ।

ਨੋਟ :—ਇਸ ਪ੍ਰਸੰਗ ਵਿਚ, ਏਥੇ, ਫੇਰ ਇਹ ਦੱਸਣਾ ਵੀ ਲਾਹੇਵੰਦ ਹੋਵੇਗਾ ਕਿ—ਦੇਹ ਸ਼ਿਵਾ ਬਰ ਮੋਹਿ ਇਹੈ—" ਵਾਲਾ ਸਵੈਯਾ 'ਚੰਡੀ ਚਰਿਤ੍ਰ' (ਉਕਤਿ ਬਿਲਾਸ) ਵਿਚ 231ਵੇਂ ਅੰਕ ਉੱਤੇ ਆਉਂਦਾ ਹੈ । ਇਸ ਤੋਂ ਅਗਲੇ ਦੋਹਾਂ ਛੰਦਾਂ ਵਿਚ, ਇਹ ਕੌਤਕੀ ਕਹਾਣੀ ਘੜਨ ਵਾਲਾ ਕਵੀ, ਸ਼ਿਵਾ' ਦੀ ਥਾਂ 'ਚੰਡਿ' ਅਤੇ ਚੰਡਿਕਾ ਪਦ ਵਰਤਦਾ ਹੈ ; ਜਿਵੇਂ :

'ਚੰਡਿ ਚਰਿਤ੍ਰ' ਕਵਿਤਨ (ਕਵਿਤਾ) ਮੈ, ਬਰਨਿਓ ਸਭ ਹੀ ਰਸ ਰੁਦ੍ਰ ਮਈ ਹੈ ।
ਏਕ ਤੇ ਏਕ ਰਸਾਲ ਭਇਓ, ਨਖ ਤੇ ਸਿਖ ਲਉ ਉਪਮਾ ਸੁ ਨਈ ਹੈ ।
ਕਉਤਕ ਹੇਤ ਕਰੀ ਕਵਿ ਨੇ, ਸਤਸਯ ਕੀ ਕਥਾ ਇਹ ਪੂਰੀ ਭਈ ਹੈ ।
ਜਾਹਿ ਨਮਿਤ ਪੜੈ ਸੁਨਿ ਹੈ, ਨਰ, ਸੋ ਨਿਸਚੈ ਕਰ ਤਾਹਿ ਦਈ ਹੈ । (232)

ਛੰਦ 233 : ਛੰਦ ਗ੍ਰੰਥ ਸਤਸਯ ਕੋ ਕਰਿਓ, ਜਾ ਸਮ ਅਵਰੁ ਨ ਕੋਇ ।
ਜਿਹ ਨਮਿਤ ਕਵਿ ਨੇ ਕਹਿਓ, ਸੁ ਦੇਹ ਚੰਡਿਕਾ ਸੋਇ । (ਅੰਤਲਾ ਛੰਦ)

ਸਪਸ਼ਟ ਹੋਇਆ ਕਿ ਸ਼ਿਵਾ, ਚੰਡ ਤੇ ਚੰਡਿਕਾ ਆਦਿ ਨਾਮ, ਇਕੋ ਦੇਵੀ ਦੇ ਹੀ ਹਨ ।

ਨੋਟ : 'ਸਤਸਯ ਦੀ ਕਥਾ' ਤੋਂ ਮੁਰਾਦ ਚੰਡੀ ਦੀ ਉਹ ਕਥਾ ਹੈ ਜੋ 'ਮਾਰਕੰਡੇ ਪੁਰਾਣ' ਵਿਚ 700 ਸ਼ਲੋਕਾਂ ਉਤੇ ਆਧਾਰਤ ਹੈ ।)

'ਸ਼ਿਵਾ' ਪਦ ਦੇ ਨਿਰਣੇ ਬਾਰੇ, ਉੱਪਰ ਕੀਤੀ ਵਿਚਾਰ ਨੂੰ ਗਹੁ ਤੇ ਈਮਾਨਦਾਰੀ ਨਾਲ ਵਾਚਿਆਂ, ਵਿਚਾਰਿਆਂ ਇਹ ਤੱਥ ਸੂਰਜ-ਵਤ ਰੋਸ਼ਨ ਹੋ ਸਾਹਮਣੇ ਆਉਂਦੇ ਹਨ :

1) 'ਸ਼ਿਵਾ' ਦਾ ਅਰਥ ਏਥੇ, ਕਦਾਚਿਤ ਸ਼ਿਵ ਨਹੀਂ, ਅਤੇ ਨਾ ਹੀ **ਅਕਾਲ ਪੁਰਖ ਵਾਹਿਗੁਰੂ । ਸਾਰੇ ਦਸਮ ਗ੍ਰੰਥ ਵਿਚ ਹੀ, ਇਸ ਦਾ ਕੇਵਲ ਤੇ ਕੇਵਲ ਇਕ ਮਾਤ੍ਰ ਅਰਥ : ਪਾਰਬਤੀ ਦੇਵੀ ਹੈ**, ਜੋ ਵੱਖ ਵੱਖ ਰੂਪ ਤੇ ਨਾਂ ਧਾਰਦੀ ਹੈ ।

2) ਪਾਰਬਤੀ 16 ਅਵਤਾਰਾਂ ਦੀ ਹੇਤੂ ਹੈ, ਅਤੇ ਦੁਰਗਾ, ਭਗਉਤੀ, ਗਿਰਿਜਾ, ਚੰਡੀ, ਸੀਤਲਾ ਆਦਿ ਸਾਰੇ ਨਾਮ, ਅਸਲ ਵਿਚ, ਪਾਰਬਤੀ ਦੇ ਹੀ ਹਨ ।

3) ਜਦ ਜਦ ਵੀ ਮਹਿਖਾਸੁਰ, ਸੁੰਭ ਨਸੁੰਭ, ਚੰਡਮੁੰਡ ਆਦਿ ਦਾਨਵਾਂ, ਦੇਵਤਿਆਂ ਨੂੰ **ਇੰਦਰ ਸਮੇਤ, ਸੁਰਗੋਂ** ਭਜਾ ਦੇਂਦੇ ਹਨ ਤਾਂ ਉਹ ਹਰ ਵਾਰ ਪਾਰਬਤੀ ਦੇ ਅਸਥਾਨ, **ਕੈਲਾਸ਼ ਪਰਬਤ** ਵੱਲ ਹੀ ਭੱਜਦੇ ਤੇ ਸਹਾਇਤਾ ਲਈ ਪ੍ਰਾਰਥਨਾ ਕਰਦੇ ਹਨ, ਅਤੇ ਪਾਰਬਤੀ : ਸ਼ਿਵਾ, ਚੰਡਿ, ਜਾਂ ਚੰਡਿਕਾ ਆਦਿ ਦੇ ਰੂਪ ਤੇ ਨਾਂ ਹੇਠ ਦੈਂਤਾਂ ਨਾਲ ਯੁੱਧ ਕਰਦੀ ਅਤੇ ਉਹਨਾਂ ਨੂੰ ਇਕੱਲੀ ਹੀ ਮਾਰ ਮੁਕਾ ਕੇ, ਇੰਦਰ ਜਿਹੇ ਅੰਸ਼-ਪ੍ਰਸਤ ਰਾਜੇ ਨੂੰ, ਸੁਰਗ ਦੇ ਰਾਜ ਉੱਤੇ ਬਹਾਲ ਕਰਦੀ ਹੈ ।

4) ਸੱਤ ਸੌ ਸਲੋਕਾਂ ਉੱਤੇ ਨਿਰਭਰ ਚੰਡੀ ਦੀ ਇਹ ਕਥਾ ਮਾਰਕੰਡੇ ਪੁਰਾਣ ਤੋਂ ਲਈ ਗਈ ਹੈ, ਅਤੇ ਇਹ ਸਾਰੀ ਦੀ ਸਾਰੀ ਅਸੰਭਵਤਾ, ਕਲਪਨਾ ਤੇ ਮਿੱਥਿਆ ਉੱਤੇ ਆਧਾਰਤ ਹੈ; ਜਿਵੇਂ ਮਹਿਖਾਸੁਰ ਦੈਂਤ ਦਾ, 45 ਪਦਮ ਫੌਜ, ਜਿਸ ਦੀ ਗਿਣਤੀ 4 ਕਰੋੜ 50 ਲੱਖ ਅਰਬ ਬਣਦੀ ਹੈ ਨਾਲ ਦੇਵ ਲੋਕ ਉੱਤੇ ਧਾਵਾ ਕਰਨਾ (ਨੋਟ ਕਰੋ : ਸਾਰੀ ਦੁਨੀਆਂ ਦੀ ਵਧੀ ਆਬਾਦੀ ਤਾਂ ਇਸ ਵੇਲੇ ਕੇਵਲ ਪੰਜ ਅਰਬ ਹੈ, ਜੋ ਇਸ ਫੌਜ ਦਾ 90 ਕ੍ਰੋੜਵਾਂ ਹਿੱਸਾ ਬਣਦੀ ਹੈ।)

5) ਇਸ ਚਰਿਤ੍ਰ ਦਾ ਲਿਖਾਰੀ ਅੰਤ ਵਿਚ ਦਾਅਵਾ ਕਰਦਾ ਹੈ ਕਿ ਜੋ ਇਸ ਕਥਾ ਨੂੰ, ਜਿਸ ਭਾਵਨਾ ਨਮਿਤ ਪੜ੍ਹੇਗਾ, ਉਸ ਨੂੰ ਉਹ ਅਵੱਸ਼ ਪ੍ਰਾਪਤ ਹੋਵੇਗੀ, ਚੰਡੀ ਉਸ ਨੂੰ ਮਨ-ਇੱਛਤ ਫਲਾਂ ਨਾਲ ਨਿਹਾਲ ਕਰੇਗੀ। (ਛੰਦ ਨੰ: 232-ਉੱਪਰ)

6) ਗੁਰਮਤਿ ਅਥਵਾ ਗੁਰੂ ਸਾਹਿਬਾਨ ਦਾ ਇਹ ਅਮਰ ਤੇ ਅਟੱਲ ਸਿਧਾਂਤ ਹੈ ਕਿ 'ਕਿਸੇ ਮੰਤਵ ਦੀ ਪ੍ਰਾਪਤ ਲਈ, ਵਰਤੇ ਸਾਧਨ ਵੀ ਉਤਨੇ ਹੀ ਉੱਚੇ ਤੇ ਸ੍ਰੇਸ਼ਟ ਹੋਣੇ ਜੋਗ ਹਨ, ਜਿਨਾਂ ਕਿ ਉਹ ਮੰਤਵ ਜਾਂ ਨਿਸ਼ਾਨਾ। ਅੰਗਰੇਜ਼ੀ ਵਿਚ ਇਸ ਨੂੰ ਇਉਂ ਆਖਿਆ ਜਾ ਸਕਦਾ ਹੈ :—

"The means should be as high as the end in jself."

7) ਐਸੀ ਸੂਰਤ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਥਵਾ ਦਸਵੇਂ ਗੁਰੂ ਨਾਨਕ ਦੇਵ ਜੀ ਨੂੰ ਕੀ ਲੋੜ ਸੀ ਕਿ ਉਹ ਐਸੀਆਂ ਮਨੋ-ਕਲਪਤ ਝੂਠੀਆਂ ਤੇ ਅਣਹੋਣੀਆਂ ਕਹਾਣੀਆਂ ਦੇ ਆਪੋਂ ਉਲਥੇ ਕਰ ਕੇ ਪ੍ਰਚਾਰਦੇ, ਜਿਸ ਨਾਲ ਸਿੱਖਾਂ ਵਿਚ ਇਹ ਭੁਲੇਖਾ ਪੈਣ ਦੀ ਸੰਭਾਵਨਾ ਪੈਦਾ ਹੋ ਸਕਦੀ ਸੀ, ਕਿ ਸ੍ਰੀ ਗੁਰੂ ਜੀ, ਬਕੌਲ ਡਾ. ਹਰਿਭਜਨ ਸਿੰਘ, ਸਰਸਵਤੀ ਅਤੇ ਚੰਡੀ ਦੇਵੀ ਦੇ ਮਨੌਤੀ ਤੇ ਅਮਲੀ ਤੌਰ ਉੱਤੇ ਉਪਾਸ਼ਕ ਹਨ।

8) ਜੇ ਕੋਈ ਇਹ ਆਖੇ ਕਿ ਸ੍ਰੀ ਦਸਮੇਸ਼ ਜੀ ਨੂੰ ਚੰਡੀ ਦੇ ਇਹਨਾਂ ਯੁੱਧਾਂ ਤੋਂ ਸਿੱਖਾਂ ਅੰਦਰ ਬੀਰਤਾ ਅਤੇ ਧਰਮ-ਯੁੱਧ ਦਾ ਚਾਅ ਭਰਨਾ ਮਕਸੂਦ ਸੀ, ਤਾਂ ਇਹ ਦਲੀਲ ਵੀ ਬੜੀ ਥੋਥੀ ਹੈ, ਜੋ ਹਕੀਕਤਾਂ ਮੋਹਰੇ ਬੇਅਰਥ ਹੋ ਨਿਬੜਦੀ ਹੈ। ਸਨਿਮਰ ਪੁੱਛਿਆ ਜਾ ਸਕਦਾ ਹੈ ਕਿ ਸ੍ਰੀ ਹਰਿਗੋਬਿੰਦ ਸਾਹਿਬ, ਛੇਵੇਂ ਸਤਿਗੁਰਾਂ ਨੇ ਸਿੱਖਾਂ ਨੂੰ ਕਿਹੜੀ ਚੰਡੀ ਦੇਵੀ ਦਾ ਪਾਠ ਕੰਠ ਕਰਾਇਆ ਸੀ, ਜੋ ਸਿੱਖਾਂ ਨੇ ਬਾਦਸ਼ਾਹੀ ਸੈਨਾ ਨਾਲ ਚਾਰ ਵੱਡੇ ਯੁੱਧ ਲੜੇ ਅਤੇ ਚਾਰੇ ਹੀ ਜਿੱਤੇ। ਸਿੱਖਾਂ ਅੰਦਰ ਸੱਚ ਕਹਿਣ, ਸੁਣਨ ਪਾਲਣ ਦੀ ਸੂਰਮਤਾਈ ਤਾਂ ਬੇਬਾਕ ਤੇ ਮੋਢੀ ਸਤਿਗੁਰੂ ਜੀ, ਉਨ੍ਹਾਂ ਦੇ ਅਗਲੇ ਉਤ੍ਰਾਧਿਕਾਰੀ ਸਤਿਗੁਰੂਆਂ ਦੇ ਅਤੇ ਪੁੱਗ ਬੁੱਝੇ ਸਿੱਖਾਂ ਦੇ ਸੱਚੇ ਆਚਾਰ, ਇਕ ਅਕਾਲ ਦੀ ਓਟ ਅਤੇ ਸ਼ਹਾਦਤਾਂ ਨੇ ਹੀ ਭਰ ਦਿੱਤੀ ਸੀ, ਸ੍ਰੀ ਦਸਮੇਸ਼ ਜੀ ਨੇ ਉਸ ਨੂੰ ਹੋਰ ਪੱਕਿਆਂ ਅਤੇ ਵਿਉਂਤਬੱਧ ਤੇ ਜਥੇਬੰਦ ਕੀਤਾ। ਡਾਕਟਰ ਗੋਕਲ ਚੰਦ ਨਾਰੰਗ ਦੇ ਕਥਨ ਅਨੁਸਾਰ ਖਾਲਸੇ ਰੂਪੀ ਸਟੀਲ ਦੀ ਜਿਸ ਤਲਵਾਰ ਨੂੰ ਸ੍ਰੀ ਦਸਮੇਸ਼ ਜੀ ਨੇ ਤਿਆਰ ਕੀਤਾ, ਉਸ ਦਾ ਲੋਹਾ ਪਹਿਲੇ ਸਤਿਗੁਰਾਂ ਵਲੋਂ ਤਿਆਰ ਕੀਤਾ ਜਾ ਚੁੱਕਾ ਸੀ। ਦੂਜੇ ਸ਼ਬਦਾਂ ਵਿਚ, ਪੂਰਨ ਮਨੁਖ-ਖਾਲਸੇ ਦੀ ਸਿਰਜਨਾ ਦਾ ਕੰਮ ਆਦਿ ਸਤਿਗੁਰੂ ਨਾਨਕ ਦੇਵ ਜੀ ਤੋਂ, ਇਨ੍ਹਾਂ ਕਲਪਤ ਦੇਵੀ ਦੇਵਤਿਆਂ ਤੇ ਮੰਤ੍ਰਾਂ ਜੰਤ੍ਰਾਂ ਦੀ ਮਨੌਤ ਤੇ ਸਹਾਇਤਾ ਤੋਂ ਬਿਨਾਂ ਹੀ, ਆਰੰਭਿਆ ਜਾ ਚੁੱਕਾ ਸੀ।

9) ਜੇ ਦੇਵੀ ਦੇਵਤਿਆਂ ਦੀ ਇਹ ਮਿਥਿਹਾਸਿਕ ਕਹਾਣੀਆਂ ਹੀ ਕਿਸੇ ਵਿਅਕਤੀ ਵਿਚ ਸੂਰਬੀਰਤਾ ਭਰ ਸਕਦੀਆਂ ਤਾਂ ਹਿੰਦੂ ਕੌਮ ਗੁਲਾਮੀ ਤੇ ਅਧੋਗਤੀ ਦੀ ਰਸਾਤਲ ਵਿਚ ਕਿਉਂ

ਡਿਗਦੀ ?

10) ਜੇ ਭਲਾ ਸ੍ਰੀ ਦਸਮੇਸ਼ ਜੀ ਨੇ ਸਿੱਖਾਂ ਨੂੰ ਪੁਰਾਣੀ ਸਭਯਤਾ ਤੇ ਸਾਹਿਤ ਤੋਂ ਜਾਣੂ ਕਰਾਉਣਾ ਹੀ ਸੀ ਤਾਂ ਉਹ ਪ੍ਰਾਚੀਨ ਸਾਹਿਤ ਚੋਂ ਹੋਰ ਬਿਹਤਰੀਨ ਸਾਹਿਤ ਦੀ ਚੋਣ ਕਰ ਸਕਦੇ ਸਨ, ਨਾ ਕਿ ਉਹ, ਮੂਲੋਂ ਹੀ ਮਿਥਿਆਸਕ ਕਹਾਣੀਆਂ ਚੁਣਦੇ, ਜਿਥੇ ਇਕ ਦੇਵੀ **45 ਪਦਮ** ਫੌਜ ਦਾ ਤਨ ਤਨਹਾ (ਇਕੱਲੀ ਹੀ) ਖੈ ਕਰਦੀ ਹੈ। ਐਸੀਆਂ ਕਤਅਨ ਅਨ-ਹੋਣੀਆਂ ਤੇ ਹਵਾਈ ਕਥਾਵਾਂ ਦੇ ਪਲੰਦਿਆਂ ਦਾ ਕੀ ਲਾਭ, ਜੋ ਨਾ ਜੀਵਨ ਵਿਚ ਹੀ ਸੰਭਵ (Practicable) ਹੋਣ, ਅਤੇ ਨਾ ਹੀ ਸਾਰਥਕ —ਅਰਥ ਭਰਪੂਰ ?

11) ਜੇ ਜ਼ਰਾ ਗਹੁ ਅਤੇ ਨਿਰਪੱਖ, ਨਿਰਣਾਇਕ ਤੇ ਪੜਚੋਲੀ ਦ੍ਰਿਸ਼ਟੀ ਨਾਲ ਇਨ੍ਹਾਂ ਦੇਵੀ 'ਚਰਿਤ੍ਰਾਂ' ਨੂੰ ਵਾਚੋ, ਤਾਂ ਤੁਹਾਨੂੰ ਕਿਸੇ ਪ੍ਰਕਾਰ ਦੀ ਸਿੱਖਿਆ ਜਾਂ ਉਤਸ਼ਾਹ ਪ੍ਰਾਪਤ ਹੋਣ ਦੀ ਥਾਂ ਅਵਿਸ਼ਵਾਸ-ਭਰਪੂਰ ਹੈਰਾਨੀ, ਹਾਸੀ ਤੇ ਘਿਰਣਾ ਹੋਵੇਗੀ।

ਗੋਬਿੰਦ-ਰੂਪ ਗੁਰੂ ਸਾਹਿਬਾਨ ਐਸੇ ਕਰਾਮਾਤੀ ਮਿਥਿਆਵਾਦ ਤੋਂ ਨ ਕੇਵਲ ਕੋਹਾਂ ਦੂਰ ਤੇ ਉਚੇਰੇ ਹਨ; ਸਗੋਂ, ਕੱਟੜ ਵਿਰੋਧੀ ਵੀ। ਉਹ ਮਨੁੱਖ ਨੂੰ **'ਸੱਚੇ ਸੁੱਚੇ ਆਚਾਰ'** ਦੁਆਰਾ ਉਭਾਰਨ ਦੇ ਹਾਮੀ ਹਨ —**'Human uplift based on truthful living.'**

ਛੰਦਾਂ ਦੀ ਤਰਤੀਬ ਵਿਚ ਅਦਲਾ-ਬਦਲੀ

ਜਿਹਾ ਕਿ ਪਿੱਛੇ ਦੱਸਿਆ ਜਾ ਚੁੱਕਾ ਹੈ : **'ਦੇਹਿ ਸਿਵਾ ਬਰ ਮੋਹਿ...'** ਵਾਲੇ ਸਵੈਯੇ ਦਾ ਸਹੀ ਅੰਕ ਨੰ: 231 ਹੈ, ਛਾਪੇ ਦੇ 'ਦਸਮ ਗ੍ਰੰਥ' ਵਿਚ ਵੀ ਇਹ ਅੰਕ 231ਵਾਂ ਹੀ ਹੈ; ਪ੍ਰੰਤੂ ਸਵਰਗੀ ਭਾਈ ਰਣਧੀਰ ਸਿੰਘ (ਸ੍ਰੋ: ਕਮੇਟੀ) ਨੇ, ਪੰ. ਯੂਨੀ. ਵਲੋਂ ਛਾਪੇ 'ਦਸਮ ਗ੍ਰੰਥ ਸ਼ਬਦਾਰਥ' ਵਿਚ ਇਸ ਛੰਦ ਨੂੰ ਇਸ ਰਚਨਾ ਦਾ ਅੰਤਲਾ, ਅੰਕ ਨੰ. 333 ਦੇ ਦਿੱਤਾ ਹੈ, ਜੋ ਕਤਅਨ ਗਲਤ, ਭੁਲੇਖਾ-ਪਾਊ ਅਤੇ ਵਿਸ਼ਾ-ਵਸਤੂ ਦੀ ਤਰਤੀਬ ਦੇ ਉਲਟ ਹੈ।

ਇਸ ਸੰਬੰਧ ਵਿਚ ਸਾਡੇ ਵਲੋਂ, ਬਾਰ ਬਾਰ ਦੁਹਰਾਇਆ ਅਤੇ ਸਿੱਧ ਕੀਤਾ ਗਿਆ ਵੱਡਾ ਸੱਚ ਇਹ ਹੈ ਕਿ ਸ਼ਿਵਾ, ਚੰਡਿ ਚੰਡਿਕਾ (ਚੰਡੀ) ਹਿੰਗਲਾ ਪਿੰਗਲਾ, ਸੀਤਲਾ, ਦੁਰਗਾ, ਭਗਉਤੀ, ਭਵਾਨੀ, ਜਗ-ਮਾਤਾ ਤੇ ਸੀਤਲਾ ਆਦਿ ਸਾਰੇ ਨਾਮ, ਸ਼ਿਵ ਜੀ ਦੀ ਪਤਨੀ, ਪਾਰਬਤੀ ਦੇ ਹੀ ਹਨ, ਜੋ ਇਨ੍ਹਾਂ ਦੇ 'ਅਖੌਤੀ' ਅਵਤਾਰਾਂ ਦੀ ਹੇਤੂ ਹੈ। ਸੋ, **ਚੰਡੀ ਚਰਿਤ੍ਰ** (ਉਕਤ ਬਿਲਾਸ) ਦੇ ਸਾਰੇ ਪ੍ਰਸੰਗਾਂ ਦੇ ਤੱਥਾਂ ਤੇ ਵਿਸ਼ਾ-ਵਸਤੂ ਨੂੰ ਅੱਖੋਂ ਪ੍ਰੋਖੇ ਕਰ ਕੇ, **'ਦੇਹਿ ਸਿਵਾ ਬਰ ਮੋਹਿ...।** ਵਾਲੇ ਸਵੈਯੇ ਵਿਚ ਆਏ ਪਦ, 'ਸ਼ਿਵਾ' ਨੂੰ ਅਕਾਲ ਪੁਰਖ ਮੰਨ ਕੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਉਸ ਅੱਗੇ ਪ੍ਰਾਰਥਨਾ ਕਰਦੇ ਵਿਖਾਉਣਾ ਜਾਂ ਮੰਨਣਾ, ਖੋਜ ਤੇ ਸਚਾਈ ਦੇ ਪੱਖੋਂ ਸੌ ਫ਼ੀਸਦੀ, ਨ ਕੇਵਲ ਗਲਤ, ਬੇ-ਬੁਨਿਆਦ ਤੇ ਤੁਹਮਤ-ਭਰਪੂਰ ਹੀ ਹੈ; ਸਗੋਂ, ਇਕ ਅਕਾਲ-ਪੁਜਾਰੀ ਸਤਿਗੁਰੂ ਜੀ, ਅਤੇ ਉਨ੍ਹਾਂ ਦੇ ਨਾਨਕ ਨਿਰਮਲ ਤੇ ਨਿਆਰੇ ਪੰਥ ਨਾਲ ਵੱਡਾ ਧ੍ਰੋਹ ਤੇ ਧੋਖਾ ਵੀ। ਸਿਖ ਲਈ ਇਉਂ ਸੋਚਣਾ ਤੇ ਸਵੀਕਾਰਨਾ ਪਾਪ ਹੈ, ਮੁਦੱਈ ਬਣ ਕੇ ਇਸ ਘੋਰ ਮਨਮਤ ਦੇ ਪ੍ਰਚਾਰ ਕਰਨ ਬਾਰੇ ਕੀ ਆਖੀਏ ? (ਇਹ ਛੰਦ ਤਾਂ, ਜਿਤ ਉਪ੍ਰੰਤ, ਸ਼ਿਵਾ ਦੇਵੀ ਅੱਗੇ ਦੇਵਤਿਆਂ ਦੀ ਪ੍ਰਾਰਥਨਾ ਹੈ)

ਇਕ ਅਹਿਮ ਨੁਕਤਾ ਹੋਰ :

ਪਾਰਬਤੀ ਦੇਵੀ ਅਥਵਾ ਇਸ ਦੇ ਚੰਡੀ ਆਦਿ ਹੋਰ ਅਵਤਾਰਾਂ ਨੂੰ ਇਕੋ ਹੀ ਰਚਨਾ ਵਿਚ ਚੰਡਿ (ਚੰਡੀ) ਵੀ ਕਿਹਾ ਗਿਆ ਹੈ ਅਤੇ ਜੱਗ-ਮਾਤਾ (ਸਾਰੇ ਜੱਗ ਦੀ ਮਾਤਾ) ਤੇ ਦੁਰਗਾ ਵੀ, ਜੋ ਇਸ ਗੱਲ ਦਾ ਅਕੱਟ ਸਬੂਤ ਹੈ ਕਿ ਸਾਰੀਆਂ ਦੇਵੀਆਂ ਆਪਸ ਵਿਚ ਓਤ ਪੋਤ ਤੇ ਇੱਕੋ ਹਨ; ਜਿਵੇਂ :

ੳ) 'ਕੋਪ ਭਰੀ ਰਨਿ ਚੰਡਿ (ਚੰਡੀ) ਪ੍ਰਚੰਡ ਸੁ, ਪ੍ਰੇਰ ਕੈ ਸਿੰਘ ਧਸੀ ਰਨ ਮੈ ।...
ਮਨੁ ਤੇ ਤਨੁ ਤੇਜੁ ਚਲਿਓ 'ਜਗ ਮਾਤ' ਕੈ ਦਾਮਿਨ ਜਾਨ ਚਲੈ ਘਨ ਮੈ ।'
(ਛੰਦ 48, ਚੰਡੀ ਚਰਿਤ੍ਰ ਉਕਤਿ ਬਿਲਾਸ)

(ਨੋਟ—ਸਾਰੇ 'ਦਸਮ ਗ੍ਰੰਥ' ਵਿਚ 'ਜਗਮਾਤ' ਜਾਂ 'ਜਗਮਾਤਾ' ਪਦ, ਦੇਵੀ ਲਈ ਵਰਤਿਆ ਗਿਆ ਹੈ। ਇਸ ਦੇ ਹੱਠ-ਅਧੀਨ ਖਿੱਚ ਧੂਹ ਕੇ 'ਅਕਾਲ ਪੁਰਖ ਵਾਹਿਗੁਰੂ' ਅਰਥ ਕਰਨਾ, ਕਤਅਨ ਗਲਤ ਤੇ ਨਿਰਮੂਲ ਹੈ।)

ਅ) ਬਹੁਰੋ ਅਰਿ ਸਿੰਧੁਰ ਕੇ ਦਲ ਪੈਠ ਕੈ, ਦਾਮਨਿ' ਜਿਉਂ ਦੁਰਗਾ ਦਮਕੇ ।
'ਜਗਮਾਤ ਪ੍ਰਤਾਪ ਹਨੇ ਸੁਰਤਾਪ, ਸੁ ਦਾਨਵ ਸੈਨ ਗਈ ਜਮ ਕੈ । (ਓਹੀ ਅੰ. 50)

(ਨੋਟ :—ਇਸ ਦੇ ਅੰਤ ਵਿਚ ਕਵੀ 'ਚਰਿਤ੍ਰੋ ਪਾਖਯਾਨ' ਦੇ 7555 ਛੰਦਾਂ, ਤੇ 579 ਪੰਨਿਆਂ ਵਾਲੀ ਸਾਰੀ ਰਚਨਾ ਨੂੰ ਸਤਲੁਜ ਨਦੀ ਕੰਢੇ, ਭਾਦੋਂ ਸੁਦੀ ਅੱਠ, ਐਤਵਾਰ (ਸੰਮਤ 1753) ਨੂੰ ਰਚਿਆ ਤੇ ਸੰਪੂਰਨ ਕੀਤਾ ਦਸਦਾ ਹੈ; ਪਰ ਸਾਡੇ ਭੋਲੇ ਵੀਰ ਚੌਪਈ ਨੂੰ ਨੰਗਲ ਪਾਸ ਸਤਲੁਜ ਕੰਢੇ ਰਚਿਆ ਮੰਨ ਕੇ ਓਥੇ ਭਭੌਰ ਸਾਹਿਬ ਗੁਰਦੁਆਰਾ ਬਣਾ ਬੈਠੇ ਹਨ ਅਤੇ ਅਣ-ਇਤਿਹਾਸਕ ਤੌਰ ਉਤੇ ਇਹ ਮਿਥ ਪੱਕੀ ਕਰੀ ਜਾ ਰਹੇ ਹਨ ਕਿ ਸ੍ਰੀ ਦਸਮੇਸ਼ ਨੇ ਇਹ ਚੌਪਈ ਇਥੇ ਉਚਾਰੀ ਸੀ।)

ਸਾਡੇ ਉਹ ਭੋਲੇ ਵੀਰ, ਜਿਹੜੇ 'ਚਰਿਤ੍ਰੋ ਪਾਖਿਆਨ' ਵਰਗੀ ਵੱਡ ਆਕਾਰੀ (579 ਪੰਨੇ) ਅਸ਼ਲੀਲ ਤੇ ਕਾਮਕ ਰਚਨਾ ਦੇ ਅੰਤਲੇ **404ਵੇਂ** ਚਰਿਤ੍ਰ ਦੇ ਅਖੀਰ ਵਿਚ ਅੰਕਿਤ ਚੌਪਈ ਦੇ ਹੇਠਲੇ ਧੜੇ ਨੂੰ, ਨਿਤਨੇਮ ਵਿਚ ਸ਼ਾਮਿਲ ਕਰਨ ਤੇ ਚੌਪਈ ਮੋਖ-ਦਾਤੀ ਮੰਨਣ ਦਾ ਹੱਠ ਕਰਦੇ ਹਨ, ਉਹ ਨਹੀਂ ਜਾਣਦੇ ਕਿ ਇਸ ਛੰਦ ਵਿਚਲੀ **ਜਗ-ਮਾਤਾ** ਦਾ ਵੀ ਓਹੀ ਅਰਥ ਹੈ, ਜੋ ਬਾਕੀ ਦਸਮ ਗ੍ਰੰਥ, ਵਿਸ਼ੇਸ਼ ਕਰ ਕੇ ਚੰਡੀ ਚਰਿਤ੍ਰਾਂ ਵਿਚ, ਆਇਆ ਹੈ, ਭਾਵ—ਪਾਰਬਤੀ, ਚੰਡੀ, ਦੁਰਗਾ ਆਦਿ। ਇਹ ਛੰਦ ਹੈ : ਕ੍ਰਿਪਾ ਕਰੀ ਹਮ ਪਰ **ਜਗ ਮਾਤਾ** । ਗ੍ਰੰਥ (ਚਰਿਤ੍ਰ ਪਾਖਿਆਨ) ਕਰਾ ਪੂਰਨ ਸੁਭਰਾਤਾ...ਸ੍ਰੀ ਅਸਧੁਜ ਜਬ ਭਏ ਦਇਆਲਾ । ਪੂਰਨ ਕਰਾ ਗ੍ਰੰਥ ਤੱਤਕਾਲਾ ।

ਮਨ ਬਾਛਤ ਫਲ ਪਾਵੈ ਸੋਈ । ਦੂਖ ਨ ਤਿਸੈ ਬਿਆਪਤ ਕੋਈ । (ਚਰਿਤ੍ਰ ਪਾਖਿਆਨ)

ਵਿਚਾਰਨ ਵਾਲੀ ਗੱਲ

ਗੁਰ ਸਿੱਖਾਂ ਲਈ ਪੂਰਨ ਠਰ੍ਹੰਮੇ ਤੇ ਗੰਭੀਰਤਾ ਨਾਲ ਸੋਚਣ ਵੀਚਾਰਨ ਵਾਲੀ ਗੱਲ ਹੈ ਕਿ (ੳ) ਕੀ ਸ੍ਰੀ ਦਸਮੇਸ਼ ਜੀ ਆਪ 'ਜਗਤ ਮਾਤਾ' (ਪਾਰਬਤੀ) ਦੀ ਕਿਰਪਾ ਨਾਲ ਇਹ 'ਚਰਿਤ੍ਰੋ ਪਾਖਿਆਨ' ਜਿਹਾ ਅਸ਼ਲੀਲ ਗ੍ਰੰਥ ਲਿਖ ਤੇ ਸੰਪੂਰਨ ਕਰ ਰਹੇ ਹਨ ? ਫੇਰ, ਕੀ ਇਸ ਗ੍ਰੰਥ ਦੇ

ਪੜ੍ਹਨ ਵਾਲੇ ਸਿੱਖਾਂ ਦੇ ਸਾਰੇ ਦੁਖ ਦੂਰ ਹੋ ਜਾਣਗੇ ਅਤੇ ਸਾਰੇ ਮਨ-ਇੱਛਤ ਫਲ ਪ੍ਰਾਪਤ ਹੋਣਗੇ ? ਚੇਤੇ ਰਹੇ ਕਿ 'ਚਰਿਤ੍ਰ ਪਾਖਿਆਨ' ਜਿਹੀ ਅਨੁਚਿਤ ਰਚਨਾ ਨੂੰ ਕੋਈ ਗੁਰਸਿੱਖ, ਮਾਤਾਵਾਂ, ਭੈਣਾਂ ਤੇ ਬੱਚੀਆਂ ਸਹਿਤ, ਸੰਮਿਲਤ, ਸਾਂਝੀ ਸੰਗਤ ਵਿਚ ਪੜ੍ਹਨ ਸੁਣਨ ਦਾ ਹੀਆ ਨਹੀਂ ਕਰ ਸਕਦਾ, ਵਿਆਖਿਆ ਕਰ ਸਕਣੀ ਤਾਂ ਬਹੁਤ ਦੂਰ ਦੀ ਗੱਲ ਹੈ। ਇਹੀ ਕਾਰਨ ਹੈ ਕਿ ਵਰਤਮਾਨ ਪ੍ਰਕਾਸ਼ਕਾਂ : ਭੋਸਰਕ ਸਿੰਘ ਬੁਦਰਸ, ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅਤੇ ਗਿਆਨੀ ਲਾਲ ਸਿੰਘ ਜੀ ਚੋਣਵੀਂ ਬਾਣੀ) ਨੇ ਦਸਮ ਗ੍ਰੰਥ' ਦੀ ਪ੍ਰਕਾਸ਼ਨਾਂ ਸਮੇਂ 'ਚਰਿਤ੍ਰ ਪਾਖਿਆਨ' ਅਤੇ ਹਕਾਇਤਾਂ (ਫਾਰਸੀ) ਨੂੰ ਇਸ ਵਿਚ ਸ਼ਾਮਿਲ ਨਹੀਂ ਕੀਤਾ, ਦਸਮ ਗ੍ਰੰਥ ਦੇ ਕੁਲ 1428 ਪੰਨਿਆਂ ਚੋਂ 616 ਪੰਨੇ ਦੀ ਇਸ ਰਚਨਾ ਨੂੰ ਛਾਪਣਾ ਯੋਗ ਨਹੀਂ ਜਾਤਾ। ਆਖਰ, ਇਸ ਵਿਤਕਰੇ ਦਾ ਕੋਈ ਤਾਂ ਕਾਰਨ ਯਕੀਨਨ ਹੈ।

'ਚਰਿਤ੍ਰ ਪਾਖਿਆਨ' ਬਾਰੇ ਸਿੰਘ ਸਾਹਿਬਾਨ ਦਾ ਅਹਿਮ ਫੈਸਲਾ।'

ਸਵਰਗੀ ਸ. ਸੰਤੋਖ ਸਿੰਘ ਚੰਡੀਗੜ੍ਹ ਨੇ 6-7-73 ਨੂੰ ਇਕ ਪੱਤਰ, ਸ੍ਰੋਮਣੀ ਗੁ.ਪ੍ਰ. ਕਮੇਟੀ, ਅੰਮ੍ਰਿਤਸਰ ਨੂੰ ਹੇਠ ਲਿਖੀਆਂ ਪੁੱਛਾਂ ਦਾ ਉੱਤਰ ਦੇਣ ਹਿਤ ਲਿਖਿਆ :

1) ਅਰਦਾਸ ਉਪ੍ਰੰਤ 'ਰਾਜ ਕਰੇਗਾ ਖਾਲਸਾ' ਪੜ੍ਹਨ ਬਾਰੇ

2) ਕੀ 'ਦਸਮ ਗ੍ਰੰਥ' ਵਿਚ ਅੰਕਿਤ 'ਚਰਿਤ੍ਰ ਪਾਖਿਆਨ' ਸ੍ਰੀ ਦਸਮੇਸ਼ ਬਾਣੀ ਹੈ। ਸ੍ਰੋ. ਗੁ. ਪ੍ਰ. ਕਮੇਟੀ ਦੇ ਧਾਰਮਿਕ ਸਲਾਹਕਾਰ (ਸਿੰਘ ਸਾਹਿਬਾਨ) ਨੇ, ਉਪ੍ਰੋਕਤ ਪੁੱਛਾਂ ਦੇ ਜੋ ਉੱਤਰ ਬਖਸ਼ੇ, ਉਹ, ਸ: ਗੁਰਬਖਸ਼ ਸਿੰਘ ਜੀ, ਮੀਤ ਸਕੱਤਰ, ਧਰਮ ਪ੍ਰਚਾਰ ਕਮੇਟੀ ਦੇ ਪੱਤਰ ਨੰ: 36672 ਮਿਤੀ 3-8-1973 ਅਨੁਸਾਰ ਇਸ ਪ੍ਰਕਾਰ ਸਨ :—

ਸ੍ਰੀਮਾਨ ਜੀ, ਆਪ ਜੀ ਦੀ ਪਤ੍ਰਿਕਾ ਮਿਤੀ 6-7-73 ਦੇ ਸੰਬੰਧ ਵਿਚ, ਸਿੰਘ ਸਾਹਿਬਾਨ, ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ ਦੀ ਰਾਇ, ਹੇਠ ਲਿਖੇ ਅਨੁਸਾਰ, ਆਪ ਜੀ ਨੂੰ ਭੇਜੀ ਜਾਂਦੀ ਹੈ :—

1) 'ਰਾਜ ਕਰੇਗਾ ਖਾਲਸਾ' ਜੋ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਰ ਗੁਰਦੁਆਰਿਆਂ ਵਿਚ ਪੜ੍ਹਿਆ ਜਾਂਦਾ ਹੈ, ਇਹ ਗੁਰਮਤਿ ਦੇ ਅਨੁਕੂਲ ਹੈ, ਕਿਉਂਕਿ ਇਹ ਦੋਹਰੇ ਪੜ੍ਹਨ ਦਾ ਪੰਥਕ ਫੈਸਲਾ ਹੈ। ਇਸ ਫੈਸਲੇ ਤੇ ਸ਼ੰਕਾ ਨਹੀਂ ਕਰਨੀ ਚਾਹੀਦੀ।

2) ਚਰਿਤ੍ਰ ਪਖਯਾਨ ਜੋ ਦਸਮ ਗ੍ਰੰਥ ਵਿਚ ਅੰਕਿਤ ਹਨ, ਇਹ ਦਸਮੇਸ਼ ਬਾਣੀ ਨਹੀਂ। ਇਹ ਪੁਰਾਤਨ ਹਿੰਦੂ ਮਿਥਿਹਾਸਕ ਸਾਖੀਆਂ ਦਾ ਉਤਾਰਾ ਹੈ।

ਸ਼ੁਭ ਚਿੰਤਕ—(ਸਹੀ) ਗੁਰਬਖਸ਼ ਸਿੰਘ
ਮੀਤ ਸਕੱਤਰ, ਧਰਮ ਪ੍ਰਚਾਰ ਕਮੇਟੀ,
ਸ਼੍ਰੋਮਣੀ ਗੁ. ਪ੍ਰ. ਕਮੇਟੀ, ਅੰਮ੍ਰਿਤਸਰ।

ਨੋਟ :—ਉਪ੍ਰੋਕਤ ਫੈਸਲਾ ਦੇਣ ਵਾਲੇ ਸਨ :— ਸਿੰਘ ਸਾਹਿਬ ਗਿ. ਸਾਧੂ ਸਿੰਘ ਜੀ ਭੌਰਾ, ਜਥੇਦਾਰ ਅਕਾਲ ਤਖਤ ਸਾਹਿਬ ਅਤੇ ਸਿੰਘ ਸਾਹਿਬਾਨ—ਗਿਆਨੀ ਚੇਤ ਸਿੰਘ ਜੀ ਹੈਡ ਗ੍ਰੰਥੀ, ਗਿ: ਕਿਰਪਾਲ ਸਿੰਘ ਜੀ ਗ੍ਰੰਥੀ, ਗਿਆਨੀ ਮੋਹਨ ਜੀ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ।

ਹਵਾਲੇ ਵਾਲੇ ਸ਼ਬਦ ਦੇ ਸਹੀ ਅਰਥ :—

ਹੁਣ, ਆਓ ਵਾਚੀਏ, ਅਰਥਾਈਏ ਤੇ ਵਿਚਾਰੀਏ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਸ ਸ਼ਬਦ ਨੂੰ, ਜਿਸ ਵਿਚ ਡਾਕਟਰ ਹਰਿਭਜਨ ਸਿੰਘ ਜੀ ਨੇ ਸਤਿਗੁਰਾਂ ਨੂੰ ਸ੍ਰੀ ਕ੍ਰਿਸ਼ਨ ਜੀ ਦੀ ਉਸਤਤਿ ਕਰਦੇ ਦਸਿਆ ਹੈ, ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 534 ਪੰਨੇ ਉੱਤੇ, ਰਾਗ ਦੇਵ ਗੰਧਾਰੀ ਵਿਚ, ਇਸ ਤਰ੍ਹਾਂ ਵਿਦਮਾਨ ਹੈ :—

'ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ ॥
ਅਤਿ ਸੁੰਦਰ ਮਨਮੋਹਨ ਪਿਆਰੇ, ਸਭ ਹੂ ਮਧਿ ਨਿਆਰੇ ॥1॥ਰਹਾਉ॥
ਰਾਜੁ ਨ ਚਾਹਉ ਮੁਕਤਿ ਨ ਚਾਹਉ, ਮਨਿ ਪ੍ਰੀਤਿ ਚਰਨ ਕਮਲਾਰੇ ॥
ਬ੍ਰਹਮ, ਮਹੇਸ ਸਿਧ, ਮੁਨਿ, ਇੰਦ੍ਰਾ, ਮੋਹਿ ਠਾਕੁਰ ਹੀ ਦਰਸਾਰੇ ॥1॥
ਦੀਨ ਦੁਆਰੈ ਆਇਓ ਠਾਕੁਰ, ਸਰਨਿ ਪਰਿਓ ਸੰਤ ਹਾਰੇ ॥
ਕਹੁ ਨਾਨਕ ਪ੍ਰਭ ਮਿਲੇ ਮਨੋਹਰ, ਮਨੁ ਸੀਤਲ ਬਿਗਸਾਰੇ ॥2॥

ਉਪ੍ਰੋਕਤ ਸ਼ਬਦ ਦੇ ਠੀਕ ਠੀਕ ਅਰਥ ਕਰਨ ਤੋਂ ਪਹਿਲਾਂ ਸਾਨੂੰ ਗੁਰਮਤਿ ਸਿਧਾਂਤ ਦੇ ਇਹ, ਕੁਝ ਕੁ ਬੁਨਿਆਦੀ ਸਿਧਾਂਤ ਜਾਨਣੇ ਜ਼ਰੂਰੀ ਹਨ :

1. ਗੁਰੂ ਸਾਹਿਬਾਨ ਕੇਵਲ ਤੇ ਕੇਵਲ ਉਸ ਅਕਾਲ ਦੇ ਪੁਜਾਰੀ ਹਨ, ਜਿਸ ਦਾ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਅਥਵਾ ਬਾਕੀ ਗੁਰੂ ਸਾਹਿਬਾਨ ਦੀ ਬਾਣੀ ਦੇ ਮੁੱਢ ਵਿਚ ਸੰਪੂਰਨ ਮੰਗਲ ਅਥਵਾ ਸੰਖੇਪ ਮੂਲ-ਮੰਤ੍ਰ) ਦੇ ਰੂਪ ਵਿਚ ਇਸ ਪ੍ਰਕਾਰ ਆਇਆ ਹੈ :—

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਨੋਟ :—ਇਸ ਸੰਬੰਧ ਵਿਚ ਇਹ ਹਕੀਕਤ ਵਿਸ਼ੇਸ਼ ਤੌਰ ਉੱਤੇ ਨੋਟ ਕਰਨ ਵਾਲੀ ਹੈ ਕਿ ਕਿਸੇ ਰਚਨਾ ਦੇ ਆਰੰਭ ਤੋਂ ਪਹਿਲਾਂ, ਲਿਖਾਰੀ, ਸਦਾ ਉਸ ਹਸਤੀ ਅੱਗੇ ਹੀ ਮੰਗਲਮਈ ਕਾਮਨਾ ਕਰਦਾ ਹੈ, ਜੋ ਉਸ ਦਾ ਇਸ਼ਟ ਅਥਵਾ ਪੂਜਯ ਹੋਵੇ । ਗੁਰੂ ਸਾਹਿਬਾਨ ਵਲੋਂ ਉਚਾਰਿਆ ਉਕਤ ਮੰਗਲਾਚਰਣ ਇਸ ਸੱਚ ਦਾ ਅਕੱਟ, ਅਟੱਲ ਸਬੂਤ ਹੈ ਕਿ ਗੁਰੂ ਜੀ ਕੇਵਲ ਉਸ ਇਕ ਅਕਾਲ ਪੁਰਖ ਵਾਹਿਗੁਰੂ ਦੇ ਉਪਾਸ਼ਕ ਹਨ, ਜਿਸ ਦੇ ਗੁਣ ਉੱਪਰ ਬਿਆਨ ਕੀਤੇ ਗਏ ਹਨ।

2) ਗੁਰੂ ਸਾਹਿਬਾਨ ਨਾ ਕੇਵਲ ਇਕ ਕਰਤਾਰ ਨੂੰ ਆਪਣਾ ਇਸ਼ਟ ਹੀ ਮੰਨਦੇ ਸਨ; ਸਗੋਂ, ਉਸ ਤੋਂ ਭਿੰਨ ਬ੍ਰਹਮਾ, ਵਿਸ਼ਨੂੰ ਆਦਿ ਪੌਰਾਣਿਕ ਹਸਤੀਆਂ ਨੂੰ, ਹਉਮੈਂ ਅਥਵਾ ਮਾਇਆਗ੍ਰਸਤ ਤੇ ਰੋਗੀ ਦਸਦੇ ਹਨ । ਐਸੀ ਸੂਰਤ, ਵਿਚ, ਉਹਨਾਂ ਦੇ ਗੁਣ ਗਾਉਣ ਤੇ ਉਹਨਾਂ ਉਤੇ ਈਮਾਨ ਰੱਖਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਸਬੂਤ ਵਜੋਂ ਕੁਝ ਪ੍ਰਮਾਣ ਹਾਜ਼ਰ ਹਨ :—

'ਰੋਗੀ ਬ੍ਰਹਮਾ, ਬਿਸਨੁ ਸੁ ਰੁਦ੍ਰਾ, ਰੋਗੀ ਸਗਲ ਸੰਸਾਰਾ ॥
ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥' (ਮ. 1, ਪੰ. 1153)

(ਨੋਟ :—ਕੀ ਗੁਰੂ ਨਾਨਕ, ਆਪਣੇ ਪੰਜਵੇਂ ਸਰੂਪ ਵਿਚ, ਇਹਨਾਂ ਰੋਗੀ ਅਵਤਾਰਾਂ ਦੀ ਉਪਾਸ਼ਨਾ ਕਰ ਸਕਦਾ ਹੈ ?

ਨੋਟ :—ਭਾਈ ਕਾਨ੍ਹ ਸਿੰਘ ਜੀ ਨਾਭਾ, ਹਰੀ, ਨਾਰਾਇਣ, ਗੋਬਿੰਦ, ਗੋਪਾਲ ਆਦਿ ਨਾਵਾਂ ਉੱਤੇ ਟਿੱਪਣੀ ਕਰਦੇ ਹੋਏ 'ਗੁਰਮੱਤ ਮਾਰਤੰਡ' ਦੇ ਪੰਨੇ (2) ਉੱਤੇ, ਸਪਸ਼ਟ ਲਿਖਦੇ ਹਨ।—

"ਭਾਵੇਂ ਪੰਡਿਤ (ਤਾਰਾ ਸਿੰਘ ਨਿਰਮਲੇ) ਜੀ ਦੇ ਦੱਸੇ ਨਾਮ, ਕਰਤਾਰ ਤੋਂ ਛੁੱਟ, ਕਿਸੇ ਹੋਰ ਦੇਵਤਾ ਦੇ ਨਹੀਂ ਹਨ, ਪਰ ਉਹਨਾਂ ਨੂੰ ਵਿਸ਼ਨੂੰ ਦੇ ਸਮਝਣਾ ਭੁੱਲ ਹੈ। ਅਸੀਂ ਪੁੱਛਦੇ ਹਾਂ ਕਿ ਗੁਰਬਾਣੀ ਵਿਚ ਅਲਾਹ, ਕਬੀਰ, ਕਾਦਿਰ, ਖੁਦਾ, ਪਰਵਰਦਗਾਰ ਅਤੇ ਰਹੀਮ ਆਦਿਕ ਨਾਮ ਕਿਸ ਦੇ ਹਨ ?"

3) ਨਾਨਕ, ਨਿਰਭਉ ਨਿਰੰਕਾਰ, ਹੋਰ ਕੇਤੇ ਰਾਮ ਰਵਾਲ ॥ (ਤੁੱਛ)
ਕੇਤੀਆ ਕੰਨ੍ ਕਹਾਣੀਆ, ਕੇਤੇ ਬੇਦ ਬੀਚਾਰ ।" (ਗੁਰੂ ਨਾਨਕ, ਵਾਰ ਆਸਾ)

(ਅਰਥ-ਭਾਵ—ਹੇ ਨਾਨਕ, ਇਕ ਨਿਰੰਕਾਰ ਹੀ ਭੈ-ਰਹਿਤ ਹੈ। ਅਵਤਾਰੀ ਰਾਮ ਵਰਗੇ ਕਈ ਹੋਰ, ਉਸ ਨਿਰੰਕਾਰ ਦੇ ਸਾਹਮਣੇ ਰਵਾਲ (ਤੁੱਛ, ਪੈਰਾਂ ਦੀ ਖਾਕ) ਹਨ। ਉਸ ਨਿਰੰਕਾਰ ਦੇ ਗਿਆਨ ਦੇ ਟਾਕਰੇ, ਕ੍ਰਿਸ਼ਨ ਜੀ ਦੀਆ ਕਹਾਣੀਆਂ ਦੀਆਂ ਕਈ ਸਾਖੀਆਂ ਤੇ ਵੇਦਾਂ ਦੇ ਕਈ ਵਿਚਾਰ ਤੁੱਛ ਹਨ।)

4) ਜਿਸ ਅਦੁੱਤੀ ਸ਼ਹੀਦ ਤੇ ਬ੍ਰਹਮ ਗਿਆਨੀ ਸ੍ਰੀ ਗੁਰੂ ਅਰਜਨ ਜੀ ਨੂੰ, ਡਾ. ਹਰਿਭਜਨ ਸਿੰਘ ਜੀ, ਹਵਾਲੇ ਵਾਲੇ ਸ਼ਬਦ ਵਿਚ, ਕਰਅਨ ਅਸੰਗਤ ਤੌਰ ਉੱਤੇ, ਸ੍ਰੀ ਕ੍ਰਿਸ਼ਨ ਜੀ ਦੀ ਉਸਤਤੀ ਕਰਦੇ ਹੋਏ ਵਿਖਾਉਂਦੇ ਹਨ, ਉਹ ਗੁਰੂ ਜੀ ਤਾਂ ਕੇਵਲ ਇਕ ਪ੍ਰਭੂ ਦੀ ਹੀ ਸਿਫਤ ਸਲਾਹ (ਉਸਤਤੀ) ਕਰਨ ਦੀ ਸਭ ਨੂੰ, ਇਉਂ ਭਰਪੂਰ ਤਾਕੀਦ ਕਰਦੇ ਹਨ :—

"ਏਕ ਸਿਮਰਿ ਏਕੋ ਸਾਲਾਹਿ ॥ ਏਕੁ ਸਿਮਰਿ, ਏਕੋ ਮਨਿ ਆਹਿ ॥
ਏਕਸ ਕੇ ਗੁਨ, ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥
ਏਕੋ ਏਕੁ, ਏਕੁ ਹਰਿ ਆਪਿ ॥ ਪੂਰਨ ਪੂਰਿ ਰਹਿਓ, ਪ੍ਰਭੁ ਬਿਆਪਿ ॥
ਅਨਿਕ ਬਿਸਥਾਰ, ਏਕ ਤੇ ਭਏ ॥ ਏਕੁ ਅਰਾਧਿ ਪਰਾਛਤ ਗਏ । (ਸੁਖਮਨੀ ਅਸ਼ਟ 19)
ਮਨ ਤਨ ਅੰਤਰਿ, ਏਕੁ ਪ੍ਰਭੁ ਰਾਤਾ ॥ ਗੁਰ ਪ੍ਰਸਾਦਿ, ਨਾਨਕ ਇਕੁ ਜਾਤਾ ॥

(ਨੋਟ :—ਵੇਖੋ, ਕਹਿਣੀ ਤੇ ਕਰਨੀ ਦੇ ਪੂਰੇ, ਪੰਜਵੇਂ ਗੁਰਦੇਵ, ਕਿੰਨਾ ਜ਼ੋਰ ਦੇਂਦੇ ਹਨ ਪ੍ਰਭੂ ਦੀ ਏਕਤ੍ਰਤਾ, ਇਕਾਈ ਵਾਹਦਾਨੀਅਤ ਅਤੇ ਉਸ ਇਕ ਦੇ ਹੀ ਗੁਣ ਗਾਉਣ ਤੇ ਉਸਤਤੀ ਕਰਨ ਉਤੇ। ਆਪ ਜੀ ਬਾਰੇ ਬਰ-ਹੱਕ ਕਿਹਾ ਜਾ ਸਕਦਾ ਹੈ :—

ਉਨ ਕੀ ਨਜ਼ਰ ਮੇਂ ਸ਼ੌਕਤ, ਜਚਤੀ ਨਹੀਂ ਕਿਸੀ ਕੀ,
ਆਖੋਂ ਮੇਂ ਬਸ ਰਹਾ ਹੈ, ਜਿਨਕੀ ਜਲਾਲ ਤੇਰਾ। (ਹੇ ਪ੍ਰਭੂ ! ਤੇਰਾ ਜਲਾਲ)

ਪ੍ਰਭੂ ਭਗਤ ਕਬੀਰ ਜੀ ਦਾ ਇਹ ਕਥਨ, ਗੁਰੂ ਜੀ ਉੱਤੇ ਐਨ ਸਾਦਿਕ ਹੁੰਦਾ ਹੈ :
'ਜਾ ਕੈ ਠਾਕੁਰੁ ਊਚਾ ਹੋਈ ॥ ਸੋ ਜਨੁ ਪਰ ਘਰ ਜਾਤ, ਨਾ ਸੋਹੀ ॥ (ਪੰਨਾ 330)

ਜ਼ਰੂਰੀ ਸੂਚਨਾ :— ਜਦ ਅਸੀਂ, ਗੁਰੂ ਸਾਹਿਬਾਨ ਨੂੰ ਕੇਵਲ ਇਕ ਅਕਾਲ ਪੁਰਖ ਦਾ ਉਪਾਸ਼ਕ ਸਿੱਧ ਕਰਦੇ ਹਾਂ, ਤਾਂ ਇਸ ਦਾ ਇਹ ਅਰਥ ਕਦਾਚਿਤ ਨਹੀਂ ਕਿ ਸ੍ਰੀ ਕ੍ਰਿਸ਼ਨ ਜੀ ਨੂੰ,

ਉਹਨਾਂ ਦੇ ਉਪਾਸ਼ਕਾਂ ਦੀ ਦ੍ਰਿਸ਼ਟੀ ਵਿਚ, ਕਿਸੇ ਤਰ੍ਹਾਂ ਵੀ ਛੁਟਿਆਇਆ ਜਾਵੇ। ਵਿਰੋਧਤਾ ਉਦੋਂ ਹੁੰਦੀ ਹੈ, ਜਦ ਇਹਨਾਂ ਅਵਤਾਰ-ਹਸਤੀਆਂ ਨੂੰ ਰੱਬ ਸਿੱਧ ਕੀਤਾ ਅਤੇ ਇੱਕ ਅਕਾਲ ਦੇ ਪੁਜਾਰੀ ਤੇ ਉਪਾਸ਼ਕ, ਸਿੱਖ ਗੁਰੂ ਸਾਹਿਬਾਨ ਨੂੰ, ਇਹਨਾਂ 'ਅਵਤਾਰਾਂ' ਤੇ ਦੇਵੀ ਦੇਵਤਿਆਂ ਦੇ ਵਿਸ਼ਵਾਸੀ ਤੇ ਭਗਤ ਸਿੱਧ ਕੀਤਾ ਜਾਂਦਾ ਹੈ। ਅਜਿਹਾ ਅਨੁਚਿਤ ਜਤਨ ਹੀ ਦੂਜਿਆਂ ਨੂੰ ਹਕੀਕਤ ਪ੍ਰਗਟ ਕਰਨ ਲਈ ਮਜਬੂਰ ਕਰਦਾ ਹੈ। ਉਨ੍ਹਾਂ ਦਾ, ਅਜਿਹਾ ਕਰਨਾ, ਕਦਾਚਿਤ, ਕਿਸੇ ਨਿਰਾਦਰੀ-ਭਾਵ ਦੀ ਉਪਜ ਨਹੀਂ। ਵੈਸੇ, ਸਾਡਾ, ਹੋ ਚੁੱਕੇ ਸਭ ਸਤਿਪੁਰਖਾਂ ਤੇ ਵਲੀਅੱਲਾਹ-ਲੋਕਾਂ ਲਈ ਚੰਗਾ ਸਤਿਕਾਰ ਹੈ। ਮਨੁੱਖਤਾ ਦੇ ਨਾਤੇ ਗੁਰੂ ਸਾਹਿਬਾਨ ਅਥਵਾ ਗੁਰਬਾਣੀ ਇਨਸਾਨ ਨੂੰ ਇਨਸਾਨ ਨਾਲ ਜੋੜਦੀ ਹੈ, ਤੋੜਦੀ ਨਹੀਂ। ਗੁਰਬਾਣੀ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ, ਸਹਿਹੋਂਦ ਅਤੇ ਭਾਵਕ-ਏਕਤਾ ਦਾ ਸਫਲ ਤਜਰਬਾ ਤੇ ਬਿਹਤਰੀਨ ਨਮੂਨਾ ਹੈ। ਹਾਂ, ਗੁਰੂ ਸਾਹਿਬਾਨ, ਪ੍ਰਮਾਤਮਾ ਤੁੱਲ, ਕਿਸੇ ਦੂਜੇ ਨੂੰ ਨਹੀਂ ਮਿੱਥਦੇ। ਸਹਿਨਸ਼ੀਲਤਾ ਦੇ ਧਾਰਨੀ ਹੁੰਦਿਆਂ ਹੋਇਆਂ ਸਭ ਨੂੰ ਆਪਣਾ ਆਪਣਾ ਮੱਤ ਮੁਬਾਰਕ ਹੈ। ਅਸੀਂ ਸੰਖੇਪ ਇਸ ਸੋਚ ਨੂੰ ਇਉਂ ਕਹਿ ਸਕਦੇ ਹਾਂ :—

> ਬੁਲਬੁਲ ਕੋ ਗੁਲ ਮੁਬਾਰਿਕ, ਗੁਲ ਕੋ ਚਮਨ ਮੁਬਾਰਿਕ,
> ਨਾਨਕ ਕੇ ਆਸ਼ਕੋਂ ਕੋ, ਖਾਕਿ ਗੁਰੂ ਮੁਬਾਰਿਕ (ਹ.ਸ)

ਹੁਣ ਵਾਚੋ : ਸੰਬੰਧਤ ਸ਼ਬਦ ਦੇ ਸਹੀ ਅਰਥ : (1) 'ਸਟੀਕ—ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' (ਟੀਕਾਕਾਰ—ਪ੍ਰੋ. ਸਾਹਿਬ ਸਿੰਘ ਜੀ) "ਹੇ ਪਿਆਰੇ, ਹੇ ਬੇਅੰਤ ! ਹੇ ਪਿਆਰੇ ਮਨ-ਮੋਹਨ ! ਹੇ ਸਭ ਜੀਵਾਂ ਵਿਚ ਅਤੇ ਸਭ ਤੋਂ ਵਖਰੇ ਰਹਿਣ ਵਾਲੇ ਪ੍ਰਭੂ ! ਤੇਰੀ ਸਿਫਤਿ ਸਾਲਾਹ ਦੇ ਬਚਨ ਜੀਵਨ ਦੇਣ ਵਾਲੇ ਹਨ ॥1॥ਰਹਾਉ॥ ਹੇ ਪਿਆਰੇ ਪ੍ਰਭੂ ! ਮੈਂ ਰਾਜ ਨਹੀਂ ਮੰਗਦਾ, ਮੈਂ ਮੁਕਤੀ ਨਹੀਂ ਮੰਗਦਾ, ਮੇਹਰ ਕਰ, ਸਿਰਫ ਤੇਰੇ ਸੋਹਣੇ ਕੋਮਲ ਚਰਨਾਂ ਦਾ ਪਿਆਰ ਮੇਰੇ ਮਨ ਵਿਚ ਟਿਕਿਆ ਰਹੇ। ਹੇ ਭਾਈ ! ਲੋਕ ਤਾਂ ਬ੍ਰਹਮਾ, ਸ਼ਿਵ, ਕਰਾਮਾਤੀ ਜੋਗੀ, ਰਿਸ਼ੀ ਮੁਨੀ, ਇੰਦ੍ਰ ਆਦਿਕ ਦੇ ਦਰਸ਼ਨ ਚਾਹੁੰਦੇ ਹਨ, ਪਰ ਮੈਨੂੰ ਮਾਲਕ-ਪ੍ਰਭੂ ਦਾ ਦਰਸ਼ਨ ਚਾਹੀਦਾ ਹੈ ॥1॥ ਹੇ ਠਾਕੁਰ ! ਮੈਂ ਗਰੀਬ ਤੇਰੇ ਦਰ ਤੇ ਆਇਆ ਹਾਂ, ਮੈਂ ਹਾਰ ਕੇ ਤੇਰੇ ਸੰਤਾਂ ਦੀ ਸ਼ਰਨ ਪਿਆ ਹਾਂ। ਹੇ ਨਾਨਕ (ਆਖ-ਜਿਸ ਮਨੁੱਖ ਨੂੰ) ਮਨ ਮੋਹਣ ਵਾਲੇ ਪ੍ਰਭੂ ਜੀ ਮਿਲ ਪੈਂਦੇ ਹਨ, ਉਸ ਦਾ ਮਨ ਸ਼ਾਂਤ ਹੋ ਜਾਂਦਾ ਹੈ, ਖਿੜ ਪੈਂਦਾ ਹੈ।"

(2) 'ਗੁਰ ਸੇਵਕ ਸਭਾ' ਵਾਲੇ ਬਜ਼ੁਰਗ ਵਿਦਵਾਨਾਂ : ਪ੍ਰਿੰਸੀਪਲ ਬਾਵਾ ਹਰਿਕ੍ਰਿਸ਼ਨ ਸਿੰਘ, ਪ੍ਰਿੰਸੀਪਲ ਨਿਰੰਜਨ ਸਿੰਘ, ਪ੍ਰਿੰ. ਤੇਜਾ ਸਿੰਘ, ਪ੍ਰੋ. ਨਾਰਾਇਣ ਸਿੰਘ ਅਤੇ ਹੈਡਮਾਸਟਰ ਮਹਿਤਾਬ ਸਿੰਘ ਦੇ ਵਿਚਾਰ, 'ਸ਼ਬਦਾਰਥ' (ਪ੍ਰਕਾਸ਼ਕ : ਸ੍ਰੋ. ਗੁ. ਪ੍ਰ. ਕਮੇਟੀ) ਵਿਚ '...ਠਾਕੁਰ ਜੀ ਦਰਸਾਰੇ' ਵਾਲੀ ਤੁਕ ਨੂੰ ਇਸ ਪ੍ਰਕਾਰ ਅਰਥਾਇਆ ਗਿਆ ਹੈ :—(ਹੋਰਨਾਂ ਲਈ) ਬ੍ਰਹਮਾ, ਸ਼ਿਵ ਜੀ, ਕਰਾਮਾਤੀ ਜੋਗੀ, ਮੁਨੀ, ਤੇ ਇੰਦਰ ਵਰਗੀਆਂ, ਮਾਨਨੀਯ ਹਸਤੀਆਂ ਹੋਣਗੀਆਂ, ਪਰ, ਮੇਰੇ ਲਈ ਤਾਂ ਹਰੀ (ਠਾਕੁਰ) ਦੇ ਦਰਸ਼ਨ ਹੀ ਸਭ ਕੁਝ ਹਨ। (ਪੰਨਾ 534)

ਹੁਣ, ਗੁਰੂ-ਆਸ਼ੇ ਤੇ ਗੁਰਮਤਿ ਅਨੁਕੂਲ ਉੱਪਰ ਹੋਏ, ਸੋ ਵੀ ਸਹੀ ਦੁੱਧ ਅਰਥਾਂ ਨੂੰ ਘੋਖੋ ਅਤੇ ਵੇਖੋ ਕਿ ਇਸ ਸ਼ਬਦ ਵਿੱਚ ਕ੍ਰਿਸ਼ਨ ਜੀ ਦੀ ਉਸਤਤੀ ਕਰਨ ਦਾ ਪ੍ਰਸੰਗ ਕਿਤਨਾ ਅਸੰਗਤ

ਹੈ। ਪਹਿਲੇ, ਤਾਂ ਕ੍ਰਿਸ਼ਨ ਜੀ ਦਾ ਸ਼ਬਦ ਵਿਚ ਸਿੱਧੇ ਤੌਰ ਉਤੇ ਕੋਈ ਵਰਨਣ ਹੀ ਨਹੀਂ। ਦੂਜੇ, ਜੇ ਬ੍ਰਹਮਾ ਤੇ ਸ਼ਿਵਜੀ ਦਾ ਜ਼ਿਕਰ ਹੈ, ਤਾਂ ਨਾਲ ਹੀ ਕਰਾਮਾਤੀ ਜੋਗੀਆਂ (ਸਿੱਧਾਂ), ਰਿਸ਼ੀਆਂ-ਮੁਨੀਆਂ ਅਤੇ 'ਇੰਦਰ' ਵਰਗੇ 'ਭੋਗੀ' ਦੇਵਤਿਆਂ ਦਾ ਵੀ। ਕੀ ਇਹ ਸਾਰੇ ਹੀ ਗੁਰੂ ਜੀ ਦੇ ਠਾਕੁਰ (ਸਵਾਮੀ, ਇਸ਼ਟ-ਦੇਵ) ਹਨ ? ਕੀ ਇੰਦਰ ਦੇਵਤਾ, ਜਿਸ ਦੇ ਤਨ ਉਤੇ, ਗੌਤਮ ਰਿਸ਼ੀ ਦੀ ਪਤੀਵਰਤਾ ਇਸਤ੍ਰੀ ਨਾਲ ਛੱਲ ਕਰ ਕੇ, ਵਿਭਚਾਰ ਕਰਨ ਉਤੇ, ਰਿਸ਼ੀ ਦੇ ਸਰਾਪ ਕਾਰਨ, ਇਕ ਹਜ਼ਾਰ ਭਗਾਂ (ਯੋਨੀਆਂ) ਦੇ ਨਿਸ਼ਾਨ ਪੈ ਗਏ ਸਨ, ਸ੍ਰੀ ਗੁਰੂ ਅਰਜਨ ਦੇਵ ਜੀ ਬ੍ਰਹਮ-ਗਿਆਨੀ, ਤੱਤ-ਵੇਤਾ ਤੇ ਇਕ ਅਕਾਲ-ਪੁਜਾਰੀ ਦਾ ਠਾਕੁਰ ਅਥਵਾ ਇਸ਼ਟ ਦੇਵ ਹੋ ਸਕਦਾ ਹੈ ? ਗੁਰਬਾਣੀ ਵਿਚ ਤਾਂ ਇੰਦਰ ਦੇਵਤੇ ਦਾ ਜ਼ਿਕਰ ਅਪ੍ਰਸ਼ੰਸਕ ਤੌਰ ਉਤੇ ਇਉਂ ਆਇਆ ਹੈ :—

ੳ) **ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥** (ਗੁ: ਨਾਨਕ, ਪੰ. 953)

ਅ) ਗੋਤਮ ਨਾਰਿ, ਉਮਾਪਤਿ ਸ੍ਵਾਮੀ ॥ **ਸੀਸੁ ਧਰਨਿ, ਸਹਸ ਭਗ ਗਾਮੀ ॥ (ਰਵਿਦਾਸ)**

ਹੋਰ, ਵੇਖੋ : ਗੁਰਬਾਣੀ ਵਿਚ 'ਠਾਕੁਰ' ਪਦ ਦੀ ਸਹੀ ਵਰਤੋਂ :—

ਮਹਾਂ ਕੋਸ਼ (ਭਾਈ ਕਾਨ੍ਹ ਸਿੰਘ ਜੀ ਨਾਭਾ) ਅਨੁਸਾਰ 'ਠਾਕੁਰ ਪਦ ਦੇ, ਜਿਸ ਨੂੰ ਡਾਕਟਰ ਹਰਿਭਜਨ ਸਿੰਘ ਜੀ ਨੇ ਗਲਤ ਤੌਰ ਉਤੇ ਬ੍ਰਹਮਾ, ਸ਼ਿਵ ਤੇ ਇੰਦਰ ਆਦਿ ਨਾਲ ਜੋੜ ਕੇ ਅਤੇ ਵਿਸ਼ੇ ਵਸਤੂ ਨੂੰ ਨਜ਼ਰ-ਅੰਦਾਜ਼ ਕਰ ਕੇ, ਅਸੰਗਤ ਅਰਥ ਕਰ ਮਾਰੇ ਹਨ, ਇਉਂ ਅਰਥ ਕੀਤੇ ਹਨ :—

ੳ) ਠਕੁੱਰ : ਦੇਵਤਾ, ਪੂਜਯ ਇਸ਼ਟ ਦੇਵਤਾ,
'ਕਵਿ ਕਲਯ ਠਕੁਰ ਹਰਿਦਾਸ ਤਨੈ...। ਸਵੈਯੇ ਮ: ਪੰਜਵਾਂ ਕੇ)
ਅਰਥ ਹਨ'—ਹਰਿਦਾਸ ਦੇ ਤਨਯ (ਪੁੱਤ੍ਰ ਗੁਰੂ ਰਾਮ ਦਾਸ ਜੀ) ਕਵਿ ਕਲਯ ਦੇ ਪੂਜਯ ਇਸ਼ਟ ਹਨ।
(2) ਸ੍ਵਾਮੀ ਰਾਜਾ, (3) ਰਾਜਪੂਤਾਂ ਦੀ ਖਾਸ ਪਦਵੀ।

ਅ) ਠਕੁਰ (ਦੇਖੋ ਠਾਕੁਰ)—'ਠਾਕੁਰ ਸਰਬੇ ਸਮਾਣਾ ॥ ਸ੍ਰੀ, ਮ. 5)

ਨੋਟ —ਏਥੇ ਸ੍ਰੀ ਗੁਰੂ ਅਰਜੁਨ ਦੇਵ ਜੀ ਆਪ 'ਠਾਕੁਰ' ਦੇ ਅਰਥ ਕਰਦੇ ਹਨ ਕਿ ਉਹ ਪਰਮ ਹਸਤੀ ਜੋ ਸਾਰੇ, ਸਭ ਵਿਚ ਵਿਆਪਕ ਹੈ, ਜੋ ਪੁਰਖੁ (ਵਿਆਪਕ) ਹੈ। ਕੀ ਕੋਈ ਕਲਪਤ ਦੇਵੀ ਦੇਵਤਾ ਹਰ ਸਮੇਂ ਆਦਿ ਜੁਗਾਦਿ ਤੇ ਹਰ ਥਾਂ ਵਿਆਪਕ ਹੈ ? ਉਹ ਤਾਂ ਕੇਵਲ ਨਿਰੰਕਾਰ, ਨਿਰਗੁਣ ਬ੍ਰਹਮ ਹੀ ਹੋ ਸਕਦਾ ਹੈ, ਜੋ ਅਜੂਨੀ ਤੇ ਸੈਭੰ ਹੈ।

ਦ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਲ 5954, ਸਲੋਕ, ਛੰਦ ਤੇ ਸ਼ਬਦ ਆਦਿ ਹਨ, ਜਿਨ੍ਹਾਂ ਵਿਚੋਂ 2218 ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਰਚਿਤ ਹਨ। ਇਹਨਾਂ ਵਿਚ ਗੁਰੂ ਜੀ ਨੇ 250 ਕੁ ਵੇਰ ਠਾਕੁਰ (ਜਾਂ ਠਾਕੁਰੁ) ਪਦ ਦੀ ਵਰਤੋਂ ਕੀਤੀ ਹੈ। ਹਰ ਥਾਂ ਇਸ ਦੇ ਅਰਥ-ਭਾਵ ਹਨ—ਮਾਲਿਕ, ਵਾਹਿਗੁਰੂ, ਅਕਾਲ ਪੁਰਖ। ਕੇਵਲ ਵਿਚਾਰ-ਅਧੀਨ ਇਕ ਮਾਤ੍ਰ ਸ਼ਬਦ—'ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ' ਵਿਚ, ਠਾਕੁਰ ਪਦ ਤੋਂ ਸੰਕੇਤ ਬ੍ਰਹਮਾ, ਸ਼ਿਵਜੀ, ਸਿੱਧ, ਮੁਨੀ ਤੇ ਇੰਦਰ ਜਾਂ ਕ੍ਰਿਸ਼ਨ ਜੀ ਕਿਵੇਂ ਹੋ ਗਿਆ ? ਡਾ: ਹਰਿਭਜਨ ਸਿੰਘ ਜੀ ਨੇ ਕਿਵੇਂ ਠਾਕੁਰ ਉਸਤਤੀ

ਤੋਂ ਬਾਦ, ਸ੍ਰੀ ਕ੍ਰਿਸ਼ਨ ਉਸਤਤੀ ਲੈ ਲਿਆ ? ਏਡਾ ਵੱਡਾ ਭੁਲੇਖਾ-ਪਾਊ ਅਤੇ ਗੁਰਮਤਿ ਸਿਧਾਂਤਾਂ ਦੇ ਐਨ ਪ੍ਰਤਿਕੂਲ (ਉਲਟ) ਗਲ, ਆਪ ਜੀ ਕਿਵੇਂ ਕਹਿ ਗਏ ? ਮਾਹਵਿ ਹੈਰਤ ਹਾਂ।

ਚੰਡੀ ਚਰਿਤ੍ਰ (ਉਕਤਿ ਬਿਲਾਸ) ਦਾ ਸੰਖੇਪ ਬ੍ਰਿਤਾਂਤ

ਲੇਖ ਸਮਾਪਤ ਕਰਨ ਤੋਂ ਪਹਿਲਾਂ ਅਤਿ ਉਚਿਤ ਹੋਵੇਗਾ ਕਿ ਚੰਡੀ ਚਰਿਤ੍ਰ (ਪਹਿਲਾ) ਜਿਸ ਦੇ 231ਵੇਂ ਅੰਕ ਉੱਤੇ ''ਦੇਹਿ ਸਿਵਾ ਬਰ ਮੋਹਿ ਇਹੈ ..। ਵਾਲਾ ਭੁਲੇਖਾ-ਪਾਊ ਸਵੈਯਾ ਅੰਕਿਤ ਹੈ, ਦਾ ਫੇਰ ਸਾਰ ਦੇ ਦਿੱਤਾ ਜਾਵੇ, ਤਾਂ ਜੋ ਸੰਗਤਾਂ ਆਪ ਅੰਦਾਜ਼ਾ ਲਾ ਲੈਣ ਕਿ ਕਿਵੇਂ ਕੂੜੀਆਂ ਅਤੇ ਅਨਹੋਣੀਆਂ ਵਾਰਤਾਵਾਂ, ''ਮਰਦ ਅਗੰਮੜੇ ਤੇ ਸਾਹਿਬਿ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪਾਵਨ ਨਾਮ ਨਾਲ ਮੜ੍ਹੀਆਂ ਜਾ ਰਹੀਆਂ ਹਨ। ਸੰਖੇਪਤਾ ਦੇ ਖਿਆਲ ਨਾਲ ਅਸੀਂ ਵਿਸ਼ਨੂੰ ਤੇ ਚੰਡੀ ਦੇ ਦੈਂਤਾਂ ਨਾਲ ਲੜੇ ਪਹਿਲੇ ਪੰਜਾਂ ਜੁੱਧਾਂ ਦਾ ਹੀ ਸੰਖੇਪ ਮਾਤ੍ਰ ਜ਼ਿਕਰ ਕਰਾਂਗੇ। ਸੁਹਿਰਦ ਤੇ ਵਿਚਾਰ-ਸ਼ੀਲ ਪਾਠਕਾਂ ਨੂੰ ਇਹ ਕੂੜੇ ਖ਼ਿਰਫ਼ਾਤ, ਕਲੇਜਾ ਥੰਮ੍ਹ ਕੇ ਪੜ੍ਹਨੇ ਜਾਂ ਸਰਵਨ ਕਰਨੇ ਪੈਣਗੇ :

1. ਮਹਾਂ ਵਿਸ਼ਨੂੰ (ਭਗਵਾਨ) ਦੇ ਕੰਨ ਦੀ ਮੈਲ ਤੋਂ ਪੈਦਾ ਹੋਏ ਮਧ ਤੇ ਕੈਟਭ ਦੈਂਤਾਂ ਨੇ ਆਪਣੇ ਕਰਤਾ, ਭਗਵੰਤ ਵਿਰੁਧ ਹੀ ਜੁੱਧ ਛੇੜ ਲਿਆ, ਜੋ 5000 ਸਾਲ ਤਕ ਚਲਦਾ ਰਿਹਾ। ਆਖ਼ਰ ਦੈਂਤਾਂ ਨੇ ਜੀਤ ਕੇ ਮਹਾਂ ਵਿਸ਼ਨੂੰ ਨੂੰ ਵਰ ਮੰਗਣ ਲਈ ਕਿਹਾ, ਜਿਸ ਵਜੋਂ ਉਸ ਨੇ ਉਨ੍ਹਾਂ ਦੇ ਸੀਸ ਮੰਗ ਲਏ। ਦੋਵਾਂ ਦਾਨਵਾਂ ਨੇ ਦਿੱਤਾ ਬਚਨ ਪਾਲਣ ਹਿਤ ਆਪਣੇ ਸਿਰ ਚੱਕ੍ਰ ਨਾਲ ਕਟਵਾ ਲਏ। ਇਸ ਤਰ੍ਹਾਂ, ਦੇਵਤਿਆਂ ਦਾ ਦੇਵ ਲੋਕ ਵਿਚ ਫੇਰ ਰਾਜ ਅਸਥਾਪਤ ਹੋਇਆ ਅਤੇ ਜੈ ਜੈ ਕਾਰ ਹੋਈ। (ਟਿੱਪਣੀ : ਪਾਠਕ ਜੀ ! ਜ਼ਰਾ ਵੀਚਾਰੋ ਕਿ ਸੀਸ ਵਾਰਨ ਵਾਲੇ ਦੈਂਤ ਮਹਾਨ ਹੋਏ, ਜਾਂ ਵਰ ਪ੍ਰਾਪਤ ਹੋ ਜਾਣ ਉੱਤੇ ਉਨ੍ਹਾਂ ਦੇ ਸਿਰ ਵੱਢਣ ਵਾਲਾ 'ਮਹਾਂ ਵਿਸ਼ਨੂੰ ?'

2. ਤ੍ਰੇਤਾ ਜੁਗ ਦੇ ਆਰੰਭ ਵਿਚ ਮਹਿਖਾਸੁਰ ਦੈਂਤ ਹੋਇਆ, ਜਿਸ ਨੇ, ਇੰਦਰ ਸਮੇਤ ਸਾਰੇ ਦੇਵਤੇ ਸੁਰਗ ਲੋਕ ਵਿਚੋਂ ਭਜਾ ਦਿਤੇ। ਦੇਵਤਿਆਂ ਦੀ ਪੁਕਾਰ ਉੱਤੇ ਪਾਰਬਤੀ ਦੇਵੀ, ਚੰਡਿਕਾ ਦੇ ਰੂਪ ਵਿਚ, ਦੈਂਤ ਦੇ ਟਾਕਰੇ ਲਈ ਮੈਦਾਨ ਵਿਚ ਆਈ। ਦੈਂਤਾਂ ਦੀ ਫੌਜ ਦੀ ਗਿਣਤੀ 45 ਪਦਮ (4 ਕ੍ਰੋੜ 50 ਲੱਖ ਅਰਬ) ਸੀ (ਨੋਟ : ਸਾਡੀ ਦੁਨੀਆਂ ਦੀ ਵਧੀ ਕੁਲ ਆਬਾਦੀ ਇਸ ਵੇਲੇ 5 ਅਰਬ ਹੈ।) ਮਹਿਖਾਸੁਰ ਦੀ ਸੈਨਾ ਦੀ ਗਿਣਤੀ ਇਸ ਹਿਸਾਬ ਨਾਲ ਦੁਨੀਆਂ ਦੀ ਵਰਤਮਾਨ ਆਬਾਦੀ ਨਾਲੋਂ 445 ਲੱਖ ਅਰਬ ਗੁਣਾਂ ਵਧ ਹੋਈ।) ਦੱਸੋ, ਇਸ ਤੋਂ ਵਧ ਕੂੜੀ ਕਲਪਨਾ ਤੇ ਗਪੌੜਾ ਹੋਰ ਕੀ ਹੋ ਸਕਦਾ ਹੈ ? ਚੰਡਿਕਾ (ਚੰਡੀ) ਦੇਵੀ (ਪਾਰਬਤੀ) ਨੇ ਇਕੱਲਿਆਂ ਹੀ, ਦੈਂਤ ਨੂੰ, ਏਡੀ ਵੱਡੀ ਫੌਜ ਸਮੇਤ ਮਾਰ ਮੁਕਾਇਆ ਅਤੇ ਇੰਦਰ ਅਤੇ ਦੇਵਤਿਆਂ ਨੂੰ, ਐਸ਼-ਪ੍ਰਸਤੀ ਤੇ ਸੁਰਗ ਦੀਆਂ ਨੇਅਮਤਾਂ ਮਾਨਣ ਲਈ, ਸੁਰਗ ਬਹਾਲ ਕਰਨ ਦਾ ਕ੍ਰਿਸ਼ਮਾ ਕਰ ਦਿੱਤਾ, ਅਤੇ ਆਪ ਅਲੋਪ ਹੋ ਕੇ, ਕੈਲਾਸ਼ ਪ੍ਰਬਤ ਉੱਤੇ, ਆਪਣੇ ਪਤੀ ਸ਼ਿਵ ਜੀ ਪਾਸ ਜਾ ਬਿਰਾਜੀ। ਇਸ ਜਿੱਤ ਉਪ੍ਰੰਤ ਦੇਵਤਿਆਂ ਨੇ ਚੰਡੀ ਦੇਵੀ ਦੀ ਇਸ ਤਰ੍ਹਾਂ ਜੈ ਜੈ ਕਾਰ ਕੀਤੀ, ਜੱਗ ਕੀਤੇ ਤੇ ਵੇਦ-ਮੰਤਰ ਪੜ੍ਹੇ :

'ਜਾਤੇ ਪ੍ਰਸੰਨ ਭਏ ਹੈ ਮਹਾਮੁਨ, ਦੇਵਨ ਕੇ ਤਪ ਮੈ ਸੁਖ ਪਾਵੈ।
ਜੱਗ ਕਰੈ, ਇਕ ਬੇਦ ਰਰੈ, ਭਵ ਤਾਪ ਹਰੈ, ਮਿਲਿ ਧਿਆਨਹਿ ਲਾਵੈ।

ਝਾਲਰ ਤਾਲ ਮ੍ਰਿਦੰਗ ਉਪੰਗ, ਰਬਾਬ ਲੀਏ ਸੁਰ ਸਾਜ ਮਿਲਾਵੈ ।
ਕਿੰਨਰ ਗੰਧਰਬ ਗਾਨ ਕਰੈ, ਗਨਿ ਜੱਛ ਅਪੱਛਰ ਨਿਰਤ ਦਿਖਾਵੈ । (54)

ਸੰਖਨ ਕੀ ਧੁਨ, ਘੰਟਨ ਕੀ ਕਰਿ, ਫੂਲਨ ਕੀ ਬਰਖਾ ਬਰਸਾਵੈ ।
ਆਰਤੀ ਕੋਟਿ ਕਰੈ ਸੁਰ-ਸੁੰਦਰਿ, ਪੇਖ ਪੁਰੰਦਰ (ਇੰਦ੍ਰ) ਕੇ ਬਲਿ ਜਾਵੈ ।
ਦਾਨ ਦਛਨ ਦੈ ਕੈ ਪ੍ਰਦਛਨ, ਭਾਲ ਮੈ ਕੁੰਕਮ ਅੱਛਤ ਲਾਵੈ ।
ਹੋਤ ਕੁਲਾਹਲ ਦੇਵ ਪੁਰੀ ਮਿਲਿ ਦੇਵਨ ਕੇ ਕੁਲਿ ਮੰਗਲਿ ਗਾਵੈ । (55)

ਨੋਟ :—ਸਾਡੇ ਕਈ ਭੋਲੇ ਸਿਖ ਵੀਰ ਅਤੇ ਵਿਸ਼ੇਸ਼ ਕਰ ਕੇ ਸਿਖ ਡੇਰਿਆਂ, ਚੇਲਿਆਂ
ਵਾਲਿਆਂ ਅਤੇ ਸ਼੍ਰੋ: ਕਮੇਟੀ ਨਾਲੋਂ ਵਖਰੀ ਮਰਯਾਦਾ ਤੋਰਨ ਵਾਲੇ 'ਸੰਤ, ਮਹੰਤ' ਜੀ, ਡੇਰਿਆਂ,
ਚਿਮਟਿਆਂ, ਘੜਿਆਲਾਂ ਤੇ ਸੰਖਾਂ ਦੇ ਸ਼ੋਰ ਵਿਚ, ਲਹਿਰਾ ਲਹਿਰਾ, ਆਰਤੀ ਸਮੇਂ ਉਪਰੋਕਤ
ਅਸ਼ਲੀਲ ਸਵੈਯਾ, ਉਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੜ੍ਹਦੇ ਹਨ, ਜੋ ਇਸ ਸਾਰੇ
ਅਡੰਬਰ ਦਾ ਖੰਡਨ ਕਰਦਾ ਅਤੇ ਕੇਵਲ ਇਕ ਅਕਾਲ ਦੀ ਪੂਜਾ ਦ੍ਰਿੜ ਕਰਾਉਂਦਾ ਹੈ । ਇਸ
ਤੋਂ ਵਡਾ ਦੁਖਾਂਤ ਤੇ ਖਿਲਵਾੜ ਗੁਰਬਾਣੀ, ਸ੍ਰੀ ਦਸਮੇਸ਼ ਜੀ ਤੇ ਗੁਰੂ ਬਾਬੇ ਦੇ ਨਿਰਮਲ ਪੰਥ ਨਾਲ
ਹੋਰ ਕੀ ਹੋ ਸਕਦਾ ਹੈ ?

3. ਚੰਡੀ ਦਾ ਤੀਜਾ, ਚੌਥਾ ਤੇ ਪੰਜਵਾਂ ਜੁੱਧ ਸੁੰਭ ਨਿਸੁੰਭ ਅਤੇ ਉਸ ਵਲੋਂ ਭੇਜੇ ਸੂਰਮੇ ਦੈਂਤਾਂ—
ਚੰਡ ਮੁੰਡ ਅਤੇ ਰਕਤ ਬੀਜ—ਨਾਲ ਹੋਇਆ । ਸਭ ਵਿਚ ਕਹਾਣੀ ਇਕੋ ਹੈ ਕਿ 'ਦਾ. ਦਾਂ ਨੇ
ਦੇਵਤਿਆਂ ਦੇ ਰਾਜੇ ਇੰਦਰ ਨੂੰ ਦੇਵਤਿਆਂ ਸਮੇਤ, ਸੁਰਗੋਂ (ਦੇਵ ਲੋਕੋਂ) ਮਾਰ ਭਜਾਇਆ, ਜਿਨ੍ਹਾਂ
ਨੇ ਕੈਲਾਸ਼ ਪ੍ਰਬਤ ਉੱਤੇ ਬਿਰਾਜ ਰਹੀ ਪਾਰਬਤੀ ਪਾਸ ਪਨਾਹ ਅਤੇ ਸਹਾਇਤਾ ਲਈ ਪ੍ਰਾਰਥਨਾ
ਕੀਤੀ । ਉਹ ਸ਼ਿਵਾ, ਚੰਡਿਕਾ ਜਗਮਾਤ ਦੇ ਨਾਮ ਹੇਠ ਦੇਵਤਿਆਂ ਦੀ ਸਹਾਇਤਾ ਲਈ ਜੁੱਧ ਦੇ
ਮੈਦਾਨ ਵਿਚ ਉੱਤਰੀ ਅਤੇ ਹਮਲਆਵਰ ਦੈਂਤਾਂ ਨੂੰ ਮਾਰ ਕੇ ਸੁਰਗ ਲੋਕ, ਰਾਜੇ ਇੰਦ੍ਰ ਤੇ
ਦੇਵਤਿਆਂ ਨੂੰ ਵਾਪਸ ਲੈ ਦਿੱਤਾ ।' ਦੇਵਤਿਆਂ ਦੇ ਰਾਜੇ ਇੰਦ੍ਰ ਦੇ ਭੋਗ ਬਿਲਾਸ ਵਾਲੇ ਜੀਵਨ ਦਾ
ਜ਼ਿਕਰ ਅਸੀਂ ਪਿਛੇ ਕਰ ਆਏ ਹਾਂ । ਹੈਰਾਨੀ ਹੈ ਕਿ 'ਜੱਗ ਦੀ ਮਾਤਾ', ਭਵਾਨੀ, ਚੰਡੀ, ਦੈਂਤਾਂ ਨੂੰ
ਮਾਰ ਕੇ, ਧਰਮ-ਪੁੰਜਾ ਬੁਲੰਦ ਕਰਨ ਵਾਲੀ ਅਤੇ ਆਪਣੇ ਭਗਤਾਂ ਦੀ ਵਰ-ਦਾਤੀ ਪਾਰਬਤੀ ਦੇਵੀ,
ਸਦਾ ਰਾਜੇ ਇੰਦ੍ਰ ਤੇ ਦੇਵਤਿਆਂ ਨੂੰ ਕਾਹਦੇ ਲਈ ਬਾਰ-ਬਾਰ ਖੁੱਸਿਆ ਸੁਰਗ ਵਾਪਸ ਦਿਵਾਉਂਦੀ
ਰਹੀ ? ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਦੇ ਕਥਨ ਅਨੁਸਾਰ ਇੰਦਰ ਨੇ ਅਜ ਤਕ ਕੇਹੜਾ
ਕੰਮ, ਚੰਗਾ ਕੀਤਾ ਅਤੇ ਲੋਕਾਂ ਦਾ ਕੀ ਸਵਾਰਿਆ ਹੈ ? ਆਪ ਜੀ ਲਿਖਦੇ ਹਨ :

ਜ਼ਰੂਰੀ ਹਵਾਲਾ : 'ਅਸਾਡੇ ਅਨੇਕ ਗੁਰ ਭਾਈਆਂ ਨੇ, ਗੁਰਬਾਣੀ ਦਾ ਸਿਧਾਂਤ ਜਾਣੇ ਬਿਨਾ,
ਆਪਣੇ ਲੇਖਾਂ ਵਿਚ ਲਿਖ ਦਿੱਤਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਦੇਵੀ ਦਾ ਪੂਜਨ ਕੀਤਾ ਹੈ ।
ਜਦ ਆਪ 'ਗੁਰਮਤ ਮਾਰਤੰਡ' ਵਿਚ, ਹੇਠਲੇ, 'ਦੇਵੀ ਦੇਵਤਾ' ਸਰਨਾਮੇ ਹੇਠ ਲਿਖੇ ਸਾਰੇ ਮਜ਼ਮੂਨ
ਪੜ੍ਹੋਗੇ, ਤਾਂ ਬਿਨਾ ਸ਼ੱਕ ਮੰਨ ਲਵੋਗੇ ਕਿ ਦੇਵੀ ਪੂਜਨ ਦੀ ਸਾਰੀ ਕਥਾ ਕਲਪਿਤ ਹੈ ।" (ਗੁਰਮਤ
ਮਾਰਤੰਡ (ਪ੍ਰਕਾਸ਼ਕ ਸ਼੍ਰੋ. ਕਮੇਟੀ) ਦੇ ਪੰਨਾ 597 ਤੋਂ 649 ਤਕ ਦਾ ਇਹ ਸਾਰਾ ਪ੍ਰਸੰਗ ਹਰੇਕ
ਗੁਰਸਿਖ ਲਈ ਵਾਚਣ, ਵੀਚਾਰਨ ਜੋਗ ਹੈ ।)—'ਫੇਰ, ਜਿਸ ਦੇਵੀ ਨੂੰ ਗੁਰੂ ਅੰਗਦ ਸਾਹਿਬ ਜੀ
ਨੇ ਗੁਰੂ ਨਾਨਕ ਦੇਵ ਜੀ ਦੇ ਝਾੜੂ ਬਰਦਾਰ ਮੰਨਿਆ ਹੈ, ਤਦ ਕਿਸ ਤਰ੍ਹਾਂ ਹੋ ਸਕਦਾ ਹੈ ਕਿ

ਉਸੀ ਗੁਰਗੱਦੀ ਦੇ ਮਾਲਿਕ ਆਪਣੇ ਬਜ਼ੁਰਗਾਂ ਦੇ ਆਸ਼ਯ ਤੋਂ ਵਿਰੁੱਧ, ਔਰ ਆਪਣੇ ਲੇਖ ਦੇ ਵਿਰੁੱਧ ਦੇਵੀ ਦੀ ਉਪਾਸਨਾ ਕਰਦੇ ? ਭਾਈ ਮਨੀ ਸਿੰਘ ਜੀ ਨੇ ਦਸਵੇਂ ਗੁਰੂ ਸਾਹਿਬ ਤੋਂ ਅੰਮ੍ਰਿਤ ਛਕਿਆ ਅਤੇ ਗੁਰੂ ਗ੍ਰੰਥ ਸਾਹਿਬ ਦੇ ਅਰਥ ਪੜ੍ਹੇ, ਉਹ ਭਾਈ ਸਾਹਿਬ 'ਗਿਆਨ ਰਤਨਾਵਲੀ' ਦੇ ਆਦਿ ਵਿਚ ਇਹ ਮੰਗਲਾ ਚਰਨ ਕਰਦੇ ਹਨ :

'ਨਾਮ ਸਭ ਦੇਵਾਂ ਦਾ ਦੇਵ ਹੈ, ਕੋਈ ਦੇਵੀ ਨੂੰ ਮਨਾਂਵਦਾ ਹੈ' ਕੋਈ ਸ਼ਿਵਾਂ ਨੂੰ, ਕੋਈ ਗਣੇਸ਼ ਨੂੰ, ਕੋਈ ਦੇਵਤਿਆਂ ਨੂੰ; ਗੁਰੂ ਕੇ ਸਿੱਖ ਸਤਿਨਾਮ ਨੂੰ ਅਰਾਧਦੇ ਹਨ, ਜਿਸ ਕਰ ਕੇ ਸਭ ਵਿਘਨ ਨਾਸ਼ ਹੁੰਦੇ ਹਨ, ਤਾਂ ਤੇ 'ਸਤਿਨਾਮੁ' ਦਾ ਮੰਗਲਾਚਾਰ ਆਦਿ ਲੱਖਿਆ ਗਿਆ ਹੈ।' ਜੇ ਦਸਵੇਂ ਸਤਿਗੁਰੂ ਦਾ ਇਸ਼ਟ ਦੇਵੀ ਹੁੰਦੀ, ਤਾਂ ਕੀ ਭਾਈ ਮਨੀ ਸਿੰਘ ਜੀ ਆਪਣੇ ਗੁਰੂ ਦੀ ਪੂਜ੍ਯ ਦੇਵੀ ਬਾਬਤ ਐਸਾ ਲਿਖ ਸਕਦੇ ਸੇ ?'

ਨੋਟ : ਇਸ ਉਪ੍ਰੰਤ ਭਾਈ ਸਾਹਿਬ ਨੇ, ਸ੍ਰੀ ਗੁਰੂ ਹਰਗੋਬਿੰਦ ਜੀ ਦੇ ਸਮੇਂ ਕੀਰਤਪੁਰ ਵਿਖੇ ਘੱਟਿਆ ਇਕ ਪ੍ਰਸੰਗ ਇਕ ਸਿਖ, ਭਾਈ ਭੈਰੋਂ, ਦੇ ਦੇਵੀ ਦੀ ਮੂਰਤੀ ਦਾ ਨੱਕ ਤੋੜਨ ਵਾਲਾ, 'ਦਬਿਸਤਾਨੇ ਮਜ਼ਾਹਬ' (ਮੋਹਸਨ ਫ਼ਾਨੀ) ਵਿਚੋਂ ਦਿੱਤਾ ਹੈ, ਜੋ ਇਸ ਬਾਰੇ ਵਧੇਰੇ ਜਾਣਕਾਰੀ ਲਈ ਗੁ: ਮਾਰਤੰਡ ਵਿਚੋਂ ਵਾਚਿਆ ਜਾ ਸਕਦਾ ਹੈ।

ਇਸ ਚੱਲੇ ਹੋਏ ਦੇਵੀ ਦੇ ਪ੍ਰਸੰਗ ਵਿਚ ਮੁਨਾਸਬ ਮਾਲੂਮ ਹੁੰਦਾ ਹੈ ਕਿ ਅਸੀਂ ਆਪਣੇ ਭਾਈਆਂ ਨਾਲ ਦੋ ਗੱਲਾਂ ਦੇਵੀ ਬਾਬਤ ਕਰੀਏ :

'ਪਿਆਰੇ ਗੁਰੂ ਨਾਨਕ ਪੰਥੀਓ ! ਸਭ ਤੋਂ ਪਹਿਲਾਂ ਆਪ ਇਹ ਵੀਚਾਰੋ ਕਿ ਦੇਵੀ ਕੌਣ ਹੋਈ ਹੈ, ਅਤੇ ਉਸ ਨੇ ਸੰਸਾਰ ਦਾ ਕੀ ਉਪਕਾਰ ਕੀਤਾ ਹੈ। ਪੁਰਾਣਾਂ ਤੋਂ ਪਤਾ ਲਗਦਾ ਹੈ ਕਿ ਉਹ ਹਿਮਾਲਯ ਦੀ ਬੇਟੀ ਸੀ, ਇਸ ਵਾਸਤੇ ਉਸ ਦਾ ਨਾਮ ਪਾਰਬਤੀ, ਗਿਰਿਜਾ, ਭਵਾਨੀ ਆਦਿ ਹਨ, ਉਸ ਨੇ ਦੇਵਤਿਆਂ ਦੀ ਹਿਮਾਯਤ ਵਿਚ ਦੈਂਤਾਂ ਨਾਲ ਯੁੱਧ ਕੀਤਾ ਅਤੇ ਇੰਦ੍ਰ ਨੂੰ ਕਈ ਵੇਰ ਬਾਦਸ਼ਾਹੀ ਮੁੜ ਦਿੱਤੀ; ਅਤੇ ਇੰਦ੍ਰ ਉਹ ਦੇਵਤਾ ਹੈ, ਜੋ ਸਾਰਾ ਦਿਨ ਅਪਸਰਾਂ ਦਾ ਨਾਚ ਔਰ ਤਮਾਸ਼ਾ ਦੇਖਦਾ ਹੋਇਆ, ਔਰ ਆਰਾਮ ਨਾਲ ਸਮਾਂ ਬਿਤਾਉਂਦਾ ਹੈ, ਔਰ ਪੁਰਾਣਾਂ ਤੋਂ ਪਤਾ ਲਗਦਾ ਹੈ ਕਿ ਕੋਈ ਰਿਸ਼ੀ ਐਸਾ ਨਹੀਂ, ਜਿਸ ਦੇ ਭਜਨ ਅਤੇ ਤੱਪ ਵਿਚ ਵਿਘਨ ਪਾਉਣ ਵਾਸਤੇ ਇੰਦ੍ਰ ਨੇ ਸੁੰਦਰੀਆਂ ਤੀਵੀਆਂ ਨ ਭੇਜੀਆਂ ਹੋਣ, ਔਰ ਉਹ ਖ਼ੁਦ ਰਿਸ਼ੀਆਂ ਦੀਆਂ ਇਸਤ੍ਰੀਆਂ ਨਾਲ ਵਿਭਚਾਰ ਕਰਦਾ ਰਿਹਾ ਹੈ; ਜਿਹੀ ਕਿ ਅਹਲਯਾ (ਗੌਤਮ ਰਿਖੀ ਦੀ ਪਤਨੀ) ਦੀ ਕਥਾ ਹੈ। ਐਸੇ ਵਿਭਚਾਰੀ ਅਤੇ ਕੁਕਰਮੀ ਦੀ ਸਹਾਇਤਾ ਕਰ ਕੇ ਦੇਵੀ ਨੇ ਜਗਤ ਨੂੰ ਕੀ ਸੁਖ ਦਿੱਤਾ ? ਇੰਦ੍ਰ ਨੇ ਰਾਜ ਲੈ ਕੇ ਸੰਸਾਰ ਦਾ ਕਿਹੜਾ ਸੁਧਾਰ ਕੀਤਾ ?'

'...ਕਈ ਮੰਤਕੀ ਇਹ ਆਖਦੇ ਹਨ ਕਿ ਅਸੀਂ ਹਿਮਾਲਯ ਦੀ ਬੇਟੀ ਅਥਵਾ ਅਸ਼ਟ ਭੁਜੀ ਆਦਿਕ ਸਰੂਪ ਵਾਲੀ ਦੇਵੀ ਨੂੰ ਨਹੀਂ ਪੂਜਦੇ, ਅਸੀਂ ਤਾਂ ਅਕਾਲ ਪੁਰਖ ਦੀ ਜੋ ਸ਼ਕਤੀ ਹੈ, ਉਸ ਨੂੰ ਮੰਨਦੇ ਹਾਂ। ਉਨ੍ਹਾਂ ਪ੍ਰਤੀ ਅਸੀਂ ਇਹ ਪ੍ਰਸ਼ਨ ਕਰਦੇ ਹਾਂ ਕਿ ਅਕਾਲ ਪੁਰਖ ਦੀ ਸ਼ਕਤੀ ਉਸ ਤੋਂ ਭਿੰਨ ਹੈ ਜਾਂ ਅਭਿੰਨ ? ਜੜ੍ਹ ਹੈ ਜਾਂ ਚੇਤਨ ? ਔਰ ਅਨਿੱਤ ਹੈ ਵਾ ਨਿੱਤ ? ਜੇ ਨਿੱਤ ਤੁਸੀਂ ਮੰਨਦੇ ਹੋ ਅਰ ਉਸ ਨੂੰ ਪੂਜਦੇ ਹੋ, ਤਾਂ ਨਿਸਚਾ ਕਰੋ ਕਿ ਗੁਰੂ ਸਾਹਿਬ ਨੇ ਜੋ ਓਅੰਕਾਰ ਦੇ ਆਦਿ ਵਿਚ ਏਕਾ ਲਾਇਆ ਹੈ, ਤੁਸੀਂ ਉਸ ਉੱਪਰ ਹੜਤਾਲ ਦੇ ਫ਼ਿਕਰ ਵਿਚ ਹੋ, ਔਰ

ਸਿੱਖੀ ਤੋਂ ਪਤਿਤ ਹੈ; ਔਰ ਜੋ ਦੇਵੀ ਅਕਾਲ ਪੁਰਖ ਤੋਂ ਭਿੰਨ ਨਹੀਂ; ਕੇਵਲ ਉਸ ਦੀ ਸ਼ਕਤੀ ਮਾਤ੍ਰ ਦਾ ਨਾਉਂ ਹੈ ਤਾਂ ਉਸ ਦਾ ਦੇਵੀ ਨਾਮ ਲੈ ਕੇ ਭਿੰਨ ਪੂਜਣਾ ਭੀ ਮਹਾ ਅਗਿਆਨ ਤੇ ਮੂਰਖਤਾ ਹੈ।'

'ਜੇ ਦੇਵੀ ਕੋਈ ਜੜ੍ਹ ਔਰ ਅਨਿੱਤ ਪਦਾਰਥ ਹੈ ਤਾਂ ਭੀ ਉਸ ਦੀ ਪੂਜਾ ਸਿੱਖ ਧਰਮ ਅਨੁਸਾਰ ਨਹੀਂ ਬਣਦੀ। ਸਿਧਾਂਤ ਇਹ ਹੈ ਕਿ ਕਿਸੀ ਤਰ੍ਹਾਂ ਭੀ ਦੇਵੀ ਦੀ ਪੂਜਾ ਸਿੱਖ ਧਰਮ ਵਿਚ ਜੋਗ ਸਿੱਧ ਨਹੀਂ ਹੋ ਸਕਦੀ।' (ਗੁਰਮੱਤ ਮਾਰਤੰਡ, ਪੰ. 597-598)

ਸਿੱਟਾ :— ਸਿਆਣਿਆਂ ਦਾ ਕਥਨ ਹੈ ਕਿ ਪਾਓ ਭਰ ਲੂਣ ਵਿਚ ਇਕ ਅੱਧ ਛਟਾਂਕ ਆਟਾ ਮਿਲਾ ਲਈਏ, ਤਾਂ ਲੂਣ ਦਾ ਪਿੰਨਾ ਬਣ ਜਾਂਦਾ ਹੈ, ਪਰ ਨਿਰੇ ਲੂਣ ਦਾ ਪਿੰਨਾ ਨਹੀਂ ਬਣ ਸਕਦਾ। ਇਹੀ ਗੱਲ ਇਨ੍ਹਾਂ ਮਹਾਂ ਕਾਲ ਤੇ ਦੇਵੀ-ਪੂਜਕ ਸ਼ਾਕਤ ਕਵੀਆਂ ਦੀਆਂ ਇਨ੍ਹਾਂ ਰਚਨਾਵਾਂ ਉੱਤੇ ਲਾਗੂ ਹੁੰਦਾ ਹੈ, ਜੋ ਨਿਰੇ ਝੂਠੇ ਤੇ ਕਾਲਪਨਿਕ ਕਹਾਣੀਆਂ ਦੇ ਪਲੰਦੇ ਹਨ। ਇਹ ਸ਼ਾਮ (ਸਯਾਮ) ਆਦਿ ਤਾਂਤ੍ਰਿਕ ਤੇ ਸ਼ਾਕਤ (ਮਾਸ, ਮਦਰਾ ਤੇ ਮੈਥਨ ਦੇ ਹਾਮੀ) ਕਵੀ 'ਚੰਡੀ ਚਰਿਤ੍ਰ' ਤੇ 'ਚਰਿਤ੍ਰੋ ਪਾਖਯਾਨ' ਆਦਿ ਰਚਨਾਵਾਂ ਉੱਪਰ 'ੴ ਵਾਹਿਗੁਰੂ ਜੀ ਕੀ ਫਤਹ' ਆਦਿ ਮੰਗਲਾ-ਚਰਨ ਦੀ ਵਰਤੋਂ ਕਰਨ ਦੀ ਵੀ ਚੁਸਤੀ ਕਰਦੇ ਹਨ, ਤਾਂ ਜੋ, ਮਾਸੂਮ ਸਿੱਖ ਇਨ੍ਹਾਂ ਰਚਨਾਵਾਂ ਨੂੰ ਗੁਰੂ ਕ੍ਰਿਤ-ਮੰਨ ਕੇ, ਉਨ੍ਹਾਂ ਦੇ ਵੀਚਾਰਾਂ ਦੇ ਕਾਇਲ ਅਥਵਾ ਦੇਵੀ ਭਗਤ ਤੇ ਸ਼ਾਕਤ ਹੋ ਜਾਣ।

ਇਹ ਕਵੀ ਆਪਣੇ ਇਸ ਨਾਪਾਕ ਮਨਸੂਬੇ ਵਿਚ ਕਿਥੋਂ ਤਕ ਸਫਲ ਹੋਏ ਹਨ, ਇਹ ਗਲ ਡਾਕਟਰ ਹਰਿਭਜਨ ਸਿੰਘ ਜੀ, ਡਾ: ਤਾਰਨ ਸਿੰਘ ਜੀ, ਡਾ. ਜੋਧ ਸਿੰਘ ਜੀ, ਗਿ. ਹਰਬੰਸ ਸਿੰਘ ਜੀ 'ਨਿਰਣੈਕਾਰ', ਗਿ: ਲਾਲ ਸਿੰਘ ਜੀ ਤੇ ਪ੍ਰੋ: ਪਿਆਰਾ ਸਿੰਘ ਜੀ ਪਦਮ' ਆਦਿ ਸਿੱਖ ਵਿਦਵਾਨਾ ਦੇ, ਉਨ੍ਹਾਂ ਵਲੋਂ ਫੈਲਾਏ ਜਾਲ ਵਿਚ ਫੱਸ ਜਾਣ ਤੋਂ ਸਿੱਧ ਹੋ ਜਾਂਦੀ ਹੈ। ਜ਼ਹਿਰ ਨੂੰ ਖੰਡ ਵਿਚ ਗਲੇਫ ਲੈਣ ਨਾਲ ਉਸ ਦਾ ਮਾਰੂ ਅਸਰ ਘਟ ਨਹੀਂ ਹੁੰਦਾ। ਸ਼ਾਕਤ ਕਵੀਆਂ ਦੀਆਂ ਰਚਨਾਵਾਂ ਸ੍ਰੀ ਦਸਮੇਸ਼ ਜੀ ਨਾਲ ਜੋੜ ਲੈਣ ਉਪ੍ਰੰਤ, ਉਨ੍ਹਾਂ ਦੇ, ਭਾਈ ਸਾਹਿਬ ਕਾਨ੍ਹ ਸਿੰਘ ਦੇ ਕਥਨ ਅਨੁਸਾਰ, ਹੇਰ ਫੇਰ ਅਰਥ-ਭਾਵ ਕੱਢ ਲੈਣ ਤੇ Interpretation ਕਰ ਲੈਣ ਨਾਲ ਗੱਲ ਨਹੀਂ ਬਣ ਸਕਦੀ। ਇਸ ਅਤਿ ਖਤਰਨਾਕ ਤੇ ਮਾਰੂ ਸਮੱਸਿਆ ਦਾ ਹੱਲ, ਚੂਹੇ ਨੂੰ ਮਾਰਨ ਵਿਚ ਨਹੀਂ, ਚੂਹੇ ਦੀ ਮਾਂ ਨੂੰ ਮਾਰਨ ਵਿਚ ਹੈ; ਭਾਵ, ਉਨ੍ਹਾਂ ਰਚਨਾਵਾਂ ਨੂੰ ਜੋ ਗੁਰਬਾਣੀ ਦੇ ਬੁਨਿਆਦੀ ਸਿਧਾਂਤਾਂ ਦੀ ਕਸਵੱਟੀ ਉੱਤੇ ਪਰਖੀਆਂ ਜਾ ਕੇ, ਪੂਰੀਆਂ ਨਹੀਂ ਉੱਤਰਦੀਆਂ, ਉਨ੍ਹਾਂ ਨੂੰ ਸ੍ਰੀ ਦਸਮੇਸ਼ ਜੀ ਦੀਆਂ ਰਚਨਾਵਾਂ ਨਾ ਮੰਨਣ ਨਾਲ ਕੀ ਥੁੜਦਾ ਹੈ? ਕਿਥੋਂ ਤੇ ਕਿਵੇਂ ਗੁਰਮਤਿ ਉਜਾਗਰ ਹੋਣੋਂ ਰਹਿ ਜਾਂਦੀ ਹੈ? ਇਸ ਸੰਬੰਧ ਵਿਚ, To err on the right side (ਠੀਕ ਪਾਸੇ ਭੁੱਲ ਕਰਨ) ਵਾਲਾ ਸਿਧਾਂਤ ਹੀ ਗੁਰਮਤਿ ਨੂੰ ਨਿਰਮਲ, ਨਿਰੋਲ ਤੇ ਨਿਆਰਾ ਰੱਖ ਸਕਦਾ ਹੈ। ਵਰਨਾ ਬਿਪਰ-ਸੰਸਾਰ ਸਾਡੇ ਖਾਲਸ-ਪਨ ਨੂੰ ਇੰਨਾ ਧੁੰਦਲਾ ਤੇ ਰੂਪੋਂ ਕਰੂਪ ਕਰ ਦੇਵੇਗਾ ਕਿ ਅਸਲ ਤੇ ਨਕਲ ਵਿਚ ਫਰਕ ਤੇ ਪਛਾਣ ਅਸੰਭਵ ਹੋ ਜਾਵੇਗੀ, ਬਿਪਰ-ਸੰਸਾਰ ਸਿੱਖ-ਧਰਮ ਦੇ ਆਰੰਭ ਤੋਂ ਹੀ ਐਸੇ ਮੌਕੇ ਦੀ ਤਾੜ ਵਿਚ ਰਿਹਾ ਹੈ, ਅਤੇ ਸਾਡੇ 'ਸਿੱਖ ਵਿਦਵਾਨ' ਉਨ੍ਹਾਂ ਦਾ ਇਹ ਕਾਰਜ ਆਪੋਂ ਹੀ ਸਹਿਲ ਕਰਨ ਉੱਤੇ ਤੁਲੇ ਹੋਏ ਹਨ।

ਫ਼ਾਰਸੀ ਵਿਚ ਇਕ ਅਖਾਣ ਹੈ : ਮਨ ਚਿ: ਮੇ ਸਰਾਇਮ ਵ ਤੰਬੂਰਾਇ ਮਨ ਚਿ: ਮੇ ਸਰਾਯਦ ? (ਮੈਂ ਕੁਛ ਗਾਉਂਦਾ ਹਾਂ, ਪਰ ਮੇਰਾ ਤੰਬੂਰਾ ਕੁਝ ਹੋਰ ਹੀ ਗਾਉਂਦਾ ਹੈ) ਕੁਝ ਇਵੇਂ ਹੀ ਗੁਰਮੱਤ-ਸਿਧਾਂਤ ਸੁਰਜੀਤ ਕੁਝ ਹੋਰ ਸੋਧ ਬਖਸ਼ਦਾ ਹੈ, ਪਰ ਸਾਡੇ 'ਤੰਬੂਰਾ ਵਿਦਵਾਨ' ਉਸ ਦੇ ਐਨ ਉੱਲਟ, ਵਿਰੋਧੀ ਸੁਰ ਅਲਾਪ ਰਹੇ ਹਨ । ਸ੍ਰੀ ਗੁਰੂ ਅਰਜੁਨ ਦੇਵ ਜੀ ਦਾ, ਸ੍ਰੀ ਕ੍ਰਿਸ਼ਨ ਜੀ ਨੂੰ ਠਾਕੁਰ (ਵਾਹਿਗੁਰੂ) ਮੰਨ ਕੇ ਉਸਤਤਿ-ਕਰਤਾ ਦੱਸਣ ਵਾਲੇ ਸੱਜਣ ਵਾਚਣ : 'ਗੁਰੂ ਨਾਨਕ ਮਿਸ਼ਨ, ਪਟਿਆਲਾ ਦੇ 135ਵੇਂ ਟ੍ਰੈਕਟ 'ਸਿੱਖ ਦਾ ਨਿਆਰਾਪਨ' ਵਿਚੋਂ ਇਹ ਕੁਝ ਕੁ ਬਹੁ-ਮੁੱਲੇ ਹਵਾਲੇ :

ੳ) ਬ੍ਰਹਮਾ ਬਿਸਨ ਮਹੇਸ ਨ ਕੋਈ, ਅਵਰੁ ਨ ਦੀਸੈ ਏਕੋ ਸੋਈ ॥ (ਮ: 3)

ਅ) ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥
ਨਾਨਕ, ਭੰਡੈ ਬਾਹਰਾ, ਏਕੋ ਸਚਾ ਸੋਇ (ਮ: 1, ਵਾਰ ਆਸਾ)

ੲ) ਗੁਰਮਤਿ, ਨਿਰੰਕਾਰ ਤੋਂ ਵਖਰਾ, ਕੋਈ ਸ਼ਿਵ ਜੀ, ਬ੍ਰਹਮਾ ਵਿਸ਼ਨੂੰ, ਪਾਰਬਤੀ ਸਵੀਕਾਰ ਨਹੀਂ ਕਰਦਾ; ਬਲਕਿ, ਗੁਰਮਤਿ ਦਾ ਫੁਰਮਾਨ ਹੈ ਕਿ ਨਿਰੰਕਾਰ ਗੁਰੂ ਆਪ ਹੀ ਸਭ ਕੁਝ ਹੈ :
'ਗੁਰ ਈਸਰੁ, ਗੁਰੁ ਗੋਰਖੁ ਬਰਮਾ, ਗੁਰੁ ਪਾਰਬਤੀ ਮਾਈ ॥' (ਜਪੁਜੀ)

ਸ) 'ਜੋ ਪਰਮੇਸ਼ਰ' ਅਕਾਲ ਅਥਵਾ ਮੌਤ-ਰਹਿਤ ਹੈ ਅਤੇ ਅਜੂਨੀ, ਅਥਵਾ ਜਨਮ ਨਹੀਂ ਲੈਂਦਾ, ਉਹ ਆਕਾਰ (ਸਰੀਰ) ਮਿਥਿਆ ਨਹੀਂ ਜਾ ਸਕਦਾ, ਅਤੇ ਜਿਸ ਦਾ ਸਰੀਰ ਹੀ ਕੋਈ ਨਹੀਂ, ਉਸ ਦੀ ਮੂਰਤੀ (ਬੁਤ) ਕਿਵੇਂ ਹੋ ਸਕਦਾ ਹੈ ? ਇਸ ਲਈ ਗੁਰਮਤਿ ਅੰਦਰ ਪੱਥਰ ਦੇ ਘੜੇ ਠਾਕੁਰਾਂ (ਬੁੱਤਾਂ) ਦੀ ਪੂਜਾ ਦਾ ਖੰਡਨ, ਬੜੀ ਬੇਕਿਰਕੀ ਨਾਲ ਕੀਤਾ ਗਿਆ ਹੈ, ਅਤੇ ਦੱਸਿਆ ਹੈ ਕਿ ਠਾਕੁਰ (ਨਿਰੰਕਾਰ) ਤਾਂ ਹਰ ਕਿਸੇ ਦੇ ਆਪਣੇ ਅੰਦਰ ਹੈ । ਉਸ ਨੂੰ ਛੱਡ ਕੇ ਪੱਥਰਾਂ ਦੇ ਪੈਰੀਂ ਪੈਣਾ ਫੋਕਟ ਤੇ ਨਿਸਫਲ ਕਰਮ ਹਨ :

ਜੋ ਪਾਥਰ ਕਉ ਕਹਤੇ ਦੇਵ, ਤਾਂ ਕੀ ਬਿਰਥਾ ਹੋਵੈ ਸੇਵ ॥
ਜੋ ਪਾਥਰ ਕੀ ਪਾਈ ਪਾਇ, ਤਿਸ ਕੀ ਘਾਲ ਅਜਾਈ ਜਾਇ ॥
ਠਾਕੁਰੁ ਹਮਰਾ ਸਦ ਬੋਲੰਤਾ, ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥
ਅੰਤਰਿ ਦੇਉ, ਨ ਜਾਨੈ ਅੰਧੁ, ਭ੍ਰਮ ਕਾ ਮੋਹਿਆ ਪਾਵੈ ਫੰਧੁ ॥
ਨਾ ਪਾਥਰੁ ਬੋਲੈ ਨਾ ਕਿਛੁ ਦੇਇ, ਫੋਕਟ ਕਰਮ ਨਿਹਫਲ ਹੈ ਸੇਵ ॥ (ਭੈਰਉ ਮ: 5)

ਪ੍ਰੋ: ਮਹਬੂਬ ਜੀ ਦੀ ਰਚਨਾ 'ਚ ਅਹਿਮ ਹਵਾਲਾ

'ਚੰਡੀ ਚਰਿਤ੍ਰ' ਅਤੇ ਚਰਿਤ੍ਰੋ ਪਾਖਿਆਨ' ਆਦਿ ਸੰਦਿਗਧ (ਸ਼ੱਕੀ) ਰਚਨਾਵਾਂ ਨੂੰ ਸ੍ਰੀ ਦਸਮੇਸ਼ ਜੀ ਦੀ ਕ੍ਰਿਤ ਨ ਮੰਨਣ ਨਾਲ ਸਤਿਗੁਰੂ ਜੀ ਦੀ ਮਹਾਨਤਾ ਤੇ ਖਾਲਸਾ ਪੰਥ ਦੀ ਵਡਿਆਈ ਵਿਚੋਂ ਨ ਹੀ ਕੁਝ ਘੱਟਦਾ ਹੈ ਅਤੇ ਨ ਹੀ ਪੰਥ ਦੇ ਦੋਖੀਆਂ ਨੂੰ ਐਸੀਆਂ ਅਨੁਚਿੱਤ ਲਿਖਤਾਂ ਲਿਖਣ ਦਾ ਮੌਕਾ ਮਿਲਦਾ ਹੈ, ਪਰ ਦੂਸਰੀ ਹਾਲਤ ਵਿਚ, ਇਨ੍ਹਾਂ ਨੂੰ ਗੁਰੂ ਦੀ ਕ੍ਰਿਤ ਮੰਨ ਲੈਣ ਨਾਲ ਪੰਥ ਬੜਾ ਕਸੂਤਾ ਫੱਸ ਜਾਂਦਾ ਅਤੇ ਗੁਰਮਤਿ ਦੇ ਉੱਜਲ ਤੇ ਅਮਰ ਸਿਧਾਂਤਾਂ ਦੀ ਆਭਾ ਤੇ ਨਿਰਮਲਤਾ

ਹੀ ਗਵਾ ਬੈਠਦਾ ਹੈ। ਸੋ, ਉਚਿਤ ਇਹੋ ਹੈ ਕਿ ਐਸੀਆਂ ਗੁਰਬਾਣੀ-ਆਸ਼ੇ ਵਿਰੁਧ ਰਚਨਾਵਾਂ ਨੂੰ, ਗੁਰੂ-ਕ੍ਰਿਤ ਨ ਮੰਨਿਆ ਜਾਵੇ। 'ਨ ਹੋਵੇ ਬਾਂਸ, ਨ ਵਜੇ ਬੰਸਰੀ।'

ਪ੍ਰੋਫੈਸਰ ਹਰਿੰਦਰ ਸਿੰਘ 'ਮਹਬੂਬ', ਐਮ. ਏ. (ਅੰਗਰੇਜ਼ੀ ਤੇ ਪੰਜਾਬੀ) ਨੇ ਵੱਡੀ ਖੋਜ ਉਪ੍ਰੰਤ ਆਪਣੀ ਪੁਸਤਕ ਸਹਿਜੇ ਰਚਿਓ ਖਾਲਸਾ' (ਪੰਨੇ-1237) ਵਿਚ ਚੰਡੀ ਚਰਿਤ੍ਰ ਅਤੇ ਚਰਿਤ੍ਰੋਂ ਪਖਿਆਨ ਆਦਿ ਬਾਰੇ ਇਉਂ ਬਾ-ਦਲੀਲ ਨਿਰਣਾ ਕੀਤਾ ਹੈ :

ੳ) (ਦਸਮ ਗ੍ਰੰਥ ਵਿਚ) ਮਿਲਾਵਟ ਕਰਨ ਅਤੇ ਗੁਰੂ ਸਾਹਿਬਾਨ ਦੇ ਨਾਂ ਨਾਲ ਲਿਖਤਾਂ ਸੰਬੰਧਿਤ ਕਰਨ ਦਾ ਅਮਲ ਬਹੁਤੀ ਵਾਰ ਜਾਣ ਬੁੱਝ ਕੇ ਕੀਤਾ ਗਿਆ। ਇਹ ਅਮਲ ਸ਼ਰਾਰਤੀ ਤੇ ਈਰਖਾਲੂ ਲੋਕਾਂ ਦੇ ਇਸ਼ਾਰੇ ਉੱਤੇ ਹੋਇਆ (ਪੰ-693)

ਅ) ਕਪਟੀਆਂ ਨੇ ਸਿੱਖ ਗ੍ਰੰਥਾਂ ਵਿਚ ਮਿਲਾਵਟ ਕੀਤੀ, ਗੁਰੂ ਨਾਨਕ ਅਮਲ ਦੀ ਨਿਰਮਲ ਨੁਹਾਰ ਨੂੰ ਵਿਗਾੜਨ ਦੇ ਯਤਨ ਕੀਤੇ, ਗੁਰੂ ਜੀ ਦੇ ਨਾਮ ਨਾਲ ਝੂਠੀਆਂ ਲਿਖਤਾਂ ਜੋੜਨ ਦਾ ਅਪਰਾਧ ਕੀਤਾ, ਅਤੇ ਖਾਲਸੇ ਦਾ ਮਾਸੂਮ ਯਕੀਨ, ਹਰ ਕੋਹਝੇ ਰੂਪ ਨੂੰ ਜੀਅ ਆਇਆਂ ਆਖਦਾ ਰਿਹਾ। ਜੇ ਹਜ਼ੂਰ (ਸ੍ਰੀ ਦਸ਼ਮੇਸ਼ ਜੀ) ਪੁਰਾਤਨ ਸੰਸਕ੍ਰਿਤੀ ਦਾ ਬੋਧ ਆਪਣੇ ਪੰਥ ਨੂੰ ਦੇਣ ਦੀ ਜ਼ਰੂਰਤ ਮਹਿਸੂਸ ਕਰਦੇ, ਤਾਂ ਇਹ ਬਿਲਕੁਲ ਸਾਫ਼ ਹੈ ਕਿ ਭਾਰਤੀ ਸੰਸਕ੍ਰਿਤੀ ਦੇ ਉਹਨਾਂ ਰੂਪਾਂ ਦੀ ਚੋਣ ਕਰਦੇ, ਜਿਹੜੇ ਕਿ ਸੁਹਜ, ਜੀਵਨ ਰਸਕਿਤਾ ਦੀ ਵਿਸ਼ਾਲਤਾ ਅਤੇ ਚਿੰਤਨ ਦੇ ਪੱਖੋਂ, ਉਸ ਵਿਚ ਸਰਬੋਤਮ ਦਰਜਾ ਰਖਦੇ ਹੁੰਦੇ। ਇਹ ਅਸੰਭਵ ਸੀ ਕਿ ਗੁਰੂ ਸਾਹਿਬ, ਖਾਲਸੇ ਨੂੰ ਭਾਰਤੀ ਸੰਸਕ੍ਰਿਤੀ ਦਾ ਗਿਆਨ ਦੇਣ ਦਾ ਪ੍ਰਯੋਜਨ ਰਖਦੇ ਹੋਣ, ਪਰ, ਚੌਦ ਅਵਤਾਰ ਵਰਗੀਆਂ ਮਹੱਤਤਾ-ਰਹਿਤ ਕਥਾਵਾਂ ਸੁਣਾ ਕੇ ਇਸ ਦੀ ਪੂਰਤੀ ਕਰ ਰਹੇ ਹੋਣ। ਬੋਧ, ਜੋ ਕਿ ਪ੍ਰਮਾਣੀਕ ਪੌਰਾਣਿਕ ਸਾਹਿਤ ਅਨੁਸਾਰ ਵਿਸ਼ਨੂੰ ਦਾ ਅਵਤਾਰ ਨਹੀਂ, ਦਸਮ ਗ੍ਰੰਥ ਦੇ ਕਿਸੇ ਕਰਤਾ ਨੇ ਅਗਿਆਨ-ਵੱਸ, ਇਸ ਨੂੰ ਵਿਸ਼ਨੂੰ ਦਾ ਉਨੀਵਾਂ ਅਵਤਾਰ ਮਿਥ ਲਿਆ ਹੈ, ਜੋ ਮਨੁੱਖ ਦੇ ਕੱਚੇ ਅਨੁਭਵ ਤੋਂ ਉਪਜੀ ਮਿਥ (myth) ਹੈ। (ਪੰ. 753)

ਸ) 'ਚਰਿਤ੍ਰੋਂ ਪਾਖਿਆਨ' ਜੀਵਨ ਦੀ ਇਕਹਿਰੀ ਅਤੇ ਸੁਸਤ ਚੇਤਨਾ-ਸ਼ਕਤੀ ਦਾ ਲਖਾਇਕ ਹੈ। ਇਸਤ੍ਰੀ ਦੇ ਉਲਾਰੂ ਕਾਮ-ਜਜ਼ਬੇ ਨੂੰ ਇੰਝ ਅਤਿ ਕਥਿਤ ਕਰੂਪਤਾ ਨਾਲ ਗੁਣਾ ਕਰਨ (ਵਧਾਉਣ) ਵਾਲਾ ਤਰੀਕਾ, ਜਿੱਥੇ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਸਰਾਸਰ ਝੂਠਾ ਹੈ, ਉਥੇ ਗੁਰਮਤਿ ਦੀ ਦ੍ਰਿਸ਼ਟੀ ਤੋਂ ਅਣ-ਮਨੁੱਖੀ ਅਤੇ ਬੇਸਮਝ ਹੈ। (ਪੰ. 755)

ਹ) 'ਦਸਮ ਗ੍ਰੰਥ' ਦੀ ਹਰ ਇਕ ਰਚਨਾ ਦੇ ਆਤਮਕ ਤੌਰ ਉੱਤੇ ਕਲਿਆਣਕਾਰੀ ਹੋਣ ਦਾ ਦਾਅਵਾ ਕੀਤਾ ਗਿਆ ਹੈ...। ਏਥੋਂ ਤੱਕ ਕਿ 'ਚਰਿਤ੍ਰੋਂ ਪਾਖਿਆਨ' ਵਰਗੀ ਅਸ਼ਲੀਲਤਾ-ਭਰੀ ਰਚਨਾ ਨੂੰ ਵੀ ਧਾਰਮਿਕ ਉੱਚਤਾ ਪ੍ਰਦਾਨ ਕੀਤੀ ਗਈ ਹੈ :
'ਕ੍ਰਿਪਾ ਕਰੀ ਹਮ ਪਰ ਜਗ ਮਾਤਾ। ਗ੍ਰੰਥ ਕਰਾ ਪੂਰਨ ਸੁਭਰਾਤਾ। 402/405
ਅਤੇ 'ਮਨ ਬਾਂਛਤ ਫਲ ਪਾਵੈ ਸੋਈ। ਦੂਖ ਨ ਤਿਸੈ ਬਿਆਪਤ ਕੋਈ। 403/405;
ਇਸੇ ਤਰ੍ਹਾਂ 'ਚੰਡੀ ਦੀ ਵਾਰ', 'ਰਾਮਾਵਤਾਰ ਅਤੇ ਕ੍ਰਿਸ਼ਨਾਵਤਾਰ ਆਦਿ ਦੇ ਪਾਠ ਨੂੰ ਵੀ, ਕਿਸੇ ਨ ਕਿਸੇ ਸ਼ਕਲ ਵਿਚ, ਮੁਕਤੀ ਦਾ ਸਾਧਨ ਮੰਨਿਆ ਗਿਆ ਹੈ...।

ਇਸ ਤੋਂ ਸਾਫ਼ ਹੈ ਕਿ ਇਹ ਰਚਨਾਵਾਂ ਕੇਵਲ ਕਾਵਿ-ਰਸਿਕਤਾ ਅਤੇ ਪੁਰਾਤਨ ਸੰਸਕ੍ਰਿਤੀ ਦਾ ਗਿਆਨ ਦੇਣ ਲਈ ਹੀ ਨਹੀਂ ਲਿਖੀਆਂ ਗਈਆਂ, ਬਲਕਿ ਇਹ ਰਚਨਾਵਾਂ ਕਵੀ ਦੀ ਰੂਹਾਨੀਅਤ ਦਾ ਆਧਾਰ ਹਨ, ਅਤੇ ਇਹ ਰਚਨਾਵਾਂ ਕਵੀ ਦੇ ਧਰਮ ਵਿਚ ਬਤੌਰ ਧਰਮ-ਗ੍ਰੰਥਾਂ ਦੇ ਪ੍ਰਵੇਸ਼ ਕਰਦੀਆਂ ਹਨ ।' (ਪੰ. 758)

ਕ) ਜੇ 'ਚੌਬੀਸ ਅਵਤਾਰ' ਅਤੇ 'ਚੰਡੀ ਚਰਿਤ੍ਰ' ਵਿਚ ਕਵੀ ਆਪਣੀ ਧਾਰਮਿਕ ਭਾਵਨਾ ਦੱਸ ਰਿਹਾ ਹੈ, ਤਾਂ ਇਹ ਮੰਨਣਾ ਪਵੇਗਾ ਕਿ ਕ੍ਰਿਸ਼ਨਾਵਤਾਰ (608) ਵਿਚ 'ਦੇਵੀ ਜੀ ਕੀ ਉਸਤਤਿ' ਵਾਲਾ ਹਿੱਸੇ ਉਸੇ ਭਾਵਨਾ ਦਾ ਅੰਗ ਹੈ । ਇਸ ਤਰ੍ਹਾਂ ਸਾਨੂੰ ਇਹ ਪ੍ਰਸ਼ਨ ਕਰਨ ਦਾ ਹੱਕ ਮਿਲ ਜਾਂਦਾ ਹੈ ਕਿ ਕਵੀ ਦੀ ਦ੍ਰਿਸ਼ਟੀ ਵਿਚ 'ਦੇਵੀ ਦਾ ਕੀ ਸਥਾਨ ਤੇ ਸਰੂਪ ਹੈ ? ਇਸ ਪ੍ਰਸ਼ਨ ਦਾ ਉੱਤਰ ਇਹ ਹੈ ਕਿ ਕਵੀ ਦੀ ਦ੍ਰਿਸ਼ਟੀ ਵਿਚ ਦੇਵੀ ਉਸ ਦੇ ਗੁਰੂ (ਇਸ਼ਟ) ਦਾ ਦਰਜਾ ਰਖਦੀ ।''

ਖ) ''...ਇਹ ਸਚਾਈ ਐਨੀ ਪ੍ਰਤੱਖ ਹੈ ਕਿ ਇਨ੍ਹਾਂ ਰਚਨਾਵਾਂ ('ਚੰਡੀ ਚਰਿਤ੍ਰ' ਪੰ. 758) ਨੂੰ ਗੁਰੂ ਸਾਹਿਬ ਦੀਆਂ ਰਚਨਾਵਾਂ ਮੰਨਣ ਵਾਲੇ ਵਿਦਵਾਨ ਵੀ ਅਚੇਤ ਤੌਰ ਉੱਤੇ ਇਸ ਤੋਂ ਤ੍ਰਬਕਦੇ ਹਨ । ਉਹ ਇਸ ਮਨੌਤ ਨੂੰ ਧਾਰਨ ਕਰਨ ਪਿੱਛੋਂ ਵੀ ਕਿ ਗੁਰੂ ਸਾਹਿਬ ਆਪ ਇਨ੍ਹਾਂ ਰਚਨਾਵਾਂ ਤੋਂ ਬਾਹਰ ਖਲੋਤੇ ਹਨ, **'ਦੇਹਿ ਸ਼ਿਵਾ ਬਰ ਮੋਹਿ ਇਹੈ'** ਵਿਚ 'ਸ਼ਿਵਾ' ਦਾ ਅਰਥ ਪਾਰਬਤੀ ਦੀ ਥਾਂ ਪ੍ਰਮੇਸ਼ਰ, ਕਰਦੇ ਹਨ; ਜਦੋਂ ਕਿ ਬਾਕੀ ਚੰਡੀ ਚਰਿਤ੍ਰ ਵਿਚ 'ਸ਼ਿਵਾ' ਦਾ ਅਰਥ ਪਾਰਬਤੀ ਤੋਂ ਬਿਨਾਂ ਹੋਰ ਕੋਈ ਨਹੀਂ ।''

ਗ) ''ਮਹਾਨ ਲੇਖਕਾਂ (ਜਿਵੇਂ ਕਾਲੀ ਦਾਸ, ਵਾਲਟ ਵਿਟਮੈਨ ਅਤੇ ਡੀ. ਐਚ. ਲਾਰੰਸ ਆਦਿ) ਦਾ ਨੰਗੇਜ਼ਵਾਦ ਹਮੇਸ਼ਾ ਹੀ ਜੀਵਨ ਦੇ ਅਲੌਕਿਕ ਸੁਹਜ ਦੇ ਦਰਾਂ ਨੂੰ ਖੋਲ੍ਹਦਾ ਹੈ ਪਰ, 'ਚਰਿਤ੍ਰ ਪਾਖਿਆਨ' ਦਾ ਨੰਗੇਜ਼ਵਾਦ, ਕਰੂਪ ਤੇ ਉਲਾਰ ਕਾਮ-ਰੁਚੀਆਂ ਦੇ ਪ੍ਰਗਟਾ ਤੋਂ ਸਿਵਾ, ਹੋਰ ਕੋਈ ਵੀ ਪੱਖ ਨਹੀਂ ਪੇਸ਼ ਕਰਦਾ । ਜਦੋਂ ਕਾਮ-ਰੁਚੀਆਂ ਕਿਸੇ ਸ਼ਰਾਰਤੀ ਘਟਨਾ ਵਿਚੋਂ ਉਤਪੰਨ ਹੋ ਰਹੀਆਂ ਹੋਣ ਅਤੇ ਉਸ ਸ਼ਰਾਰਤੀ ਘਟਨਾ ਵਿਚ ਕਿਸੇ ਪ੍ਰਕਾਰ ਦੀ ਸਾਹਿਤਕਤਾ ਤੇ ਕਲਪਨਾ-ਸ਼ੋਖੀ ਨ ਹੋਵੇ, ਤਾਂ ਇਹ ਸਚਾਈ ਪ੍ਰਤੱਖ ਹੁੰਦੀ ਹੈ, ਕਿ ਲੇਖਕ ਦਾ ਸ੍ਵੈ (ਆਪਣਾ ਆਪ) ਉਨ੍ਹਾਂ ਕਾਮ-ਰੁਚੀਆਂ ਦੀ ਲਪੇਟ ਵਿਚ ਹੈ ।''

ਘ) 'ਚਰਿਤ੍ਰ ਪਾਖਿਆਨ' ਦੇ ਫ਼ਰਜ਼ੀ ਕਿੱਸਿਆਂ ਵਿਚ ਸਾਹਿਤਿਕ ਕਲਪਨਾ ਦਾ ਅੰਸ਼, ਨਾਮ ਮਾਤ੍ਰ ਵੀ ਨਹੀਂ । ਬਸ, ਕਵੀ ਦਾ ਸ਼ਰਾਰਤੀ ਆਪਾ ਜਾਂ ਤਾਂ ਇਸਤ੍ਰੀ ਦੇ ਅੰਗ-ਰਸ ਨੂੰ ਬਹੁਤ ਹੀ ਨੀਵੇਂ ਪੱਧਰ ਉੱਤੇ ਪ੍ਰਗਟਾ ਰਿਹਾ ਹੈ, ਜਾਂ ਕਿਸੇ ਲੁਕੀ ਈਰਖਾ-ਵੱਸ, ਇਸਤ੍ਰੀ ਦਾ ਘਟੀਆ ਚਿੱਤਰ ਬਣਾ ਕੇ ਬਦਲਾ ਲੈ ਰਿਹਾ ਹੈ...। ਕਵੀਆਂ ਜਾਂ ਕਵੀ ਦਾ ਬੀਮਾਰ ਆਪਾ ਅਨੰਦਪੁਰ ਨੂੰ ਅਨੇਕਾਂ ਵਿਭਚਾਰਨਾਂ ਦੀ ਨਗਰੀ ਦਰਸਾ ਰਿਹਾ ਹੈ । ਇਹ ਕਲਪਨਾ ਨਹੀਂ; ਕਿਉਂਕਿ ਕਲਪਨਾ, ਨਵੀਨਤਾ ਅਤੇ ਬਾਰੀਕੀ ਦੀ ਸਿਰਜਣਾ ਕਰਦੀ ਹੈ । ਇਹ ਸ਼ਰਾਰਤ ਹੈ, ਕਿਉਂਕਿ ਸ਼ਰਾਰਤ ਹੀ ਆਦਰਸ਼ ਦੀ ਉੱਚੀ ਹੋਂਦ ਬਾਰੇ ਗਲਤ ਖਬਰਾਂ ਦਿੰਦਾ ਹੈ ।'' (ਪੰਨਾ 760)

ਨੋਟ : ਪ੍ਰੋ. ਮਹਿਬੂਬ ਜੀ ਦੀ ਪੁਸਤਕ 'ਸਹਿਜੇ ਰਚਿਓ ਖਾਲਸਾ' ਦਾ 'ਬਿਪਰ ਸੰਸਕਾਰ' (ਛੇਵੀਂ ਕਿਤਾਬ) ਵਾਲਾ ਭਾਗ ਵਿਸ਼ੇਸ਼ ਕਰ ਕੇ ਪੇਖਣ ਯੋਗ ਹੈ।

'ਅਕਾਲ ਉਸਤਤਿ' ਸ੍ਰੀ ਦਸਮੇਸ਼ ਜੀ ਕ੍ਰਿਤ ਹੋਣ ਬਾਰੇ ਕੋਈ ਦੋ ਰਾਵਾਂ ਨਹੀਂ; ਪ੍ਰੰਤੂ, ਉਸ ਵਿਚ ਵੀ ਕਿਸੇ ਚਤੁਰ, ਕਪਟੀ ਤੇ ਗੁਰਮਤਿ ਦੇ ਨਿਰਮਲ ਸਿਧਾਂਤਾਂ ਦੇ ਦੋਖੀ ਨੇ 20 ਸਤੋਤ੍ਰ (201 ਤੋਂ 220) ਦੇਵੀ ਦੇ ਪਾ ਦਿਤੇ ਹਨ,* ਜਿਨ੍ਹਾਂ ਦਾ 'ਅਕਾਲ ਉਸਤਤਿ' ਦੀ ਬਾਕੀ ਰਚਨਾ ਨਾਲ ਦੂਰ ਦਾ ਵੀ ਸੰਬੰਧ ਨਹੀਂ। ਇਹ ਇੱਕ ਇਕੱਲਾ ਸਬੂਤ ਹੀ, ਇਹ ਸੱਚ ਸਿੱਧ ਕਰਨ ਲਈ ਕਾਫ਼ੀ ਹੈ ਕਿ 'ਦਸਮ ਗ੍ਰੰਥ' ਕਿਵੇਂ ਸੰਦਿਗਧ (ਸ਼ੱਕੀ) ਬਾਣੀਆਂ ਨਾਲ ਭਰਪੂਰ ਹੈ। ਐਸੀ ਸਥਿਤੀ ਵਿਚ ਪ੍ਰੋ. ਮਹਿਬੂਬ ਦਾ ਨਿਰਣਾ ਵੱਡੀ ਅਹਿਮੀਅਤ ਰਖਦਾ ਤੇ ਸੇਧ ਬਖਸ਼ਦਾ ਹੈ ਕਿ ਦਸਮ ਗ੍ਰੰਥ ਵਿਚ ਕੇਵਲ ਇਹ ਪੰਜ ਬਾਣੀਆਂ ਹੀ ਸ੍ਰੀ ਦਸਮੇਸ਼ ਜੀ ਦੀ ਆਪਣੀ ਰਚਨਾ ਹਨ : ਜਾਪੁ ਸਾਹਿਬ, ਅਕਾਲ ਉਸਤਤਿ (ਦੇਵੀ ਵਾਲੇ ਕਬਿੱਤਾਂ ਨੂੰ ਛੱਡ ਕੇ), ਸਵੈਯੇ 33, ਸ਼ਬਦ ਹਜ਼ਾਰੇ ਅਤੇ ਜ਼ਫ਼ਰਨਾਮਾ।

ਖਾਲਸਾ ਜੀ ! ਅਸੀਂ ਕਦਾਚਿਤ ਨਹੀਂ ਭੁਲਣਾ ਕਿ :

'ਸਰਬ-ਕਾਲੀ ਤੇ ਸਰਬ-ਦੇਸੀ ਭਾਵਕ-ਏਕਤਾ ਅਤੇ ਸਹਿਵਾਸ ਦਾ ਅਲਮ-ਬਰਦਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਆਪਣੀ ਤ੍ਰੈਕਾਲ ਸਤਿ, ਅੰਮ੍ਰਿਤ, ਸਫਲ, ਸੁਖਦਾਈ ਤੇ ਰਹੱਸਮਈ ਬਾਣੀ ਦੁਆਰਾ ਸੰਸਾਰ ਦੀ ਕੁਲ ਮਖ਼ਲੂਕ ਨੂੰ, ਇੱਕ ਸਮਾਨ ਆਦਰਸ਼ਕ ਜੀਵਨ-ਜਾਚ ਦੀ ਰਮਜ਼ ਸਮਝਾਉਂਦੇ ਅਤੇ ਇੱਕ ਤੇ ਕੇਵਲ ਇੱਕ ਅਕਾਲ ਪੁਰਖ ਵਾਹਿਗੁਰੂ ਦੇ ਲੜ ਲਾਉਂਦੇ ਹਨ। ਇਹ ਦਸਦੇ ਹਨ ਕਿ ਦੁਬਿਧਾ ਤੇ ਦੂਈ ਤੋਂ ਉਪਜੀ ਹਉਮੈਂ ਹੀ, ਅਸਲ ਵਿਚ, ਸਾਰੇ ਦੁੱਖਾਂ, ਕਲੇਸ਼ਾਂ ਤੇ ਵਿਤਕਰਿਆਂ ਦਾ ਕਾਰਨ ਹੈ। ਮਨੁੱਖ ਦੀ ਕਲਿਆਣ 'ਇੱਕ ਓਅੰਕਾਰੀ' ਏਕਤਾ ਨੂੰ ਧੁਰ ਹਿਰਦੇ ਵਿਚ ਵਸਾਉਣ ਵਿਚ ਹੈ। ਦੂਈ ਅਥਵਾ 'ਦੂਜਾ ਭਾਵ' ਦੋਜ਼ਖ਼ ਹੈ — (The other is hell)। ਇੱਕ ਤੇ ਕੇਵਲ ਇੱਕ ਵਾਹਿਗੁਰੂ ਦੇ ਉਪਾਸ਼ਕ, ਸ੍ਰੀ ਗੁਰੂ ਅਰਜੁਨ ਦੇਵ ਜੀ, ਦਾ ਆਪਣਾ ਫੈਸਲਾ ਫੁਰਮਾਨ ਹੈ :

ਏਕੋ ਸੇਵੀ (ਸੇਵੀਂ), ਅਵਰੁ ਨ ਦੂਜਾ ॥ (ਪੰਨਾ 1136)

ਭਾਵਾਰਥ : ਮੈਂ ਕੇਵਲ ਇੱਕ ਪ੍ਰਮਾਤਮਾ ਨੂੰ ਸੇਂਵਦਾ (ਸਿਮਰਦਾ) ਹਾਂ ਅਤੇ ਹੋਰ ਕਿਸੇ ਦੂਜੇ ਨੂੰ ਉਸ ਤੁਲ ਨਹੀਂ ਜਾਣਦਾ (ਅਤੇ ਸਦਾ, ਆਦਿ ਗੁਰੂ ਜੀ ਦਾ ਇਹ ਉਪਦੇਸ਼ ਚਿਤਵਦਾ ਹਾਂ। ਏਕੋ ਹੈ, ਭਾਈ ਏਕੋ ਹੈ ॥ ਸਾਹਿਬ ਮੇਰਾ ਏਕੋ ਹੈ ॥) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੀ, ਆਪਣੇ ਪਿਆਰੇ ਤੇ 'ਸੱਜਨ ਸੂਰੇ' ਖਾਲਸੇ ਨੂੰ ਏਸੇ ਭਾਵ ਦਾ ਅਮਰ ਉਪਦੇਸ਼ ਬਖਸ਼ਦੇ ਹਨ।

'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ।'

---

*ਨਮੂਨਾ : ਦੁਰਜਨਦਲ ਦੰਡਣ, ਅਸੁਰ ਬਿਹੰਡਣ, ਦੁਸਟ ਨਿਕੰਦਣ, ਆਦਿ ਬ੍ਰਿਤੇ।
ਚਛਰਾਸੁਰ, ਮਾਰਣ, ਪਤਿਤ ਉਧਾਰਣ, ਨਰਕਨਿਵਾਰਣ, ਗੂੜ੍ਹ ਮਤੇ।
ਅਛੈਂ ਅਖੰਡੇ, ਤੇਜ ਪ੍ਰਚੰਡੇ, ਖੰਡ ਉਦੰਡੇ, ਅਲਖ-ਮਤੇ।
ਜੈ ਜੈ ਹੋਸੀ ਮਹਿਖਾਸੁਰ ਮਰਦਨ, ਰੰਮ-ਕਪਰਦਨ,[2] ਛਤ੍ਰ ਛਿਤੇ[3]। 201/

1. ਨਾਮ-ਰਹਿਤ 2. ਸੁੰਦਰ ਕੇਸਾਂ ਦੇ ਜੂੜੇ ਵਾਲੀ 3. ਧਰਤੀ (ਦੁਨੀਆਂ ਦੀ ਛਤਿਰ।

ਤਥਾ : 'ਜਾਗਤ ਜੋਤਿ ਜਪੈ ਨਿਸਬਾਸੁਰ,
ਏਕ ਬਿਨਾ ਮਨਿ ਨੈਕ ਨ ਆਨੈ ॥' (ਅਕਾਲ ਉਸਤਤਿ)

ਐਸੇ ਸਪੱਸ਼ਟ ਸੇਧ-ਬਖਸ਼ੂ ਪੈਗਾਮ ਦੇ ਹੁੰਦਿਆਂ ਸੁੰਦਿਆਂ, ਜੇ ਕੋਈ ਬਦਕਿਸਮਤ ਰਾਹੀ, ਗੁਰਮੱਤ ਅਥਵਾ 'ਗੁਰੂ ਨਾਨਕ ਦੇ ਗਾਡੀ ਰਾਹ' ਤੋਂ ਉੱਖੜ ਜਾਵੇ, ਤਾਂ ਉਸ 'ਧੁਰ ਦਰਗਾਹੋਂ' ਮਾਰੇ ਦਾ ਕੀ ਇਲਾਜ ? ਅਤੇ ਜੇ ਇਹ ਪ੍ਰਚਾਰੇ ਕਿ ਪੰਚਮ ਗੁਰੂਦੇਵ 'ਹਵਾਲੇ ਵਾਲੀ ਰਚਨਾ' ਵਿਚ, ਵਾਹਿਗੁਰੂ ਦੀ ਥਾਂ, ਸ੍ਰੀ ਕ੍ਰਿਸ਼ਨ ਜੀ ਦੀ ਉਸਤਤੀ ਕਰਦੇ ਅਤੇ ਸ੍ਰੀ ਦਸਮੇਸ਼ ਜੀ ਚੰਡੀ (ਸ਼ਿਵਾ, ਦੁਰਗਾ) ਅਤੇ ਸਰਸਵਤੀ ਦੇਵੀ ਵਿਚ ਈਮਾਨ ਰਖਦੇ ਤੇ ਉਸ ਨੂੰ ਪੂਜਦੇ ਹਨ, ਤਾਂ ਉਸ ਗੁਰਮੱਤ ਗਿਆਨ ਤੋਂ ਅਨਜਾਣ 'ਸਿੱਖ ਵਿਦਵਾਨ' ਦਾ ਰੱਬ ਹੀ ਰਾਖਾ ਹੈ ।

ਮੇਰੀ ਪੁਕਾਰ, ਮੇਰੀ ਜੋਦੜੀ

ਗੁਰੂ ਖਾਲਸਾ ਪੰਥ ਦਾ ਇਹ ਅਤਿ ਨਿਮਾਣਾ ਤੇ ਨਮ੍ਰ ਸੇਵਕ, ਜਿਸ ਨੇ ਪਿਛਲੇ 60 ਸਾਲਾਂ ਤੋਂ ਜਗਤ-ਗੁਰੂ ਬਾਬੇ ਅਤੇ ਗੁਰਬਾਣੀ ਦੀ ਰੌਸ਼ਨ ਤੇ ਪੁਰ-ਸੋਚ ਗੱਲ ਆਖਣ ਤੇ ਲਿਖਣ ਲਈ ਹਰ ਉਚਿਤ ਤਰਲਾ ਮਾਰਿਆ ਅਤੇ ਹੀਲਾ ਵਰਤਿਆ ਹੈ, ਉਹ ਗੁਰੂ ਖਾਲਸਾ ਪੰਥ ਨੂੰ, 'ਗੁਰੂ ਨਾਨਕ ਨਿਰਮਲ ਪੰਥ' ਵਿਚ ਆਨੇ ਬਹਾਨੇ ਰੋਲਾ ਪਾਉਣ ਵਾਲਿਆਂ ਤੋਂ ਇਸ ਇੱਕ ਅਤਿ ਢੁਕਵੇਂ ਸ਼ੇਅਰ ਦੁਆਰਾ ਸੁਚੇਤ ਕਰਦਾ ਹੈ, ਮੁਹਤਾਤ ਤੇ ਬੇਦਾਰ ਕਰਦਾ ਹੈ :

'ਲਿਬਾਸਿ ਖਿਜ਼ਰ ਮੇਂ, ਯਾ ਸੈਂਕੜੋਂ ਰਾਹਜ਼ਨ ਭੀ ਫਿਰਤੇ ਹੈਂ,
ਅਗਰ ਦੁਨੀਆਂ ਮੇਂ ਜੀਨਾ ਹੈ, ਤੋ ਕੁੱਛ ਪਹਿਚਾਨ ਪੈਦਾ ਕਰ ।'

ਅਤੇ ਨਾਲ ਹੀ, ਸਤਿਕਾਰਤ ਵਿਪੱਖੀ ਵਿਦਵਾਨਾਂ ਪਾਸੋਂ 'ਕਹੇ ਸੁਣੇ' ਕਿਸੇ ਅਣਸੁਖਾਵੇਂ ਸ਼ਬਦ ਲਈ, ਇਸ ਮਜਬੂਰੀ ਸਹਿਤ ਖਿਮਾ ਦੀ ਜਾਚਨਾ ਕਰਦਾ ਹੈ :

ਐ ਮੇਹਰਬਾਨੋ, ਦੋਸਤੋ, ਸ਼ਿਕਵਾ ਨ ਕਰਿਓ ਦਾਸ ਤੇ,
ਮੇਰੀ ਜ਼ੁਬਾਂ, ਮੇਰਾ ਬਿਆਂ, ਬਾਣੀ ਦਾ, ਹੀ ਸਤਿਕਾਰ ਹੈ ।

ਮੇਰੀ ਹਾਰਦਿਕ ਅਰਦਾਸ ਹੈ ਕਿ ਵਾਹਿਗੁਰੂ ਜੀ ਸਭ ਨੂੰ, ਸਤਿ ਤੇ ਅਸਤਿ ਦਾ ਨਿਰਣਾ ਕਰਨ ਵਾਲੀ, ਉਹ ਬਿਬੇਕ ਅਥਵਾ ਨਿਰਮਲ ਬੁਧਿ ਪ੍ਰਦਾਨ ਕਰਨ, ਜਿਸ ਲਈ ਮੇਰੇ ਸਿਰਤਾਜ, ਪੰਜਵੇਂ ਸਤਿਗੁਰੂ ਜੀ, ਆਪ, ਇਉਂ ਜੋਦੜੀ ਕਰਨ ਦਾ ਵੱਲ ਦਸਦੇ ਹਨ :

"ਹਾਰਿ ਪਰਿਓ ਸੁਆਮੀ ਕੈ ਦੁਆਰੈ, ਦੀਜੈ ਬੁਧਿ ਬਿਬੇਕਾ" (ਸੋਰਠਿ, ਪੰ. 641)

'ਗੁਰੂ ਪੰਥ' ਨੂੰ 'ਨਿਰਮਲ ਤੇ ਨਿਆਰਾ' ਵੇਖਣ ਦਾ ਮੁਸ਼ਤਾਕ :

ਗੁਰੂ ਪੰਥ ਦਾ ਦਾਸਨ ਦਾਸ,
ਹਰਿਭਜਨ ਸਿੰਘ (ਭਾਈ ਸਾਹਿਬ)

1186/18-ਸੀ, ਚੰਡੀਗੜ੍ਹ ।

ਅੰਤਿਕਾ

ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਨੇ 'ਗੁਰਮਤਿ ਮਾਰਤੰਡ' (ਛਾਪਕ : ਸ਼੍ਰੋਮਣੀ ਕਮੇਟੀ) ਦੇ ਪੰਨਾ 587 ਤੋਂ 599 ਤੱਕ, 'ਦੇਵੀ ਦੇਵਤਿਆਂ' ਦੀ ਅਸਲੀਅਤ ਤੇ ਮਹੰਤ ਆਦਿ ਬਾਰੇ ਭਾਰਾ ਵਾਕਫ਼ੀ-ਭਰਪੂਰ ਅਤੇ ਸੋਧ-ਬਖਸ਼ੂ ਲੇਖ ਲਿਖਿਆ ਹੈ, ਇਸ ਵਿਚੋਂ, ਇਸ਼ਾਰੇ ਮਾਤਰ, ਕਝ ਕੁ ਪ੍ਰਮਾਣ, ਇਸ ਕਿਤਾਬਚੇ ਵਿਚ ਪਿੱਛੇ ਦਿੱਤੇ ਜਾ ਚੁਕੇ ਹਨ। ਪਾਠਕਾਂ ਦੀ ਜਾਣਕਾਰੀ ਲਈ, ਕੁਝ ਹੋਰ ਹਵਾਲੇ ਅੰਤਿਕਾ ਵਜੋਂ ਹੇਠਾਂ ਅੰਕਿਤ ਹਨ :

1. ...ਦੇਵਤਾ ਅਤੇ ਅਸੁਰ ਮਨੁੱਖਾਂ ਅੰਦਰ ਹੀ ਹਨ, ਪਰ ਵੇਦ ਪੁਰਾਣਾਂ ਦੇ ਕਲਪੇ ਹੋਏ ਖ਼ਾਸ ਸ਼ਕਲ ਅਤੇ ਗੁਣ ਸੁਭਾਵ ਦੇਵੀ ਦੇਵਤਾ, ਜੋ ਲੋਕਾਂ ਨੇ ਮੰਨ ਰੱਖੇ ਹਨ, ਉਨ੍ਹਾਂ ਬਾਬਤ ਅੱਗੇ ਲਿਖੇ ਵਾਕਾਂ ਤੋਂ ਯਥਾਰਥ ਸਮਝਣ ਲਈ ਸਹਾਇਤਾ ਲੈਣੀ ਚਾਹੀਏ :

2. ਸੰਕਰ ਕਰੋੜਿ ਤੇਤੀਸ ਧਿਆਇਓ, ਨਹੀਂ ਜਾਨਿਓ ਹਰਿ ਮਰਮਾਮ[1] ॥
ਸੁਰ ਨਰ ਗਣ ਗੰਧ੍ਰਬ ਜਸੁ ਗਾਵਹਿ, ਸਭ ਗਾਵਤ ਜੇਤ ਉਪਾਮ ॥ (ਬੈਰਾੜੀ, ਮ. 4)

3. ਬੇਦ ਪੜ੍ਹੇ ਪੜਿ ਬ੍ਰਹਮੇ ਹਾਰੇ, ਇਕੁ ਤਿਲ ਨਹੀ ਕੀਮਤਿ ਪਾਈ ॥
ਸਾਧਿਕ ਸਿਧ ਫਿਰਹਿ ਬਿਲਲਾਤੇ, ਤੇ ਭੀ ਮੋਹੇ ਮਾਈ (ਮਾਇਆ) ॥
ਦਸ ਅਵਤਾਰ ਰਾਜੇ ਹੋਇ ਵਰਤੇ, ਮਹਾਦੇਵ ਅਉਧੂਤਾ ॥
ਤਿਨ ਭੀ ਅੰਤੁ ਨ ਪਾਇਓ ਤੇਰਾ, ਲਾਇ ਥਕੇ ਬਿਭੂਤਾ ॥ (ਮ. 5 ਸੂਹੀ)

4. ਨਾਰਦ ਸਾਰਦ[2] ਸੇਵਕ ਤੇਰੇ ॥ ਤ੍ਰਿਭਵਣਿ ਸੇਵਕ ਵਡਹੁ ਵਡੇਰੇ ॥
ਸਭ ਤੇਰੀ ਕੁਦਰਤਿ ਤੂ ਸਿਰਿ ਦਾਤਾ, ਸਭੁ ਤੇਰੋ ਕਾਰਣ ਕੀਨਾ ਹੇ ॥ (ਮ. 1)

5. ਠਾਕੁਰ ਛੋਡਿ, ਦਾਸੀ ਕਉ ਸਿਮਰਹਿ, ਮਨਮੁਖ ਅੰਧ ਅਗਿਆਨਾ ॥ (ਮ. 5)

6. ਸਗਲ ਪਰਾਧ, ਏਕੁ ਗੁਣ ਨਾਹੀ, ਠਾਕੁਰੁ ਛੋਡਹ ਦਾਸ ਭਜਹਾ ॥ (ਮ. 5)

7. ਜਿਹ ਕੋਟਿ ਇੰਦ੍ਰ ਨ੍ਰਿਪਾਰ[3] ॥ ਕਈ ਬ੍ਰਹਮ ਬਿਸਨ ਬਿਚਾਰ ॥
ਕਈ ਰਾਮ ਕ੍ਰਿਸਨ ਰਸੂਲ ॥ ਬਿਨ ਭਗਤਿ ਕੋ ਨ ਕਬੂਲ ॥ (38)
ਕਈ ਇੰਦ੍ਰ ਬਾਰ-ਬੁਹਾਰ[4] ॥ ਕਈ ਬੇਦ ਅਉ ਮੁਖ ਚਾਰ ॥
(ਅਕਾਲ ਉਸਤਤਿ, ਪਾਤਸ਼ਾਹੀ 10)
ਕਈ ਰੁਦ੍ਰ ਛੁਦ੍ਰ, ਸਰੂਪ ॥ ਕਈ ਰਾਮ ਕ੍ਰਿਸਨ ਅਨੂਪ ॥ (40)

8. ਲਖ ਲਖ ਬ੍ਰਹਮੇ ਵੇਦ ਪੜ੍ਹਿ, ਇੱਕਸ ਅੱਖਰ ਭੇਦ ਨ ਜਾਤਾ।
ਜੋਗ ਧਿਆਨ ਮਹੇਸ਼ ਲਖ, ਰੂਪ ਨ ਰੇਖ, ਨ ਭੇਖ ਪਛਾਤਾ।
ਲਖ ਅਵਤਾਰ ਅਕਾਰ ਕਰ, ਤਿਲ ਵੀਚਾਰ ਨ ਬਿਸਨ ਪਛਾਤਾ।...
ਦਾਤੂ ਲੁਭਾਇ, ਵਿਸਾਰਨਿ ਦਾਤਾ। (ਭਾਈ ਗੁਰਦਾਸ, ਵਾਰ 38)

---

1. ਭੇਤ, 2. ਸਰਸ੍ਵਤੀ, ਬਾਣੀ ਦੀ ਦੇਵੀ, 3. ਰਾਜਾ, 4. ਬੂਹੇ ਤੇ ਝਾੜੂ-ਬਰਦਾਰ।

9 ਅਸਾਡੇ ਅਨੇਕ ਭਾਈਆਂ ਨੇ, ਗੁਰਬਾਣੀ ਦਾ ਸਿਧਾਂਤ ਜਾਣੇ ਬਿਨਾ, ਆਪਣੇ ਲੇਖਾਂ ਵਿਚ ਲਿਖ ਦਿੱਤਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦੇਵੀ ਦਾ ਪੂਜਨ ਕੀਤਾ ਹੈ, ਜਦ ਆਪ 'ਦੇਵੀ ਦੇਵਤਾ' ਸੁਰਨਾਮੇ ਹੇਠ (ਪੰਨਾ 587 ਤੋਂ) ਲਿਖੇ ਸਾਰੇ ਮਜ਼ਮੂਨ ਪੜ੍ਹੋਗੇ, ਤਾਂ ਬਿਨਾ ਸੰਸੇ ਮੰਨ ਲਓਗੇ ਕਿ ਦੇਵੀ ਪੂਜਨ ਦੀ ਸਾਰੀ ਕਥਾ ਕਲਪਿਤ ਹੈ, ਪਰ ਆਪ ਨੂੰ ਨਿਰਸੰਦੇਹ ਕਰਨ ਲਈ ਅਸੀਂ ਪ੍ਰਬਲ ਪੰਜ ਯੁਕਤੀਆਂ ਨਾਲ ਦੇਵੀ ਦੇ ਪੂਜਨ ਦਾ ਖੰਡਨ ਦਿਖਾਉਂਦੇ ਹਾਂ :

ੳ) ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਹੁਕਮ ਦਿੱਤਾ ਹੈ ਕਿ :
ਬਿਨ ਕਰਤਾਰ, ਨ ਕਿਰਤਮ ਮਾਨੋ ॥ (ਸਬਦ ਹਜਾਰੇ)
...ਕੀ ਇਹ ਹੋ ਸਕਦਾ ਹੈ ਕਿ ਗੁਰੂ ਜੀ ਸਿੱਖਾਂ ਨੂੰ ਉਪਦੇਸ਼ ਕੁਝ ਦੇਣ, ਅਤੇ ਆਪ ਉਸ ਦੇ ਵਿਰੁੱਧ ਅਮਲ ਕਰਨ ?

ਅ) ...ਇਕ ਬਿਨ ਦੂਸਰ ਸੋ ਨ ਚਿਤਾਰ ॥
ਕੇਵਲ ਏਕ ਸਰਣ ਸੁਆਮੀ ਬਿਨ, ਯੌਂ ਨਹੀਂ ਕਤਹਿ ਉਧਾਰ ॥ (ਸ਼ਬਦ ਹਜਾਰੇ)
...ਕੀ ਐਸਾ ਹੋ ਸਕਦਾ ਹੈ ਕਿ ਗੁਰੂ ਸਾਹਿਬ ਆਪਣੀ ਪ੍ਰਤਿਗਿਆ ਦੇ ਵਿਰੁੱਧ ਦੇਵੀ ਪੂਜਾ ਕਰਨ ?

ੲ) ਗ੍ਰੰਥ ਕਰਤਾ, ਜਿਸ ਦੇਵਤਾ ਨੂੰ ਪੂਜਦਾ ਹੈ, ਆਪਣੀ ਰਚਨਾ ਦੇ ਆਦਿ ਵਿਚ ਆਪਣੇ ਪੂਜਯ ਦੇਵਤਾ ਦਾ ਮੰਗਲ ਕਰਦਾ ਹੈ; ਬਲਕਿ, ਵਿਦਵਾਨ ਲੋਕ ਗ੍ਰੰਥ ਦਾ ਮੰਗਲਾਚਰਣ ਦੇਖ ਕੇ ਹੀ ਕਵੀ ਦਾ ਇਸ਼ਟ ਸਮਝ ਲੈਂਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ—

ੴ ਸਤਿ ਗੁਰ ਪ੍ਰਸਾਦਿ ੴ ਵਾਹਿਗੁਰੂ ਜੀ ਕੀ ਫਤਹਿ

ਸ੍ਰੀ ਮੁਖਵਾਕ ਬਾਣੀ ਦੇ ਆਦਿ ਮੰਗਲਾਚਰਣ ਰਖਿਆ ਹੈ। **ਫੇਰ, ਕਿਸ ਤਰ੍ਹਾਂ ਖਿਆਲ ਕੀਤਾ ਜਾ ਸਕਦਾ ਹੈ ਕਿ ਦਸਮ ਗੁਰੂ ਜੀ ਦੇਵੀ ਭਗਤ ਸੇ ?**

ਸ) ਸਿੱਖਾਂ ਵਿਚ ਦਸ ਸਤਿਗੁਰੂ ਇਕ ਰੂਪ ਮੰਨੇ ਗਏ ਹਨ। ਜੋ ਆਸ਼ਯ ਗੁਰੂ ਨਾਨਕ ਦੇਵ ਦਾ ਹੈ, ਉਹੀ ਗੁਰੂ ਗੋਬਿੰਦ ਸਿੰਘ ਜੀ ਦਾ ਹੈ...।

ਹ) ਭਾਈ ਮਨੀ ਸਿੰਘ ਜੀ, ਦਸਵੇਂ ਗੁਰੂ ਸਾਹਿਬ ਤੋਂ ਅੰਮ੍ਰਿਤ ਛੱਕਿਆ ਅਤੇ ਗੁਰੂ ਗ੍ਰੰਥ ਸਾਹਿਬ ਦੇ ਅਰਥ ਪੜ੍ਹੇ। ਉਹ ਭਾਈ ਸਾਹਿਬ 'ਗਿਆਨ ਰਤਨਾਵਲੀ' ਦੇ ਆਦਿ ਵਿਚ ਇਹ ਮੰਗਲਾਚਰਣ ਕਰਦੇ ਹਨ :
'ਨਾਮ ਸਭ ਦੇਵਾਂ ਦਾ ਦੇਵ ਹੈ, ਕੋਈ ਦੇਵੀ ਨੂੰ ਮਨਾਂਵਦਾ ਹੈ, ਕੋਈ ਸ਼ਿਵਾਂ ਨੂੰ, ਕੋਈ ਗਣੇਸ਼ ਨੂੰ, ਕੋਈ ਹੋਰ ਦੇਵਤਿਆਂ ਨੂੰ। ਗੁਰੂ ਕੇ ਸਿੱਖ ਸਤਿਨਾਮ ਨੂੰ ਅਰਾਧਦੇ ਹੈਨ, ਜਿਸ ਕਰ, ਸਭ ਵਿਘਨ ਨਾਸ ਹੁੰਦੇ ਹਨ; ਤਾਂ ਤੇ ਸਤਿਨਾਮੁ ਦਾ ਮੰਗਲਾਚਾਰ ਆਦਿ ਰਖਿਆ ਹੈ।'
(ਗੁ. ਮਾਰਤੰਡ, ਪੰਨਾ 597)

—ਹਰਿਭਜਨ ਸਿੰਘ

'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਖਾਲਸਈ ਤੱਤ ਦਾ ਨਿਰੂਪਣ

ਜ਼ਰੂਰੀ ਨੋਟ : ਸ. ਰਤਨ ਸਿੰਘ ਭੰਗੂ ਦੀ ਰਚਨਾ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚੋਂ ਹਥਲੇ ਲੇਖ ਵਿਚ, ਖਾਲਸੇ ਦੇ ਸੁਭਾਅ, ਗੁਣ ਅਤੇ ਖਾਲਸਈ ਤੱਤ ਨੂੰ ਨਿਰੂਪਨ ਕਰਨ ਸਮੇਂ ਇਹ ਜਤਨ ਕੀਤਾ ਗਿਆ ਹੈ ਕਿ ਐਸੇ ਤੱਤਾਂ ਨੂੰ ਪ੍ਰਮਾਣੀਕ ਦਰਸਾਉਣ ਲਈ, ਵਧੇਰੇ ਕਰ ਕੇ, 'ਭੰਗੂ' ਜੀ ਦੀ ਲਿਖਤ ਵਿਚੋਂ ਟੂਕਾਂ ਦਿੱਤੀਆਂ ਜਾਣ, ਅਤੇ ਆਪਣੇ ਵੱਲੋਂ ਅਸਲ ਲਿਖਤ ਦੀ ਬਿਨਾਅ ਉੱਤੇ ਉਸਾਰ ਪਾਉਣੋਂ ਸੰਕੋਚ ਕਰਦਿਆਂ ਹੋਇਆਂ, ਘੱਟ ਤੋਂ ਘੱਟ ਟਿੱਪਣੀ ਕੀਤੀ ਜਾਵੇ।

—ਲੇਖਕ

'ਪ੍ਰਾਚੀਨ ਪੰਥ ਪ੍ਰਕਾਸ਼', ਸ. ਰਤਨ ਸਿੰਘ ਭੰਗੂ ਦੀ ਇੱਕ ਬਹੁ-ਪੱਖੀ ਰਚਨਾ ਹੈ। ਲੇਖਕ ਇਸ ਪੁਸਤਕ ਵਿਚ ਇਤਿਹਾਸਕ ਘਟਨਾਵਾਂ ਅਤੇ ਇਹਨਾਂ ਦੇ ਕਰਮ-ਯੋਗ ਸੰਮਤ ਦੇਣ ਦੇ ਨਾਲ ਨਾਲ ਖਾਲਸਈ ਤੱਤ ਅਥਵਾ ਖਾਲਸੇ ਦੇ ਸੁਭਾਅ, ਕਰਤੱਵ ਤੇ ਸੱਚੇ ਸੁੱਚੇ ਆਚਾਰ ਆਦਿ ਗੁਣਾਂ ਦਾ ਭਰਪੂਰ ਵਿਉਰਾ ਵੀ ਦੇਂਦਾ ਹੈ। ਉਸ ਦੀ ਲਿਖਤ ਅਨੁਸਾਰ, ਖਾਲਸੇ ਦੀ ਪ੍ਰਤਿਭਾ ਅਤੇ ਵਿਲੱਖਣਤਾ-ਭਰਪੂਰ ਚਲਣ ਬਾਰੇ ਕੁਝ ਕਹਿਣ ਤੋਂ ਪਹਿਲਾਂ, ਉਚਿੱਤ ਹੈ ਕਿ 'ਖਾਲਸਾ' ਪਦ ਦੇ ਮੂਲ ਤੇ ਅਰਥ-ਭਾਵ ਦਾ ਨਿਰਣਾ ਕਰ ਲਿਆ ਜਾਵੇ।

'ਖਾਲਸਾ' ਅਰਬੀ ਬੋਲੀ ਦਾ ਸ਼ਬਦ ਹੈ, ਅਤੇ ਇਸ ਦੇ ਅਰਥ ਹਨ : ਸ਼ੁੱਧ, ਖਰਾ, ਮਿਲਾਵਟ-ਰਹਿਤ, ਉਹ ਬਾਦਸ਼ਾਹੀ ਦੇਸ਼ ਜਾਂ ਜ਼ਮੀਨ-ਜਾਇਦਾਦ, ਜੋ ਕਿਸੇ ਦੀ ਜਾਗੀਰ ਨਾ ਹੋਵੇ। (ਲੁਗਾਤਿ ਫੀਰੋਜ਼ੀ, ਪੰ. 138, ਛਾਪਕ : ਰਾਏ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼, ਲਾਹੌਰ)

ਉਪਰੋਕਤ, ਦੋਵੇਂ ਪ੍ਰਕਾਰ ਦੇ ਅਰਥ ਖਾਲਸੇ ਉਤੇ ਐਨ ਢੁਕਦੇ ਹਨ। ਖਾਲਸਾ ਸ਼ੁੱਧ ਤੇ ਖਾਲਿਸ ਵੀ ਹੈ ਅਤੇ ਸਿੱਧਾ ਗੁਰੂ ਅਥਵਾ ਵਾਹਿਗੁਰੂ ਨਾਲ ਸੰਬੰਧਤ ਵੀ।*

ਹੁਣ ਲਵੋ, ਉਸ 'ਖਾਲਸਈ ਤੱਤ' ਨੂੰ, ਜੋ ਭੰਗੂ ਜੀ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਰੂਪਮਾਨ ਕਰਨ ਦਾ ਸਫਲ ਜਤਨ ਕੀਤਾ ਹੈ :

---

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਦੀ ਪ੍ਰਥਾ ਦਾ ਅਭਾਵ ਕਰ ਕੇ, ਸਾਰੀ ਸੰਗਤ ਨੂੰ ਆਪਣੇ ਨਾਲ ਜੋੜ ਕੇ ਖਾਲਸਾ ਬਣਾ ਦਿੱਤਾ :

ਗੁਰ ਸੰਗਤ ਕੀਨੀ ਖਾਲਸਾ, ਮਨਮੁਖੀ ਦੁਹੇਲਾ ॥ (ਭਾਈ ਗੁਰਦਾਸ)

ਵਧੇਰੇ ਜਾਣਕਾਰੀ ਲਈ ਵੇਖੋ, ਮੇਰੀ ਪੁਸਤਕ : ਵਿਸ਼ੇਸ਼ ਗੁਰਮਤਿ ਲੇਖ (ਪੰ. 113, ਫੁਟ ਨੋਟ)

1. ਖਾਲਸੇ ਨੂੰ ਦੀਨ ਦੁਨੀ ਦੀ ਸੱਚੀ ਪਾਤਸ਼ਾਹੀ, ਆਦਿ ਗੁਰੂ ਨਾਨਕ ਤੇ ਉਨ੍ਹਾਂ ਦੀ ਜੋਤ, ਬਾਕੀ ਗੁਰੂ ਸਾਹਿਬਾਨ ਤੋਂ ਬਖਸ਼ਿਸ਼ ਹੋਈ, ਜੋ ਇਕ ਜੋਤ ਤੇ ਜੁਗਤਿ ਹੋਏ ਵਰਤੇ। ਇਸ ਦਾਅਵੇ ਦੀ ਪੁਸ਼ਟੀ ਨਿਮਨ ਲਿਖਤ, ਉਨ੍ਹਾਂ ਨਵੀਨ ਇਤਿਹਾਸਕਾਰਾਂ ਦਾ ਭੁਰੀ ਤਰ੍ਹਾਂ ਖੰਡਨ ਕਰਦੀ ਹੈ, ਜੋ ਗੁਰਬਾਣੀ ਦੇ ਅਖੰਡ ਪ੍ਰਮਾਣ ਹੁੰਦਿਆਂ ਸੁੰਦਿਆਂ ਵੀ, ਇਹ ਨਿਰਮੂਲ ਦਾਅਵਾ ਕਰਨ ਦੀ ਅਵੱਗਿਆ ਕਰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਜਨੀਤਕ ਸਮੱਸਿਆਵਾਂ ਵਿਚ ਕੋਈ ਦਿਲਚਸਪੀ ਨਹੀਂ ਲਈ। ਭੰਗੂ ਜੀ ਲਿਖਦੇ ਹਨ,

"ਮਸੀ (ਅੰਗਰੇਜ਼) ਕਹਿਓ ਭਇਓ ਨਾਨਕ ਫ਼ਕੀਰ ॥"
ਉਨ ਸ਼ਾਹੀ ਕੀ ਕਿਆ ਤਦਬੀਰ ?
ਹਮੇ (ਭੰਗੂ) ਕਹਿਓ 'ਵਹਿ ਸ਼ਾਹਨਸ਼ਾਹ। ਦੀਨ ਦੁਨੀ ਸਚੋ ਪਾਤਸ਼ਾਹ।...
ਜਿਨ ਸ਼ਾਹ ਨਾਨਕ ਚਰਨ ਪੁਜਾਏ। ਤਿਨ ਮੇ ਸ਼ਕਤਿ ਇਤੀ ਕੁਈ ਆਏ।
ਚਿੜੀਅਨ ਤੇ ਉਨ ਬਾਜ ਕੁਹਾਏ। *ਛੇਲਨ ਕੋਲੋਂ ਸ਼ੇਰ ਤੁੜਾਏ। (ਪੰਨਾ 20 ਤੇ 21)

ਪ੍ਰਸ਼ਨ— ਚੌਪਈ : ਤਬ ਮਸੀ (ਅੰਗਰੇਜ਼) ਨੇ ਹਮ ਕਹਿਓ। ਯਹ ਭੀ ਭੇਤ ਸੁਨਾਇ।

ਉੱਤਰ —ਦੋਹਰਾ : ਤਬ ਮੈ ਉਸ ਕੋ ਬਿਉਰੋ ਦਯੋ। ਗੁਰ ਨਾਨਕ ਪਾਛੈ ਅੰਗਦ ਭਯੋ।...
ਅੰਗਦ ਤੇ ਗੁਰ ਅਮਰਦਾਸ। ਕੀਯੋ ਪਾਤਸ਼ਾਹੀ ਦਾਵਾ ਜਾਸ।...
ਪੁਨ ਰਾਮਦਾਸ ਪੂਰਨ ਮੱਤ ਠਈ। ਤਸ ਤੇ ਫਿਰ ਘਰ ਸੋਢੀਅਨ ਰਹੀ।
ਫਿਰ ਅਰਜਨ ਗੁਰ ਹਰਿਗੋਬਿੰਦ। ਖੜਗ ਚਲਯੋ ਜਿਨਿ ਮਾਰ ਪੈਂਦਿ।
ਮੀਰ ਪੀਰੀ ਦੋਊ ਦਿਖਈ। ਸ਼ਾਹਜਹਾਂ ਕੋ ਹਾਰ ਸੁ ਦਈ।

ਦੋਹਰਾ : ਫਿਰ ਹਰਿ ਰਾਇ ਔ ਹਰਿ ਕ੍ਰਿਸ਼ਨ, ਭਏ ਤਿਮੈਂ ਗੁਰ ਦੇਵ।
ਇਵੈਂ ਪੂਜੈਂ ਸਿਖਨ ਕੀ, ਸਿਖ ਕਰੈਂ ਗੁਰ ਸੇਵ।

ਚੌਪਈ : ਤੇਗ ਬਹਾਦਰ ਫਿਰ ਗੁਰ ਭਯੋ। ਪਰ ਸਵਾਰਥ ਹਿਤ ਜਿਨ ਸਿਰ ਦਯੋ।
ਕਲਜੁਗ ਮੇ ਬਡ ਸਾਕਾ ਕੀਯੋ। ਧਰਮ ਕਰਮ ਰਖ ਹਿੰਦੂਅਨ ਲੀਯੋ।
ਪੁਨ ਗੋਬਿੰਦ ਸਿੰਘ ਭਏ ਕਲ ਧਾਰੀ। ਦੋ ਪਾਤਿਸ਼ਾਹੀ ਕੀਯੋ ਪੰਥ ਭਾਰੀ।
ਜਿਮ ਦੀਪਕ ਤੇ ਦੀਪਕ ਜਾਗੇ। ਤਿਉਂ ਗੁਰ ਤੇ ਗੁਰ, ਹੋਤ ਭਏ ਆਗੇ। ਪੰ.33

2. ਖਾਲਸੇ ਵਿਚ ਗੁਰੂ ਵਰਤਦਾ ਹੈ ਅਤੇ ਉਹੀ ਇਸ ਦਾ ਰਾਖਾ ਹੈ :

ਜਦ ਬਾਬਾ ਬੰਦਾ ਸਿੰਘ ਬਹਾਦਰ ਅਤੇ ਤੱਤ ਖਾਲਸੇ ਦਾ ਅਜੋੜ ਹੋ ਜਾਂਦਾ ਹੈ ਅਤੇ ਬਾਬਾ ਜੀ ਨਿਜ ਬਲ ਤੇ ਰਿੱਧੀਆਂ ਸਿੱਧੀਆਂ ਉੱਤੇ ਮਾਣ ਕਰਦੇ ਹਨ, ਤਾਂ ਖਾਲਸਾ ਆਪਣੇ ਗੁਰੂ ਤੇ ਪੂਰ-ਵਿਸ਼ਵਾਸ ਤੇ ਗੌਰਵਤਾ ਨੂੰ ਇੰਞ ਦੁਹਰਾਉਂਦਾ ਹੈ :

ੳ) ਬੰਦਾ : ਤੁਮ ਬਿਨ ਅਸੀਂ, ਅਸਾਂ ਬਿਨ ਤੁਸੀਂ। ਤੁਸੋ ਨਾਹੀਂ, ਕੋ ਹਮ ਦਿਲ ਬਸੀ।

ਤੱਤ ਖਾਲਸਾ —ਦੋਹਰਾ : ਤਤ ਖਾਲਸੇ ਉਸ ਕਹਿਓ, ਅਸੀਂ ਕਰੈਂ ਨ ਤੇਰੀ ਆਸ।
ਜੋ ਮਾਲਕ ਇਸ ਪੰਥ ਕਾ, ਸੋ ਰਹੇ ਅਸਾਡੇ ਪਾਸ।

---

*ਬਕਰੀ ਦਾ ਲੇਲਾ

ਚੌਪਈ : ਕਹਿਓ ਖਾਲਸੇ, ਤੂੰ ਬੇਮੁਖ ਭਯੋ। ਤੂੰ ਚਹੈਂ, ਅਸਾਂ ਸੇ ਦਰੋ ਕੰਮਯੋ।
ਤੂੰ ਜੁ ਕਹੈਂ, ਮੈਂ ਹੀ ਕਰਮਾਤੀ। ਸਤਿਗੁਰ ਸ਼ਕਤ, ਨ ਨਿਜ ਬਿਚ ਜਾਤੀ। ਪੰ.136

ਅ) ਖਾਲਸੇ ਹੋਵੈ ਖੁਦ ਖੁਦਾ, ਜਿਮ ਖੂਬੀ ਖੂਬ ਖੁਦਾਇ।
ਆਨ ਨ ਮਾਨੈ ਆਨ ਕੀ, ਇਕ ਸੱਚੇ ਬਿਨ ਪਾਤਿਸ਼ਾਹਿ* ।36। (ਪੰਨਾ 42)

3. ਖਾਲਸਾ, ਗੁਰਧਾਮਾਂ ਤੇ ਸ਼ਸਤਰਾਂ ਲਈ ਅਨਿੰਨ ਸ਼ਰਧਾ ਤੇ ਸਤਿਕਾਰ ਰਖਦਾ ਹੈ :

ਗੁਰਸਿੱਖ ਲਈ ਧਰਮਸਾਲਾ ਅਥਵਾ ਗੁਰਦੁਆਰਾ ਜੀਵਨ ਸੋਮਾ ਹੈ। ਖਾਲਸੇ ਦੀ ਬਿਰਧੀ ਲਈ ਗੁਰਬਾਣੀ, ਸੰਗਤ ਤੇ ਧਰਮਸਾਲ, ਤਿੰਨੇ ਜ਼ਰੂਰੀ ਤੇ ਅਨਿਖੜਵੀਆਂ ਵਸਤੂਆਂ ਹਨ। ਸਤਿਗੁਰੂ ਤਥਾ ਗੁਰਸਿੱਖ ਦੀ ਲੋਚਾ ਹੈ ਕਿ ਹਰ ਘਰ ਸੱਚ-ਧਰਮਸਾਲ ਵਿਚ ਤਬਦੀਲ ਹੋਵੇ ਅਤੇ ਓਥੇ ਸਦਾ ਸਤਿਸੰਗ, ਕੀਰਤਨ ਤੇ ਸੱਚ-ਵਿਗਾਸ ਦਾ ਵਾਤਾਵਰਨ ਛਾਵੇ। ਜੇ ਵਧੇਰੇ ਗਹੁ ਨਾਲ ਵੇਖਿਆ ਜਾਵੇ ਤਾਂ ਸਿੰਘਾਂ ਦੇ ਸੰਘਰਸ਼ ਦਾ ਸਾਰਾ ਇਤਿਹਾਸ, ਇਕ ਤਰ੍ਹਾਂ ਨਾਲ, ਸ੍ਰੀ ਹਰਿਮੰਦਰ ਸਾਹਿਬ ਦੀ 'ਸੱਚੀ-ਧਰਮਸਾਲ' ਦੁਆਲੇ ਘੁੰਮਦਾ ਹੈ।

'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਸਿੰਘਾਂ ਦੇ ਇਸ ਜਜ਼ਬੇ ਦਾ ਪ੍ਰਗਟਾ ਇਉਂ ਕੀਤਾ ਗਿਆ ਹੈ :

ਦੋਹਰਾ : ਕੀਓ ਉਪੱਦ੍ਰਵ ਤੁਰਕ ਬਡ, ਅੰਮ੍ਰਿਤਸਰ ਗੁਰਦਵਾਰ।
ਹਰਿ ਮੰਦਰ ਮੇ ਕੰਚਨੀ ਰੱਖ, ਤੁਰਕਨ ਕੇ ਸਰਦਾਰ।
ਮੰਡਿਆਲੀ ਕੇ ਰੰਘੜੇ, ਮੱਸਾ ਤਾਕੋ ਨਾਮ।
ਕਰੈ ਬੇਅਦਬੀ ਹਰਿਮੰਦਰ, ਪਾਪੀ ਬਡੋ ਹਰਾਮ।

ਚੌਪਈ : ਮਤਾਬ ਸਿੰਘ ਸੁਨ ਗੁੱਸਾ ਖਾਯਾ। ਜਾਨ ਕਰ ਬਿੱਛੂ ਡੰਗ ਲਗਾਯਾ।
ਕਹਿਓ ਸਿੰਘ, ਉਹਾਂ ਸਿੰਘ ਕੋ ਨਾਹੀਂ ? ਸੀਸ ਨ ਤਾ ਕੋ ਤੋੜਿਯੋ ਤਾਹੀਂ।
(ਪੰਨਾ 236)

ਨੋਟ : ਵਿਸਥਾਰ ਦੇ ਡਰ ਤੋਂ ਇਹ ਸਾਰਾ ਪ੍ਰਸੰਗ ਏਥੇ ਅੰਕਿਤ ਕਰਨੋਂ ਸੰਕੋਚ ਕੀਤਾ ਗਿਆ ਹੈ।

(ਅ) ਭਾਈ ਸੁੱਖਾ ਸਿੰਘ ਦਾ ਦਿਨ ਦਿਹਾੜੇ ਸ੍ਰੀ ਅੰਮ੍ਰਿਤਸਰ ਇਸ਼ਨਾਨ ਕਰਨਾ :

ਭੰਗੂ ਜੀ ਵੱਲੋਂ ਅੰਕਿਤ ਇਸ ਸਾਖੀ ਦਾ ਵਾਰਤਕ ਸੰਖੇਪ ਕੁੱਝ ਇਉਂ ਹੈ :

ਕਾਜ਼ੀ ਨੂੰ ਦੱਸਿਆ ਗਿਆ ਕਿ ਜਦੋਂ ਦਾ ਭਾਈ ਮਨੀ ਸਿੰਘ ਫੜਿਆ ਗਿਆ ਹੈ, ਸਿੰਘ ਹਰਿ ਮੰਦਰ ਸਾਹਿਬ ਦੇ ਨੇੜੇ ਨਹੀਂ ਢੁਕਦੇ। ਹਾਂ, ਹਨੇਰੇ ਸਵੇਰੇ, ਰਾਤੀਂ, ਇਸ਼ਨਾਨ ਆਦਿਕ ਕਰ ਜਾਂਦੇ ਹਨ। ਇਸ ਉਤੇ ਕਾਜ਼ੀ ਨੇ ਕਿਹਾ ਕਿ ਇਹ ਸ੍ਰੀ ਅੰਮ੍ਰਿਤਸਰ ਦਾ ਪ੍ਰਤਾਪ ਹੈ, ਜੋ ਸਿੰਘਾਂ ਨੂੰ ਮਾਰਦੇ ਮਾਰਦੇ ਖੱਪ ਗਏ ਹਾਂ, ਪਰ ਸਿੰਘਾਂ ਦਾ ਖਾਤਮਾ ਨਹੀਂ ਹੁੰਦਾ।

ਦੋਹਰਾ : ...ਤੌ ਕਾਜ਼ੀ ਨੇ ਫਿਰ ਕਹਿਓ 'ਯਹ ਅੰਮ੍ਰਿਤਸਰ ਪ੍ਰਤਾਪ।'
ਥੱਕੇ ਮਾਰ ਬਹੁ ਜਤਨ ਸੋਂ, ਹੋਤ ਨ ਸਿੰਘਨ ਖਾਪ।

---

*ਤੂ ਇਕ ਅਕਾਲ ਪੁਜਾਰੀ ਹੈ, ਔਰ ਸ਼ਾਹੋਂ ਉਸੀ ਸੇ ਪਾਤਾ ਹੈ।
ਤੇਰੀ ਬੇਨਿਆਜ਼ੀ ਦੇਖੀ ਥੀ, ਨੱਵਾਬੀ ਕੇ ਠੁਕਰਾਨੇ ਕੀ। (ਹ. ਸਿੰਘ)

ਸਿੰਘਾਂ ਨੂੰ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨੋਂ ਰੋਕਣ ਲਈ, ਮੁਗਲਾਂ ਨੇ, ਹਰਿਮੰਦਰ ਸਾਹਿਬ ਦੀ ਰਾਖੀ ਲਈ, ਸਰੋਵਰ ਦੇ ਆਲੇ ਦੁਆਲੇ ਚੌਂਕੀਆਂ ਬਿਠਾ ਦਿੱਤੀਆਂ। ਇਸ ਉਤੇ ਵੀ ਸਿੰਘ ਅਛੋਪਲੇ ਜਿਹੇ, ਬਿਨਾਂ ਫ਼ੌਜਾਂ ਦਾ ਖੜਾਕ ਕੀਤੇ, ਇਸ਼ਨਾਨ ਕਰ ਜਾਇਆ ਕਰਨ। ਕਾਜ਼ੀ ਨੇ ਹੋਰ ਫੌਜ ਬਿਠਾ ਦਿਤੀ ਤੇ ਫੌਜਦਾਰਾਂ ਨੇ ਸਿੰਘਾਂ ਨੂੰ ਤਾਅਨਾ ਮਾਰਿਆ ਕਿ :

ਤੁਮ ਸਿੰਘ ਕਹਾਵੋਂ ਸੂਰ ਬਡ, ਔ ਕਹਾਵੋ ਗੁਰੂ ਕੇ ਲਾਲ।
ਤੋ ਜਾਣੇ ਮੈਂ ਸੂਰਮੇ, ਆਇ ਨਾਵ੍ਹੋ ਅੰਮ੍ਰਿਤਸਰ ਤਾਲ।6।...

ਚੌਪਈ : ਤਬ ਸੁਖਾ ਸਿੰਘ ਬੋਲ ਸੁਣਾਇਆ। ਹੋਹੁ ਤਕੜੇ ਅਬ ਖਾਲਸੋ ਆਇਆ।

ਭਾਈ ਸੁਖਾ ਸਿੰਘ ਦੀ ਸਿੰਘ-ਗਰਜ ਤੇ ਵੰਗਾਰ ਸੁਣ ਕੇ ਮੁਗਲਾਂ ਨੇ ਦਸ ਗੁਣਾਂ ਹੋਰ ਤਕੜਾਈ ਕਰ ਦਿਤੀ; ਪ੍ਰੰਤੂ :

ਸੁਖਾ ਸਿੰਘ ਤਬ ਯੋਂ ਕਹਿਓ, ਰਾਤ ਨਾਉਂ ਤਬ ਚੋਰ।
ਨਾਵੋਂਗੋ ਮੈਂ ਦਿਨ ਬਿਖੈ, ਸ੍ਰੀ ਸਤਿਗੁਰ ਕੇ ਜ਼ੋਰ।

ਵੇਖੋ, ਭੰਗੂ ਜੀ ਦੇ ਬਿਆਨ ਵਿਚ ਕਿਤਨਾ ਸਿਦਕ ਤੇ ਜ਼ੋਰ ਹੈ।

ਅਗੇ ਸੰਪੂਰਨ ਬ੍ਰਿਤਾਂਤ ਦਿੱਤਾ ਗਿਆ ਹੈ ਕਿ ਕਿਵੇਂ ਭਾਈ ਸਾਹਿਬ ਸ੍ਰੀ ਅੰਮ੍ਰਿਤਸਰ ਆਇਆ, ਘੋੜੇ ਤੋਂ ਉਤਰ ਕੇ ਚੁੱਭਾ ਲਾਇਆ ਅਤੇ ਅਕਾਲ ਅਕਾਲ ਉਚਾਰਦਾ ਹੋਇਆ ਹਰਨ ਹੋ ਗਿਆ :

...ਕਾਢ ਤੇਗ ਜਬ ਸਿੰਘ ਚਮਕਾਈ। ਕੋ ਨ ਠਹਿਰਿਓ, ਸਭ ਗਏ ਧਾਈ।
...ਤੀਰ ਗੋਲੀ ਕੋਊ ਨਾਹਨ ਲਾਗੀ। ਸਿੰਘ ਕੋ ਘੋੜਾ ਲਾਂਘਿਓ ਆਗੀ।
ਪੀਛੇ ਲਗੇ ਤੇਊ ਸਕੇ ਨ ਮੇਲ। ਇਹ ਬਿਧ ਸਿੰਘ ਜੋ ਖੇਲੀ ਖੇਲ।

ਉਪਰੋਕਤ ਵਾਰਤਾ, ਜਿਥੇ ਸਿੰਘਾਂ ਦੀ, ਸ੍ਰੀ ਹਰਿਮੰਦਰ ਸਾਹਿਬ ਲਈ ਲਗਨ ਤੇ ਤੜਪ ਦਰਸਾਉਂਦੀ ਹੈ, ਓਥੇ ਉਨ੍ਹਾਂ ਦੀ ਸੂਰਮਗਤੀ ਦੀ ਵੀ ਸਾਖੀ ਭਰਦੀ ਹੈ। ਸਿੰਘ ਆਪਣੇ, ਜਾਨੋਂ ਪਿਆਰੇ ਗੁਰਧਾਮਾਂ ਤੋਂ ਜਾਨ ਦੀ ਬਾਜ਼ੀ ਲਾਉਣੀ ਇਕ ਖੇਡ ਸਮਝਦੇ ਸਨ। (ਪੰ. 256-58, ਉਹੀ

(ਢ) ਸਿੰਘਾਂ ਨੇ ਜਦ ਸਰਹਿੰਦ ਮਾਰੀ ਤਾਂ ਓਥੇ ਪਹਿਲਾ ਕੰਮ, ਸ਼ਹੀਦ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ (ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹ ਸਿੰਘ) ਦੀ ਸ਼ਹਾਦਤ ਅਤੇ ਸਸਕਾਰ ਨਾਲ ਸੰਬੰਧਤ ਅਸਥਾਨਾਂ ਉਤੇ ਯਾਦਗਾਰੀ ਅਸਥਾਨ, ਜੋ ਅਜ ਫਤਹਗੜ੍ਹ ਸਾਹਿਬ ਗੁਰਦੁਆਰਿਆਂ ਦੀ ਸ਼ਕਲ ਵਿਚ ਕਾਇਮ ਹਨ, ਬਣਾਉਣ ਦਾ ਪਰਮ ਧਰਮ ਨਿਭਾਇਆ।

ਭੰਗੂ ਜੀ ਲਿਖਦੇ ਹਨ ਕਿ ਸਭ ਤੋਂ ਪਹਿਲਾ ਸਾਹਿਬਜ਼ਾਦਿਆਂ ਦੇ ਸ਼ਹੀਦੀ ਅਸਥਾਨ ਉਤੇ ਦੇਹੁਰਾ ਬਣਵਾਇਆ ਤੇ ਫੇਰ ਦੂਜੇ ਅਸਥਾਨਾਂ ਉਤੇ, ਬਿਰਧਾਂ ਪਾਸੋਂ ਨਿਸ਼ਾਨ ਪਤਾ ਪ੍ਰਾਪਤ ਕਰ ਕੇ :

ਚੌਪਈ : ਸਭ ਖਾਲਸੇ ਮਿਲ ਮਤੇ ਠਹਿਰਾਯੇ। ਚਹੀਯਤ ਇਕ ਹੀ ਦੇਹਰੇ ਬਣਵਾਯੇ।
ਜਿਸ ਜਗਾ ਗੁਰ-ਸੁਤ ਹੈਂ ਘਾਏ। ਜਿਸੈ ਠੌਰ ਉਨ ਗਲੇ ਕਟਾਏ।
ਜਿਸੈ ਠੌਰ ਉਨ ਬੀਟਿਓ ਰਕਤ। ਦੂਜੀ ਠੌਰ ਉਨ ਫੂੰਕਯੁ ਸ਼ਕਤਿ।
ਬਿਰਧ ਪੁਰਸ਼ ਉਹਾਂ ਪੂਛ ਬੁਲਾਏ। ਅਸਥਾਨ ਪਤੇ ਉਨ ਸਭੇ ਬਤਾਏ।4।...

ਦੋਹਰਾ : ਪ੍ਰਾਤ ਹੋਤ ਪੰਥ ਆਇ ਸਭ, ਲਾਯੋ ਉਹਾਂ ਦਿਵਾਨ ।
ਬਨਵਾਏ ਬਡੇ ਚੌਂਕੀ ਧਰੀ, ਊਪਰ ਚੰਦੋਵੇ ਤਾਨ ।20।

ਚੌਪਈ : ਚੌਂਕੀ ਕੋ ਕੁਰਤ ਤਖਤ ਬਣਾਯਾ । ਸਾਥ ਰੁਮਾਲਨ ਖੂਬ ਢਕਾਯਾ ।
ਪਾਂਚ ਸ਼ਸਤ੍ਰ ਊਪਰ ਧਰੇ ਆਨ । ਗੁਰ ਸਰੂਪ ਲਏ ਸ਼ਸਤ੍ਰ ਮਾਨ ।21।
(ਪੰਨਾ 408-410)

(ਸ) ਇਸ ਸੰਖੇਪ ਵਿਚ ਅਖੀਰ ਤੇ, ਅਸੀਂ ਭੰਗੂ ਜੀ ਅਨੁਸਾਰ, ਸ: ਬਘੇਲ ਸਿੰਘ ਜੀ ਵਲੋਂ ਦਿਲੀ ਫਤਹ ਕਰਨ ਲਈ ਕੀਤੀ ਚੜ੍ਹਾਈ, ਬੇਗਮ ਸਮਰੂ ਦੀ ਸਰਦਾਰ ਜੀ ਨੂੰ ਭਰਾ ਬਣਾਉਣ ਦੀ ਨੀਤੀ, ਦਿਲੀ ਸੁਲਤਾਨ ਦੇ ਝੁਕਣ ਦੀ ਵਾਰਤਾ ਅਤੇ ਗੁਰਧਾਮਾਂ ਦੀ ਉਸਾਰੀ ਦੇ ਕੁਝ ਅੰਸ਼ ਦੇਂਦੇ ਹਾਂ :

ਬਾਦਸ਼ਾਹ ਬੇਗਮ ਸਮਰੂ ਵਾਚ :

ਚੌਪਈ : ਤਉ ਦਾਨਾ ਉਨ ਕਰੀ ਸਲਾਹ । 'ਦਿੱਲੀ ਛਡ ਅਬ ਬਚਤੇ ਨਾਹਿ ।'
ਹੈ ਬੇਗਮ ਸਿਮਰੂ ਕੀ ਆਹਿ । ਅਬ ਉਸ ਕੋ ਪੁਛ ਲੇਹੁ ਸਲਾਹਿ ।...
ਬੇਗਮ ਸਮਰੂ : ਬਘੇਲ ਸਿੰਘ ਮੈਂ ਬਨਾਊਂ ਭਾਈ । ਤੁਮਰੀ ਬਾਂਹ, ਦਿਊਂ ਤਿਸੈ ਫੜਾਈ ।48।
ਸ਼ਾਹ ਕਹੀ : 'ਅਬ ਢੇਲ ਨ ਕਰੇ । ਹਮਰੀ ਬਾਹਿ ਅਬ ਉਸ ਹਥ ਧਰੇ ।'...

ਸ. ਬਘੇਲ ਸਿੰਘ ਜੀ ਉਦਾਰ-ਚਿਤ ਸਨ, ਮੰਨ ਗਏ; ਪ੍ਰੰਤੂ, ਬਾਦਸ਼ਾਹ ਪਾਸੋਂ ਜੋ ਕੌਲ ਲਿਖਤ ਲਈ ਤਾਂ ਉਹ ਸੀ :

ਕਸਮ ਲੈਮ ਦੋਊ ਓਰ ਤੇ, ਬੇਗਮ ਦਏ ਕਰਾਇ ।
ਡੇਹਰੇ (ਗੁਰਦੁਆਰੇ) ਸਤ ਚਿਣਾਵਣੇ, ਸਿੰਘ ਜੀ ਲਏ ਲਿਖਾਇ ।52।

ਅੱਗੇ ਚਲ ਕੇ, ਗਰੰਥ ਕਰਤਾ ਨੇ ਸੱਤਾਂ ਗੁਰਦੁਆਰਿਆਂ ਦੇ ਨਾਮ, ਜਿਸ ਤਰਤੀਬ ਵਿਚ ਉਹ ਬਣਾਏ ਗਏ, ਦਿਤੇ ਹਨ :

ਚੌਪਈ : ਜਹਾਂ ਮਾਤ ਥੀ ਦੋਊ ਰਹੀ । ਜਗਾ ਪੀਹਰੇ ਕੀ ਤਹਿ ਬਣਵਾਈ ।59।
ਹੁਤੀ ਸਾਹਿਬ ਦਵੀ ਔ ਸੁੰਦਰੀ ਮਾਤ । ਗੁਰ ਪਤਨੀ ਸਭ ਜਗ ਬਿਖਆਤ ।
ਸ੍ਰੀ ਹਰਿਕ੍ਰਿਸ਼ਨ ਸਮਾਧ ਆਦ ਜਹੀਂ । ਜਮਨਾ ਢਿਗ ਕੰਢੇ ਭੈਡੇ ਤਹੀਂ ।
ਪੰਜਵੇਂ ਭੈਡੇ ਹਰਿ ਕ੍ਰਿਸ਼ਨ ਜੀ ਜਹਿ ਰਹੇ । ਜੈ ਸਿੰਘ ਪੁਰੇ ਮਧ ਬੰਗਲੇ ਅਹੇ ।
(ਪੰਨਾ 449)

... ...

ਸ੍ਰੀ ਤੇਗ ਬਹਾਦਰ ਦੇਹ ਜਹਿ, ਹੁਤੀ ਥੀ ਦਾਧੀ ਠੌਰ ।
ਡਿਹਰੇ ਛੇਵੇਂ ਤਹਿ ਰਚਿਓ, ਭੈੜੇ ਗਡਿਓ ਕਰ ਧੌਰ ।78।
ਰਹਯੋ ਸਰਵੇਂ ਸੀਸ ਜੁ ਗੰਜ । ਹੁਤੀ ਠੌਰ ਥੀ ਤਹਿ ਅਤਿਰੰਜ । (ਅਨੋਖੀ)
ਇਕਵੱਲ ਖੂਹੀ, ਇਕਵੱਲ ਮਸੀਤ । ਨਹਿ ਜਾਪੈ ਗੁਰ ਜਗਾ ਥੀ ਕੀਤ । (ਕਿਥੇ) 80
ਤੋ ਇਕ ਉਹਾਂ ਥੀ ਮਾਛਕਲ ਪੁਰਾਨੀ । ਜੋ ਸਿੰਘ ਜੀ ਸਚ ਪੂਛੀ ਸਿਆਨੀ ।
ਉਨੇ ਕਹੀ ਹਮ ਪਤਾ ਬਤਾਈ । ਹਿੰਦੂ ਪੀਰ ਦੀਹਾ ਚੌਂਕੀ ਕਮਾਈ ।... (ਪੰ. 451)

(ਹ) ਨਿਹੰਗ ਬਾਬਾ ਗੁਰਬਖਸ਼ ਸਿੰਘ ਜੀ ਸ਼ਹੀਦ ਦੇ, ਜੋ ਹਰਿਮੰਦਰ ਸਾਹਿਬ ਦੀ ਸੰਭਾਲ ਕਰਦਿਆਂ ਸ਼ਹੀਦ ਹੋਏ, ਇਹ ਬਚਨ ਸਿੱਖ ਦੀ ਗੁਰਧਾਮਾਂ ਲਈ ਸ਼ਰਧਾ ਦਾ ਪ੍ਰਮਾਣ ਹਨ:

ਚੌਪਈ : ਤਬ ਨਿਹੰਗ ਸਿੰਘ ਬਚਨ ਉਚਾਰਾ, ਯਹੀ ਪ੍ਰਣ ਹੈ ਨਿਜ ਮਨ ਧਾਰਾ ।
ਇਕ ਬਾਰ ਸਤਿਗੁਰ ਪਹੁੰਚ ਦਰਬਾਰ, ਦੇਹੀਐ ਆਪਨ ਗਿਲਜ ਟਾਰ ।
ਆਏ ਖਾਲਸੇ ਘਰ ਲਈ ਉਤਾਰ, ਜਨਮ ਪਊ ਸਿੰਘ ਬਾਰੋ ਬਾਰ ।
ਫੇਰ ਸਿੰਘ ਜੀ ਯੌਂ ਬਾਨ ਕਹੀ ਹੋਹੁ ਸ਼ਹੀਦ ਅਬ ਹੈ ਦੇਰ ਕਹੀਂ ।65।
ਨਾਹਿ ਪੈਰ ਬਿਨ ਪੀਛੈ ਮੋਰਾ । ਸਿੰਘਨ ਪੈਰ ਸੁ ਆਗੈ ਤੋਰਾ ।66। (ਪੰਨਾ 420)

ਦੋਹਾ—ਤਖਤੋਂ ਉਤਰ ਨਿਹੰਗ ਸਿੰਘ, ਪੂਜਨ ਚਲਿਓ ਦਰਬਾਰ ।43।
ਹਰਿ ਮੰਦਰ ਕੇ ਹਜ਼ੂਰ ਇਮ, ਖੜ ਕਰ ਕਰੀ ਅਰਦਾਸ ।
'ਸਤਿਗੁਰ, ਸਿਖੀ ਸੰਗ ਨਿਭੈ, ਸੀਸ ਕੇਸਨ ਕੇ ਸਾਥ' ।48। (ਪੰਨਾ 418)

4. ਖਾਲਸਾ ਖਾਸ ਸਰੂਪ ਦਾ ਧਾਰਨੀ ਹੈ :

ਮਨੁੱਖ ਦੇ ਬਾਹਰਲੇ ਸਰੂਪ ਦਾ, ਜਿਸ ਵਿਚ ਚੇਹਰਾ ਮੋਹਰਾ ਤੇ ਪੁਸ਼ਾਕ ਆਦਿ ਸ਼ਾਮਿਲ ਹਨ, ਉਸ ਦੀ ਸ਼ਖਸੀਅਤ ਬਣਾਉਣ ਵਿਚ ਚੋਖਾ ਹੱਥ ਹੈ। ਇਹ ਵੀ ਇਕ ਮਨੋ-ਵਿਗਿਆਨਕ ਸਚਾਈ ਹੈ ਕਿ ਤੇਜ-ਮਈ ਸ਼ਖਸੀਅਤ ਦਾ ਪ੍ਰਭਾਵ ਨ ਕੇਵਲ ਦੂਜਿਆਂ ਉਤੇ ਹੀ ਪੈਂਦਾ ਹੈ, ਸਗੋਂ ਆਪਣੇ ਆਪ ਉਤੇ ਵੀ। ਜਾਣੀ ਜਾਣ ਸ੍ਰੀ ਦਸਮੇਸ਼ ਜੀ ਦਾ ਚਰਨ ਪਾਹੁਲ ਨੂੰ ਖੰਡੇ ਦੀ ਪਾਹੁਲ ਵਿਚ ਬਦਲਣ ਅਤੇ ਨਾਵਾਂ ਤੇ ਪੁਸ਼ਾਕੇ ਵਿਚ ਨਰੋਈ ਤਬਦੀਲੀ ਕਰਨ ਦਾ ਮਕਸਦ ਵੀ ਇਹੀ ਸੀ ਕਿ ਇਸ ਨਾਲ ਮਨੁੱਖ ਦੇ ਮਨੋ-ਬਲ ਵਿਚ ਵਾਧਾ ਹੋਵੇ। ਭਾਈ ਰਤਨ ਸਿੰਘ ਜੀ ਭੰਗੂ, ਕਲਗੀਆਂ ਵਾਲੇ ਪਾਤਸ਼ਾਹ ਵਲੋਂ ਵਿਉਂਤੀ ਅਤੇ ਅਪਨਾਈ, ਇਸ ਤਬਦੀਲੀ ਦਾ ਜ਼ਿਕਰ ਇਉਂ ਕਰਦੇ ਹਨ :

ਚੌਪਈ— ਹੁਤੇ ਗੁਰੂ ਸ੍ਰੀ ਜਾਣੀ ਜਾਣ । ਸਭੀ ਬਿਧੀ ਗੁਰੂ ਲਈ ਪਛਾਣ ।
ਯਹ ਚਰਣ ਪਾਹੁਲ ਹੈ ਸ਼ਾਂਤ ਸਰੂਪ, ਤੇਜ ਨਾਹਿ ਯਹਿ ਮਾਂਹਿ ਅਨੂਪ ॥29॥
ਚੌਪਈ— ਅਬ ਸਿਖਨ ਰੂਪ ਪਲਟਾਈਐ, ਤੇਜ ਧਾਰੀ, ਜਿਮ ਲਖ ਭਉ ਖਾਈਐ ॥
ਤੇਜ ਨਾਮ ਕੋਊ ਇਨ੍ਹੈਂ ਧਰੀਐ, ਕਰ ਪਹੁਲ ਇਨੈ ਤੇਜ ਦਿਲਖੈ ।31।
ਪੈ ਸਤਿਗੁਰ ਸ੍ਰੀ ਚਿਤ ਲਇਓ ਧਾਰ । ਸੋ ਉਦਮ ਕੀਓ ਗੁਰੂ ਬਿਚਾਰ ।
ਲੰਬੀ ਰੂਪ ਸੁੰਦਰ ਅਤਿ ਲਾਗੇ । ਕੇਸ ਸੀਸ ਸਿਰ ਬਾਂਧੇ ਪਾਗੇ ।32।
ਨਾਮ ਸਿੰਘ ਹੁਤੇ ਛਤ੍ਰਨ ਕੇਰੇ । ਸ੍ਰੀ ਗੁਰ ਜਾਨਿਓ ਯਹੀ ਭਲੇਰੇ ।
ਖੰਡੇ ਪਾਹੁਲ ਚਿਤ ਮਧ ਠਟੀ । ਇਮ ਹੋਵੇਗੀ ਖਾਲਸਾ ਹਠੀ ।33।
ਪੜੇ ਪਤਿਸ਼ਾਹੀ ਇਮ ਇਨ ਹੋਇ । ਹੈਨੋ ਹੈਨੋ ਹਮ ਪਤਿਸ਼ਾਹ ਹੋਇ ।
ਕਾਣ ਕੂਟ ਵਾਂਗ ਲੋਹੇ ਕਰੈਂ । ਖੰਡੇ ਪਾਹੁਲ ਪੀ ਖੇਡਿਓ ਨ ਟਰੈਂ ।34। ਪੰ: 42

5. ਖਾਲਸਾ ਵਿਸ਼ੇਸ਼ ਤੇ ਵਿਲੱਖਣ ਰਹਿਤ, ਰੀਤ ਮਰਯਾਦਾ, ਸੁਭਾ, ਸਿਦਕ, ਗੁਰਤਾ, ਸੰਕਲਪ ਤੇ ਕਰਤਵ ਦਾ ਧਾਰਨੀ ਹੈ :—

(ੳ) ਖੰਡੇ ਦੀ ਪਾਹੁਲ ਦੇਣ ਉਪਰੰਤ ਅੰਦਰਲੀ ਤੇ ਬਾਹਰਲੀ ਰਹਿਤ ਬਾਰੇ ਖਾਲਸੇ ਨੂੰ ਉਪਦੇਸ਼ :—

ਚੌਪਈ—ਅਕਾਲ ਅਕਾਲ ਕਰ ਜਾਪ ਜਪਾਹੀ । ਸ੍ਰੀ ਵਾਹਿਗੁਰੂ ਫਤੈ ਬੁਲਾਹੀ ।
ਉਨ ਪੰਚ, ਪੰਚ ਸੀਸ ਅੰਚਰੀ ਪਾਹਿ । ਪੰਚ ਪੰਚ ਪੰਚਨ ਦਈਂ ਛਕਾਇ...।
ਇਕੈ ਸੁਨਹਿਰੈ ਸਭੀ ਰਲਾਏ । ਭਿੰਨ ਭੇਤ ਕਛੂ ਰਖਨ ਨ ਪਾਏ ।
ਚਾਰ ਬਰਨ ਔ ਆਸ੍ਰਮ ਚਾਰ । ਜਨੇਊ ਤਿੰਨੋ ਦਿਯੋ ਉਤਾਰ ।12।
ਪੁਨ ਸਤਿਗੁਰ ਉਨ ਸਿਛਿਆ ਦਈ । ਮੀਣੇ ਮਸੰਦਨ ਬਰਤਿਓ ਨਹੀਂ ।
ਕੁੜੀ ਮਾਰ ਅਰ ਨੜੀ ਮਾਰ । ਜੋ ਇਨ ਮਿਲੈ ਸੁ ਹੁਇ ਹੈ ਖਵਾਰ ।13।
ਜਥਾ ਸਕਤਿ ਗੁਰ ਗੋਲਕ ਪਾਇਓ । ਕੜਾਹ ਕਰਾਇ ਖਾਲਸੈ ਛਕਾਯੋ ।
ਪਹਿਰ ਕਛਹਿਰੇ ਸਿਰ ਬੰਧਿਓ ਪਾਗ । ਗੁਰ ਗ੍ਰੰਥ ਬਚਨ ਪਰ ਰਹਯੋ ਲਾਗ ।14।

ਦੋਹਰਾ—ਯੌਂ ਕਹਿ ਕੈ ਸ੍ਰੀ ਸਤਿਗੁਰੂ ਤੇਗੋ ਦੀਨੋ ਪਾਇ ।
ਕਰਦ ਚੱਕਰ ਸਿਰ ਪਰ ਧਰੇਂ, ਮੁਖੋਂ ਅਕਾਲ ਜਪਾਇ ।15।

ਨਿਤਨੇਮ : ਚੌਪਈ—ਔਰ ਕਹੀ ਗੁਰਬਾਣੀ ਪੜ੍ਹਾਇਓ । ਜਪੁ ਜਾਪੁ ਦੋਇ ਵੇਲੇ ਜਪਾਯੋ ।
ਔ ਅਨੰਦ ਰਹਿਰਾਸ ਸੋਪਯੋ । ਰੈਣੀ ਬਾਨੀ, ਮਤੇ ਪੜੱਯੋ ।16।
ਦੋਇ ਵੇਲੇ ਉਨ, ਛੱਪਕੇ-ਦਸਤਾਰੇ । ਪਹਿਰ ਆਠ ਰਖਿਓ ਸ਼ਸਤ੍ਰ ਸੰਭਾਰੇ ।
ਪੀਓ ਸੁਧਾ ਔ ਧੋਲੋ ਬਿਕਾਰ । ਸ਼ਸਤ੍ਰ ਵਿਦਿਆ ਜਿਮ ਹੋਇ ਸੰਭਾਰ ।17।
ਕਰ ਝਟਕੇ ਬਕਰਨ ਕੋ ਖਾਂਯੋ । ਮੁਰਦੈ ਕੁਠੈ ਨਿਕਟ ਨ ਜੋਯੋ ।
ਗੋਸਨ ਕੀ ਕੀਜੈ ਪ੍ਰਿਤਪਾਲ । ਨਹਿ ਉਸਤ੍ਰਨ ਸੇ ਕਟਿਓ ਬਾਲ ।18।
ਪਿਸ਼ੂਨ ਕਰਮ ਸੁ ਚੋਰਨ ਕਰਨੋਂ । ਰਖਿਓ ਧਿਆਨ ਸੁ ਮਧ ਗੁਰ ਚਰਨੋਂ ।
ਪਰੈ ਔਰ ਜੋ ਖੋਟੇ ਰਾਹਿ । ਤਿਨ ਕੋ ਲਾਯੋ ਜਰੂਰ ਤਨਖਾਹਿ ।19।

ਦੋਹਰਾ—ਕਰੀ ਜੁ ਸਤਿਗੁਰ ਪ੍ਰਿਥਮ ਬਿਧ, ਸੋ ਪੁਨ ਬਿਧ ਕੀਨ ।
ਪੰਜ ਭੁਯੰਗੀ ਜੋ ਭਏ, ਗੁਰ ਤਿਨ ਤੇ ਪਾਹੁਲ ਲੀਨ ।20।

ਆਪੇ ਗੁਰ ਚੇਲਾ :

ਚੌਪਈ—ਵਹੀ ਵਰਤਾਰੋ ਭੁਯੰਗਨ ਵਰਤਾਯੋ । ਆਪੇ ਗੁਰ ਚੇਲਾ ਕਹਿਲਾਯੋ ।
ਯਹੀ ਆਦ ਹੁਤ ਆਯੋ ਵਰਤਾਰਾ । ਜਿਮ ਨਾਨਕ ਗੁਰ ਅੰਗਦ ਧਾਰਾ ।21।
ਯਾਯੋ ਪਾਹੁਲ ਗੁਰ ਬਚਨ ਨਿਵਾਰੀ । ਭਯੋ ਖਾਲਸਾ ਵਡ ਬਲ ਧਾਰੀ । (ਪੰ. 42)

(ਅ) ਜਦ ਬੰਦਾ ਨੰਦੇੜ ਵਿਚ ਆਪਣੀ ਵਾਹ ਲਾਉਣ ਉਪ੍ਰੰਤ, ਚਰਣੀ ਆਣ ਪਿਆ, ਤਾਂ ਸਤਿਗੁਰਾਂ ਨੇ ਉਸ ਨੂੰ "ਸਿੱਖ ਦੀ ਨਿੱਤ-ਕਾਰ" ਇਉਂ ਸਮਝਾਈ :

ਸਿੱਖ ਦੀ ਨਿੱਤ-ਕਾਰ :

ਚੌਪਈ—ਸਤਿਗੁਰ ਕਹੀ ਸਿਖ ਬਨਨੋ ਔਖਾ । ਮਨ ਤਨ ਧਨ ਸੌਂਪ, ਹੋਇ ਨ ਤ੍ਰੇਖਾ ।
ਸਿੱਖ ਬਨੇ ਜਬ ਛੋਡੈ* ਭਰਮ । ਸਿੱਖ ਬਨਨ ਕੋ ਕਠਨ ਸੁ ਕਰਮ ।2।

---

*ਖਾਲਸਾ ਖਾਸ ਕਹਾਵੈ ਸੋਈ । ਜਾਕੇ ਹਿਰਦੇ ਭਰਮ ਨ ਹੋਈ ।
ਭਰਮ ਭੇਖ ਤੇ ਰਹੈ ਨਿਆਰਾ । ਸੋ ਖਾਲਸ ਸਤਿਗੁਰ ਹਮਾਰਾ । (ਸਰਬ ਲੋਹ)

ਸਿੱਖ ਹੋਇ ਜੋ ਆਪਾ ਖੋਵੈ । ਮੇਟ ਕੁਲੈ ਨਿਜ, ਗੁਰ ਕੁਲ ਹੋਵੈ ।
ਜਿਮ ਕਰ ਕੀਟ, ਨਿਜ ਕੁਲੈ ਤਿਆਗੀ । ਭਏ ਭਰਿੰਗੀ ਉਸ ਕੁਲ ਲਾਗੀ ।3।

ਸਿੱਖੀ ਖੰਨਿਓਂ ਤਿੱਖੀ :

ਦੋਹਰਾ —ਬਾਲੋਂ ਨਿੱਕੀ ਖੰਨਿਓਂ ਤਿੱਖੀ, ਹੈ ਸਿੱਖੀ ਕੀ ਰੀਤਿ ।
ਸਿਰ ਤੇ ਪਰੈ ਸੇਵਾ ਕਰੈ, ਤਉ ਭਰੈ ਮਧ ਚੀਤ ।4।
ਜੋ ਆਖੀ ਸਤਿਗੁਰ ਉਸੈ, ਸੁ ਉਨ ਲੀਨੀ ਮਾਨ ।
ਧਰਿਓ ਸੁ 'ਬੰਦਾ' ਨਾਮ ਤਿਸ, ਤਿਨ ਕਰ ਲੀਯੋ ਪ੍ਰਮਾਨ ।5। (ਪੰਨਾ 80)

(ਦ) ਜਦ ਸਤਿਗੁਰਾਂ ਨੇ ਬੰਦੇ (ਬਹਾਦਰ) ਨੂੰ ਖੰਡਾ ਬਖਸ਼ਿਆ ਤਾਂ ਇਸ ਨੂੰ ਆਪਣਾ ਹੱਕ ਸਮਝ ਕੇ ਖਾਲਸੇ ਨੇ ਉਸ ਪਾਸੋਂ ਖੰਡਾ ਖੋਹ ਲਿਆ ।

ਜਦ ਬੰਦੇ ਸਤਿਗੁਰਾਂ ਪਾਸ ਫਰਿਆਦ ਕੀਤੀ ਤਾਂ ਸਤਿਗੁਰਾਂ ਹੱਸ ਕੇ ਫੁਰਮਾਇਆ :

ਚੀਜ ਆਪਨੀ ਇਨ੍ਹੋਂ ਸੰਭਾਰੀ । ਭਯੋ ਖਾਲਸੋ ਅਬ ਕਲਧਾਰੀ ।12।
ਬੰਦੇ ਕੋ ਬਖਸ਼ੇ ਪੰਜ ਤੀਰ । ਕਹਿਓ ਸਤਿਗੁਰ, ਇਹ ਪੰਜ ਹੈਂ ਬੀਰ । (ਪੰਨਾ 81)

(ਸ) ਬੰਦੇ ਨੂੰ ਪੰਜਾਬ ਵਲ ਤੋਰਨ ਸਮੇਂ ਸਤਿਗੁਰਾਂ ਵਲੋਂ ਜੋ ਤਾਕੀਦ ਕੀਤੀ ਗਈ, ਉਹ ਸਿੱਘ ਚਲਣ ਅਤੇ ਸਿੱਖ ਤੇ ਗੁਰੂ ਦੇ ਰਿਸ਼ਤੇ ਨੂੰ ਸੂਰਜ ਵੱਤ ਰੌਸ਼ਨ ਕਰਦੀ ਹੈ :

ਚੌਪਈ —ਸਿੰਘ ਮਝੈਲਨ ਲਈਂ ਬੁਲਾਇ । ਉਨ ਕੋ ਮੂਹਰੇ ਲੀਜੈ ਲਾਇ ।
ਓਇ ਹੈਂ ਮਹਾਂ ਸੂਰ ਅਤਿ ਹਠੀ । ਉਨ ਤੇ ਫੌਜ ਤੁਰਕ ਜਾਇ ਨੱਠੀ ।16।
ਓਇ ਹੈਂ ਸੂਰ ਮਹਾਂ ਬਲਵਾਨ । ਉਨ ਪੇ ਹੈਂ ਸਤਿਗੁਰ ਮਿਹਰਵਾਨ ।
ਓਇ ਹੈਂ ਗੁਰ ਨਿਜ ਪ੍ਰਣ ਕੇ ਪੂਰੇ । ਓਇ ਸੂਰਨ ਮੈਂ ਹੈਂ ਅਤਿ ਸੂਰੇ ।17।
ਓਇ ਨਿਜ ਅਪਨੇ ਗੁਰ ਕੇ ਭਗਤ । ਉਨ ਮੈਂ ਹੈਂ ਸਭ ਹਮਰੀ ਸ਼ਕਤਿ ।
ਉਨਕੋ ਹਮ ਬਖਸ਼ੀ ਗੁਰਿਆਈ । ਹਮ ਬਖਸ਼ੀ ਉਨ ਲਈ ਸੰਭਾਈ ।18।

ਗੁਰੂ ਤੇ ਸਿੱਖ ਓਤ ਪੋਤ ਹਨ :

ਹਮ ਮੈਂ ਉਨ ਮੈਂ ਭੇਦ ਕਿਛ ਨਾਹਿ। ਉਨ ਮੈਂ ਹਮ, ਓਇ ਹਮਰੇ ਮਾਂਹਿ ।19। ਪੰ.81

(ਹ) ਜਦ ਬੰਦਾ ਬਹਾਦਰ ਤੇ ਉਸ ਦੇ ਸਾਥੀ ਸਿੱਖ, "ਗੁਰਦਾਸ ਨੰਗਲੋਂ" ਗ੍ਰਿਫਤਾਰ ਹੋ ਜਾਂਦੇ ਹਨ ਤਾਂ ਪਛਤਾਵੇ ਉਪ੍ਰੰਤ ਉਨ੍ਹਾਂ ਦੇ ਪ੍ਰਭੂ-ਵਿਸ਼ਵਾਸ, ਸਿੱਖੀ ਸਿਦਕ, ਚੜ੍ਹਦੀ ਕਲਾ ਅਤੇ 'ਮਰਣ ਮੁਣਸਾ ਸੂਰਿਆ ਹੱਕ ਹੈ' ਵਾਲੀ ਬਿਰਤੀ ਦੀ ਵਾਰਤਾ ਵੀ ਵਰਨਣ ਯੋਗ ਹੈ :

ਚੌਪਈ : ਸਭ ਹੀ ਪਕੜੇ ਸਾਥੇ ਜਾਇੰ । ਪੜੇਂ ਬਾਣੀਆ ਨਹਿੰ ਸੰਕਾਹਿੰ ।
ਇਕਤ ਹਥ ਤੇ ਰਬਾਬ ਬਜਾਵੈਂ । ਸ਼ਸਤ੍ਰ ਗਿਰੇ ਉਨ ਚੁਕੇ ਨ ਜਾਵੈਂ ।16।
ਸ਼ਬਦ ਪੜ੍ਹੇਂ ਜੋ ਮਰਨੇ ਵਾਰੇ । ਜੀਵਣ ਝੂਠੋ, ਸ਼ਬਦ ਉਚਾਰੇਂ ।
"ਜਾਏ, ਯਹ ਮੁਰਦਨ ਕੋ ਗਾਉਂ । ਯਾ ਜਗ ਮੈਂ ਕੋਊ ਰਹਨ ਨ ਪਾਊਂ ।17।
ਸਿਦਕ ਸਬੂਰੀ ਜਿ ਪੈ ਰਹੀ । ਸੱਚ ਮਜ਼ੂਰੀ ਤਿਹੇ ਕੰਮਈ ।।"
ਇਮ ਕਰ ਦੁਖ ਕੋ ਸੁਖ ਕਰ ਮਾਨਾ । ਜੀਵਨ ਤਜ ਚਹਿ, ਮਰਨ ਮਨ ਠਾਨਾ (18)

ਸ਼ਬਦਨ ਪੜ੍ਹੈਂ ਕਰੈਂ ਅਰਦਾਸ । ਦੁਸ਼ਟ ਤੁਰਕਨ ਕੋ ਆਖੈ ਨਾਸ ।
"ਜਹਿੰ ਕਹਿੰ ਖਾਲਸੇ ਹੋਇ ਪਰਗਾਸ । ਖਾਲਸੈਂ ਨਿਬਾਹੂ ਹੁਵੈ, ਕੇਸੀਂ ਸਾਸ" ।19।
ਤੁਰਕ ਸੁਣੈ ਸੁਣ ਗੁੱਸਾ ਕਰੈਂ । ਮਰਨ ਮੰਗੀ ਸਿੰਘ ਸੋ ਕਰ ਡਰੈਂ ।
ਕਮਾਵੈਂ ਸਿਦਕ ਨ ਕਿਸ ਤੇ ਡਰਹੀ । ਏਕ ਆਸ ਪਰਮੇਸ਼ਰ ਕਰਹੀਂ ।20। ਪੰ.155

(ਕ) ਨਾਦਰ ਦੇ ਪੁੱਛਣ ਉਤੇ ਜ਼ਕਰੀਆ ਖਾਨ ਨੇ ਖਾਲਸੇ ਦੇ ਜੀਵਨ, ਸਾਹਸ ਤੇ ਦਲੇਰੀ ਦਾ ਜੋ ਨਕਸ਼ਾ ਖਿਚਿਆ ਸੀ, ਭੰਗੂ ਜੀ ਅਨੁਸਾਰ ਉਹ ਇਸ ਪ੍ਰਕਾਰ ਹੈ :

ਚੌਪਈ —ਤਬ ਖਾਨੈ ਨੇ ਐਸ ਬਖਾਨੀ । ਮੁਲਕ ਉਸੈ ਕੇ ਨਾਹਿ ਨਿਸ਼ਾਨੀ ।
ਖੜੇ ਸੋਵੈਂ ਔ ਚਲਤੇ ਖਾਹਿ । ਨਹਿੰ ਬੈਠੇਂ ਵੈ ਕਿਤੇ ਟਿਕਾਇੰ ।4।
ਨੂਨ ਘਿਰਤ ਕੋ ਸਵਾਦ ਨ ਜਾਨੈਂ । ਹਮ ਦੁਖ ਦੇਵੈਂ, ਵੈ ਸੁਖ ਮਾਨੈਂ ।
ਹਾੜ, ਨ ਦਿਨ ਭਰ ਪੀਵੈਂ ਪਾਨੀ । ਸਿਆਲੈ ਰਖੈਂ ਨ ਅਗਨ ਨਿਸ਼ਾਨੀ ।5।
ਨਹਿੰ ਖਾਵੈਂ ਵੋ ਪੀਸਿਓ ਨਾਜ । ਲੜੈਂ ਬਹੁਤ ਵੈ, ਕਰਕੇ ਭਾਜ ।
ਏਕ ਹੋਇ ਤਾਂ, ਸੌ ਸੋਂ ਲਰੈਂ, ਮਰਨੇ ਤੇ ਵੈ ਮੂਲ ਨ ਡਰੈਂ ।6।

ਦੋਹਰਾ : ਰਹੈ ਚਾਉ ਉਨ ਮਰਨ ਕੋ, ਦੀਨ ਮਜ਼ਹਬ ਕੇ ਭਾਇ ।
ਹਮ ਮਾਰਤ ਉਨ ਥਕ ਗਏ, ਉਇ ਘਟਤ ਨ ਕਿਤਹੂੰ ਜਾਇ ।7।
ਫਿਰ ਨਾਦਰ ਖਾਨੂੰ ਪੁਛਿਓ, ਵਹਿ ਉਮੱਤ ਕਿਹ ਪੀਰ ?
ਕੇ ਵਹਿ ਆਪੇ ਤੇ ਵਧੇ, ਕੈ ਵਹਿ ਹੋਹਿੰ ਫਕੀਰ ।8।
ਤਬ ਖਾਨੂੰ ਨੇ ਸਭ ਕਹਿਓ, 'ਗੁਰ ਨਾਨਕ ਕੋ ਪ੍ਰਕਾਸ਼' ।
ਕਰਾਮਾਤ ਭੀ ਬਹੁ ਕਹੀ, ਜਨਮ ਸੁ ਸਾਖੀ ਭਾਖ ।9। ਪੰ. 23।
ਤਬ ਨਾਦਰ ਸੁਨ ਸੀਸ ਹਿਲਾਯੋ । ਅਪਨੋਂ ਕੀਨੇਂ ਅਬ ਤੁਮ ਪਾਯੋ ।
ਜੋ ਅਬ ਜੀਤੇ ਜਾਵੈਂ ਨਾਹੀਂ । ਜਿਨ ਕੈ ਸਾਹਿਬ ਆਪ ਧਨਾਹੀ ।12।

(ਖ) ਭੰਗੂ ਜੀ ਵਲੋਂ ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਦੀ ਸ਼ਹਾਦਤ ਦਾ ਪ੍ਰਸੰਗ ਵੀ ਸਿੱਖੀ ਸਿਦਕ ਤੇ ਦ੍ਰਿੜਤਾ ਦੀ ਸਿਖਰ ਦਾ ਸੂਚਕ ਹੈ । ਵਾਰੋਂ, ਵੰਨਗੀ ਮਾਤ੍ਰ ਕੁਝ ਇਕ ਇਹ ਟੂਕਾਂ:

ਚੌਪਈ : ਸੁਬੇਗ ਫੜ ਜੰਬਰੋਂ ਮੰਗਾਯਾ । ਤਿਸ ਕਾ ਬੇਟਾ ਸਾਥ ਫੜਾਯਾ ।
ਕਹਿਓ ਨਵਾਬ 'ਤੁਮ ਆਵੋ ਦੀਨ । ਲੇਵੋ ਦਾਮ, ਔ ਗਾਮ, ਜ਼ਮੀਨ' ।7।
ਨਹੀਂ ਤੋ ਮਰਨੋਂ ਕਰ ਮਨਜ਼ੂਰ । ਚੜ੍ਹੋ ਚਰਖ, ਗਿਰ ਹੋਵੋ ਚੂਰ ।
ਸੁਬੇਗ ਸਿੰਘ ਤਬ ਕੁਰਨਸ਼[1] ਕਰੀ । ਧੰਨ ਚਰਖੜੀ, ਧੰਨ ਯਹ ਘੜੀ.. ।8।
ਹਮ ਤੌ ਗੁਰ ਕੇ ਸਿਖ ਸਦਾਵੈਂ । ਗੁਰ ਕੇ ਹੇਤ ਪ੍ਰਾਨ ਬਲ ਜਾਵੈਂ ...।9।
ਜੈਸੇ ਤੁਮੇਂ ਦੀਨ ਹੈ ਪਿਆਰਾ । ਤੈਸੇ ਹੀ ਹੈ ਧਰਮ ਹਮਾਰਾ ।...
ਤਬ ਨਵਾਬ ਨੇ ਹੁਕਮ ਸੁ ਕੀਨਾ । ਚਾੜ੍ਹ ਚਰਖੜੀ ਸਿੰਘ ਸੁ ਦੀਨਾ ।13।
ਊਚੇ ਚਾੜ੍ਹ ਫਿਰ ਬਹੁਤ ਘੁਮਾਯੋ । ਵਾਹਿਗੁਰੂ ਤਿਨ ਨਾਹਿ ਭੁਲਾਯੋ ।
ਜਿਉਂ ਜਿਉਂ ਮੁਖ ਤੇ ਵਾਹਿਗੁਰੂ ਉਚਾਰੇ । ਅਕਾਲ ਅਕਾਲ ਕਰ ਊਚ ਪੁਕਾਰੇ ।14।

1. ਚਰਖੜੀ ਨੂੰ ਨਮਸਕਾਰ ਕੀਤੀ ।

ਫੇਰ, ਨਵਾਬ ਨੇ ਜਦ ਭਾਈ ਸੁਬੇਗ ਸਿੰਘ ਨੂੰ ਚਰਖੀਓਂ ਲਾਹ ਕੇ ਉਸ ਦੇ ਬੇਟੇ ਨੂੰ ਚਰਖੜੀ ਚਾੜ੍ਹ ਘੁਮਾਇਆ, ਤਾਂ ਭਾਈ ਸਾਹਿਬ ਨੇ ਇਹ ਵਾਕ ਉਚਾਰੇ :

ਸੁਬੇਗ ਸਿੰਘ ਤਬ ਐਸੇ ਕਹੀ । ਧੰਨ ਧੰਨ ਪੁਤਰ, ਧੰਨ ਇਨ ਘਰੀ ।
ਸੋ ਧੰਨ ਪੁਰਖ, ਜੁ ਧਰਮ ਨਿਬਾਹੈ । ਧੰਨ ਪੁਰਖ, ਜੋ ਗੁਰ ਪਗ ਚਾਹੈ ।।8। ਪੰ. 263

(ਗ) ਭਾਈ ਤਾਰੂ ਸਿੰਘ (ਪੂਹਲਾ) ਜੀ ਦਾ ਗ੍ਰਿਫਤਾਰੀ ਸਮੇਂ, ਸਾਥੀ ਸਿੰਘਾਂ ਨੂੰ ਉਪਦੇਸ਼ :

ਚੌਪਈ : ਅਸੀਂ ਨ ਮਰਨੋਂ ਨੱਠਨ ਵਾਰੇ । ਅਸੀਂ ਜੁ ਮਰ ਹੈਂ ਮੁਗਲ ਦੁਗਲ ਦੁਵਾਰੇ ।
ਸਿੱਖਨ ਕਾਰਨ, ਗੁਰ ਸਿਰ ਲਾਏ । ਪੁੱਤ ਪੋਤ੍ਰੇ, ਪੁਨ ਆਪ ਕੁਹਾਏ ।34।
ਪੰਥ ਬਧਾਵਨ ਖਾਤਰ ਤਾਈਂ । ਇਮ ਅਪਨੀ ਗੁਰ ਕੁਲੀ ਗਵਾਈ ।
ਉਸ ਕੇ ਪੰਥੀ ਹਮੈਂ ਸਦਾਏ । ਹਮ ਮਰਨੇ ਤੇ ਕਿਮ ਨੱਠ ਜਾਏਂ ।35।

6. ਖਾਲਸਾ ਵਿਸ਼ੇਸ਼ ਜ਼ਬਤੇ ਦਾ ਧਾਰਨੀ ਹੈ :

ਰਹਿਤ, ਜ਼ਬਤ ਦੇ ਕਾਇਦਿਆਂ ਕਾਨੂੰਨਾਂ ਤੇ ਪਾਬੰਦੀਆਂ ਤੋਂ ਬਿਨਾਂ, ਕੋਈ ਵੀ ਮੱਤ ਤਥਾ ਸੰਸਥਾ ਵੱਧ, ਫੁਲ ਨਹੀਂ ਸਕਦੀ । ਸਿੰਘਾਂ ਦੇ ਜ਼ਬਤ ਤੇ ਜ਼ਾਬਤੇ ਦੀ ਇਕ ਝਲਕ ਹਾਜ਼ਰ ਹੈ :

(ੳ) ਦੋਹਰਾ : ਜੋ ਨਿਸ ਸਿੰਘ ਬਾਹਰਾਂ ਰਹੈ, ਜੋ ਬਿਨ ਪੁੱਛੇ ਘਰ ਜਾਇ ।
ਸੋ ਖਾਲਸੇ ਨਹਿੰ ਰਲੈ, ਬਿਨ ਲਾਈ ਤਨਖਾਹਿ ।16।

ਚੌਪਈ : ਜੋ ਘਰ ਤੇ ਹੋਇ ਆਵੈ ਕੋਇ । ਬਖਸ਼ਾਇ ਰਲੇ, ਖੜ ਪਾਪੇ ਸੋਇ ।
ਦਰਬ ਲਿਆਇ ਬਾਹਰੋਂ ਕੋਈ । ਪਾਵੈਂ ਖਜ਼ਾਨੈ ਇਕ ਥਾਂ ਸੋਈ ।17। (ਪੰਨਾ 215)

(ਅ) ਕਸੂਰ ਮਾਰਨ ਸਮੇਂ ਸਿੰਘਾਂ ਦਾ ਗੁਰਮਤਾ :

ਗੁਰਮਤੋ ਖਾਲਸੇ ਥੋ, ਯੌ ਕਰ ਲਯੋ । ਪਠਾਨ ਕਟੇ ਬਿਨ, ਲੂਟਨ ਨ ਭਯਿਓ ।48। ਪੰ. 389

ਨੋਟ– (1) ਸੰਸਾਰ ਦੇ ਇਤਿਹਾਸ ਵਿਚ ਕਈ ਵੇਰ ਜੇਤੂ ਫੌਜ ਇਸ ਕਾਰਨ ਹਾਰ ਗਈ ਕਿ ਉਸ ਨੇ ਲੜਾਈ ਛੱਡ, ਲੁਟ ਮਾਰ ਦਾ ਰਾਹ ਫੜ ਲਿਆ । ਸੋ ਇਹ ਚਿਤਾਵਨੀ ।

(2) ਖਾਲਸੇ ਦੀ ਕਸੂਰ ਮਾਰਨ ਵਾਲੀ ਘਟਨਾ ਵੀ ਆਪਣੀ ਮਿਸਾਲ ਆਪ ਹੈ । ਭੰਗੂ ਜੀ ਅਨੁਸਾਰ ਕਸੂਰੀ ਪਠਾਨਾਂ ਦੀ ਫੌਜ 12 ਲੱਖ ਸੀ, ਜਦ ਕਿ ਸਿੰਘਾਂ ਦੀ ਕੁਲ ਗਿਣਤੀ ਕੇਵਲ 24000 । (ਵਿਸਥਾਰ ਲਈ ਦੇਖੋ, ਪੰਨਾ 386–88)

(3) ਕਸੂਰ ਦੀ ਜੰਗ ਸਮੇਂ ਸ. ਜੱਸਾ ਸਿੰਘ (ਰਾਮਗੜ੍ਹੀਆ) ਦੇ ਭਰਾ, ਭਾਈ ਮਾਲੀ ਸਿੰਘ ਨੇ ਹਵੇਲੀ ਦਿਲੇ ਰਾਮ ਨੂੰ, ਇਕੱਲਿਆਂ, ਪਹਿਲੇ ਹੀ ਲੁੱਟ ਲਿਆ ਅਤੇ ਪ੍ਰਾਪਤ ਹੋਇਆ ਬਹੁ-ਮੁੱਲਾ ਖਜ਼ਾਨਾ, ਪ੍ਰਵਾਣਤ ਜ਼ਾਬਤੇ ਪ੍ਰਤਿਕੂਲ, ਪੰਥ ਦੇ ਹਵਾਲੇ ਕਰਨੋਂ ਨਾਂਹ ਨੁੱਕਰ ਕੀਤੀ ।

ਭੰਗੂ ਜੀ ਲਿਖਦੇ ਹਨ ਕਿ ਮਾਲੀ ਸਿੰਘ ਦੀ ਨੀਤ ਫਿਟ ਗਈ :
ਲੁਟਤ ਜਵਾਹਰ ਫਿਟ ਗਈ ਨੀਤ । ਛੁਟ ਗਈ ਧਰਮ ਕਰਮ ਕੀ ਪ੍ਰੀਤ ।...

---

2. ਸ਼ਰਤਿ ਆਜ਼ਾਦੀ ਹੈ, ਆਜ਼ਾਦੀ ਕੀ ਕੁਛ ਪਾਬੰਦੀਆਂ ।
ਇਨ ਕਾ ਜੋ ਪਾਬੰਦ ਹੈ, ਵੁਹ ਅਸਲ ਮੇਂ ਆਜ਼ਾਦ ਹੈ । (ਇਕਬਾਲ)
3. ਦਲ ਤੋਂ ਬਾਹਰ ਰਹਿੰਦਾ ਸੀ ।

ਮਾਲੀ ਸਿੰਘ —ਜੇ ਤੂ ਰਾਖਹਿ ਮਾਲ ਅਬ, ਤਊ ਮੈਂ ਰਾਖੋਂ ਪ੍ਰਾਨ ।*
ਜੌ ਤੂੰ ਦੇਵੈਂ ਮਾਲ ਫੇਰ, ਲਰ ਮਰੋਂ ਇਸ ਮੈਦਾਨ ।49।

ਚੌਪਈ : ਜੱਸਾ ਸਿੰਘ ਦਉ ਐਸੀ ਆਈ । ਉਤ ਜਾਇ ਧਰਮ, ਔ ਇਮ ਜਾਇ ਭਾਈ ।
ਫਹਿ ਭੀ ਲਹਿਰ ਲੋਭ ਕੀ ਫੇੜ੍ਹਾ । ਭਾਈ ਰਖਿਓ, ਔ ਧਰਮ ਉਨ ਤੋੜਾ ।50।

ਨੋਟ—ਜਦ ਭਾਈ ਮਾਲੀ ਸਿੰਘ ਨੇ ਇਸ ਮੁਕੱਦਮੇ ਵਿਚ ਪੰਥ ਦੇ ਪੇਸ਼ ਹੋਣ ਵਾਲੇ ਪਿਉ ਪੁੱਤਰ ਗਦਾਰਾਂ (ਦਿਲੇ ਰਾਮ ਤੇ ਹਿਰਦੇ ਰਾਮ) ਨੂੰ ਧੋਖੇ ਨਾਲ ਮਾਰ ਮੁਕਾਇਆ ਤਾਂ ਭੰਗੂ ਜੀ, ਸਿੰਘ ਭ੍ਰਾਤਰੇ ਨੂੰ ਤੋੜਨ ਦੇ ਫਲ ਸਰੂਪ ਮਾਲੀ ਸਿੰਘ ਦੀ ਹੋਈ ਖੁਆਰੀ ਬਾਰੇ ਲਿਖਦੇ ਹਨ—

ਐਸੇ ਪਾਪ ਉਨ (ਮਾਲੀ ਸਿੰਘ) ਬੱਜਰ ਕੀਉ । ਕਰਤ ਪਾਪ, ਉਨ ਕੰਪਿਓ ਨ ਹੀਓ ।
ਯਾਂ ਤੇ ਉਨਕੇ ਕਛੁ ਨ ਰਹਿਓ । ਧਨ ਭੀ ਗਯੋ, ਔ ਧਰਮ ਭੀ ਗਯੋ ।65।
ਵਹੀ ਮਾਲ ਫਰ (ਚੜ੍ਹਤ) ਸਿੰਘ ਘਰ ਆਯੋ ।
ਜਿਸ** ਵਿੱਚਦੇ ਕੈ, (ਉਨ੍ਹਾਂ ਨੇ) ਦਗੋ ਕਮਾਯੋ ।397।

7. ਖਾਲਸੇ ਨੂੰ ਇਕ ਅਕਾਲ ਦੀ ਓਟ ਹੈ :

ਗੁਰੂ ਦੇ ਸਿੱਖ ਅਥਵਾ ਖਾਲਸੇ ਦਾ ਇੱਕ ਸਿਧਊ-ਪੁਣਾ ਇਹ ਹੈ ਕਿ ਉਹ ਹਰ ਕਾਰਜ ਦੇ ਆਰੰਭ ਵਿਚ ਅਕਾਲ ਪੁਰਖ ਵਾਹਿਗੁਰੂ ਅਗੇ ਅਰਦਾਸ ਬੇਨਤੀ ਕਰਦਾ ਅਤੇ ਇਕ ਓਸੇ ਦਾ ਹੀ, ਓਟ ਆਸਰਾ ਲੈਂਦਾ ਹੈ । ਦੂਜੇ, ਅਰਦਾਸ ਕਰ ਕੇ ਫੇਰ ਉਹ ਪਿਛੇ ਨਹੀਂ ਹਟਦਾ ਅਤੇ ਜਾਨ ਤਕ ਦੀ ਬਾਜ਼ੀ ਲਾ ਕੇ ਵੀ ਉਸ ਨੂੰ ਨਿਭਾਉਂਦਾ ਹੈ ।

ਇਸ ਪ੍ਰਪੱਕ ਵਿਸ਼ਵਾਸ ਦੀ ਇਕ ਵੰਨਗੀ ਸਾਨੂੰ ਉਸ ਸਮੇਂ ਮਿਲਦੀ ਹੈ, ਜਦ ਕਸੂਰ ਮਾਰਨ ਤੋਂ ਪਹਿਲਾਂ, ਜਥੇਦਾਰ ਹਰੀ ਸਿੰਘ ਭੰਗੀ ਅਤੇ ਸਰਦਾਰ ਚੜ੍ਹਤ ਸਿੰਘ, ਦੁਖੀ ਤੇ ਮਜ਼ਲੂਮ ਬ੍ਰਾਹਮਣ ਦੀ ਫਰਿਆਦ ਸੁਣ ਕੇ, ਹਰ ਹਾਲਤ ਵਿਚ ਕਸੂਰ ਉਤੇ ਚੜ੍ਹਾਈ ਕਰਨ ਲਈ ਜ਼ੋਰ ਦਿੰਦੇ ਹਨ, ਅਤੇ ਆਖਰ ਸਰਬ ਸੰਮਤੀ ਨਾਲ ਸ੍ਰੀ ਹਰਿਮੰਦਰ ਸਾਹਿਬ ਹਾਜ਼ਰ ਹੋ ਕੇ, ਜੁਗੋ ਜੁਗੋ ਅਟੱਲ ਜਾਗਦੀ ਜੋਤ, ਸ੍ਰੀ ਗੁਰੂ ਗ੍ਰੰਥ ਸਾਹਿਬ ਮੋਹਰੇ ਇੰਝ ਜੋਦੜੀ ਕਰਦੇ ਹਨ—

(ੳ) ਦੋਹਰਾ—ਸਭੈ ਕਹੇ ਖਾਲਸੇਂ ਚਲ ਬੂਝਿਓ, ਲੈਨ ਗ੍ਰੰਥ ਅਵਾਜਾ ॥
ਜੋ ਹੋਨੋ ਸੋ ਕਹੈਗੋ, ਫਤੇ, ਅਫਤੇ ਜੁ ਕਾਜਾ ।25।

ਚੌਪਈ : ਤਬ ਸਭ ਖਾਲਸੈ ਗਯੋ ਦਰਬਾਰ । ਹਾਥ ਜੋੜ ਸਭ ਇਕ ਮਨ ਧਾਰ ।
ਦੀਜੈ ਵਾਕ ਜੁ ਕਰਨੈਂ ਹੋਈ । ਤੂੰ ਸਤਿਗੁਰ, ਹਮ ਹੈਂ ਸਿਖ ਤੋਈ ।26।
ਕਸੂਰ ਮਰਨ ਕੀ ਦੀਜੈ ਅਵਾਜ । ਹੈ ਜੋ ਕਰਨੋ ਸਿੱਖਨ ਕਾਜ ।
ਹਾਥ ਜੋੜ ਸਭ ਸੰਗਤਿ ਖੜੀ । ਟੇਕ ਮਥੋ, ਫਿਰ ਭੋਇੰ ਪਰ ਪੜੀ ।27।
ਤੂੰ ਗੁਰੂ ਗ੍ਰੰਥ ਸੱਚੋ ਹੈਂ ਦੇਹ । ਸਿਖ ਸੰਗਤ ਕੋ ਸਚ ਵਾਕ ਦੇਹੂ ।
ਤਬ ਪਤਰੋ ਤਬ ਗ੍ਰੰਥ ਜੀ ਦੇਖਾ । ਫਸੰਤਦਾਰ ਕੋ ਆਯੋ ਲੇਖਾ ।28।

---

*ਭਾਈ ਮਾਲੀ ਸਿੰਘ ਆਪਣੇ ਭਰਾ ਸ. ਜੱਸਾ ਸਿੰਘ ਨੂੰ ਇਉਂ ਆਖ ਰਿਹਾ ਹੈ ।

**ਜਿਸ ਦੀ ਖਾਤਰ ਰਾਮਗੜ੍ਹੀਏ ਭਰਾਵਾਂ ਨੇ ਮਾਇਆ ਵੱਸ ਹੋ ਕੇ ਖਾਲਸਈ ਚਕਰ ਤੋੜਿਆ ਸੀ ।

ਪਉੜੀ : ਪੰਜੇ ਬਧੇ ਮਹਾਂਬਲੀ, ਕਰਿ ਸੱਚਾ ਢੋਆ।
ਆਪਣੇ ਚਰਣ ਜਪਾਇਅਨੁ, ਵਿਚਿ ਦਯੁ ਖੜੋਆ।
ਰੋਗ ਸੋਗ ਸਭ ਮਿਟਿ ਗਏ ਨਿਤ ਨਵਾ ਨਰੋਆ।
ਦਿਨ ਰੈਣਿ ਨਾਮੁ ਧਿਆਇਦਾ, ਫਿਰਿ ਪਾਇ ਨ ਮੋਆ।
ਜਿਸ ਤੇ ਉਪਜਿਆ ਨਾਨਕਾ, ਸੋਈ ਫਿਰਿ ਹੋਆ। (ਮ. 5, ਪੰ. 385)

(ਅ) ਦੂਜੀ ਵੰਨਗੀ, ਨਿਹੰਗ, ਭੁਜੰਗੀ ਗੁਰਬਖਸ਼ ਸਿੰਘ ਸ਼ਹੀਦ, ਜਿਨ੍ਹਾਂ ਨੇ ਭਾਈ ਮਨੀ ਸਿੰਘ ਜੀ ਸ਼ਹੀਦ ਪਾਸੋਂ ਖੰਡੇ ਦੀ ਪਾਹੁਲ ਛਕੀ ਸੀ, ਉਸ ਵੇਲੇ ਪੇਸ਼ ਕਰਦੇ ਹਨ, ਜਦ ਉਹ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਹਿਤ ਗਿਲਜਿਆਂ ਨਾਲ ਜੂਝਦੇ ਹੋਏ, ਸ਼ਹਾਦਤ ਦਾ ਜਾਮ ਪੀਂਦੇ ਤੇ ਸੁਰਖਰੂ ਥੀਂਦੇ ਹਨ। ਭੰਗੂ ਜੀ ਲਿਖਦੇ ਹਨ :—

ਦੋਹਰਾ : ਦਰਬਾਰੋਂ, ਸਿੰਘ ਕੌ ਸੇਹਰੋ, ਭੇਜਿਓ ਖੂਬ ਬਨਾਇ।
ਕਰ ਅਰਦਾਸ ਸਿਰ ਧਰ ਧਰਿਓ, ਤਊ ਅਸੀਸ ਬਡ ਪਾਇ।42। (ਪੰ. 418)
ਕਰ ਕੰਗਨੋ, ਸਿਰ ਸੇਹਰੋ ਮੋਢੇ ਧਰ ਤਲਵਾਰ।
ਤਖਤੋਂ ਉਤਰ ਨਿਹੰਗ ਸਿੰਘ, ਪੂਜਨ ਚਲਿਓ ਦਰਬਾਰ।43।

ਚੌਪਈ : ਹਰਿਮੰਦਰ, ਸਿੰਘ ਤੁਰਿਓ ਉਹ। ਕਰੀ ਕੂੰਨਸ, ਸਿੰਘ, ਨਿਜਕਰ ਜੋਰ।
ਸਾਥ ਸਾਜਨ ਸਿੰਘ ਸ਼ਬਦ ਪੜ੍ਹਾਹਿੰ। ਮੰਗਲ ਮੁਖੀ ਜਨੁ ਮੰਗਲ ਗਾਹਿੰ।44। (ਪੰ.418
ਮੁਹਰੇ ਤੋਰਿਓ ਸਿੰਘਨ ਨਿਸ਼ਾਨ। ਸਾਥ ਨਗਾਰੇ ਘੁਰਤੇ ਜਾਨ।
ਹੂਤੇ ਦਰਬ ਫਿਰ ਦਾਨ ਕਰਾਯੋ। ਜੈਂਦ ਚੜ੍ਹਦੀ ਜਿਮ ਲਾਗ ਦਿਵਾਯੋ।45।(ਪੰ.418
ਜੈਸੀ ਜਿਮ ਸਿੰਘ ਪੂਜਿਓ ਝੰਡਾ। ਦਰਬ ਦਾਨ ਕਿਛ ਤਹਿੰ ਭੀ ਬੰਡਾ।
ਦਰਸ਼ਨੀ ਦਰਵਾਜੇ ਜਬ ਸਿੰਘ ਜਯੋ। ਕਰ ਕੂੰਨਸ ਸਿਰ ਅਵਨਿ ਟਿੱਕਯੋ।46।
ਆਗੇ ਤੁਰ ਫਿਰ ਪੂਜਿਓ ਦਰਬਾਰ। ਦਈ ਪ੍ਰਦੱਛਣਾ ਫਿਰ ਵਲ ਚਾਰ।
ਹੂਤੇ ਸੁਮਨ ਸੋਂ ਦਏ ਬਰਸਾਇ। ਹਰ ਮੰਦਰ ਢਿਗ ਖੜੇ ਸੁ ਆਇ।47। (ਪੰ. 418)

ਦੋਹਰਾ : ਹਰਿਮੰਦਰ ਕੇ ਹਜੂਰ ਇਮ, ਖੜ ਕਰੀ ਅਰਦਾਸ।
ਸਤਿਗੁਰ ਸਿਖੀ ਸੰਗ ਨਿਭੈ, ਸੀਸ ਕੇਸਨ ਕੇ ਸਾਸ।48। (ਪੰ. 418)

8. ਸੇਵਾ, ਤਿਆਗ ਤੇ 'ਵਾਹਿਗੁਰੂ ਜੀ ਕੀ ਫਤਹਿ' ਦੀ ਰੀਤ :

ਤਿਆਗ ਤੇ ਸੇਵਾ ਸਿੱਖੀ ਦੇ ਦੋ ਵੱਡੇ ਥੰਮ੍ਹ ਹੀ ਨਹੀਂ; ਸਗੋਂ, ਇਕ ਦੂਜੇ ਦੇ ਸਹਾਇਕ ਤੇ ਅਨਿਖੜਵੇਂ ਵੀ ਹਨ। ਇਸੇ ਲਈ ਖਾਲਸੇ ਨੂੰ, ਗੁਰਸਿਖਾਂ ਅਤੇ ਪ੍ਰਾਣੀ ਮਾਤਰ ਦੀ, ਮਨ, ਬਚਨ, ਕਰਮ ਕਰ ਕੇ ਨਿਹਕਾਮ ਸੇਵਾ ਕਰਨ ਦੀ ਤਾਕੀਦ ਹੈ ਅਤੇ ਇਹ ਕੇਵਲ ਤੇ ਕੇਵਲ ਤਿਆਗ ਬਿਰਤੀ ਨਾਲ ਹੀ ਹੋ ਸਕਦੀ ਹੈ।

'ਵਾਹਿਗੁਰੂ ਜੀ ਕੀ ਫਤਹਿ' ਦਾ ਭਾਵ ਵੀ, ਜਿਥੇ ਅਨਮੱਤਾਂ ਦੇ ਅਵਲੰਬੀਆਂ ਵਲੋਂ ਮੇਲ ਸਮੇਂ ਵਰਤੇ ਜਾਂਦੇ ਸ਼ਬਦਾਂ ਤੋਂ, ਸਰਬ-ਸ੍ਰੇਸ਼ਟ; ਵਿਲੱਖਣ ਤੇ ਮਹਾਨ-ਭਾਵੀ ਹੈ, ਉਥੇ ਇਹ ਚੜ੍ਹਦੀ ਕਲਾ ਦਾ ਪ੍ਰਤੀਕ ਵੀ ਹੈ।

ਆਓ, ਵਾਚੀਏ 'ਪ੍ਰਾਚੀਨ ਪੰਥ ਪ੍ਰਕਾਸ਼' ਵਿੱਚੋਂ, ਤਿਆਗ, ਸੇਵਾ ਤੇ ਫਤਹ ਦੇ ਉੱਚਤਮ ਗੁਣ:

(ੳ) ਤਿਆਗ :

ਜਦ ਭਾਈ ਸੁਬੇਗ ਸਿੰਘ, ਨਵਾਬ ਜ਼ਕਰੀਆ ਖ਼ਾਨ ਵਲੋਂ, ਨਵਾਬੀ ਲੈ ਕੇ ਹਾਜ਼ਰ ਹੋਇਆ ਤਾਂ ਬੇ-ਨਿਆਜ਼ ਜੱਥੇਦਾਰਾ ਦਰਬਾਰਾ ਸਿੰਘ ਦੇ, ਨਵਾਬੀ ਠੁਕਰਾਉਣ ਵਾਲੇ, ਇਹ ਅਣਖ, ਸਵੈਮਾਨ ਤੇ ਗੌਰਵਮਈ ਬਚਨ, ਜਿਥੇ ਸਿੱਖ-ਚਲਣ ਦੀ ਸਿਖਰ ਦਰਸਾਉਂਦੇ ਹਨ, ਉਥੇ, ਪੱਖੇ ਦੀ ਟਹਿਲ ਕਰ ਰਹੇ ਨਿਰਮਾਣ ਸੇਵਕ, ਭਾਈ ਕਪੂਰ ਸਿੰਘ ਨੂੰ, ਨਵਾਬੀ ਬਖਸ਼ਣ ਦਾ ਚਮਤਕਾਰ ਵੀ ਸੰਸਾਰ ਦੇ ਇਤਿਹਾਸ ਵਿਚ ਇਕ ਵਿਲੱਖਣ ਤੇ ਨਿਰਾਲਾ ਦ੍ਰਿਸ਼ ਪੇਸ਼ ਕਰਦੇ ਹਨ :

ਦੋਹਰਾ : ਦਰਬ ਜੁ ਆਦੀ ਥੀ, ਤਉ, ਖਾਲਸੇ ਲਈ ਵਰਤਾਇ ।
ਕਹਿਓ ਦਰਬਾਰੇ ਸਿੰਘਨ ਕੋ, 'ਤੂੰ ਨਿਬਾਬੀ ਲੈ ਸਿਰੇ ਪਾਉ' ।
ਨਵਾਬੀ : ਚੌਪਈ-ਦਰਬਾਰੇ ਸਿੰਘ ਅਗਿਓਂ ਕਹੀ । ਅਸੀਂ ਨਿਬਾਬੀ ਕਦ ਚਾਹੇਂ ਲਈ ।
ਹਮ ਕੋ ਸਤਿਗੁਰ ਬਚਨ ਪਾਤਿਸ਼ਾਹੀ । ਹਮ ਕਉ ਜਾਪਤ ਢਿਗ ਸੋਊ ਆਹੀ ।36।
ਹਮ ਰਾਖਤ ਪਾਤਿਸ਼ਾਹੀ ਦਾਵਾ । ਜਾਂ ਇਤ ਕੋ, ਜਾਂ ਅਗਲੇ ਪਾਵਾ ।
ਜੋ ਸਤਿਗੁਰ ਸਿਖਨ ਕਹੀ ਬਾਤ । ਹੋਗੁ ਸਾਈ, ਨਹਿੰ ਖਾਲੀ ਜਾਤ ।37।
ਧਰੂਵ ਧਰਤ ਔ ਧਵਲ ਡੁਲਾਇ । ਸਤਿਗੁਰ ਬਚਨ ਨ ਖਾਲੀ ਜਾਇ ।(ਪੰ.213)
ਪਾਤਿਸ਼ਾਹੀ ਛਡ ਕਿਮ ਲਹੈਂ ਨਿਬਾਬੀ । ਪਰਾਧੀਨ ਜਿਹ ਮਾਹਿ ਖਰਾਬੀ ।38।
ਦੋਹਰਾ : ਹਮ ਪਤਿਸ਼ਾਹੀ ਸਤਿਗੁਰ ਦਈ, ਹੋਨੈ ਹੋਨੈ ਲਾਇ ।
ਜਾਹਿੰ ਜਹਿੰ ਥਹੀਂ ਜਮੀਨ ਮਲ, ਤਹਿੰ ਤਹਿੰ ਤਖਤ ਬਣਾਇ ।39।

(ਅ) ਸੇਵਾ ਤੇ ਫਤਹਿ :

ਦੋਹਰਾ : ਕੋਈ ਸਿੰਘ ਚਾਪੀ ਕਰੈ, ਕੋਈ ਚਰਣ ਚਸਾਇ ।
ਕੋਈ ਪਾਣੀ ਲਿਆਵਹਿੰ ਦੂਰ ਤੇ, ਬੈਠ ਇਸ਼ਨਾਨ ਕਰਾਹਿੰ ।
ਚੌਪਈ : ਕਈ ਸਿੰਘ ਘੜ ਦਾਤਨ ਕਰਾਹਿੰ ।24।
ਕਿਸੈ ਸਰੀਕੋ ਕਰੈ ਕੋਊ ਨਾਹਿੰ । ਕਈ ਸਿੰਘ ਘੜ ਕਛ ਬਨ੍ਹਾਹਿੰ । (ਪੰ. 212)
ਦੇਖ ਸੁਬੇਗ ਸਿੰਘ, ਛਡ ਦਇਓ ਘੋੜੇ। ਕੂਨਸ਼ (ਨਮਸਕਾਰ) ਕਰ ਕਰ ਹਥ ਦੁਇ ਜੋੜੇ ।
ਚੌਪਈ : ਸਿੰਘ ਕਪੂਰ ਝੱਲੇ ਪੱਖੇ ਥੇਈ । ਕ੍ਰਿਪਾ ਨਜ਼ਰ ਪੰਥ ਉਸ ਵਲ ਹੋਈ ।
ਅਵਾਜ ਅਕਾਲੋਂ ਪੰਥਹਿੰ ਸੁਣ ਪਾਈ । 'ਗੁਰੂ ਬੂੰਥ ਥਥ' ਮਨ ਲੇਹੁ ਭਾਈ ।

ਸੇਵਾ ਤੋਂ ਮੇਵਾ ।

ਟਹਿਲ ਕਰਤ ਇਸ ਮਹਲ ਪੁਚਾਵੈ । ਕਪੂਰ ਸਿੰਘ ਕੋ ਸਿਰਪਾਉ ਪਹਿਰਾਵੈ ।...
ਹੋਇ ਪ੍ਰਸੰਨ ਇਵ ਖਾਲਸੇ ਕਹੀ । ਪ੍ਰਥਮ ਨਿਬਾਬੀ ਕਪੂਰ ਸਿੰਘ ਧਰੀ ।48। (ਪੰ. 213)
ਵਾਹਿਗੁਰੂ ਜੀ ਕੀ ਫਤੇ ਬੁਲਾਈ । ਅਕਾਲ ਅਕਾਲ ਕਹਿ ਉੱਚੇ ਸੁਨਾਈ ।26।

'ਨਵਾਬੀ ਪ੍ਰਵਾਨ ਜਾਂ ਅਪ੍ਰਵਾਨ ਕਰਨ ਬਾਰੇ ਹੋ ਰਹੀ ਚਰਚਾ ਸਮੇਂ ਇਕ ਸਿੰਘ ਬਾਣੀ ਦੀ ਇਹ ਤੁਕ ਪੜ੍ਹ ਰਿਹਾ ਸੀ —

'ਟਹਲ ਮਹਲ ਤਾ ਕਉ ਮਿਲੈ, ਜਾ ਕਉ ਸਾਧ ਕ੍ਰਿਪਾਲ ।' (ਮ. 5, ਪੰਨਾ 255)

ਦੋਹਰਾ: ਅਗਿਓਂ ਖਾਲਸੇ ਅਵਾਜ਼ ਸੁਨ, ਧਰਿਓ ਮੁੱਛੀਂ ਪਰ ਹਾਥ ।
ਤੱਤ ਖਾਲਸੇ ਰੀਤਿ ਜੋ, ਸਿੰਘ ਕਰਹਿੰ ਉਸ ਭਾਤਿ ।27। (ਪੰ. 212)

9. ਖਾਲਸਾ, ਗੁਰੂ ਤਥਾ ਸਿੰਘਾਂ ਦੀ ਨਿੰਦਿਆ ਨਹੀਂ ਸਹਾਰਦਾ :

ਗੁਰਬਾਣੀ ਅਤੇ ਰਹਿਤਨਾਮਿਆਂ ਵਿਚ ਥਾਂ-ਥਾਂ ਸੰਕੇਤ ਹਨ ਕਿ ਗੁਰੂ ਕਾ ਸਿੱਖ ਕਿਸੇ ਦੀ ਵੀ ਨਿੰਦਿਆ ਚੁਗਲੀ ਨਾ ਕਰੇ ਅਤੇ ਨਾ ਹੀ ਸੁਣੇ । ਗੁਰੂ ਤਥਾ ਸਿੰਘਾਂ ਦੀ ਨਿੰਦਿਆ ਸੁਣਨ, ਕਰਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ । ਜੇ ਹੈ ਉਹ ਬੇਮੁਖ ਜਾਂ ਤਨਖਾਹੀਆ ਹੋਵੇਗਾ ।

ਭੰਗੂ ਜੀ ਨੇ ਖਾਲਸੇ ਦੇ ਇਸ ਗੁਣ ਨੂੰ ਇਹਨਾਂ ਘਟਨਾਵਾਂ ਰਾਹੀਂ ਉਜਾਗਰ ਕੀਤਾ ਹੈ :

(ੳ) ਭਾਈ ਖੁਲਾਸਾ ਸਿੰਘ ਵਲੋਂ ਸ਼ਬਦ ਕੀਰਤਨ ਕਰਾਉਣ ਤੇ ਅਰਦਾਸ ਵਿਚ ਵਾਹਿਗੁਰੂ ਸ਼ਬਦ ਉਚਾਰਨ ਉੱਤੇ ਘੁੜਾਨੀ, ਤਹਿਸੀਲ ਪਾਇਲ (ਲੁਧਿਆਣਾ) ਦੇ ਰਾਮਰਾਈਆਂ ਨੇ ਸਿੰਘਾਂ ਦਾ ਦੁਤਾਰਾ ਭੰਨ ਸੁੱਟਿਆ ਅਤੇ ਮਸ਼ਕਰੀ ਤੇ ਗੁਰੂ ਨਿੰਦਿਆ ਕੀਤੀ ।

ਜਦ ਬਾਬਾ ਬੰਦਾ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਅਤਿ ਕ੍ਰੋਧ ਵਿਚ ਆਏ ਅਤੇ ਜਾ ਕਰ ਗੁਰਬਾਣੀ ਤੇ ਗੁਰੂ ਕੇ ਨਿੰਦਕਾਂ ਨੂੰ ਖੂਬ ਦੰਡ ਦਿਤਾ ।

(ਅ) ਦੂਜਾ ਪ੍ਰਸੰਗ ਹੈ ਬਾਬਾ ਬੋਤਾ ਸਿੰਘ ਜੀ ਦਾ । ਇਹ ਤਰਨਤਾਰਨ-ਨੂਰਦੀ ਸੜਕ ਉੱਤੇ ਪਿੰਡ ਨਥੂ ਪਾਸ ਦੀ ਜਾ ਰਹੇ ਸਨ ਕਿ ਕਿਸੇ ਨੇ ਇਹਨਾਂ ਦੇ ਸਿੰਘ ਹੋਣ ਉੱਤੇ ਸ਼ੱਕ ਕੀਤਾ ਤੇ ਇਉਂ ਤਾਅਨਾ ਮਾਰਿਆ ।

ਚੌਪਈ : ਬੋਤਾ ਸਿੰਘ ਕਹੂੰ ਚਢ ਰਹਿਓ । ਕਿਨੈ ਪਥਕ ਤਿਹ ਦੇਖ ਸੁ ਲਯੋ ।
ਦੇਖਤ ਸੋਊ ਅਚੰਭੇ ਭਇਓ । ਕਤ ਸਿੰਘ ਏਹ ਜੀਵਤ ਰਹਿਓ ?
ਐਸੇ ਦੇਖਨ ਵਾਰਨ ਕਹਿਓ । ਹੋਵੇਗਾ ਕੋਈ ਬੇਦੀ, ਪਹ ਰਹਿਓ ।5।

ਦੋਹਰਾ : ਸਿੰਘ ਨ ਦੀਸਤ ਹੈਂ ਕਹੂੰ, ਤੁਰਕਨ ਦੀਏ ਖਪਾਇ ।
ਦੂਜੇ ਕਹਿਓ ਬੇਦੀ ਹੋਗਾ ਪਹ ਕਾਇਰ ਹੂੰ ਕਰ ਲੁਕਾਇ ।6।

ਚੌਪਈ : ਖਾਲਸਾ ਸੋਊ ਜੁ ਨਿਤ ਜੰਗ ਕਰੇ । ਖਾਲਸੋ ਸੋਊ ਜੋ ਸੀਸ ਲਗਾਵੇ ।7। (ਪੰ. 243)

ਦੋਹਰਾ : ਬੋਤਾ ਸਿੰਘ ਨੇ ਯੌਂ ਸੁਨੀ, ਰਹਿਓ ਤਹਾਂ ਹੀ ਖਲੋਇ ।
ਜਨੁ ਬਿਛੂ ਕੇ ਡੰਕ ਲਗਿਓ, ਲਗੇ ਬੋਲਣ ਸਿੰਘ ਸੋਇ ।8।

ਚੌਪਈ : ਸਿੰਘ ਚਿਤ, ਯਹ ਨਿਸਚੇ ਧਾਰੀ । ਸੀਸ ਲਗੇ ਬਿਨ, ਗਲ ਨਹਿ ਚਾਰੀ ।
ਸੀਸ ਦਗਾਇ ਚਰਚਾ ਹੋਇ । ਜਬ ਜੱਗ ਜਾਨੇ, ਖਾਲਸੇ ਸੋਇ ।9।
ਅਬ ਕੀਜੈ ਕਿਛ ਦੰਗਾ ਮਚਾਈਐ । ਤੁਰਕਨ ਸਿਰ ਦੇ, ਝੂਠੇ ਕਰਾਈਏ ।
ਫਿਰ ਖਾਲਸੇ ਕੀ ਚਰਚਾ ਹੋਇ । ਪਤਿਸ਼ਾਹੀ ਦਾਵਾ ਚਾਹੇ ਜੋਇ ।10। (ਪੰ. 243)

ਜਦ ਭਾਈ ਬੋਤਾ ਸਿੰਘ ਤੇ ਉਸ ਨਾਲ ਦੇ ਦੂਜੇ ਸਿੰਘ ਨੇ ਗੱਡਿਆਂ ਤੇ ਖੋਤਿਆਂ ਆਦਿ ਉੱਤੇ ਮਸੂਲ ਲਾ ਦਿਤਾ, ਪ੍ਰੰਤੂ ਜਦ ਫੇਰ ਵੀ ਸਿੰਘਾਂ ਦੇ ਖ਼ਾਤਮੇ ਦਾ ਦਾਅਵਾ ਤੇ ਐਲਾਨ ਕਰਨ ਵਾਲੇ ਹਾਕਮ ਖਾਮੋਸ਼ ਰਹੇ, ਤਾਂ ਸਿੰਘ ਸਾਹਿਬ ਨੇ ਖਾਨ ਖ਼ਾਨਾਂ ਨੂੰ ਚਿੜਾਉਣ ਲਈ ਇਹ ਚਿੱਠੀ ਲਿਖੀ ।

ਚੌਪਈ : ਚਿੱਠੀ ਲਿਖੇ ਜੌਂ ਸਿੰਘ ਥੋਤਾ । ਹੱਥ ਹੈ ਸੋਟਾ ਵਿਚ ਰਾਹ ਖੜੋਤਾ ।
ਆਨਾ ਲਾਇਆ ਗੱਡੇ ਨੂੰ, ਪੈਸਾ ਲਾਯਾ ਖੋਤਾ ।
ਆਖ ਭਾਬੀ[1] ਖਾਨੋ ਨੂੰ, ਜੌਂ ਆਖੇ ਸਿੰਘ ਥੋਤਾ ।।4। (ਪੰ. 244)

ਆਖਰ ਦੋਵੇਂ, ਇਸ ਤਰ੍ਹਾਂ ਨਾਲ, ਖਾਲਸੇ ਦਾ ਬੋਲ ਬਾਲਾ ਤੇ ਪ੍ਰਗਟਾ ਕਰਦੇ ਸ਼ਹਾਦਤ ਪਾ ਅਮਰ ਹੋ ਗਏ ।

10. ਖਾਲਸਾ ਸਦਾ ਕ੍ਰਿਤੱਗਯ ਹੈ :

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਅਕ੍ਰਿਤਘਣ ਨੂੰ ਸਭ ਤੋਂ ਮੰਦਾ ਤੇ ਧਰਤੀ ਉਤੇ ਬੋਝ (ਭਾਰ) ਮੰਨਿਆ[2] ਹੈ । ਗੁਰਮਤਿ ਵਿਚਾਰਧਾਰਾ ਦੀ ਖੂਬਸੂਰਤੀ ਇਹ ਹੈ ਕਿ ਇਸ ਵਿਚ ਉਪਕਾਰ ਨੂੰ ਸੇਵਾ ਮੰਨਣ, ਸੇਵਕ ਨੂੰ ਨਿਰਮਾਨ ਤੇ ਨਿਹਕਾਮੀ ਅਤੇ ਸੇਵਾ ਧਾਰੂ ਨੂੰ ਕ੍ਰਿਤੱਗਯ ਰਹਿਣ ਦੀ ਤਾਕੀਦ ਹੈ । ਖਾਲਸੇ ਜਿਹਾ 'ਪੂਰਨ ਮਨੁੱਖ' ਭਲਾ ਐਸੇ ਜੀਵਨ ਜੌਹਰ ਤੋਂ ਕਿਵੇਂ ਵਿਰਵਾ ਰਹਿ ਸਕਦਾ ਹੈ । 'ਪ੍ਰਾਚੀਨ ਪੰਥ ਪ੍ਰਕਾਸ਼' ਵਿਚੋਂ ਕੇਵਲ ਇਕ ਉਦਾਹਰਣ ਪੇਸ਼ ਹੈ ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ ਮਲੇਰਕੋਟੀਏ ਸ਼ੇਰ ਮੁਹੰਮਦ ਨੇ ਹਾਹ ਦਾ ਨਾਅਰਾ ਲਾਇਆ ਸੀ । ਸਿੰਘਾਂ ਨੇ ਉਸ ਦੀ ਹਮਦਰਦੀ ਨੂੰ ਸਦਾ ਚੇਤੇ ਰਖਿਆ ਹੈ । ਜਦ ਕਦੀ ਖਾਲਸੇ ਦਾ ਬੱਲ ਵਧਿਆ ਤਾਂ ਉਸ ਨੇ ਆਲੇ ਦੁਆਲੇ ਦੇ ਇਲਾਕੇ ਤਾਂ ਸਰ ਕੀਤੇ, ਪ੍ਰੰਤੂ ਮਲੇਰਕੋਟਲੇ ਨੂੰ ਸਦਾ ਬਚਾਈ ਰਖਿਆ, ਜਿਵੇਂ ਦੰਦਾਂ ਵਿਚ ਜੀਭ ਸੁਰੱਖਿਅਤ ਰਹਿੰਦੀ ਹੈ । ਭੰਗੂ ਜੀ, ਇਸ ਗੱਲ ਦਾ

---

1. ਖਾਨ ਬਹਾਦਰ ਦੀ ਵੱਡੀ ਭੈਣ ਖਾਨੋ, ਫਰਖੂਲ ਖਾਂ ਦੀ ਇਸਤਰੀ, ਸਿੰਘਾਂ ਦੀ ਵੈਰਨ ਸੀ । ਸਿੰਘ ਜੀ ਚਿੜਾਉਣ ਹਿਤ ਇਹ ਸ਼ਬਦ ਕਹਿ ਰਹੇ ਹਨ :

ਦੋਹਰਾ : ਖਾਨ ਬਹਾਦਰ ਨਵਾਬ ਕੀ, ਖਾਨੋ ਵੱਡੀ ਸੁ ਭੈਣ ।
ਫਰਜੱਲਾ ਖਾਂ ਕੀ ਇਸਤਰੀ, ਖਾਲਸੈ ਬਡ ਦੁਖ ਦੈਨ ।।5। (ਪੰ. 244)

2. (ੳ) ਨ ਤਿਸੁ ਭਾਰੇ ਪਰਬਤਾਂ, ਅਸਮਾਨ ਖਹੰਦੇ ॥
ਨ ਤਿਸ ਭਾਰੇ ਕੋਟ ਗੜ੍ਹ, ਘਰਬਾਰ ਦਿਸੰਦੇ ॥
ਨ ਤਿਸੁ ਭਾਰੇ ਸਾਇਰਾਂ, ਨਦ ਵਾਹ ਵਹੰਦੇ ॥
ਨ ਤਿਸੁ ਭਾਰੇ ਤਰਵਰਾਂ, ਫਲ ਸਫਲ ਫਲੰਦੇ ॥
ਨ ਤਿਸੁ ਭਾਰੇ ਜੀਅ ਜੰਤ, ਅਣਗਣਤ ਫਿਰੰਦੇ ॥
ਭਾਰੇ ਭੁਇ ਅਕਿਰਤਘਣ, ਮੰਦੀ ਹੂ ਮੰਦੇ ॥ (ਵਾਰ, ਪਉੜੀ 8)

(ਅ) ਮਦ ਵਿਚ ਰਿੱਧਾ ਪਾਇਕੈ, ਕੁਤੇ ਦਾ ਦਾ ਮਾਸੁ ॥
ਧਰਿਆ ਮਾਣਸ ਖੋਪਰੀ, ਤਿਸੁ ਮੰਦੀ ਵਾਸੁ ॥
ਰੱਤੂ ਭਰਿਆ ਕਪੜਾ, ਕਰਿ ਕੱਜਣੁ ਤਾਸੁ ॥
ਢਕ ਲੈ ਚੱਲੀ ਚੂਹੜੀ, ਕਰਿ ਭੋਗ ਬਿਲਾਸੁ ॥
ਆਖਿ ਸੁਣਾਇ ਪੁਛਿਆ, ਲਾਹੇ ਵਿਸਵਾਸੁ ॥
ਨਦਰੀਂ ਪਵੇ ਅਕ੍ਰਿਤਘਣੁ, ਮਤ ਹੋਇ ਵਿਣਾਸੁ ॥ (ਵਾਰ 35, ਪਉੜੀ 9)

ਇਅਤਰਾਜ਼ ਕਰਦੇ ਹੋਏ ਲਿਖਦੇ ਹਨ ਕਿ ਮਲੇਰੀਆਂ ਨਾਲ ਹੋਏ ਯੁਧ ਵਿਚ ਨਾਹਰ ਖਾਂ ਦੇ ਭਾਈ ਖਵਾਜਾ ਖਿਜਰ (ਜਿਸ ਨੂੰ ਦਸਵੇਂ ਸਤਿਗੁਰਾਂ ਨੇ ਜ਼ਫਰਨਾਮੇ ਵਿਚ 'ਮਰਦੂਦ'[1] ਕਹਿ ਕੇ ਤ੍ਰਿਸਕਾਰਿਆ ਹੈ), ਅਤੇ ਉਸ ਦੇ ਮਤਰੇਇ ਭਾਈਆਂ ਨੂੰ ਤਾਂ ਪਾਰ ਬੁਲਾਇਆ, ਪ੍ਰੰਤੂ, ਸ਼ੇਰ ਮੁਹੰਮਦ ਦੀ ਜਾਨ ਬਖਸ਼ੀ ਕਰ ਦਿਤੀ :

ਝੂਲਨਾ ਛੰਦ : ਬਚਿਓ ਏਕ ਮੁਹੰਮਦੋਂ ਸ਼ੇਰ ਓਹੀ, ਜਿਸ ਹਾਹ ਦਾ ਨਾਅਰਾ ਮਾਰਿਆ ਸਾ ।
ਛੋਟੇ ਸਾਹਿਬਜ਼ਾਦਿਆਂ ਦੇ ਕਤਲ ਤੇ, ਸ਼ੋਰ ਖੋਹਿਕੇ ਮੁਖੋਂ ਉਚਾਰਿਆ ਸਾ ।
ਗੁਰਾਂ ਸੁਨਕੈ ਮੁਖੋਂ ਸੀ ਵਾਕ ਕੀਤਾ, 'ਰਹੀ ਜੜ੍ਹ' ਜੌਂ ਉਸ ਨੂੰ ਤਾਰਿਆ ਸਾ ।
ਸੋਈ ਅੱਜ ਤਾਈਂ ਗੁਰੂ ਵਾਕ ਫੁਰਦਾ, ਜੋਊ ਆਖ ਕੈ ਫੇਰ ਨਹਿੰ ਹਾਰਿਆ ਸਾ । ਪੰ.94

ਸੋ, ਖਾਲਸਾ ਜਿਥੇ, ਸਰਬਤ ਦਾ ਸੇਵਕ, ਤਿਆਗ-ਮੂਰਤੀ, ਪ੍ਰਣਪਾਲ ਤੇ ਬਖਸ਼ਣਹਾਰ ਹੈ, ਉਥੇ ਕ੍ਰਿਤੱਗਯ ਬਿਰਤੀ ਦਾ ਧਾਰਨੀ ਵੀ ਹੈ ।

11. ਖਾਲਸਾ ਕਹਿਰ ਦੇ ਦੁੱਖਾਂ ਵਿਚ ਵੀ ਅਡੋਲ ਤੇ ਚੜ੍ਹਦੀਆਂ ਕਲਾਂ ਵਿਚ ਵਿਚਰਦਾ ਹੈ :

ਕਿਹੜਾ ਕਸ਼ਟ ਹੈ ਜੋ ਸਿੰਘਾਂ ਨੇ ਗੁਰੂ ਦੀ ਰਜ਼ਾ ਵਿਚ ਖਿੜੇ ਮੱਥੇ ਤੇ ਸਾਬਤ ਕਦਮ ਰਹਿ ਕੇ ਨਾ ਝੱਲਿਆ ਹੋਵੇ । ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਭਾਈ ਸੁਬੇਗ ਸਿੰਘ ਜੀ ਆਦਿ ਹਜ਼ਾਰਾਂ ਸਿੰਘਾਂ ਸਿੰਘਣੀਆਂ ਨੂੰ ਦਿਤੇ ਗਏ ਅਕਹਿ ਤੇ ਅਸਹਿ ਤਸੀਹੇ ਸਾਡੇ ਸਾਹਮਣੇ ਹਨ । ਇਨ੍ਹਾਂ ਵਿਚੋਂ ਬਹੁਤਿਆਂ ਦੀ ਸ਼ਹਾਦਤ ਦਾ ਵੇਰਵਾ, ਸਵਿਸਥਾਰ ਜਾਂ ਸੰਖੇਪ, 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਮਿਲਦਾ ਹੈ; ਪ੍ਰੰਤੂ, ਜੋ ਕੌਮੀ ਬਿਪਤਾ ਵਡੇ ਘਲੂਘਾਰੇ ਸਮੇਂ ਪੰਥ ਦੇ ਸਿਰ ਆ ਪਈ, ਉਸ ਦਾ ਭੰਗੂ ਜੀ ਵਲੋਂ ਦਿਤਾ ਵਰਣਨ ਅਤਿ ਅਹਿਮ, ਦਿਲ-ਕੰਬਾਊ ਤੇ ਕਾਬਲਿ-ਗ਼ੌਰ ਹੈ । ਬਿਆਨ ਦੀ ਖੂਬਸੂਰਤੀ ਇਸ ਵਿਚ ਹੈ ਕਿ ਉਹ ਜਿਥੇ ਸਿੰਘਾਂ ਦੀ ਬਹਾਦਰੀ ਦਾ ਜ਼ਿਕਰ ਕਰਦਾ ਹੈ, ਉਥੇ ਸਿਲਸੱਟੀਆਂ ਦੀ ਬੀਰਤਾ ਦਾ ਵੀ । ਅਬਦਾਲੀ ਦੀ ਕਈ ਗੁਣਾ ਵਧ ਫੌਜ ਨਾਲ ਲੜਦਿਆਂ ਭਿੜਦਿਆਂ, ਵਹੀਰ ਨੂੰ ਨਾਲ ਰਖਦਿਆਂ ਤੇ ਇਹ ਬਾਰਾਂ ਕੋਹ ਦੀ ਵਾਟ ਜੰਗ ਕਰਦਿਆਂ ਕਰਦਿਆਂ ਤੁਰੇ ਜਾਣ ਦੀ ਘਟਨਾ, ਅੱਜ ਵੀ ਨਿਰਪੱਖ ਤੇ ਨਿਆਇਸ਼ੀਲ ਵਿਅਕਤੀ ਤੋਂ ਆਪ ਮੁਹਾਰਾ ਸੱਜਦਾ ਲੈਂਦੀ ਹੈ ।

ਸਭ ਤੋਂ ਵਧ ਸਵਾਦਲੇ ਤੇ ਚੜ੍ਹਦੀਆਂ ਕਲਾਂ ਵਾਲੇ ਉਹ ਬਚਨ ਹਨ ਜੋ 25 ਹਜ਼ਾਰ ਸਿੰਘਾਂ ਦੀ ਸ਼ਹਾਦਤ ਉਪ੍ਰੰਤ, ਜੁੱਧ ਖਤਮ ਹੋਣ ਉਤੇ, ਇਕ ਨਿਹੰਗ ਸਿੰਘ ਨੇ ਉਚਾਰੇ । ਪੁਸਤਕ-ਕਰਤਾ ਜੀ ਲਿਖਦੇ ਹਨ :

ਦੋਹਰਾ : ਇਕ ਨਿਹੰਗ ਬੁਕ ਤਹਿੰ ਕਹਿਓ, ਉਚੇ ਬਚਨ ਸੁਨਾਇ ।
ਤੱਤ ਖਾਲਸੋ ਸੋ ਰਹਿਓ, ਗਯੋ ਸੁ ਖੋਟ ਗਵਾਇ ।।46।

---

1. ਆਂ ਖਵਾਜਾ ਇ ਮਰਦੂਦ; ਕਿ ਬਜ਼ੇਰ ਸਾਇਆ ਇ ਦੀਵਾਰ ।
ਬਮੈਦਾਂ ਨ ਆਮਦ, ਊ ਮਰਦਾਨਾ ਵਾਰ ।
ਦਰੇਗਾ ! ਅਗਰ ਰੂਏ ਊ ਦੀਦਮੇ ।
ਯਕੇ ਤੀਰ ਲਾਚਾਰ ਬਖਸ਼ੀਦਮੇ । (ਜ਼ਫਰਨਾਮਾ)

ਸਰਦਾਰ ਸਭੈ ਜ਼ਖਮੀ ਭਏ, ਸਾਬਤ ਰਹਿਓ ਨ ਕੋਇ ।
ਲਈ ਸ਼ਹੀਦੀ ਥੀ ਘਨਨ, ਗਿਨਤੀ ਸਭਨ ਨ ਹੋਇ ।।47।

ਫੇਰ ਸਰਦਾਰ ਚੜ੍ਹਤ ਸਿੰਘ ਦੀ ਸੂਰਮਗਤੀ ਦਾ ਜ਼ਿਕਰ ਕਰਦੇ ਹਨ :

ਚੌਪਈ : ਚੜ੍ਹ (ਚੜ੍ਹਤ) ਸਿੰਘ ਜ਼ਖਮ ਗਿਣੇ ਨ ਜਾਇ ।
ਤੀਰ ਤਲਵਾਰਨ ਜੌ ਨੇਜ਼ੇ ਖਾਏ ।
ਭੀਮ ਸੈਨ ਜਿਮ ਜਿਤ ਵਲ ਜੁੜੇ । ਬਿਨ ਲਾਏ ਸ਼ਸਤਰ ਖਾਲੀ ਨ ਮੁੜੇ... ।।48।

ਚੌਪਈ : ਸਭ ਬਹੀਰੀਏ ਧੰਨ ਧਨ ਆਖੈਂ । 'ਹਮ ਜਿਵਾਏ ਚੜ੍ਹਤ ਸਿੰਘ', ਭਾਖੈਂ ।
'ਜੌ ਜੀਵੈ ਚੜ੍ਹ ਸਿੰਘ ਜਿਵਾਏ ।' ਯੌਂ ਬਹੀਰ ਸਭ ਆਖਤ ਜਾਏ।।50। ਪੰ. 372

ਓਸੇ ਤਰ੍ਹਾਂ ਸੁਲਤਾਨੁਲ ਕੌਮ (ਕੌਮ ਦੇ ਬਾਦਸ਼ਾਹ) ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਏ ਦੀ ਦਲੇਰੀ, ਦ੍ਰਿੜ੍ਹਤਾ, ਅਗਵਾਈ ਤੇ ਸੂਝ ਬੂਝ ਆਦਿ ਦੇ ਖਾਲਸਈ ਗੁਣਾਂ ਨਾਲ ਭਰਪੂਰ ਵਰਨਣ ਕਿਤੇ, ਟੂਕ ਮਾਤ੍ਰ, ਇਹ ਸਤਰਾਂ ਵਾਚਣ ਯੋਗ ਹਨ :

ਚੌਪਈ : ਜੱਸਾ ਸਿੰਘ ਤਹਿੰ ਖੜਕਿਓ ਅਗਰਾ । ਨਿਜ ਫੌਜ ਖੜਾਈ, ਕਰ ਖੜ ਛਗਰਾ ।
ਜ਼ਖ਼ਮਾਂ[1] ਬਹੁਤ ਜੱਸਾ ਸਿੰਘ ਖਾਏ । ਤੀਰ ਗੋਲੀ ਔ ਤੇਗ ਘਾਇ ਆਏ ।

ਜਦ ਸਰਦਾਰ ਦੇ ਪਾਲਕ, ਭਾਈ ਗੁਰਮੁਖ ਸਿੰਘ, ਉਨ੍ਹਾਂ ਦੇ ਥੱਕ ਚੁੱਕੇ ਘੋੜੇ ਨੂੰ ਚਾਬਕ ਮਾਰ ਕੇ ਅਗੇ ਤੋਰਨ ਦੀ ਗੱਲ ਆਖੀ ਤਾਂ ਅਗੋਂ, ਆਹਲੂਵਾਲੀਏ ਸਰਦਾਰ ਦਾ ਉੱਤਰ ਖਾਲਸੇ ਦੀ ਉੱਚਪਦ-ਪਦਵੀ ਦੀ ਮੂੰਹ ਬੋਲਦੀ ਤਸਵੀਰ ਹੈ :

ਚੌਪਈ : ਪੰਥ ਸੁਨੇ ਹਮ ਕੋ ਕਰੇ ਠੱਠਾ । ਘੋੜਾ ਕੁਟਾਇ ਜੱਸਾ ਸਿੰਘ ਨੱਠਾ ।
ਮੈ ਖਾਲਸੈ ਪਾਤਿਸ਼ਾਹੂ ਕਹਾਯੋ । ਤੁਮ ਚਾਹਤ ਹਮ ਗੀਦੀ ਬਨਾਯੋ ?
ਇਮ ਜੀਵਨ ਤੇ ਮਰਨੋ ਬੇਹ । ਰਹੇ ਜੱਸ ਜਿਸ ਜਗ ਮੇ ਲੇਹ ।87। (ਪੰ.367-68)

12. ਖਾਲਸਾ ਕੇਵਲ ਗੁਣਾਂ ਦਾ ਸਾਥੀਵਾਲਾ ਹੈ, ਸ਼ਖਸੀਅਤਾਂ ਦਾ ਪੁਜਾਰੀ ਨਹੀਂ :

ਖਾਲਸਾ, ਸਤਿਗੁਰਾਂ ਵਲੋਂ ਦਰਸਾਏ ਤੇ ਕਮਾਏ ਗਏ ਗੁਣਾਂ ਦਾ ਪੁਜਾਰੀ ਅਤੇ ਅਸੂਲਾਂ ਦਾ ਕਾਇਲ ਹੈ। ਜੇ ਕੋਈ ਵੀ ਵਿਅਕਤੀ ਇਨ੍ਹਾਂ ਦੀ ਉਲੰਘਣਾ ਕਰਦਾ ਹੈ, ਤਾਂ ਉਹ ਖਾਲਸੇ ਦੇ ਪਿਆਰ, ਸਤਿਕਾਰ ਦਾ ਹੱਕਦਾਰ ਨਹੀਂ ਰਹਿੰਦਾ। ਖਾਲਸਾ, ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੂੰ ਤਨਖਾਹ ਲਾ ਸਕਦਾ ਅਤੇ ਮਹਾਰਾਜਾ ਰਣਜੀਤ ਸਿੰਘ ਨੂੰ ਕਿਸੇ ਵੀ ਅਵੱਗਿਆ ਤੋਂ ਰੋਕ, ਤੇ ਦੰਡ ਦੇ ਸਕਦਾ ਹੈ।

ਇਹੋ ਵਰਤਾਉ ਬੰਦਾ ਸਿੰਘ ਬਹਾਦਰ ਨਾਲ ਉਸ ਵੇਲੇ ਹੋਇਆ, ਜਦ ਉਹ ਸਤਿਗੁਰਾਂ

---

1. ਲਿਖਿਆ ਹੈ ਕਿ ਸ. ਜੱਸਾ ਸਿੰਘ ਨੇ ਜੰਗ ਵਿਚ ਕਈ ਘੋੜੇ ਬਦਲੇ ਅਤੇ ਜਦ ਯੁੱਧ ਖਤਮ ਹੋਣ ਉਪ੍ਰੰਤ ਉਨ੍ਹਾਂ ਨੇ ਕਮਰ-ਕੱਸਾ ਖੋਲ੍ਹਿਆ ਤਾਂ ਸਰੀਰ ਉਤੇ ਤੀਰਾਂ, ਤਲਵਾਰਾਂ ਤੇ ਨੇਜ਼ਿਆਂ ਦੇ 22 ਜ਼ਖਮ ਸਨ। ਇਸੇ ਤਰ੍ਹਾਂ ਸ. ਚੜ੍ਹਤ ਸਿੰਘ ਦੇ ਖਾਧੇ ਬਹੁਤੇ ਜ਼ਖਮਾਂ ਦਾ ਜ਼ਿਕਰ ਹੈ। ਇਨ੍ਹਾਂ ਨੇ ਵੀ ਯੁੱਧਾਂ ਵਿਚ ਪੰਜ ਘੋੜੇ ਬਦਲੇ। (ਪੰਨਾ 367 ਤੋਂ 369)
2. ਸਾਂਝ।

ਵਲੋਂ ਥਾਪੇ[1] ਸਿੰਘਾਂ ਦੀ ਸਲਾਹ ਤੋਂ ਨਾਬਰ ਹੋ ਗਿਆ, ਅਤੇ ਖਾਲਸੇ ਨੂੰ ਬਹੁਤ ਤਾਨ੍ਹੇ ਮੇਹਣੇ ਦੇਣ ਲੱਗਾ। ਖਾਲਸੇ ਨੇ ਉਸ ਵਲੋਂ ਚਲਾਈ ਰਹੁ-ਰੀਤ ਨੂੰ ਪ੍ਰਵਾਨ ਕਰਨੋਂ ਇਨਕਾਰ ਕਰ ਦਿਤਾ। ਮਾਤਾ ਸੁੰਦਰੀ ਜੀ ਕੋਲ ਸ਼ਿਕਾਇਤ ਪੁਜਣ ਉਤੇ ਆਪ ਨੇ ਫੁਰਮਾਇਆ :

ਦੋਹਰਾ : ਬੰਦੇ[2] ਕੋ ਖਿਜਮਤ ਦਈ, ਦਈ ਪਾਤਸ਼ਾਹੀ ਨਾਹਿੰ।
ਦਈ ਪਾਤਿਸਾਹੀ ਪੰਥ ਨਿਜ, ਆਪ ਸਚੇ ਪਾਤਿਸਾਹਿ ॥5। (ਪੰਨਾ 131)

ਅੱਗੇ ਜਾ ਕੇ ਲਿਖਿਆ ਹੈ:

ਚੌਪਈ : ਸੂਹੇ ਥੇ, ਗੁਰੂ ਹਟਾਯੇ। ਸੋਊ ਜਿਦ ਕਰ, ਉਨ ਪਹਿਰਾਯੇ। (ਸੂਹੇ ਕਪੜੇ)
ਵਾਹਿਗੁਰੂ ਕੀ ਫਤੇ ਹਟਾਈ। ਦਰਸਨ ਫਤੇ ਉਸ ਆਪ ਠਹਿਰਾਈ।32। (ਪੰ। 32)

ਨੋਟ— ਗ੍ਰੰਥ ਕਰਤਾ ਨੇ ਬੰਦੇ ਦਾ ਪ੍ਰਸੰਗ ਬੜੇ ਵਿਸਥਾਰ ਨਾਲ ਅੰਕਿਤ ਕੀਤਾ ਹੈ, ਜੋ ਕਈ ਪੱਖਾਂ ਤੋਂ ਖਾਲਸੇ ਦੀ ਮਹਿਮਾ ਦਾ ਸੂਚਕ ਹੈ।

13. ਖਾਲਸੇ ਦੀ ਆਦਰਸ਼ਕ ਸਾਂਝੀਵਾਲਤਾ :

ਰਹਿਤ ਨਾਮਿਆਂ ਵਿਚ ਜ਼ਿਕਰ ਹੈ ਕਿ "ਸਿੰਘ, ਸਿੰਘ ਦੇ ਘਰ ਜਾਵੈ, ਛਾਦਨ ਭੋਜਨ ਲੈ ਲੇਵੈ, ਲੋਭ ਨ ਕਰੈ।" ਇਹ ਗੱਲ ਇਕ ਆਦਰਸ਼ਕ ਸਾਂਝੀਵਾਲਤਾ ਦੀ ਲਖਾਇਕ ਹੈ। ਧਰਮ ਦੀ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ, ਆਦਿ ਸਤਿਗੁਰਾਂ ਵੱਲੋਂ ਸਿੱਖੀ ਦੇ ਬੁਨਿਆਦੀ ਅਸੂਲ ਮੰਨੇ ਗਏ ਹਨ। ਸਤਿਗੁਰਾਂ ਦੇ ਸਮੇਂ ਅਤੇ ਉਨ੍ਹਾਂ ਤੋਂ ਬਾਅਦ ਦੇ ਸੰਘਰਸ਼-ਕਾਲ ਵਿਚ ਖਾਲਸੇ ਨੇ ਵੰਡ ਕੇ ਛਕਣ ਤੇ ਉੱਚ-ਆਚਾਰੀ ਹੋਣ ਦੇ ਸੁਨਹਿਰੀ ਸਿਧਾਂਤਾਂ ਨੂੰ ਰੱਜ ਕੇ ਕਮਾਇਆ ਤੇ ਚਮਕਾਇਆ। ਸਰਦਾਰ ਰਤਨ ਸਿੰਘ ਭੰਗੂ ਖਾਲਸੇ ਦੇ ਇਨ੍ਹਾਂ ਬੁਨਿਆਦੀ ਗੁਣਾਂ ਤੇ ਸੁਭਾਵ ਨੂੰ ਇਉਂ ਉਜਾਗਰ ਕਰਦੇ ਹਨ :

ਚੌਪਈ : ਪ੍ਰਿਥਮ ਭੁਜੰਗੀ ਵਲ ਮਾਝੇ ਘਲਾਏ। ਦੈ ਦੈ ਪਹੁਲ ਗੁਰ ਪੰਥ ਬਧਾਏ।
ਘੋ ਭੁਜੰਗ ਨਿਹੰਗਨ ਕੇ, ਪੰਥ ਬਹੁ ਭਯੋ। ਹੱਥ ਸੋਟੇ, ਗਲ ਖੰਡੇ ਪਯੋ।26।
ਕਈ ਫਿਰੈਂ ਕਈ ਰਹੈਂ ਗੁਰਦੁਆਰੇ। ਕਿਨ ਧਰਮਸਾਲਾ, ਕਿਨ ਬੁੰਗੇ ਉਸਾਰੇ।
ਭੁਜੰਗੀਅਨ ਨਿਉਤੇ, ਭੁਜੰਗੀ ਘਲਾਹਿੰ। ਅਉਰਨ ਸੋਂ ਨਹਿੰ ਮੇਲ ਮਿਲਾਹਿੰ।27।
ਜੋ ਕਿਸੇ ਭੁਜੰਗੀ ਹੋਇ ਲੋੜ ਜਰੂਰ। ਦੇਖ ਸਿੰਘਨ ਘਰ, ਸੋ ਲਏ ਪੂਰ।
ਦਿਤਨੀ[3] ਕੁ ਬਸਤ ਸੁ ਲਏ ਉਠਾਇ। ਘਿਉ ਆਟਾ, ਲੂਣ, ਜੋ ਲਏ ਖਾਇ।28।
ਮੁੱਖੋਂ ਉਚਰੇ, 'ਆਏ ਨਿਹੰਗ। ਖੋਲ੍ਹ ਸਿਖਣੀ, ਬੂਹੇ ਨਿਸੰਗ।'
ਹੋਇ ਸਿਖਣੀ ਮੰਨੇ ਸੁ ਬਾਤ। ਹਾਜ਼ਰ ਕਰ ਦੇ, ਵਤੁ ਜਿਤਕੁ ਚਹਾਤ।29।

---

1. ਬੰਦੇ ਨਾਲ ਸਿੱਖਿਆ ਤੇ ਸਲਾਹ ਲਈ ਸਤਿਗੁਰਾਂ ਵਲੋਂ ਭੇਜੇ ਪੰਚ-ਪਰਧਾਨੀ, ਪੰਜ ਸਿੰਘ— ਬਾਜੇ : ਬਿਨੋਦ ਸਿੰਘ, ਕਾਨ੍ਹ ਸਿੰਘ, ਦਯਾ ਸਿੰਘ, ਔਹਣ ਸਿੰਘ, ਬਾਜ ਸਿੰਘ। ਇਸ ਤੋਂ ਛੁੱਟ ਔਰ ਚੜ੍ਹਾਏ ਬਡ ਸਿਦਕਵਾਰੇ। ਰਹਤ ਹਜ਼ੂਰ ਥੇ ਗੁਰੂ ਪਿਆਰੇ। (ਪੰਨਾ 81)
2. ਕੋਈ ਵੀ ਵਿਅਕਤੀ ਚਾਹੇ ਉਹ ਕਿੱਡਾ ਵੱਡਾ ਹੋਵੇ, ਗੁਰੂ-ਪੰਥ ਨਾਲੋਂ ਵੱਡਾ ਨਹੀਂ ਹੋ ਸਕਦਾ।
3. ਸਿੱਖ, ਸਿੱਖ ਦੇ ਘਰ ਜਾਵੈ, ਛਾਦਨ ਭੋਜਨ ਲੈ ਲੇਵੈ, ਲੋਭ ਨਹਿੰ ਕਰੈ। (ਰਹਿਤਨਾਮੇ)

ਦੋਹਰਾ : ਇਮ ਹੀ ਸਿਖ ਨਿਤ ਜਾ ਘਰੈਂ, ਸਿਘਨ ਘਰ ਪ੍ਰਭ ਟੇਲ।
ਰੋਜ਼ ਰੋਜ਼ ਸਿਖਨੀ ਫਿਰੈਂ, ਸਿਘਨ ਕੇ ਕਰ ਮੇਲ ।30। (ਪੰਨਾ 47)

14. ਖਾਲਸਾ ਜ਼ਾਤ ਪਾਤ ਰਹਿਤ ਅਤੇ ਮਨੁੱਖੀ ਸਮਾਨਤਾ ਦਾ ਝੰਡਾ ਬਰਦਾਰ ਹੈ :

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਭਾਰਤੀ ਸਮਾਜ ਦੀ ਸਭ ਤੋਂ ਵਡੀ ਕਮਜ਼ੋਰੀ ਸੀ : ਇਸ ਦਾ ਜਾਤਪਾਤ, ਵਰਨ ਆਸ਼ਰਮ ਤੇ ਛੂਆ ਛਾਤ ਵਿਚ ਵੰਡੇ ਹੋਣਾ ।

ਸ੍ਰੀ ਕਬੀਰ ਜੀ ਆਦਿ ਭਗਤਾਂ ਤੇ ਗੁਰੂ ਸਾਹਿਬ ਨੇ ਸਮਾਜ ਦੇ ਇਸ ਕੋਹੜ ਨੂੰ ਦੂਰ ਕਰ ਕੇ ਇਕ ਨਵਾਂ ਨਰੋਆ ਸਮਾਜ ਕਾਇਮ ਕਰਨ ਲਈ ਭਰਪੂਰ ਹੰਭਲਾ ਮਾਰਿਆ । ਨਾ ਕੇਵਲ ਗੁਰੂ ਤੇ ਭਗਤ ਬਾਣੀ ਵਿਚ ਹੀ ਜ਼ਾਤ ਪਾਤ ਦਾ ਖੰਡਨ ਕੀਤਾ ਗਿਆ; ਸਗੋਂ ਸੰਗਤ ਤੇ ਪੰਗਤ ਦੀ ਮੁਕੰਮਲ ਸਾਂਝ ਤੇ ਸਮਾਨਤਾ ਨੂੰ, ਗੁਰਦੁਆਰਿਆਂ ਦੀ ਰਹੁ-ਰੀਤ, ਸਮਾਜਿਕ ਰਸਮਾਂ ਰਿਵਾਜਾਂ ਤੇ ਗੁਰੂ ਕੇ ਲੰਗਰ ਦੀ ਪ੍ਰਥਾ ਦੁਆਰਾ ਪ੍ਰਪੱਕ ਵੀ ਕੀਤਾ । ਗੁਰਬਾਣੀ ਦੀਆਂ ਇਹ ਤੁਕਾਂ ਹਰ ਸਿਖ ਘਰ, ਗੁਰਦੁਆਰੇ ਤੇ ਹੋਰ ਸਮਾਜਿਕ ਇਕੱਠਾਂ ਵਿਚ ਗੂੰਜਣ ਲੱਗੀਆਂ :

(ੳ) ਫਕੜ ਜਾਤੀ, ਫਕੜੁ ਨਾਉ ॥ ਸਭਨਾ ਜੀਆ ਇਕਾ ਛਾਉ ॥ (ਮ. 1, ਪੰਨਾ 83)
(ਅ) ਜਾਣਹੁ ਜੋਤਿ, ਨ ਪੂਛਹੁ ਜਾਤੀ, ਆਗੈ ਜਾਤਿ ਨ ਹੇ ॥ (ਮ.1, ਪੰਨਾ 349)
(ੲ) ਜਾਤਿ ਜਨਮੁ ਨ ਪੂਛੀਐ, ਸਚ ਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ, ਜੇਹੇ ਕਰਮ ਕਮਾਇ ॥ (ਮ. 1, ਪੰਨਾ 1330)

ਪੰਜ, ਵੱਖ ਵੱਖ ਜਾਤੀਆਂ ਦੇ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਛਕਾ ਕੇ ਅਤੇ ਫੇਰ ਉਹਨਾਂ ਪਾਸੋਂ ਆਪ ਛਕ ਕੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਕੇਤ ਵਜੋਂ ਜ਼ਾਤਪਾਤ ਆਦਿ ਦੀ ਬਿਨਾਅ ਉਤੇ ਇਕ, ਦੋ, ਤਿੰਨ ਦੀ ਸਮਾਜਕ ਤਕਸੀਮ ਦੇ ਆਹਨੀ ਖੱਫਨ ਵਿਚ ਆਖਰੀ ਮੇਖ ਠੋਕੀ ।

ਪਰੰਤੂ, ਇਹ ਅਤਿ ਸ਼ੋਕ, ਦੁਖ ਤੇ ਲੱਜਿਆ ਦੀ ਗੱਲ ਹੈ ਕਿ ਜ਼ਾਤ ਪਾਤ ਦੀ ਭਿਆਨਕ ਤੇ ਮਾਰੂ ਬਿਮਾਰੀ, ਅੱਜ ਵੀ, ਨਾ ਕੇਵਲ ਹੋਰ ਭਾਰਤੀਆਂ ਵਿਚ ਹੀ ਘਰ ਕਰੀ ਬੈਠੀ ਹੈ, ਸਗੋਂ ਸ੍ਰੀ ਦਸਮੇਸ਼ ਜੀ ਦਾ ਖਾਲਸਾ ਵੀ, ਲਗਭਗ ਉਸੇ ਤਰ੍ਹਾਂ ਹੀ ਇਸ ਦੀ ਸ਼ਰਮਨਾਕ ਲਪੇਟ ਵਿਚ ਜਕੜਿਆ ਪਿਆ ਹੈ, ਜਿਵੇਂ ਕਿ ਉਹ ਗੁਰੂ ਆਗਮਨ-ਕਾਲ ਅਥਵਾ ਖੰਡੇ ਦੀ ਪਾਹੁਲ ਛਕਣ ਛਕਾਉਣ ਤੋਂ ਪਹਿਲਾਂ ਸੀ ।

ਹਾਂ, ਕਦੀਂ ਕਦਾਈਂ ਕੋਈ ਗੁਰਮੁਖ ਪਿਆਰਾ ਇਸ ਬਿੱਦਤ ਵਿਰੁਧ ਹਾਹ ਦਾ ਨਾਅਰਾ ਮਾਰਦਾ ਹੈ, ਸਿਖ ਜਨਤਾ ਪੜ੍ਹ ਸੁਣ ਲੈਂਦੀ ਹੈ; ਪ੍ਰੰਤੂ, ਅਮਲ ਦੇ ਮੈਦਾਨ ਵਿਚ 'ਗੁਲ ਮੁਹੰਮਦ' ਵਾਂਗ ਉਥੇ ਹੀ ਡਟੀ ਰਹਿੰਦੀ ਹੈ, ਜਿਥੇ ਕਿ ਉਹ ਉਸ ਬਿਆਨ ਤੋਂ ਪਹਿਲਾਂ ਸੀ ।

ਪਿਛੇ ਜਿਹੇ ਡਾਕਟਰ ਗੰਡਾ ਸਿੰਘ ਜੀ ਨੇ ਦਰਦਾਂ ਭਰੇ ਦਿਲ ਵਿਚੋਂ ਜ਼ਾਤ ਪਾਤ ਵਿਰੁਧ ਇਕ ਤਿੱਖਾ ਬਿਆਨ ਪ੍ਰੈਸ ਵਿਚ ਛਪਵਾਇਆ ਸੀ, ਪ੍ਰੰਤੂ ਸਿੱਟਾ ਨਦਾਰਦ (ਸਿਫਰ) ।

ਕਿਤਨੀ ਲੱਜਾ ਤੇ ਡੁਬ ਮਰਨ ਦੀ ਗੱਲ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਿਖ ਸੰਗਤਾਂ ਨੂੰ, ਕਈ ਵਰ੍ਹਾਕੋਂ ਪਹਿਲਾਂ, ਇਹ ਹੁਕਮਨਾਮਾ ਨਿਕਲਿਆ ਹੋਵੇ ਕਿ ਸਿਖ, ਸਿਖ ਤੋਂ ਜ਼ਾਤ ਨਾ

---

1. ਮਿਤੀ 13 ਜੂਨ, ਸੰਨ 1936 ਨੂੰ ।

ਪੁੱਛੇ ਅਤੇ ਨਾ ਹੀ ਇਸ ਨੂੰ ਮੰਨੇ, ਪ੍ਰੰਤੂ ਗੁਰੂ ਦੇ ਸਿੱਖਾਂ ਦੇ ਕੰਨ ਉਤੇ ਜੂੰ ਵੀ ਨਾ ਸਰਕਦੀ ਹੋਵੇ। 'ਕਰਮ ਭੇਖ' ਤੋਂ ਨਿਆਰਾ ਵਿਚਰਨ ਵਾਲਾ ਸ੍ਰੀ ਦਸਮੇਸ਼ ਜੀ ਦਾ ਖਾਸ ਰੂਪ ਖਾਲਸਾ, ਕਦੀ ਇਉਂ ਵੀ ਸੋਚ ਜਾਂ ਕਰ ਸਕਦਾ ਹੈ, ਸੋਚਿਆ ਵੀ ਨਹੀਂ ਜਾ ਸਕਦਾ। ਪ੍ਰੰਤੂ, ਇਹ ਇਕ ਦੁਖਦਾਈ ਤੇ ਸਿੱਖੀ ਨੂੰ ਕਲੰਕਿਤ ਕਰਨ ਵਾਲੀ ਹਕੀਕਤ ਹੈ ਕਿ ਵੱਡਿਆਂ ਛੋਟਿਆਂ ਵਲੋਂ ਜ਼ਾਤ ਪਾਤ ਬਾਰੇ, ਇਉਂ ਹੋ ਰਿਹਾ ਹੈ, ਦਿਨ ਦਿਹਾੜੇ ਹੋ ਰਿਹਾ ਹੈ ਤੇ 'ਗੱਜ ਵੱਜ ਕੇ' ਹੋ ਰਿਹਾ ਹੈ।

ਸਰਦਾਰ ਰਤਨ ਸਿੰਘ ਜੀ ਭੰਗੂ ਨੇ ਇਸ ਸੰਬੰਧ ਵਿਚ ਇਕ ਅਹਿਮ ਸੰਕੇਤ ਦੇਣ ਦਾ ਉਪਕਾਰ ਕੀਤਾ ਹੈ। ਆਪ ਜੀ ਲਿਖਦੇ ਹਨ :

ਦੋਹਰਾ : ਸੁਣੋ ਸਾਖੀ ਅਬ ਔਰ ਇਕ ਜਿਮ ਬੰਦੇ ਕੀਓ ਬਿਆਹ।
ਭਈ ਜੁ ਪੁੱਤ੍ਰ ਦੁਹਿ ਉਸੇ, ਤੇਊ ਸੋਢੀ ਬੰਸ ਸਦਾਹਿ।

ਚੌਪਈ : ਜੋ ਬੰਦੇ ਕੀ ਭਈ ਉਲਾਦ। ਗੋਤ ਉਚਾਰੇ ਸੋਢੀ ਤਾਹ।
ਹਮ ਗੁਰੂ ਗੋਬਿੰਦ ਸਿੰਘ ਬੰਸੀ ਆਹੀਂ। ਇਮ ਕਰ ਸੋਢੀ ਬੰਸ ਅਖਾਹੀਂ।7।(ਪੰ.160)

ਉਪ੍ਰੋਕਤ ਲਿਖਤ ਦੀ ਪੁਸ਼ਟੀ ਵਿਚ ਇਹ ਵਾਕਫੀ ਵੀ ਲਾਹੇਵੰਦ ਹੋਵੇਗੀ ਕਿ ਸ਼ਹੀਦ ਸਿਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਦੇ 1966-68 ਦੇ ਸੈਸ਼ਨ ਵਿਚ, ਬਾਬਾ ਬੰਦਾ ਸਿੰਘ ਜੀ ਦੀ ਬੰਸ ਵਿਚੋਂ, ਕਾਕਾ ਜਤਿੰਦਰਪਾਲ ਸਿੰਘ (ਇਹ ਅਜ ਕਲ ਬਾਬਾ ਜਤਿੰਦਰਪਾਲ ਸਿੰਘ ਜੀ ਸੋਢੀ ਐਮ.ਏ. ਬੰਦਈ ਸੰਪ੍ਰਦਾਇ ਦੇ ਮੁਖੀ ਹਨ।) ਵੀ ਆ ਦਾਖਲ ਹੋਏ। ਉਸ ਦੀ ਮਾਤਾ ਜੀ ਵੀ ਕਾਲਜ ਵਿਚ ਉਸ ਨਾਲ ਹੀ ਰਹਾਇਸ਼ ਰਖਦੇ ਹਨ। ਜਦ ਇਕ ਦਿਨ ਸਹਿਵਨ ਉਹਨਾਂ ਤੋਂ ਇਹ ਪੁਛਿਆ ਗਿਆ ਕਿ ਉਹ ਆਪਣੇ ਨਾਮ ਨਾਲ ਸੋਢੀ ਪਦ ਦੀ ਵਰਤੋਂ ਕਿਉਂ ਤੇ ਕਿਵੇਂ ਕਰਦੇ ਹਨ, ਤਾਂ ਉਹਨਾਂ ਦਸਿਆ ਕਿ ਬਾਬਾ ਬੰਦਾ ਸਿੰਘ ਜੀ ਤੋਂ ਲੈ ਕੇ ਉਹਨਾਂ ਦਾ ਬੰਸ ਸੋਢੀ ਹੀ ਅਖਵਾਉਂਦਾ ਆ ਰਿਹਾ ਹੈ, ਅਤੇ ਇਹ ਇਸ ਲਈ ਕਿ ਬਾਬਾ ਜੀ ਖੰਡੇ ਦੀ ਪਾਹੁਲ ਪ੍ਰਾਪਤ ਕਰਨ ਉਪ੍ਰੰਤ, ਪਿਛਲੀ ਜ਼ਾਤ ਗੋਤ ਮਿਟਾ ਕੇ, ਸ੍ਰੀ ਦਸਮੇਸ਼ ਜੀ ਦੇ ਨਾਦੀ ਪੁੱਤਰ ਬਣ ਗਏ ਸਨ। ਇਸ ਤਰ੍ਹਾਂ, ਗੁਰੂ ਜੀ ਹੀ ਵਾਸਤਵ ਵਿਚ ਉਨ੍ਹਾਂ ਦੇ ਪਿਤਾ ਹਨ। ਉਨ੍ਹਾਂ ਦਸਿਆ ਕਿ ਹਰਦੁਆਰ ਦੇ ਪਾਂਡਿਆਂ ਦੀਆਂ ਵਹੀਆਂ ਵਿਚ ਵੀ ਉਨ੍ਹਾਂ ਸਭਨਾ ਦੀ ਜ਼ਾਤ ਸੋਢੀ ਕਰ ਕੇ ਹੀ ਅੰਕਿਤ ਹੈ।

ਕੌਣ ਨਹੀਂ ਜਾਣਦਾ ਕਿ ਗੁਰਦੁਆਰਾ ਸੁਧਾਰ ਲਹਿਰ ਸਮੇਂ, ਜਦ ਗੁਰੂ ਕੇ ਸਿੱਖਾਂ ਅੰਦਰ ਸਿੱਖੀ ਦਾ ਜਜ਼ਬਾ ਬੁਲੰਦ ਤੇ ਹਾਵੀ ਸੀ, ਤਾਂ ਉਹ ਪਿਤਾ ਦਾ ਨਾਉਂ, ਸ੍ਰੀ ਗੁਰੂ ਗੋਬਿੰਦ ਸਿੰਘ, ਮਾਤਾ ਦਾ ਨਾਮ ਸਾਹਿਬ ਕੌਰ ਅਤੇ ਵਾਸੀ ਸ੍ਰੀ ਅਨੰਦਪੁਰ ਸਾਹਿਬ ਦਸਿਆ ਤੇ ਲਿਖਵਾਇਆ ਕਰਦੇ ਸਨ।

ਸੋ, ਜ਼ਾਤ ਪਾਤ ਆਦਿ ਦਾ ਝਗੜਾ ਮਿਟਾਉਣ ਲਈ ਖਾਲਸੇ ਪਾਸ ਅੱਵਲੀਨ ਤੇ ਸਰਬ-ਸ੍ਰੇਸ਼ਟ ਹੱਲ ਤਾਂ ਇਹ ਹੈ ਕਿ ਕੋਈ ਵੀ ਸਿੱਖ, ਆਪਣੇ ਨਾਂ ਨਾਲ ਜ਼ਾਤ ਗੋਤ ਲਿਖ ਕੇ ਨਿੱਜੀ ਹਉਮੈਂ ਨੂੰ ਪੱਠੇ ਨ ਪਾਵੇ। ਭਲਾ ਜੇ, ਘੱਟ ਤੋਂ ਘੱਟ, ਆਪਣੇ ਨਾਂ ਨਾਲ ਕੋਈ ਪੂਛ (ਉਪਾਧੀ) ਲਾਏ ਬਿਨਾਂ ਨਾ ਹੀ ਸਰਦਾ ਹੋਵੇ, ਤਾਂ ਸਾਰੇ ਸਿੱਖ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਦੀ ਪੁੱਤਰ ਹੋਣ ਦੇ ਨਾਤੇ, ਆਪਣੇ ਨਾਵਾਂ ਦੇ ਅਗੇ ਜਾਂ ਪਿਛੇ ਕੇਵਲ 'ਸੋਢੀ' ਪਦ ਦੀ ਹੀ ਵਰਤੋਂ ਕਰਨ। ਇਉਂ ਕਰਨਾ ਵੀ ਜ਼ਾਤ ਪਾਤ ਦਾ ਅਭਾਵ ਕਰਨ ਤੁਲ ਹੀ ਹੋਵੇਗਾ। ਇਹ ਰਾਹ ਵੀ ਆਪਸ ਵਿਚ ਦੀ ਸਮਾਨਤਾ, ਪਿਆਰ ਤੇ ਦੈਵੀ ਸਾਂਝੀਵਾਲਤਾ ਪੈਦਾ ਕਰਨ ਦਾ ਮੂਜਬ ਹੋ ਸਕਦਾ ਹੈ।

15. ਸਿੰਘ ਭਿੱਜੇ ਜਾਂ ਭੱਜੇ ਜਾਂਦੇ ਉੱਤੇ ਵਾਰ ਨਹੀਂ ਕਰਦੇ :

ਕਾਜ਼ੀ ਨੂਰ ਮੁਹੰਮਦ ਬਲੋਚ ਨੇ 'ਜੰਗ ਨਾਮੇ'* ਵਿਚ ਸਿੰਘ ਚਲਣ ਦੀ ਜੋ ਤਸਵੀਰ ਖਿੱਚੀ ਹੈ, ਉਸ ਦੀ ਇਕ ਝਾਕੀ ਭੰਗੂ ਜੀ ਉਸ ਸਮੇਂ ਪੇਸ਼ ਕਰਦੇ ਹਨ। ਜਦ ਅਹਿਮਦ ਸ਼ਾਹ ਨੇ ਹਿੰਦ ਉੱਤੇ ਆਖਰੀ ਹਮਲਾ ਕੀਤਾ ਅਤੇ ਸਿੰਘਾਂ ਨੇ ਵਾਪਸੀ ਉੱਤੇ ਉਸਦਾ ਨੱਕ ਵਿਚ ਦਮ ਕਰ ਛੱਡਿਆ ਤੇ ਤੋਬਾ ਤੋਬਾ ਕਰਵਾ ਦਿਤੀ। ਸ਼ਾਹ ਲਈ ਰਾਤ ਤੁਰਨਾ ਮੁਹਾਲ ਹੋ ਗਿਆ :

ਚੌਪਈ : ਰਾਤ ਦਿਵਸ ਸਿੰਘ ਰਹੇ ਚਫੇਰੇ। ਜਿਮ ਸ਼ੇਰਨ ਨੇ ਛੇਲੇ ਘੇਰੇ।
ਰਾਤ ਤੁਰੈਂ, ਦਿਨ ਡੇਰਾ ਲਾਵੈਂ। ਤਿਵੈਂ ਖਾਲਸ ਉਸ ਰਾਤ ਅਕਾਵੈਂ ।18।
ਤੌਂ ਉਨ ਰਾਤ ਤੁਰਨ ਛਡ ਦਯੋ। ਵਰਲਵਾੜ ਵਿਚ ਡੇਰਾ ਠਯੋ।
ਦਿਨੇ ਤੁਰੈ ਕਿਛ ਥੋੜੀ ਵਾਟ। ਪਿਛਲੀ ਘੱਟ ਮੇਖ, ਅਗੀ ਗਸ਼ਾਤ ।18।
ਰਾਤ ਸਬ ਖੂਨ ਖਾਲਸੇ ਕਰੈ। ਬਾਲ ਮਹਿਤਾਬੀ ਫਿਲਜੇ ਲਰੈ।
ਫਿਰਓ ਘਿਰਓ ਜੋ ਫਿਲਜੇ ਪਾਵੈ। ਨਹਿੰ ਖਾਲਸੇ ਉਸ ਮਾਰ ਗਵਾਵੈ।

ਦੋਹਰਾ : ਹਿਰਾਨ ਕਰੈਂ ਉਨ ਖਾਲਸੇ, ਮਾਰ ਰਮ ਜੋਰਨ ਸਾਥ।
ਅਹਿਮਦ ਸ਼ਾਹ ਔਖਾ ਕੀਓ, ਲਾਇ ਖਾਲਸੇ ਬੜ ਹਾਥ ।22। (ਪੰਨਾ 430)

16. ਸ: ਰਤਨ ਸਿੰਘ ਭੰਗੂ ਨੇ ਆਮ ਕਰਕੇ ਮਲਵਈਆਂ, ਤੇ ਖਾਸ ਕਰ ਕੇ ਬਰਾੜਾਂ ਵਿਰੁਧ ਅਣ-ਸੁਖਾਵੇਂ ਬਚਨ ਵਰਤੇ ਹਨ ਅਤੇ ਉਨ੍ਹਾਂ ਨੂੰ ਕਮਜ਼ੋਰ ਤੇ ਸਵਾਰਥੀ ਸਿੱਧ ਕਰਨ ਦਾ ਯਤਨ ਕੀਤਾ ਹੈ, ਜਦ ਕਿ ਮਝੈਲਾਂ ਨੂੰ ਬਲਵਾਨ, ਸੂਰਮੇ ਤੇ ਪੰਥ ਦੀ ਰੀੜ੍ਹ ਦੀ ਹੱਡੀ; ਪ੍ਰੰਤੂ, ਅਖੀਰ ਵਿਚ ਬਹੁਮੁੱਲੀ ਤੇ ਯਥਾਰਥ ਗੱਲ ਲਿਖੀ ਹੈ ਕਿ ਇਹ ਦੋਵੇਂ ਭਰਾ, ਭਰਾ ਹਨ :

ਮਝੈਲ ਮਲਵਈ ਸਭ ਇੱਕ ਭਾਈ। ਅੰਦਰੋਂ ਬਾਹਰੋਂ ਰਲ ਹਮ ਲੁੱਟ ਖਾਈ।
ਲੜਨ ਭਿੜਨ ਮੈਂ ਰਹਿੰ ਦੋਊ ਰਲ। ਕੋਊ ਘਟੈ, ਕੋਊ ਜਾਇ ਸੁ ਚਲ। (ਪੰਨਾ 443)

17. ਖਾਲਸਾ ਦੀਨਾਂ ਦੁਖੀਆਂ ਨੂੰ ਪਾਲਦਾ ਤੇ ਦੁਸ਼ਟਾਂ ਨੂੰ ਗਾਲਦਾ ਹੈ :

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੁਪਨਾ ਹੈ ਕਿ ਇਕ ਦਿਨ ਸਾਰੇ ਸੰਸਾਰ ਉਤੇ ਸਾਧ-ਬਿਰਤੀ ਦਾ ਬੋਲਬਾਲਾ ਹੋਵੇਗਾ। ਸੋ, ਗੁਰੂ ਜੀ ਦਾ ਖਾਸ ਰੂਪ ਖਾਲਸਾ ਉਤਨਾ ਚਿਰ ਚੈਨ ਨਾਲ ਨਹੀਂ ਬੈਠ

---

*1. ਸਗਾਂ ਰਾ ਮਗੋ ਸੱਗ ਕਿ ਹਸਤੰਦ ਸ਼ੇਰ। ਬ ਮੈਂਦਾਨਿ ਮਰਦਾਂ, ਚੂੰ ਸ਼ੇਰਾਂ ਦਲੇਰ।...
ਇਹ ਇਸ ਲਈ ਕਿ :
2. ਕਿ ਨ ਬੁਕੁਸ਼ੰਦ, ਨਾਮਰਦ ਰਾ ਹੇਚ ਗਾਹ। ਗੁਰੇਜ਼ੰਦਹ ਰਾ, ਹਮ ਨ ਗੀਰੰਦ ਰਾਹ।
3. ਚੋ, ਜ਼ੇਵਰਿ-ਜ਼ਨ, ਬਤਾਰਾਜ ਨੀਜ਼। ਨ ਗੀਰੰਦ, ਗਰ ਮਹ-ਰੂ, ਹਸਤੰ, ਕਨੀਜ਼।
4 ਜ਼ਨਾਹਮ ਨ ਬਾਸ਼ਦ, ਮਿਆਨਿ ਸਗਾਂ। ਨ ਦੁਜ਼ਦੀ ਬਵਦ, ਕਾਰਿ ਆਂ ਬਦ-ਰਗਾਂ।
5. ਕਿ ਜ਼ਨ ਗਰ ਜਵਾਂ ਹਸਤ, ਵਰ ਹਸਤ ਪੀਰ। ਬਗੋਯੰਦ ਬੁੜੀਆ, ਬਿਰੌ ਗੋਸ਼ਹ-ਗੀਰ।
6. ਬ-ਵਦ ਨਾਮ ਬੁੜ੍ਹੀਆ ਬ ਹਿੰਦੀ ਜ਼ੁਬਾਂ। ਬ ਮਾਅਨੀ, ਕਿ ਈਂ ਪੀਰ ਜ਼ਾਲ, ਅਜ਼ ਜ਼ਨਾਂ।
7. ਨ ਦੁਜ਼ਦੀਸਤ ਹਰਗਿਜ਼ ਮਿਆਨੇ ਸਗਾਂ। ਨ ਪੈਦਾਸਤ ਸਾਰਕ, ਦਰਾਂ ਬੱਦ-ਰਗਾਂ।
8. ਕਿ ਜ਼ਾਨੀ ਓ ਸਾਰਕ, ਨ ਦਾਰੰਦ ਦੋਸਤ। ਵਗਰ, ਫੇਅਲਿ ਸ਼ਾਂ, ਜੁਮਲਗੀ ਨਾ ਨਿਕੋਸਤ।

(ਬਾਕੀ ਫੁਟਨੋਟ ਅਗਲੇ ਸਫ਼ੇ 'ਤੇ)

ਸਕਦਾ, ਜਦ ਤਕ ਸਤਿਗੁਰੂ ਜੀ ਦਾ ਉਪ੍ਰੋਕਤ ਵਿਚਾਰ ਸਾਕਾਰ ਨਹੀਂ ਹੁੰਦਾ। ਇਕ ਲਾਚਾਰ ਬ੍ਰਾਹਮਣ ਦੀ ਫਰਿਆਦ ਉੱਤੇ ਕਸੂਰ ਮਾਰਨ ਦੀ ਘਟਨਾ ਤਾਂ ਪ੍ਰਸਿੱਧ ਹੈ ਹੀ, ਖਾਲਸੇ ਦੇ ਇਸ ਗੁਣ ਨੂੰ ਉਜਾਗਰ ਕਰਨ ਵਾਲੀ ਸਾਖੀ ਹੈ, ਸ. ਬਘੇਲ ਸਿੰਘ ਦਾ ਲੁਹਾਰੀ (ਜਲਾਲਾਬਾਦ) ਦੇ ਮੁਗਲ ਹਾਕਮ ਤੋਂ ਇਕ ਦੁਖੀ ਬ੍ਰਾਹਮਣ ਦੀ ਧੂੰਡਰੀ ਨੂੰ ਛੁਡਾਉਣਾ ਤੇ ਜਾਬਰਾਂ ਨੂੰ ਸੋਧਣਾ। ਭੰਗੂ ਜੀ ਲਿਖਦੇ ਹਨ :

ਦੋਹਰਾ : ਸੁਨੋ ਸਾਖੀ ਔਰ ਸਿੰਘਨ ਕੀ, ਜਿਮ ਕੀਨੋ ਇਨ ਉਪਕਾਰੁ।
ਦਿੱਲੀ ਵਿਚ ਜੁਲਮੀ ਹੂਤੀ, ਜਾਇ ਸੱਯਦ ਦੀਨੋ ਮਾਰ। (ਪੰਨਾ 445)

ਅੰਤਮ ਵਿਚਾਰ :

ਭਾਵੇਂ, ਇਹ ਗ੍ਰੰਥ, ਇਤਿਹਾਸ ਲਿਖਣ ਦੀ ਕਸਵੱਟੀ ਉੱਤੇ ਹਰ ਪੱਖੋਂ ਪੂਰਾ ਨਹੀਂ ਉਤਰਦਾ, ਫਿਰ ਵੀ ਪ੍ਰਾਚੀਨ ਪੰਥ ਪ੍ਰਕਾਸ਼, ਸਮੁੱਚੇ ਤੌਰ ਉੱਤੇ, ਇਕ ਕਦਰ ਕਰਨ ਜੋਗ ਇਤਿਹਾਸਕ ਰਚਨਾ ਹੈ। ਭੰਗੂ ਜੀ, ਬਹੁਤੇ ਪ੍ਰਸੰਗਾਂ ਉਪ੍ਰੰਤ, ਬਾਰ ਬਾਰ ਲਿਖਦੇ ਹਨ ਕਿ ਜਿਵੇਂ ਉਹਨਾਂ, ਆਪਣੇ ਬਜ਼ੁਰਗਾਂ ਤੇ ਬਿਰਧਾਂ ਤੋਂ, ਇਹ ਪ੍ਰਸੰਗ ਸੁਣੇ, ਤਿਵੇਂ ਅੰਕਿਤ ਕਰ ਦਿਤੇ ਹਨ। ਇਹ ਪ੍ਰਗਟਾਅ, ਉਨ੍ਹਾਂ ਦੇ ਸਰਲ, ਨਿਰਛਲ ਤੇ ਈਮਾਨਦਾਰਾਨਾ ਹਿਰਦੇ ਦਾ ਸੂਚਕ ਹੈ। ਇਹ ਗੱਲ ਵੀ ਖਾਸ ਤੌਰ ਉੱਤੇ ਵਰਨਣ ਯੋਗ ਹੈ ਕਿ ਆਪ ਜੀ ਸ਼ਹੀਦ ਸਰਦਾਰ ਮਹਿਤਾਬ ਸਿੰਘ ਦੇ ਪੋਤਰੇ ਤੇ ਸਿਰਦਾਰ ਸ਼ਾਮ ਸਿੰਘ ਮਿਸਲ ਕਰੋੜੀਆਂ ਦੇ ਦੋਹਤਰੇ ਹੋਣ ਦੇ ਨਾਤੇ, ਸਹੀ ਘਟਨਾਵਾਂ ਦੇ, ਬਹੁਤ ਕਰ ਕੇ, ਜਾਣੂੰ ਸਨ ਤੇ ਉਨ੍ਹਾਂ ਦੇ ਬਿਆਨ ਵਿਚ ਵਜ਼ਨ ਹੈ। ਉਹ ਧੰਨਤਾ ਯੋਗ ਹਨ ਅਤੇ ਪੰਥ ਉਨ੍ਹਾਂ ਦਾ ਰਿਣੀ ਰਹੇਗਾ।

ਉਲਥਾ 1. ਕੁੱਤਿਆਂ ਨੂੰ ਕੁੱਤੇ ਨ ਆਖੋ, ਸਚ ਪੁਛੋ ਤੇ ਸ਼ੇਰ ਨੇ ਓਹ।
ਰਣ ਵਿੱਚ ਜਦ ਖੰਡਾ ਹੈ ਵਹਿੰਦਾ; ਸੂਰੇ ਬਲੀ ਦਲੇਰ ਨੇ ਉਹ।...

2. ਨਾਮਰਦਾਂ ਤੇ ਕਾਇਰਾਂ ਉੱਤੇ, ਹਰਗਿਜ਼ ਵਾਰ ਨ ਕਰਦੇ ਨੇ।
ਭੱਜੇ ਜਾਂਦੇ ਦੁਸ਼ਮਨ ਦੀ ਉਹ, ਹਰਗਿਜ਼ ਵਾਟ ਨ ਫੜਦੇ ਨੇ।

3. ਅਬਲਾਵਾਂ ਦੇ ਗਹਿਣੇ ਟੂੰਬਾਂ, ਹਰਗਿਜ਼ ਮੂਲ ਨ ਲਾਹਦੇ ਨੇ।
ਰਾਣੀ ਭਾਵੇਂ ਦਾਸੀ ਹੋਵੇ, ਹਰਗਿਜ਼ ਹੱਥ ਨ ਪਾਂਦੇ ਨੇ।

4. ਕੁੱਤਿਆਂ ਦੇ ਟੋਲੇ ਦੇ ਅੰਦਰ, ਰਹਿੰਦਾ ਨਾ ਕੋਈ ਜ਼ਨਾਹੀ ਏ।
ਚੋਰੀ ਕਰਨਾ ਉਹਨਾਂ ਤਾਈਂ, ਹਰਗਿਜ਼ ਰਵਾ ਨ ਆਈ ਏ।

5. ਚਾਹੇ ਬੁੱਢੀ ਮਾਈ ਹੋਵੇ, ਚਾਹੇ ਸੁੰਦਰ ਨਾਰੀ ਏ।
ਹਰ ਇਕ ਤਾਈਂ ਬੁੱਢੀ ਆਹਦੇ, ਸੁੰਦਰ ਮਨੋ ਵਿਸਾਰੀ ਏ।

6.7. ਬੁੱਢੀ ਦੇ ਮਾਅਨੇ : ਬੁੱਢੜੀ, ਹਿੰਦੀ ਬੋਲੀ ਅੰਦਰ ਨੇ।
ਤਾਹੀਏਂ ਚਾਨੀ ਚੋਰ ਨ ਦਿਸਦੇ, ਉਹਨਾਂ ਟੋਲੀ ਅੰਦਰ ਨੇ।

8. ਹੋਵੇ ਨ ਕਿਉਂ ਕਹਰ ਇਹ, ਜਦ ਉਹ ਚੋਰਾਂ ਯਾਰ ਬਣਾਂਦੇ ਨਾ।
ਇਸ ਦੇ ਬਾਝੋਂ ਹੋਰ ਬਦੀ ਉਹ, ਨੇਕੀ ਕਾਰ ਕਮਾਂਦੇ ਨਾ।

"ਸਤਿ ਸੰਗਤਿ ਕੈਸੀ ਜਾਣੀਐ..."

ਅਹਿਲਿ ਬਸੀਰਤ, ਗਿਆਨ ਚਖਸ਼ੂ ਅਥਵਾ ਲਤੀਫ਼ ਅਕਲ ਦੀ ਅੱਖ ਨਾਲ ਨਿਵਾਜੇ, ਪ੍ਰਭੂ-ਲੋਕ ਖ਼ੂਬ ਜਾਣਦੇ ਹਨ ਕਿ ਸ੍ਰਿਸ਼ਟੀ ਦਾ ਸਿਰਜਣਹਾਰ ਕਰਤਾਰ, ਆਪਣੀ ਕ੍ਰਿਤ ਦੀ ਵਚਿੱਤ੍ਰ ਤੇ ਵੰਨ-ਸੁਵੰਨੀ ਰਚਨਾ ਨੂੰ, ਆਦਿ ਕਾਲ ਤੋਂ ਕਿਵੇਂ ਇਕ ਬਝਵੇਂ ਨੇਮ, ਜ਼ਬਤ ਅਥਵਾ ਹੁਕਮ ਵਿਚ ਤੋਰ ਰਿਹਾ ਹੈ। ਗੁਰਬਾਣੀ ਵਿਚ, ਦਾਤੇ ਦੇ ਇਸ ਦੈਵੀ ਜ਼ਬਤ ਨੂੰ, ਕਿਤੇ ਰੱਬੀ ਭਉ ਜਾਂ ਨਿਰਮਲ ਭਉ ਦਾ ਨਾਮ ਦਿੱਤਾ ਗਿਆ ਹੈ, ਕਿਤੇ ਸੰਤੋਖ-ਥਾਪਕ ਸੱਤਾ (ਧਰਮ) ਦਾ :

ਧੌਲੁ ਧਰਮੁ, ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ (ਜਪੁ-ਗੁਰੂ ਨਾਨਕ)

ਤਥਾ : ਭੈ ਵਿਚਿ ਪਵਣੁ, ਵਹੈ ਸਦਵਾਉ ॥ ਭੈ ਵਿਚਿ ਚਲਹਿ, ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ, ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ, ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ, ਨਿਰਭਉ ਨਿਰੰਕਾਰ ਸਚੁ ਏਕੁ । (ਉਹੀ)

ਉਪ੍ਰੋਕਤ ਨੇਮ ਦਾ ਇਕ ਹੋਰ ਅਦਭੁੱਤ ਪਹਿਲੂ ਇਹ ਵੀ ਹੈ ਕਿ ਸਰਬ-ਸ਼ਕਤੀਮਾਨ ਕਾਦਰ ਨੇ ਕੁਦਰਤ ਵਿਚ ਪਰਸਪਰ ਵਿਰੋਧੀ ਤੱਤਾਂ ਨੂੰ ਤਾਣੇ ਪੇਟੇ ਸਮਾਨ ਇਕ ਥਾਂ ਪਰੋ ਰਖਿਆ, ਅਤੇ ਆਪਣੀ ਆਪਣੀ ਨਿਯਤ ਕਾਰੇ ਲਾਇਆ ਹੋਇਆ ਹੈ। ਪ੍ਰਭੂ ਦੇ ਐਸੇ ਹੈਰਾਨੀਜਨਕ ਅਤੇ ਵਿਸਮਾਦੀ ਖੇਡ ਤਮਾਸ਼ੇ ਵਿਚ ਡੂੰਘੀ ਝਾਤ ਮਾਰਨ ਅਤੇ ਉਸ ਦੀ ਬੇਅੰਤਤਾ ਤੋਂ ਬਿੰਦ ਬਿੰਦ ਚੁੱਖ ਚੁੱਖ ਬਲਿਹਾਰ ਜਾਣ ਵਾਲੇ ਨਿਰੰਕਾਰੀ ਸਤਿਗੁਰੂ ਨਾਨਕ ਦੇਵ ਆਪਣਾ ਇਹ ਅਨੁਭਵ, ਕੁਲ ਮਖ਼ਲੂਕ ਨਾਲ ਇਉਂ ਸਾਂਝਾ ਕਰਦੇ ਹਨ :

ਪਉਣ ਉਪਾਇ ਧਰੀ ਸਭ ਧਰਤੀ, ਜਲ ਅਗਨੀ ਕਾ ਬੰਧੁ ਕੀਆ ॥ (1)

---

1. ਏਥੇ ਗੁਰਬਾਣੀ-ਵਿਆਕਰਣ ਦੀ ਵਿਲੱਖਣਤਾ ਨੋਟ ਕਰਨ ਜੋਗ ਹੈ : **'ਸਿਰਿ ਭਾਰਿ'**, ਦੇ ਅਰਥ ਹਨ : **'ਸਿਰ ਦੇ ਭਾਰ'** । ਏਥੇ **'ਸਿਰ'**, **'ਸੰਬੰਧ ਕਾਰਕ'** ਵਿਚ ਹੈ। ਪ੍ਰੰਤੂ 'ਸਿਰ ਲੇਖੁ (ਸਿਰ ਉੱਤੇ ਲੇਖ) ਵਿਚ, **'ਅਧਿਕਰਣ ਕਾਰਕ'** ਵਿੱਚ। ਉਚਾਰਣ ਦੋਹੀਂ ਥਾਈਂ ਇਕ ਸਮਾਨ 'ਸਿਰ' ਹੀ ਹੈ।
2. ਤਿੰਨ ਪ੍ਰਕਾਰ ਦੀ ਅਗਨੀ ਹੈ : ਜਠਰ (ਪੇਟ) ਦੀ ਅਗਨੀ, ਦਾਵਾਨਲ (ਜੰਗਲ ਦੀ ਅਗਨੀ) ਅਤੇ ਬੜਵਾ ਨਲ (ਸਮੁੰਦਰ ਦੀ ਅਗਨੀ)।

ਤਥਾ : ਪਉਣ ਪਾਣੀ ਅਗਨੀ ਇਕ ਵਾਸਾ ॥ ਆਪੇ ਕੀਤੋ ਖੇਲੁ ਤਮਾਸਾ ॥

ਬਲਦੀ, ਜਲਿ ਨਿਵਰੈ ਕਿਰਪਾ ਤੇ, ਆਪੇ ਜਲ ਨਿਧਿ ਪਾਇਦਾ ॥ (2)

(ਭਾਵਾਰਥ : ਵਾਹਿਗੁਰੂ ਦਾ, ਹਵਾ ਪਾਣੀ ਤੇ ਅੱਗ ਨੂੰ ਇਕੋ ਥਾਂ ਮੇਲ ਕੇ ਰਖਣਾ, ਇੱਕ ਵੱਡਾ ਅਸਚਰਜ ਖੇਲ ਤਮਾਸ਼ਾ ਹੈ। ਵੇਖੋ, ਜੇਹੜੀ ਬਲਦੀ ਅੱਗ ਪਾਣੀ ਨਾਲ ਬੁੱਝਦੀ ਹੈ, ਉਹੀ 'ਬੜਵਾ ਅਗਨੀ', ਪ੍ਰਭੂ ਨੇ ਜਲ ਨਿਧਿ (ਸਮੁੰਦਰ) ਵਿਚ ਪਾ ਰਖੀ ਹੈ।)[2]

ਇਸੇ ਭਾਵ ਦਾ ਇੱਕ ਹੋਰ ਫੁਰਮਾਨ ਹੈ :

'ਪਉਣ ਪਾਣੀ ਅਗਨੀ ਕਾ ਬੰਧਨੁ, ਕਾਇਆ ਕੋਟਿ ਰਚਾਇਦਾ ॥ (3)

ਇਹ ਤਾਂ ਹੋਈ ਗਿਆਨ ਇੰਦਰੀਆਂ ਨਾਲ ਸੰਬੰਧਤ ਬਾਹਰੀ, ਬ੍ਰਹਮੰਡੀ ਰਚਨਾ ਦੀ ਇਕ ਟੂਕ-ਮਾਤ੍ਰ ਵਿਥਿਆ। ਹੁਣ ਲਵੋ, ਤਨ (ਅਸਥੂਲ) ਨੂੰ ਤੋਰਨ ਵਾਲੇ, ਬਹੁ ਚਰਿਤ੍ਰ ਮਨ-ਰਾਜੇ ਦੀ ਗੱਲ : ਮਨ, ਗਿਰਗਟ ਵਾਂਗ, ਹਰ ਛਿਨ, ਕਈ ਰੰਗ ਬਦਲਦਾ ਹੈ, ਸੌ ਵੇਸ ਵਟਾਂਦਾ ਹੈ। ਅੱਲਾਮਾ ਇਕਬਾਲ ਨੇ ਮਨ (ਅਕਲ, ਸਿਆਣਪ, ਚਤੁਰਾਈ) ਦੀ ਹਰ ਦਮ ਬਦਲਦੀ ਦਸ਼ਾ ਅਤੇ ਪਿਆਰ ਤੇ ਇਸ਼ਕ ਦੀ ਟਿਕਾਅ ਦੇ ਅੰਤਰ ਨੂੰ, ਅਤਿ ਸੰਖੇਪ ਵਿੱਚ, ਇਉਂ ਬਿਆਨ ਕੀਤਾ ਹੈ :—

'ਅਕਲ ਅੱਯਾਰ ਹੈ, ਸੌ ਭੇਸ ਬਨਾ ਲੇਤੀ ਹੈ।
ਇਸ਼ਕ ਬੇਚਾਰਾ ਨ ਮੁੱਲਾ, ਨ ਜ਼ਾਹਿਦ, ਨ ਹਕੀਮ[1] ॥ ([1]ਫਿਲਾਸਫਰ, ਗਿਆਨੀ)

ਮਨ ਅੰਦਰਲੇ ਵਿਰੋਧੀ ਭਾਵਾਂ ਤੇ ਬਿਰਤੀਆਂ ਦਾ ਇਹ ਆਲਮ ਹੈ ਕਿ ਜੇ ਇਹ ਇਸ ਛਿਨ ਮਹਾਨ-ਭਾਵੀ ਤੇ ਫਰਿਸ਼ਤਾ-ਸੀਰਤ ਹੈ, ਤਾਂ ਅਗਲੀ ਛਿਨ, ਮਹਾਂ ਉਪੱਦਰਵੀ ਤੇ ਸ਼ੈਤਾਨ। ਸੰਕਲਪਾਂ ਵਿਕਲਪਾਂ ਅਥਵਾ ਫੁਰਨਿਆਂ ਦੇ ਕੇਂਦਰ (ਮਜਮੂਏ) ਨੂੰ ਇਸ ਦੀ Paradoxical (ਵਿਰੋਧਾਭਾਸੀ) ਅਸਲਤ ਦੇ ਕਾਰਨ ਹੀ, ਗੁਰਬਾਣੀ ਵਿਚ ਇਸ ਨੂੰ ਕਿਤੇ ਮਧੁਸੂਦਨ, ਤ੍ਰਿਭਵਨ ਦੇਉ ਅਤੇ 'ਜੋਤਿ ਸਰੂਪ' ਕਰ ਕੇ ਵਡਿਆਇਆ ਗਿਆ ਹੈ, ਅਤੇ ਕਿਤੇ 'ਖੁਟਹਰ' (ਖੋਟਾ), 'ਉਦਮਾਦਾ' (ਖਰਮਸਤੀ ਕਰਨ ਵਾਲਾ), 'ਬੇਧਰੀਤਾ' ਅਤੇ 'ਉਤਨੁ ਪੰਖੇਰੂ ਬਨ ਕਾ' ਕਰ ਕੇ ਨਿੰਦਿਆ ਗਿਆ ਹੈ :—

ੳ) ਮਨ, ਤੂ ਜੋਤਿ ਸਰੂਪ ਹੈਂ, ਆਪਣਾ ਮੂਲੁ ਪਛਾਣ ॥ (4)

ਅ) ਕਹੁ ਕਬੀਰ, ਜੇ ਜਾਨੈ ਭੇਉ ॥ ਮਨੁ ਮਧੁਸੂਦਨ[1], ਤ੍ਰਿਭਵਨ ਦੇਉ ॥ (5)

ੲ) ਕਬਹੂ ਜੀਅੜਾ[2] ਊਭਿ ਚੜਤੁ ਹੈ, ਕਬਹੂ ਜਾਇ[3] ਪਇਆਲੇ ॥
ਲੋਭੀ ਜੀਅੜਾ ਥਿਰੁ ਨ ਰਹਤੁ ਹੈ, ਚਾਰੇ ਕੁੰਡਾ ਭਾਲੇ ॥ (6)

ਸ) ਮਨ ਖੁਟਹਰ, ਤੇਰਾ ਨਹੀ ਬਿਸਾਸੁ, ਤੂ ਮਹਾ ਉਦਮਾਦਾ ॥
ਖਰ[4] ਕਾ ਪੈਖਰ ਤਉ ਛੁਟੈ, ਜਉ ਊਪਰ ਲਾਦਾ ॥ (7)

ਵਰਤਮਾਨ ਵਿਗਿਆਨੀ, ਮਨ ਵਿਚ, ਹੋਰ ਤਰ੍ਹਾਂ ਤਰ੍ਹਾਂ ਦੇ ਫੁਰਨਿਆਂ ਤੇ ਸੰਸਕਾਰਾਂ ਦੇ ਨਾਲ ਨਾਲ ਹਉਮੈ (Ego), ਕਾਮ (Sex), ਅਤੇ ਲੋਕਾਚਾਰ (Herd-instinct) ਭਾਵਾਂ ਦਾ ਪ੍ਰਬਲ ਵਾਸਾ

1. ਮਧੁ ਦੈਂਤ ਦੇ ਮਾਰਨ ਵਾਲਾ—ਕ੍ਰਿਸ਼ਨ, ਕਰਤਾਰ। 2. ਉੱਚਾ, ਉੱਪਰ—ਪਰਮ ਸ੍ਰੇਸ਼ਟ ਵਿਚਾਰਾਂ ਵਾਲਾ। 3. ਪਾਤਾਲ—ਨੀਵੀਂ ਅਵਸਥਾ। 4. ਖੋਤੇ ਦੇ ਪੈਰ ਨੂੰ ਪਾਇਆ ਰੱਸਾ।

ਮੰਨਦੇ ਹਨ, ਜੋ ਇਸ ਨੂੰ ਆਪਣੇ ਆਪਣੇ ਪੱਖ ਦੀ ਕਿਰਿਆ ਵਲ ਪ੍ਰੇਰਦੇ ਰਹਿੰਦੇ ਹਨ। ਮਾਨਸਿਕ ਵਿਦਿਆ ਦੇ ਇਹ ਖੋਜੀ ਲਿਖਦੇ ਹਨ ਕਿ, ਮਨੁਖ ਦੇ ਮਨ ਵਿਚ ਸਦਾ ਚਾਉ ਬਣਿਆ ਰਹਿੰਦਾ ਹੈ ਕਿ ਨਾ ਕੇਵਲ ਉਹ ਸਦਾ ਆਪਣੇ ਭਾਈਚਾਰੇ ਵਿਚ ਹੀ ਰਹੇ, ਸਗੋਂ, ਉਸ ਦਾ ਅੰਗ ਵੀ ਬਣੇ। ਇਸ ਲਈ, ਹਰ ਇਕ ਸਾਧਾਰਣ ਮਨੁੱਖ ਲਈ ਉਹ ਰੁਚਨੇ ਮੰਨਣੇ ਜ਼ਰੂਰੀ ਹਨ, ਜੋ ਉਸ ਦੇ ਭਾਈ-ਚਾਰੇ ਵਿਚ ਪੈਦਾ ਹੁੰਦੇ ਹਨ। ਜੇ ਉਹ ਅਜਿਹਾ ਨਾ ਕਰੇ ਤਾਂ, ਉਹ, ਇੱਕ ਐਸਾ ਦੁੱਖ ਅਨੁਭਵ ਕਰਦਾ ਹੈ, ਜਿਹਾ ਕਿ ਉਸ ਨੂੰ ਆਪਣੀ ਬ੍ਰਾਦਰੀ ਤੋਂ ਵੱਖ ਰਖਿਆ ਪ੍ਰਤੀਤ ਹੋਵੇ। ਇਸ ਲਈ, ਇਹ ਖਿਆਲ ਕਿ ਹਰ ਇੱਕ ਮਨੁੱਖ ਦਾ ਮਜ਼੍ਹਬ, ਮੱਤ ਅਥਵਾ ਧਰਮ, ਆਪੋ ਆਪਣਾ ਹੈ, ਡੂੰਘੀ ਪਰਖ ਪੜਤਾਲ ਦੀ ਕਸਵੱਟੀ ਉੱਤੇ ਪੂਰਾ ਨਹੀਂ ਉਤਰਦਾ। ਧਰਮ, ਨਿਰਾ ਦਿਮਾਗੀ ਮਨੌਤ ਤਕ ਹੀ ਸੀਮਤ ਨਹੀਂ ਰਹਿੰਦਾ; ਸਗੋਂ, ਸਾਡੇ ਅਮਲਾਂ ਰਾਹੀਂ ਪ੍ਰਗਟ ਹੁੰਦਾ ਤੇ ਵਰਤਦਾ ਹੈ. ਟੋਲੇ ਵਿੱਚ ਰਹਿੰਦੇ ਮਨੁੱਖ ਦੇ ਕਰਮ, ਟੋਲੇ ਉੱਤੇ ਅਸਰ ਪਾਏ ਤੋਂ ਬਿਨਾ ਨਹੀਂ ਰਹਿ ਸਕਦੇ, ਅਤੇ ਟੋਲੇ ਦੇ ਉਸ ਉਤੇ। (8)

ਜੇ ਮਨੁੱਖ-ਮਨ ਜਿੱਥੇ ਹਉਮੈ-ਸੁਭਾਵ (Ego instinct) ਕਾਰਨ ਭਾਈਚਾਰੇ ਨਾਲੋਂ ਨਿੱਖੜ ਤੇ ਟੁੱਟ ਕੇ ਇਕੱਲ ਕਾਰਨ ਦੁਖੀ ਹੁੰਦਾ ਹੈ, ਉੱਥੇ ਭਾਈਚਾਰਕ ਜੰਤੂ (Social Being) ਹੋਣ ਦੇ ਨਾਤੇ ਸਮਾਜ ਵਿਚ ਵਿਚਰ ਕੇ ਅਨੰਦਤ ਹੁੰਦਾ ਹੈ। ਮਨੁੱਖ ਦੇ ਇਸ ਬੁਨਿਆਦੀ ਸੁਭਾਵ ਦੇ ਆਧਾਰ ਉੱਤੇ ਹੀ ਮਹਾਨ ਪੁਰਸ਼ਾਂ ਨੇ ਸਤਿ ਸੰਗਤ ਦੇ ਸਿਧਾਂਤ ਦੀ ਸਥਾਪਨਾ ਕੀਤੀ ਅਥਵਾ ਬੁਨਿਆਦ ਰੱਖੀ ਹੈ। ਹਾਂ, ਸਿਖ ਗੁਰੂ ਸਾਹਿਬਾਨ ਨੇ ਤਾਂ ਇਸ ਨੂੰ ਮਨੁੱਖ-ਚਲਣ ਦੀ ਘਾੜਤ ਦੇ ਸਫ਼ਰ ਵਿੱਚ, ਇਕ ਮੀਲ-ਪੱਥਰ ਕਰ ਕੇ ਪ੍ਰਵਾਨਿਆ ਹੈ, ਅਤੇ ਵਿਦਵਾਨ ਟੈਨਸਲੇ ਨੇ ਇਸ ਮਨੋ-ਵਿਗਿਆਨਿਕ ਸਿਧਾਂਤ ਦੀ ਉੱਚਤਾ ਤੇ ਪ੍ਰਬਲਤਾ ਨੂੰ, ਸੰਖੇਪ ਵਿੱਚ, ਇਉਂ ਅੰਕਿਤ ਕੀਤਾ ਹੈ :

ੳ) 'ਸੱਚ ਪੁੱਛੋ ਤਾਂ ਮੰਨਣਾ ਪੈਂਦਾ ਹੈ ਕਿ ਟੋਲਿਆਂ ਵਿਚ ਰਹਿਣ ਵਾਲੇ ਜਨੌਰ (ਮਨੁੱਖ, ਪਸ਼ੂ, ਪੰਛੀ ਆਦਿ) ਨੂੰ ਸੁਭਾਵਕ ਪ੍ਰੇਰਨਾ, ਨਾ ਕੇਵਲ ਟੋਲੇ ਵਿਚ ਵਿਚਰਣ ਦੀ ਹੀ ਹੁੰਦੀ ਹੈ; ਸਗੋਂ, ਟੋਲੇ ਦਾ ਇੱਕ ਅੰਗ ਹੋਣ ਦੀ ਵੀ।"

ਅ) "ਪ੍ਰੇਰਨਾ, ਇਕ ਵਿਚਾਰਹੀਨ ਅਮਲ ਹੈ, ਜਿਸ ਦੇ ਅਸਲ ਰੂਪ ਦਾ ਅਜੇ ਪਤਾ ਨਹੀਂ ਲੱਗਾ, ਪਰ ਜਿਸ ਦਾ ਮਾਨਸਿਕ ਜਾਲਾਂ ਦੇ ਬਣਾਉਣ ਤੇ ਬਦਲਣ ਵਿੱਚ ਵੱਡਾ ਹੱਥ ਹੈ। ਭਾਵੇਂ, ਪ੍ਰੇਰਨਾ ਦੇ ਆਰੰਭ ਦੀ ਅਜੇ ਉੱਕੀ ਸਮਝ ਨਹੀਂ ਆਈ, ਪਰ ਮਨੁੱਖੀ ਮਾਮਲਿਆਂ ਵਿਚ, ਇਸ ਦੇ ਤਕੜੇ ਹੱਥ ਦਾ ਸੰਬੰਧ, ਟੋਲੇ ਵਿੱਚ ਰਹਿਣ ਵਾਲੇ ਜਨੌਰ ਦੇ ਅੰਤਹਕਰਣ ਪੁਰ, ਟੋਲੇ ਦੇ ਅਸਰ ਨਾਲ ਹੈ। ਮਨੁੱਖੀ ਅੰਤਹਕਰਣ ਦੀ ਪ੍ਰੇਰਨਾ ਦਾ ਇੱਕ ਤਕੜਾ ਸੋਮਾ ਟੋਲਾ ਹੈ, ਅਤੇ ਟੋਲੇ ਦੀ ਹੀ ਪ੍ਰੇਰਨਾ ਦੁਆਰਾ ਵੱਡੇ ਵੱਡੇ ਮਾਨਸਿਕ ਜਾਲ ਬਣਦੇ ਹਨ, ਜਿਨ੍ਹਾਂ ਦੁਆਰਾ ਮਨੁੱਖ ਦੀਆਂ ਰਾਵਾਂ ਤੇ ਕਰਤੂਤਾਂ ਬਣਦੀਆਂ ਹਨ।" (9)

ਸਤਿ ਸੰਗਤ ਮਨੁੱਖੀ ਜੀਵਨ ਵਿਚ ਕਿਵੇਂ ਤੇ ਕੀ ਤਬਦੀਲੀ ਲਿਆਉਂਦੀ ਹੈ, ਔਗਣਾਂ ਦੀ ਮੈਲ ਨੂੰ ਕੱਟ ਕੇ, ਉਸ ਨੂੰ ਕਿਵੇਂ ਉੱਤਮ ਗੁਣਾਂ ਵਾਲਾ ਸਮਦ੍ਰਿਸ਼ਟਾ ਬਣਾਉਂਦੀ, ਅਤੇ ਹਰ ਪਾਸੇ ਮੈਤਰੀ ਭਾਵ ਪੈਦਾ ਕਰਨ ਦਾ ਮੂਜਬ ਹੁੰਦੀ ਹੈ, ਇਸ ਦੀ ਪੁਸ਼ਟੀ ਗੁਰਬਾਣੀ ਦੇ ਇਹ ਕੁਝ ਕੁ ਪ੍ਰਮਾਣ ਲਾਭਦਾਇਕ ਹੋ ਸਕਦੇ ਹਨ :—

ੳ) ਊਤਮ ਸੰਗਤਿ ਊਤਮੁ ਹੋਵੈ । ਗੁਣ ਕਉ ਧਾਵੈ ਅਵਗੁਣ ਧੋਵੈ । (10)

ਅ) ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧ ਸੰਗਤਿ ਮੋਹਿ ਪਾਈ ॥
ਨਾ ਕੋ ਬੈਰੀ, ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ ॥ (11)

ੲ) ਮੇਰੇ ਮਾਧਉ ਜੀ ! ਸਤ ਸੰਗਤਿ ਮਿਲੇ ਸੁ ਤਰਿਆ ॥ (12)

ਸ) ਪਿੰਗੁਲ ਪਰਬਤ ਪਾਰਿ ਪਰੇ, ਖਲ ਚਤੁਰ ਬਕੀਤਾ ॥
ਅੰਧੁਲੇ ਤ੍ਰਿਭਵਣ ਸੂਝਿਆ, ਗੁਰ ਭੇਟਿ ਪੁਨੀਤਾ ॥1॥
ਮਹਿਮਾ ਸਾਧੂ ਸੰਗ ਕੀ, ਸੁਨਹੁ ਮੇਰੇ ਮੀਤਾ ।
ਮੈਲੁ ਖੋਈ ਕੋਟਿ ਅਘ ਹਰੇ, ਨਿਰਮਲ ਭਏ ਚੀਤਾ ॥13॥

ਸੱਤ ਸੰਗਤ ਦੀ ਅਪਰ ਅਪਾਰ ਮਹਿਮਾ ਬਾਰੇ ਇਹ ਕਿਣਕਾ ਮਾਤ੍ਰ ਕਹਿ ਲੈਣ ਉਪ੍ਰੰਤ, ਕੁਦਰਤੀ ਤੌਰ ਉੱਤੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਮਹਾਨ-ਭਾਵੀ ਅਤੇ ਨੇਕ ਪੁਰਸ਼ਾਂ ਦੀ ਜੋ ਸੰਗਤ, ਮਨੁੱਖ ਨੂੰ ਦੁਬਿਧਾ ਅਥਵਾ ਮਾਇਆ ਦੀ ਮੈਲ ਤੋਂ ਮੁਕਤ ਕਰ ਕੇ, ਸਭ ਦਾ ਮਿੱਤਰ ਤੇ ਸਖਾ ਬਣਾਉਣ ਦੀ ਐਡੀ ਸਮਰੱਥਾ ਰਖਦੀ ਹੈ, ਉਸ ਦਾ ਲੱਛਣ, ਰੂਪ ਰੇਖਾ ਅਤੇ ਪਰਿਭਾਸ਼ਾ ਕੈਸੀ ਹੈ । ਸਾਧਾਰਣ ਟੋਲੇ, ਇਕੱਠ ਜਾਂ ਮਹਿਫ਼ਲ ਨਾਲੋਂ ਉਸ ਵਿਚ ਕੀ ਵਿਸ਼ੇਸ਼ਤਾਈ ਜਾਂ ਭਿੰਨਤਾ ਹੈ ।

ਇਸ ਸੰਬੰਧ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭਾਵ ਥੋੜਿਆਂ ਸ਼ਬਦਾਂ ਤੇ ਭਾਵ-ਪੂਰਤ ਕਥਨ ਹੈ ਕਿ ਜਿਥੇ ਕੇਵਲ ਤੇ ਕੇਵਲ ਨਾਮ ਦੀ ਐਸੀ ਚਰਚਾ ਹੋਵੇ, ਪ੍ਰਮਾਤਮਾ ਦੇ ਗੁਣਾਂ ਦਾ ਐਸਾ ਗਾਇਣ ਹੋਵੇ, ਜਿਸ ਦੁਆਰਾ ਗੁਣੀ (ਜਿਸ ਦੇ ਗੁਣ ਗਾਏ ਜਾਂਦੇ ਹਨ, ਵਾਹਿਗੁਰੂ) ਦੇ ਗੁਣਾਂ ਦਾ, ਗੁਣ ਗਾਉਣ ਵਾਲਿਆਂ ਵਿਚ ਪ੍ਰਵੇਸ਼ ਹੋਵੇ, ਉਸ ਇਕੱਠ ਦਾ ਨਾਮ ਸਤ ਸੰਗਤ ਹੈ, ਸਾਧ-ਸੰਗਤ ਹੈ । ਸ੍ਰੀ ਗੁਰੂ ਅਮਰਦਾਸ ਜੀ, ਇਸ ਮਨੋ-ਵਿਗਿਆਨਿਕ ਸੱਚ ਨੂੰ ਇਉਂ ਸਪਸ਼ਟ ਕਰਦੇ ਹਨ :

''ਸਦਾ ਅਨੰਦਿ ਰਹਹਿ ਦਿਨ ਰਾਤੀ, **ਗੁਣ ਕਹਿ, 'ਗੁਣੀ' ਸਮਾਵਣਿਆ** ॥ (14)

(ਭਾਵਾਰਥ : ਪ੍ਰਭੂ-ਲੋਕ, ਸੰਤ-ਲੋਕ, ਗੁਣੀ (ਵਾਹਿਗੁਰੂ) ਦੇ ਗੁਣ ਗਾਉਂਦੇ (ਸਿਫ਼ਤ ਸਾਲਾਹ ਕਰਦੇ) ਹਨ, ਜਿਸ ਨਾਲ ਪ੍ਰਮਾਤਮਾ ਦੇ ਗੁਣਾਂ ਦਾ ਉਨ੍ਹਾਂ ਵਿਚ ਆ ਪ੍ਰਵੇਸ਼ ਹੁੰਦਾ ਹੈ ਅਤੇ, ਫਲ-ਸਰੂਪ, ਉਹ ਸਦਾ ਅਨੰਦਤ (ਪਰਮ ਸੁਖੀ) ਰਹਿੰਦੇ ਹਨ ।)

ਜਿਸ ਸਤਿਸੰਗ ਵਿਚ ਪ੍ਰਭੂ ਦੇ ਨਾਮ ਦਾ ਜ਼ਿਕਰ ਕਰਨ ਅਤੇ ਗੁਣ ਗਾਉਣ ਨਾਲ, ਉਸ ਵਿਚ ਸਮਾ ਜਾਣ ਦੀ ਸਮਰਥਾ ਪ੍ਰਾਪਤ ਹੁੰਦੀ ਹੈ, ਉਸ ਨਿਰੰਕਾਰੀ ਸਤਿਗੁਰੂ ਜੀ ਦਾ ਅਰਸ਼ੀ ਫ਼ੁਰਮਾਨ ਹੈ :—

"ਸਤ ਸੰਗਤਿ ਕੈਸੀ ਜਾਣੀਐ ? ਜਿਥੈ ਏਕੋ ਨਾਮੁ ਵਖਾਣੀਐ,
ਏਕੋ ਨਾਮੁ ਹੁਕਮੁ ਹੈ, ਨਾਨਕ, ਸਤਿਗੁਰ ਦੀਆ ਬੁਝਾਇ ਜੀਉ ।"(15)

ਉਪਕਾਰੀ ਗੁਰਦੇਵ ਉਪ੍ਰੋਕਤ ਵਾਕ ਵਿਚ ਜਿੱਥੇ, **'ਸਤ ਸੰਗਤਿ'** ਦੀ ਅਤਿ ਸੰਖੇਪ ਅਤੇ ਸਪਸ਼ਟ ਪਰਿਭਾਸ਼ਾ ਦੇਂਦੇ ਹਨ, ਓਥੇ ਇਹ ਵੀ ਦੱਸਣ ਦਾ ਉਪਕਾਰ ਕਰਦੇ ਹਨ ਕਿ 'ਨਾਮ', 'ਰੱਬੀ ਹੁਕਮ' ਹੈ, ਨਾਮ ਧਰਮ ਹੈ, ਸਰਬ-ਵਿਆਪੀ ਨੇਮ (Cosmic Law) ਹੈ, ਅਤੇ ਇਸ ਦੀ ਸਮਝ ਪੈਂਦੀ ਹੈ ਸਤਿਗੁਰੂ ਤੋਂ, ਕਾਮਲ ਮੁਰਸ਼ਦ ਤੋਂ, ਜਿਸ ਦਾ ਇਕ ਸਿਰਾ ਪ੍ਰਮਾਤਮਾ ਨੂੰ ਛੋਹਦਾ ਹੈ, ਅਤੇ ਦੂਜਾ ਸੰਸਾਰੀ ਜੀਵਾਂ ਨੂੰ ।

ਸ੍ਰੀ ਗੁਰੂ ਰਾਮ ਦਾਸ ਜੀ ਏਸੇ ਸੱਚ ਨੂੰ ਇਉਂ ਦਰਸਾਉਂਦੇ ਹਨ :

ੳ) ਸਤ ਸੰਗਤਿ ਹੋਵੀ ਹਰਿ ਤੇਰੀ, ਜਿਤੁ ਹਰਿ ਕੀਰਤਿ (ਜੱਸ) ਹਰਿ ਸੁਣੀਐ ॥(16)

ਅ) ਤਿਤੁ ਜਾਇ ਬਹੁ ਸਤ ਸੰਗਤੀ, ਜਿਥੈ ਹਰਿ ਕਾ ਹਰਿਨਾਮ ਬਿਲੋਈਐ ॥
ਸਹਜੇ ਹੀ ਹਰਿ ਨਾਮੁ ਲੇਹੁ, ਹਰਿ ਤਤੁ ਨ ਖੋਈਐ ॥
ਨਿਤ ਜਪਿਅਹੁ ਹਰਿ ਹਰਿ ਦਿਨਸੁ ਰਾਤਿ, ਹਰਿ ਦਰਗਹਿ ਢੋਈਐ ॥17॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ ਸਿਖ—ਭਾਈ ਨੰਦ ਲਾਲ ਜੀ 'ਗੋਇਆ', ਜਿਨ੍ਹਾਂ ਨੇ, ਨਾ ਕੇਵਲ ਗੁਰ ਸਿੱਖੀ ਦੀ ਇਹ ਰਮਜ਼ ਸਮਝੀ ਤੇ ਕਮਾਈ ਹੀ; ਸਗੋਂ, ਸਰਬੱਤ ਦੇ ਸਦੀਵੀ ਲਾਭ ਲਈ, ਕਲਮ-ਬੰਦ ਕਰਨ ਦਾ ਉਪਕਾਰ ਵੀ ਕੀਤਾ। 'ਦੀਵਾਨਿ ਗੋਯਾ' ਦੀ ਦਸਵੀਂ ਗ਼ਜ਼ਲ ਵਿਚ, ਸਤ ਸੰਗਤ ਦੀ ਸਤਿਗੁਰਾਂ ਵਲੋਂ ਕੀਤੀ ਪਰਿਭਾਸ਼ਾ ਨੂੰ ਇਉਂ ਦ੍ਰਿੜ ਕਰਾਉਂਦੇ ਹਨ :—

"ਦਰਮਿਆਨਿ ਬਜ਼ਮਿ ਮਾ, ਜੁਜ਼ ਜ਼ਿਕਰਿ ਜਾਨਾਨਾ ਨੇਸਤ ।
ਬੇ-ਹਜਾਬ ਆ ਅੰਦਰੀਂ ਮਜਲਸ, ਕਸੇ ਬੇਗਾਨਾ ਨੇਸਤ ।"

(ਭਾਵਾਰਥ—ਐ ਜਗਿਆਸੂ ਜਨ! ਸਾਡੀ (ਗੁਰਸਿੱਖਾਂ ਦੀ) ਮਜਲਸ (ਸੰਗਤ) ਵਿਚ ਪਿਆਰੇ ਪ੍ਰਭੂ ਤੋਂ ਸਿਵਾ ਹੋਰ ਕਿਸੇ ਦਾ ਜ਼ਿਕਰ ਨਹੀਂ ਹੁੰਦਾ। ਇਸ ਲਈ, ਤੂੰ ਖੁਦੀ ਤੇ ਲੋਕ-ਲਾਜ ਦਾ ਘੁੰਡ ਚੁੱਕ ਕੇ, ਬੇਖ਼ਤਰ ਇਸ ਵਿਚ ਪ੍ਰਵੇਸ਼ ਕਰ। ਇਹ ਬੇਗਾਨਿਆਂ ਦਾ ਇਕੱਠ ਨਹੀਂ, ਗੁਰਮੁਖ ਤੇ ਮਹਿਰਮਾਂ ਦੀ ਮਜਲਸ ਹੈ।)

ਗੋਇਆ ਜੀ ਏਸੇ ਨੁਕਤੇ ਦੀ ਵਿਆਖਿਆ ਵਿਚ ਜ਼ਿੰਦਗੀਨਾਮਾ ਦੇ ਸ਼ਿਅਰ ਨੰਬਰ 23, 24 ਤੇ 25 ਦੁਆਰਾ ਸੰਗਤ ਤੇ ਕੁਸੰਗਤਿ ਦਾ ਨਿਰਣਾ ਕਰਦੇ ਹੋਏ ਦਸਦੇ ਹਨ ਕਿ ਉਹੀ ਇਕੱਠ (ਸੰਗਤ) ਮੁਬਾਰਕ ਹੈ, ਜੋ ਬੰਦਗੀ, ਜ਼ਿੰਦਗੀ ਤੇ ਪ੍ਰਭੂ-ਯਾਦ ਲਈ ਜੁੜੇ, ਅਤੇ ਜਿਸ ਦੀ ਬੁਨਿਆਦ ਸੱਚ, ਅਥਵਾ ਸੱਚੇ ਪਾਤਸ਼ਾਹ ਉੱਤੇ ਹੋਵੇ; ਪਰ ਉਹ ਇਕੱਠ (ਹਜੂਮ) ਨਿੰਦਨੀਯ ਹੈ, ਜੋ ਸ਼ੈਤਾਨੀ (ਮੰਦੇ) ਕੰਮਾਂ ਲਈ ਮਿਲ ਬੈਠੇ, ਕਿਉਂਕਿ, ਅੰਤ ਨੂੰ ਦਰਗਹ ਵਿਚ ਐਸੀ ਸੰਗਤਿ ਤੋਂ ਪਛਤਾਵਾ ਤੇ ਪ੍ਰੇਸ਼ਾਨੀ ਤੋਂ ਸਿਵਾ, ਕੁਝ ਪੱਲੇ ਨਹੀਂ ਪੈਂਦਾ :

"ਆਂ ਹਜੂਮਿ ਖੁਸ਼, ਕਿ ਬਹਰੇ ਬੰਦਗੀਸਤ ।
ਆਂ ਹਜੂਮਿ ਖੁਸ਼, ਕਿ ਮਹਜ਼ਿ ਜ਼ਿੰਦਗੀਸਤ ।
ਆਂ ਹਜੂਮਿ ਖੁਸ਼, ਕਿ ਬਹਰਿ ਯਾਦਿ ਉਸਤ ।
ਆਂ ਹਜੂਮਿ ਖੁਸ਼, ਕਿ ਹਕ ਬੁਨਿਆਦਿ ਉਸਤ ।
ਆਂ ਹਜੂਮਿ ਬਦ, ਕਿ ਸ਼ੈਤਾਨੀ ਕੁੰਦਦ ।
ਆਕਬਤ ਅਜ਼ ਵੈ, ਪਸ਼ੇਮਾਨੀ ਕੁੰਦਦ ।"

ਸ਼੍ਰੋਮਣੀ ਭਗਤ, ਕਬੀਰ ਜੀ, ਸਤ ਸੰਗਤਿ ਨੂੰ ਚੰਦਨ ਦੇ ਬੂਟੇ ਨਾਲ ਉਪਮਾ ਦੇ ਕੇ, ਇਸ ਦੇ ਪਰਿਵਰਤਨ-ਬਲ ਨੂੰ ਇਉਂ ਦਰਸਾਉਂਦੇ ਹਨ :—

ਕਬੀਰ, ਚੰਦਨ ਕਾ ਬਿਰਵਾ ਭਲਾ, ਬੇੜ੍ਹਿਓ ਢਾਕ ਪਲਾਸ ।
ਓਇ ਭੀ ਚੰਦਨ ਹੋਇ ਰਹੇ, ਬਸੇ ਜੁ ਚੰਦਨ ਪਾਸ । (18)

ਏਥੇ ਨੋਟ ਕਰਨ ਵਾਲਾ ਨੁਕਤਾ ਇਹ ਹੈ ਕਿ ਸੰਗਤ ਦਾ ਪ੍ਰਭਾਵ ਕੇਵਲ ਜਾਨਦਾਰ ਹੀ ਨਹੀਂ, ਸਗੋਂ ਬਨਸਪਤੀ ਤੇ ਖ਼ਾਕ ਵੀ ਕਬੂਲਦੀ ਹੈ।

ਵੇਖੋ, ਗੁਲਿਸਤਾਂ ਤੇ ਬੋਸਤਾਂ ਜਿਹੀਆਂ ਦਾਨਾਈ-ਭਰਪੂਰ ਤੇ ਸਦਾ ਨਵ-ਰੰਗ ਪੁਸਤਕਾਂ ਦੇ ਰਚਿਤਾ —ਸ਼ੇਖ਼ ਸਾਅਦੀ - ਭਲੀ ਸੰਗਤ ਦੇ ਭਲੇ ਪ੍ਰਭਾਵ ਨੂੰ ਕੈਸੀ ਖ਼ੂਬਸੂਰਤੀ ਨਾਲ ਸਪਸ਼ਟ ਕਰਦੇ ਹਨ :—

"ਗਿਲੇ ਖ਼ੁਸ਼ਬੂਏ, ਦਰ ਹੱਮਾਮ ਰੋਜ਼ੇ। ਰਸੀਦ, ਅਜ਼ ਦਸਤਿ ਮਹਬੂਬੇ, ਬਦਸਤਮ।
ਬਦੋ ਗੁਫ਼ਤਮ ਕਿ ਮੁਸ਼ਕੀ ਯਾ ਅਬੀਰੀ ? ਕਿ ਅਜ਼ ਬੂਏ, ਦਿਲ ਆਵੇਜ਼ਿ ਤੋ ਮਸਤਮ।
ਬ-ਗੁਫ਼ਤਾ, ਮਨ ਗਿਲੇ ਨ ਚੀਜ਼ ਬੂਦਮ। ਵ ਲੇਕਿਨ, ਮੁੱਦਤੇ, ਬਾਗੁਲ ਨਸ਼ਸਤਮ।
ਜਮਾਲਿ ਹਮਨਸ਼ੀਂ, ਦਰ ਮਨ ਅਸਰ ਕਰਦ।
ਵਗਰਨਾ ਮਨ ਹਮਾਂ ਖ਼ਾਕਮ, ਕਿ ਹਸਤਮ ?" (ਪੰ. 19)

(ਭਾਵ—ਇਕ ਦਿਨ ਹੱਮਾਮ (ਨਹਾਉਣ ਵਾਲੇ ਗੁਸਲਖ਼ਾਨੇ) ਵਿਚ ਮਹਬੂਬ (ਪਿਆਰਾ) ਹੱਥੋਂ ਮੇਰੇ ਹੱਥ ਵਿਚ ਕੁਝ ਸੁਗੰਧਤ ਮਿੱਟੀ ਆਈ। ਮੈਂ ਉਸ ਮਿੱਟੀ ਨੂੰ ਕਿਹਾ ਕਿ ਤੂੰ ਕਸਤੂਰੀ ਏਂ ਜਾਂ ਅੰਬਰ, ਜਿਸ ਕਰ ਕੇ ਤੇਰੀ ਇਸ ਦਿਲ ਨੂੰ ਮੋਹ ਲੈਣ ਵਾਲੀ ਸੁਗੰਧੀ ਉੱਤੇ ਮੈਂ ਮਸਤ ਹੋ ਗਿਆ ਹਾਂ ? ਉਸ ਨੇ ਉੱਤਰ ਦਿੱਤਾ ਕਿ "ਮੈਂ ਤਾਂ ਇਕ ਨਾਚੀਜ਼ ਮਿੱਟੀ ਹਾਂ; ਪਰ, ਕਾਫ਼ੀ ਸਮਾਂ ਮੈਂ ਗੁਲਾਬ ਦੇ ਫੁੱਲ ਦੀ ਸੰਗਤਿ ਵਿਚ ਰਹੀ ਹਾਂ। ਸਾਥੀ ਦੇ ਹੁਸਨ (ਸੁਗੰਧੀ ਵਾਲੇ ਗੁਣਾਂ) ਨੇ ਮੇਰੇ ਉੱਤੇ ਅਸਰ ਕਰਕੇ, ਮੈਨੂੰ ਵੀ ਸੁਗੰਧਤ ਕਰ ਦਿੱਤਾ ਹੈ। ਵਰਨਾ, ਮੇਰੀ ਕੀ ਹਸਤੀ ਹੈ; ਮੈਂ ਤਾਂ ਉਹੀ ਨਾਚੀਜ਼ ਮਿੱਟੀ ਦੀ ਮਿੱਟੀ ਹਾਂ।)

ਹੁਣ ਤੱਕ ਹੋਈ ਸੰਖੇਪ ਵਿਚਾਰ ਵਿਚ ਅਸਾਂ ਸਤਿ ਸੰਗਤ, ਸਾਧ ਸੰਗ, ਸੰਤ ਸੰਗ, ਜੋ ਇੱਕੋ ਭਾਵ ਦੇ ਸ਼ਬਦ ਹਨ, ਦੀ ਮਹਿਮਾ ਤੇ ਮਹਾਨਤਾ ਬਿਆਨਣ ਦਾ ਨਮ੍ਰ ਯਤਨ ਕੀਤਾ ਹੈ। ਸਵਾਲ ਹੋ ਸਕਦਾ ਹੈ ਕਿ ਸਾਧਾਰਣ ਸੰਗਤ ਨੂੰ ਸਤਿ ਸੰਗਤ, ਸਾਧ ਸੰਗਤ ਜਾਂ ਸਾਧ ਸੰਗ ਵਿਚ ਬਦਲ ਦੇਣ ਵਾਲੇ ਸੰਤਾਂ, ਸਾਧਾਂ, ਗੁਰਮੁਖਾਂ ਦੇ ਕੀ ਲੱਛਣ ਹਨ ? ਉਹ ਕਿਨ੍ਹਾਂ ਸਿਫ਼ਤਾਂ ਤੇ ਸਦ-ਗੁਣਾਂ ਦੇ ਧਾਰਨੀ ਹੁੰਦੇ ਹਨ ?

ਗੁਰੂ, ਸੰਤ ਜਾਂ ਸਾਧ ਜਨ ਦੇ ਗੁਣ ਵਰਨਣ ਕਰਨ ਤੋਂ ਪਹਿਲਾਂ ਇਹ ਗੱਲ ਸਪਸ਼ਟ ਤੌਰ ਉੱਤੇ ਜਾਨਣੀ ਜ਼ਰੂਰੀ ਹੈ ਕਿ ਸਿੱਖੀ ਵਿਚ ਗੁਰੂ, ਸੰਤ ਤੇ ਸਾਧ ਜਨ, ਇਕ 'ਸਚਿਆਰ' ਜੀਵਨ ਤੇ ਰਹਿਤ ਦੇ ਧਾਰਨੀ ਵਿਅਕਤੀ ਦੇ ਪ੍ਰਤੀਕ ਹਨ, ਕਿਸੇ ਵਿਸ਼ੇਸ਼ ਫ਼ਿਰਕੇ, ਲਿਬਾਸ ਜਾਂ ਸੰਪ੍ਰਦਾਇ ਨਾਲ ਸੰਬੰਧਤ ਨਹੀਂ। ਸੰਪ੍ਰਦਾਇਕਤਾ, ਭੇਖ, ਪਾਖੰਡ ਤੇ ਦੰਭ ਪ੍ਰਪੰਚ ਦਾ ਗੁਰਮਤਿ ਨੇ ਭਰਪੂਰ ਖੰਡਨ ਕੀਤਾ ਹੈ। ਗੁਰਬਾਣੀ ਵਿਚ ਗੁਰੂ, ਗੁਰਮੁਖ, ਸਤਿਗੁਰੂ, ਸੰਤ, ਸਾਧ ਜਾਂ ਗੁਰਸਿਖ ਦੇ ਗੁਣਾਂ ਦਾ ਲੰਮਾਂ ਚੌੜਾ ਬਿਉਰਾ ਦਿੱਤਾ ਗਿਆ ਹੈ, ਜਿਸ ਵਿਚੋਂ ਅੰਸ਼ ਮਾਤ੍ਰ ਵੇਰਵਾ ਦ੍ਰਿਸ਼ਟੀ ਗੋਚਰ ਹੈ :—

ਗੁਰੂ, ਸਤਿਗੁਰੂ :—

ੳ) ਜਿਸੁ ਮਿਲਿਐ ਮਨਿ ਹੋਇ ਅਨੰਦੁ, ਸੋ ਸਤਿਗੁਰੁ ਕਹੀਐ ॥
ਮਨ ਕੀ ਦੁਬਿਧਾ ਬਿਨਸਿ ਜਾਇ, ਹਰਿ ਪਰਮਪਦੁ ਲਹੀਐ ॥(20)

ਅ) ਸਤਿ ਪੁਰਖੁ ਜਿਨਿ ਜਾਨਿਆ, ਸਤਿਗੁਰੁ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ, ਨਾਨਕ ਹਰਿ ਗੁਨ ਗਾਉ ॥(21)

ਸਾਧ, ਸੰਤ :—

ੳ) ਜਿਨਾ ਸਾਸਿ ਗਿਰਾਸਿ ਨ ਵਿਸਰੈ, ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ, ਪੂਰਨੁ ਸੋਈ ਸੰਤੁ ॥ (22)

ਅ) (ਵਾਹਿਗੁਰੂ ਨੂੰ) ਆਠ ਪਹਰ, ਨਿਕਟਿ ਕਰਿ ਜਾਨੈ। ਪ੍ਰਭ ਕਾ ਕੀਆ, ਮੀਠਾ ਮਾਨੈ ।
ਏਕੁ ਨਾਮੁ, ਸੰਤਨ ਆਧਾਰੁ ॥ ਹੋਇ ਰਹੇ ਸਭ ਕੀ, ਪਗ ਛਾਰੁ ॥
ਸੰਤ ਰਹਤ ਸੁਨਹੁ ਮੇਰੇ ਭਾਈ ॥ ਉਆ ਕੀ ਮਹਿਮਾ ਕਥਨੁ ਨ ਜਾਈ ॥ (23)

ੲ) ਸੋਈ ਸੰਤ ਜਿ ਭਾਵੈ ਰਾਮ ॥ ਸੰਤ ਗੋਬਿੰਦ ਕੈ, ਏਕੈ ਕਾਮ ॥ (24)

ਸੋ, ਹੁਣ ਤੱਕ ਹੋਈ ਵੀਚਾਰ ਦਾ ਸਾਰ ਇਹ ਹੈ ਕਿ ਸਤ ਸੰਗਤ ਇਨਸਾਨ ਨੂੰ ਸੱਚਾ ਸੁੱਚਾ ਆਚਾਰ ਦੇਣ ਦੀ ਜ਼ਾਮਨ ਹੈ। ਇਸਦੇ ਮਾਤ੍ਰ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਮਾੜੀ ਸੰਗਤ (ਕੁਸੰਗਤ) ਇਨਸਾਨ ਨੂੰ ਹੈਵਾਨ, ਤੇ ਸ਼ੈਤਾਨ ਵਿਚ ਬਦਲ ਦਿੰਦੀ ਹੈ। ਇਹੀ ਕਾਰਨ ਹੈ ਕਿ ਦਰਦ-ਮੰਦ ਦਿਲ ਰੱਖਣ ਵਾਲੇ, ਮਹਾਂਪੁਰਖਾਂ ਨੇ, ਜਿਥੇ ਮਨੁੱਖ ਨੂੰ ਸਤ ਸੰਗਤ ਕਰਨ ਲਈ ਭਰਪੂਰ ਪ੍ਰੇਰਨਾ ਕੀਤੀ ਹੈ, ਉਥੇ ਕੁਸੰਗਤ ਤੋਂ ਕੋਹਾਂ ਦੂਰ ਭਜ ਜਾਣ ਦੀ ਤਾਕੀਦ ਵੀ। ਭਗਤ ਕਬੀਰ ਨੇ ਤਾਂ ਕੁਸੰਗਤ ਅਥਵਾ ਸਾਕਤ-ਸੰਗ ਨੂੰ ਕਾਲੇ ਬਰਤਨ, ਲਸਣ ਦੀ ਖਾਨ ਜਾਂ ਕੇਲੇ ਕੋਲ ਬੇਰੀ ਦੇ ਹੋਣ ਦੀ ਢੁਕਵੀਂ ਸਾਰਥਿਕ ਉਪਮਾ ਦਿਤੀ ਹੈ। ਆਪ ਜੀ ਦੇ ਅੰਮ੍ਰਿਤ ਬਚਨ ਹਨ :—

ੳ) ਕਬੀਰ, ਸਾਕਤੁ ਐਸਾ ਹੈ, ਜੈਸੀ ਲਸਨ ਕੀ ਖਾਨਿ ॥
ਕੋਨੇ ਬੈਠੇ ਖਾਈਐ, ਪਰਗਟ ਹੋਇ ਨਿਦਾਨਿ ॥ (25)

ਅ) ਕਬੀਰ, ਸਾਕਤ ਸੰਗੁ ਨ ਕੀਜੀਐ, ਦੂਰਹਿ ਜਾਈਐ ਭਾਗਿ ॥
ਬਾਸਨੁ ਕਾਰੋ ਪਰਸੀਐ, ਤਉ ਕਛੁ ਲਾਗੈ ਦਾਗੁ ॥ (26)

ੲ) ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥
ਉਹ ਝੂਲੈ ਉਹ ਚੀਰੀਐ, ਸਾਕਤ ਸੰਗੁ ਨ ਹੇਰਿ ॥ (27)

'ਸਤ ਸੰਗ' ਤੇ 'ਕੁਸੰਗ' ਬਾਰੇ, ਰਾਜੇ ਨੌਲ ਨਾਲ ਸੰਬੰਧਤ ਇਕ ਬੜੀ ਸਿਖਿਆਦਾਇਕ ਕਥਾ ਹੈ : ਰਾਜਾ ਨੌਲ ਜਦ ਪ੍ਰਲੋਕ ਗਮਨ ਉਪ੍ਰੰਤ 'ਧਰਮ ਰਾਜ' ਪਾਸ ਗਿਆ ਹੈ, ਤਾਂ ਉਸ ਨੇ ਪੁਛਿਆ ਕਿ ਕੀ ਉਹ ਬੁਰੇ ਬੰਦਿਆਂ ਨਾਲ ਸੁਰਗ ਜਾਣਾ ਪਸੰਦ ਕਰੇਗਾ, ਕਿ ਨੇਕ ਪੁਰਸ਼ਾਂ ਨਾਲ ਨਰਕ ਵਿਚ। ਰਾਜੇ ਨੌਲ ਨੇ ਉੱਤਰ ਦਿਤਾ ਕਿ ਉਹ ਨੇਕ ਪੁਰਸ਼ਾਂ ਦੇ ਸੰਗ ਨਰਕ ਵਿਚ ਜਾਣ ਨੂੰ ਤਰਜੀਹ ਦੇਵੇਗਾ, ਕਿਉਂਕਿ ਬੁਰੇ ਬੰਦੇ ਸੁਰਗ ਨੂੰ ਵੀ ਨਰਕ ਬਣਾ ਦੇਣਗੇ, ਜਦਕਿ ਨੇਕ ਇਨਸਾਨ ਆਪਣੀ ਪਵਿੱਤਰ ਛੁਹ ਨਾਲ ਨਰਕ ਨੂੰ ਵੀ ਸਵਰਗ ਵਿਚ ਬਦਲ ਦੇਣਗੇ।

ਸ੍ਰੀ ਗੁਰੂ ਅਰਜਨ ਦੇਵ ਜੀ ਅਨੁਸਾਰ, ਜਿਸ ਸਭਾ, ਸੰਗਤ ਵਿਚ ਪ੍ਰਭੂ ਦਾ ਜੱਸ ਅਥਵਾ ਨਾਮ ਦਾ ਜਿਥੇ ਉਚਾਰਣ ਹੁੰਦਾ ਹੈ ਉਹੀ ਥਾਂ ਸੁਰਗ ਹੈ, ਬੈਕੁੰਠ ਹੈ। ਆਪ ਜੀ ਦਾ ਫੁਰਮਾਨ ਹੈ :

ੳ) ਤਹਾਂ ਬੈਕੁੰਠ ਜਹ ਕੀਰਤਨੁ ਤੇਰਾ, ਤੂ ਆਪੇ ਸਰਧਾ ਲਾਇਹਿ ॥ (28)

ਅ) ਤਹ ਬੈਕੁੰਠ ਜਹ ਨਾਮ ਉਚਰਹਿ ॥ (29)

ਕਬੀਰ ਜੀ ਵੀ, ਕਲਪਤ ਸੁਰਗ ਦੀ ਥਾਂ, ਸਾਧ ਸੰਗਤ ਨੂੰ ਹੀ ਬੈਕੁੰਠ ਮੰਨਦੇ ਹਨ :

ਕਹੁ ਕਬੀਰ ਇਹੁ ਕਹੀਐ ਕਾਹਿ ॥ **ਸਾਧ ਸੰਗਤਿ ਬੈਕੁੰਠੈ ਆਹਿ** ॥ (30)

ਉਪ੍ਰੋਕਤ ਵੀਚਾਰ ਦਾ ਸਮੁਚਾ ਭਾਵ ਇਹ ਹੈ ਕਿ ਮਨੁੱਖ ਇਕ ਸਮਾਜਕ ਜੀਵ (Social Being) ਹੈ। ਇਹ ਚਾਹੇ, ਜਾਂ ਨ ਚਾਹੇ, ਸਾਥੀਆਂ ਦੀ ਚੰਗੀ ਮਾੜੀ ਸੰਗਤ ਦਾ ਪ੍ਰਭਾਵ ਇਹ ਅਵੱਸ਼ ਕਬੂਲਦਾ ਹੈ। ਕਬੀਰ ਸਾਹਿਬ ਇਸ ਹਕੀਕਤ ਨੂੰ, ਆਪਣੇ ਅੰਦਾਜ਼ ਵਿਚ, ਇਉਂ ਬਿਆਨ ਕਰਦੇ ਹਨ :—

ਕਬੀਰ, ਮਨੁ ਪੰਖੀ ਭਇਓ, ਉਡਿ, ਉਡਿ ਦਹਦਿਸ ਜਾਇ॥
ਜੋ ਜੈਸੀ ਸੰਗਤਿ ਮਿਲੈ, ਸੋ ਤੈਸਾ ਫਲੁ ਖਾਇ ॥ (31)

ਭਾਈ ਗੁਰਦਾਸ ਜੀ, ਇਕ ਭ੍ਰਿੰਗੀ ਦੀ ਉਦਾਹਰਣ ਦੇ ਕੇ ਸੰਗਤ ਦੀ ਪ੍ਰਭਾਵੀ ਸ਼ਕਤੀ ਨੂੰ ਬਿਆਨ ਕਰਦੇ ਹੋਏ ਦਸਦੇ ਹਨ ਕਿ ਭ੍ਰਿੰਗੀ ਦਾ ਆਪਣਾ ਕੋਈ ਬੱਚਾ ਨਹੀਂ ਹੁੰਦਾ। ਉਹ ਇਕ ਖਾਸ ਕਿਸਮ ਦੀ ਕੀੜੀ ਨੂੰ ਆਪਣੇ ਘਰੌਂਡੇ (ਘਰ) ਵਿਚ ਲਿਜਾ ਕੇ, ਉਸ ਦੇ ਗਿਰਦ ਭਿੰਨੀ ਭੌਂ, ਭੌਂ ਕਰਦਾ ਹੈ ਕਿ ਉਹ ਕੀੜਾ, ਆਖਰ ਨੂੰ, ਭ੍ਰਿੰਗੀ ਬਣ ਜਾਂਦੀ ਹੈ :

'ਕੀੜੀ ਨਿਕੜੀ ਚਲਿਤ ਕਰ, ਭ੍ਰਿੰਗੀ ਨੂੰ ਮਿਲਿ ਭ੍ਰਿੰਗੀ ਹੋਵੈ ॥ (32)

ਅੰਗਰੇਜ਼ੀ ਵਿਚ ਸੰਗਤ ਦੇ ਸੰਬੰਧ ਵਿਚ ਇਕ ਬੜਾ ਭਾਵ-ਪੂਰਤ ਕਥਨ ਪ੍ਰਚੱਲਤ ਹੈ :

A man is known by the Company he keeps.
(ਆਦਮੀ ਆਪਣੀ ਸੁਹਬਤ ਤੋਂ ਪਛਾਣਿਆ ਜਾਂਦਾ ਹੈ)

ਜਰਮਨੀ ਦੇ ਮਹਾਨ ਫਿਲਾਸਫਰ, ਗੇਟਿਟੇ ਦਾ ਵਡ-ਮੁੱਲਾ ਕਥਨ ਹੈ ਕਿ "ਮੈਨੂੰ ਇਹ ਦਸ ਦਿਉ ਕਿ ਤੁਸੀਂ ਕਿਨ੍ਹਾਂ ਲੋਕਾਂ ਵਿਚ ਬੈਠਦੇ, ਉਠਦੇ ਤੇ ਵਿਚਰਦੇ ਹੋ, ਤੇ ਮੈਂ ਤੁਹਾਨੂੰ ਇਹ ਦਸ ਦਿਆਂਗਾ ਕਿ ਤੁਸੀਂ ਕੌਣ ਹੋ, ਕੈਸੇ ਹੋ ? ਕਥਨ ਹੈ :—

Tell me with whom thou art found, and I will tell thee, who thou art. (Goethe)

ਇਸੇ ਹਕੀਕਤ ਨੂੰ ਵਿਦਵਾਨ ਹੋਰੇਸ ਇਉਂ ਬਿਆਨਦਾ ਹੈ :—

People will in great degree, and not without reason, form their opinion of you, by that they have about your friends, as says the Spanish proverb, "Tell me with whom you live, I will tell you who you are." (Horace)

(**ਭਾਵਾਰਥ—ਲੋਕ, ਵੱਡੀ ਹੱਦ ਤਕ, ਤੇ ਇਹ ਅਕਾਰਣ ਨਹੀਂ, ਤੁਹਾਡੇ ਬਾਰੇ ਉਹੀ ਰਾਏ ਬਣਾਉਣਗੇ, ਜੋ ਉਹਨਾਂ ਦੀ ਤੁਹਾਡੇ ਮਿੱਤਰਾਂ ਦੋਸਤਾਂ ਬਾਰੇ ਹੈ; ਜਿਵੇਂ ਕਿ ਅਖਾਉਤ ਹੈ : ਮੈਨੂੰ ਇਹ ਦਸ ਦਿਉ ਕਿ ਤੁਸੀਂ ਕਿਨ੍ਹਾਂ ਲੋਕਾਂ ਨਾਲ ਰਹਿੰਦੇ ਹੋ, ਤੇ ਮੈਂ ਤੁਹਾਨੂੰ ਇਹ ਦਸ ਦਿਆਂਗਾ ਕਿ ਤੁਸੀਂ ਕੌਣ ਹੋ।**)

ਸੰਗਤ ਅਥਵਾ ਨੇਕੀ ਬਦੀ ਦੇ ਸੰਬੰਧ ਵਿਚ ਇਹ ਨੁਕਤਾ ਵੀ ਚੇਤੇ ਰੱਖਣ ਯੋਗ ਹੈ ਕਿ ਉੱਤਮ ਸੰਗਤ ਵਿਚ ਚੰਗਿਆਈ ਨੂੰ ਗ੍ਰਹਿਣ ਕਰਨਾ ਇਉਂ ਹੈ ਜਿਵੇਂ ਪਰਬਤ ਦੀ ਚੋਟੀ ਉਤੇ ਔਖਿਆਈ ਨਾਲ ਚੜ੍ਹਨਾ; ਪ੍ਰੰਤੂ ਮਾੜੇ ਪ੍ਰਭਾਵ ਹੇਠ, ਨੀਵਤਾ ਵਲ ਗਿਰਨਾ, ਪਹਾੜ ਦੀ ਲਹਾਈ ਸਮਾਨ ਸੌਖਾ ਹੈ। ਇਹੀ ਕਾਰਨ ਹੈ ਵਰ੍ਹਿਆਂ ਬੱਧੀ ਤਪੱਸਿਆ ਦੁਆਰਾ ਮਨ ਸਾਧਨ ਵਾਲੇ ਰਿਸ਼ੀ ਮੁਨੀ, ਕੁਸੰਗਤ ਕਾਰਨ ਚਲਣ-ਹੀਨਤਾ ਦੀ ਖੱਡ ਵਿਚ ਡਿਗਦੇ, ਇਕ ਪਲ ਵੀ ਨਹੀਂ ਲਾਉਂਦੇ।

ਵਿਦਵਾਨ ਕੋਲਟਨ (Colton) ਇਸ ਸੱਚਾਈ ਨੂੰ ਇਉਂ ਅੰਕਿਤ ਕਰਦਾ ਹੈ :—

No company is far preferable to bad; because we are more apt to catch vice of others than their virtues, as disease is more contagious than health.

(ਭਾਵਾਰਥ : "ਕਿਸੇ ਇਕ ਸੰਗਤ ਨੂੰ, ਬੁਰੀ ਨਾਲੋਂ ਬਹੁਤੀ ਤਰਜੀਹ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਅਸੀਂ ਦੂਜਿਆਂ ਦੀਆਂ ਚੰਗਿਆਈਆਂ ਨਾਲੋਂ ਬੁਰਿਆਈਆਂ ਵੱਲ ਛੇਤੀ ਪ੍ਰੇਰਿਤ ਹੁੰਦੇ ਹਾਂ, ਜਿਵੇਂ ਸਿਹਤ ਨਾਲੋਂ ਬੀਮਾਰੀ ਦੀ ਛੂਤ ਛੇਤੀ ਚੰਬੜਦੀ ਹੈ।")

ਸੰਗਤ ਦੇ ਪ੍ਰਭਾਵ ਦਾ ਇਹ ਆਲਮ ਹੈ ਕਿ ਜੇ ਕਿਤੇ ਮਨੁੱਖ ਦਾ ਬੱਚਾ ਆਰੰਭ ਤੋਂ ਹੀ ਜੰਗਲੀ ਜਾਨਵਰਾਂ ਵਿਚ ਪਲੇ, ਤਾਂ ਉਹ ਉਹਨਾਂ ਦੀ ਹੀ ਬੋਲੀ ਤੇ ਆਦਤਾਂ ਸਿੱਖ ਜਾਵੇਗਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਤ ਸੰਗਤ ਦੇ ਭਾਰੀ ਪ੍ਰਭਾਵ ਨੂੰ 'ਜਪੁ ਜੀ' ਦੀਆਂ 'ਸੁਣਿਐ' ਦੀਆਂ ਚੋਹਾਂ ਪੌੜੀਆਂ ਵਿਚ ਦਰਸਾਉਣ ਦਾ ਉਪਕਾਰ ਕੀਤਾ ਹੈ। ਸੱਚ ਤਾਂ ਇਹ ਹੈ ਕਿ ਮਨੁੱਖ ਸੰਗਤ ਵਿਚ ਜਾ ਕੇ ਵੀ ਉਹੀ ਕੁਝ ਸੁਣਦਾ ਹੈ, ਜੋ ਉਸ ਦੇ ਮਨ ਦੀ ਰੁਚੀ ਨਾਲ ਮੇਲ ਖਾਂਦਾ ਹੈ। ਇਕ ਵਿਦਵਾਨ ਲਿਖਾਰੀ ਨੇ ਇਸ ਮਨੋਵਿਗਿਆਨਿਕ ਸਿਧਾਂਤ ਦੀ ਪੁਸ਼ਟੀ ਵਿਚ ਇਹ ਵਿਚਾਰ ਪ੍ਰਗਟ ਕੀਤੇ ਹਨ :—

What is dangerous to be convinced of, it is dangerous to hear; for, our ears are so much of a machine that it becomes impossible to resist, when once they are perpetually assailed.

(ਭਾਵ—ਜਿਹੜਾ ਮੰਨਣਾ ਖਤਰਨਾਕ ਹੈ, ਉਹ ਸੁਨਣਾ ਹੀ ਖਤਰਨਾਕ ਹੈ; ਕਿਉਂਕਿ, ਸਾਡੇ ਕੰਨ ਮਸ਼ੀਨ ਵਾਂਗ ਕੁਝ ਇਸ ਤਰ੍ਹਾਂ ਦੇ ਬਣੇ ਹੋਏ ਹਨ ਕਿ ਜਦੋਂ ਕੋਈ ਗੱਲ ਬਾਰ ਬਾਰ ਇਹਨਾਂ ਵਿਚ ਪਾਈ ਜਾਵੇ, ਤਦ ਇਹਨਾਂ ਲਈ ਉਸ ਗੱਲ ਦੇ ਅਸਰ ਤੋਂ ਨਿਰਲੇਪ ਰਹਿਣਾ ਅਸੰਭਵ ਹੈ।)

ਜੇ ਸੰਗਤ ਦੀ ਪ੍ਰਭਾਵੀ ਸ਼ਕਤੀ ਨੂੰ ਡੂੰਘਾਈ ਤੇ ਗਹਿਨਤਾ ਨਾਲ ਵੇਖੀਏ, ਵਿਚਾਰੀਏ ਤਾਂ ਇਸ ਦੀ ਪਹੁੰਚ ਤੇ ਮਾਰ ਤੋਂ ਜੀਵਨ ਦਾ ਕੋਈ ਵਿਰਲਾ ਪੱਖ ਹੀ ਬਚਦਾ ਦਿਸਦਾ ਹੈ। ਸੰਸਕਾਰਾਂ ਦੀ ਸੰਗਤ ਦੇ ਪ੍ਰਬਲ ਪ੍ਰਭਾਵ ਹੇਠ ਅਸੀਂ ਵੈਸੀ ਹੀ ਮਨੌਤ, ਸੁਭਾਅ ਤੇ ਕਿਰਤ ਦੇ ਧਾਰਨੀ ਬਣ ਰਹਿੰਦੇ ਹਨ, ਜੈਸੇ ਸਾਡੇ ਸੰਸਕਾਰ। ਸਾਨੂੰ ਐਸੀਆਂ ਮਨੌਤਾਂ ਮੰਨਣ ਤੇ ਇਹਨਾਂ ਦੀ ਅਸਲੀਅਤ ਨੂੰ ਜਾਨਣ ਤੇ ਪਰਖਣ ਪੜਚੋਲਣ ਦਾ ਬਹੁਤ ਘੱਟ ਅਵਸਰ ਪ੍ਰਾਪਤ ਹੁੰਦਾ, ਅਥਵਾ ਦਿਤਾ ਜਾਂਦਾ ਹੈ। ਮਾਂ ਨੇ ਰੋਟੀਆਂ ਪਕਾਉਣ ਤੋਂ ਪਹਿਲਾਂ ਭੇਣ ਦਾ ਆਟਾ ਤੋੜਿਆ ਸੀ, ਤੇ ਧੀ, ਇਸ ਰੀਤ ਨੂੰ, ਪੁਸ਼ਤ ਦਰ ਪੁਸ਼ਤ, ਅਗੇ ਤੋਰੀ ਜਾਂਦੀ ਹੈ। ਅਜੇਹਾ ਕਰਨ ਦਾ ਕਾਰਨ ਨਾ ਮਾਂ ਨੇ ਪੁਛਿਆ ਤੇ ਜਾਣਿਆ ਸੀ, ਅਤੇ ਨਾ ਹੀ ਧੀ ਨੇ ਸੰਦੇਹ ਕਰ ਕੇ ਪੁੱਛਣਾ ਤੇ ਜਾਨਣਾ ਉਚਿਤ ਜਾਤਾ ਹੈ।

ਅਰਬਾਂ ਲੋਕਾਂ ਨੇ ਹੁਣ ਤਕ ਸੰਗਤ ਅਥਵਾ ਸੰਸਕਾਰਾਂ ਦੇ ਪ੍ਰਭਾਵ ਹੇਠ ਇਹ ਮੰਨ ਲਿਆ ਹੈ, ਤੇ ਅੱਗੇ ਨੂੰ ਜੁੱਗਾਂ ਤੱਕ ਮੰਨੀ ਜਾਣਾ ਹੈ ਕਿ ਮੰਦਰ ਵਿਚ ਬੁੱਤਘਾੜੇ ਦੀ ਤਰਾਸ਼ੀ ਹੋਈ ਮੂਰਤੀ, ਭਗਵਾਨ ਦੀ ਮੂਰਤੀ ਹੈ, ਭਗਵਾਨ ਹੈ, ਅਤੇ ਕਦੀ ਵੀ ਸ਼ਾਇਰ ਦੇ ਇਸ ਸ਼ੇਅਰ ਦੇ ਰਹੱਸ ਨੂੰ ਨਹੀਂ ਸਮਝਣਾ :—

"ਮੇਰੇ ਹਾਥੋਂ ਕੇ ਤ੍ਰਾਸ਼ੇ ਹੁਏ ਪੱਥਰ ਕੇ ਸਨਮ ! ਅਬ ਤੂ ਬੁਤਖਾਨੇ ਮੇਂ ਭਗਵਾਨ ਬਨਾ ਬੈਠਾ ਹੈ ?"

ਜ਼ਰਾ ਸੋਚੋ, ਮਨੁੱਖ ਅਥਵਾ ਕਰਤੇ ਦੀ ਬਣਾਈ ਹੋਈ ਮੂਰਤੀ ਅਥਵਾ ਹੋਰ ਰਚਨਾ ਉਸ ਨਾਲੋਂ ਵੱਡੀ ਕਿਵੇਂ ਹੋ ਸਕਦੀ ਹੈ ? ਮੋਮਨ (ਮੁਸਲਮਾਨ) ਨੇ ਬਚਪਨ ਤੋਂ ਪ੍ਰਾਪਤ ਸੰਸਕਾਰਾਂ ਦੀ ਸੰਗਤ ਦੇ ਆਧਾਰ ਉਤੇ ਨਿਸਚੇ ਕਰ ਕੇ ਮੰਨ ਲਿਆ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਦਾ ਪੈਰੋਕਾਰ ਹੋ ਜਾਣ ਉਤੇ ਕਲਮਾਂ ਤੇ ਨਮਾਜ਼ ਪੜ੍ਹ ਲੈਣ ਨਾਲ, ਰੋਜ਼ਾ ਰੱਖਣ, ਜ਼ਕਾਤ ਦੇਣ ਅਤੇ ਜਹਾਦ ਵਿਚ ਸ਼ਾਮਲ ਹੋਣ ਨਾਲ) ਰੋਜ਼ ਮਹਸ਼ਰ (ਕਿਆਮਤ ਦੇ ਦਿਨ) ਨੂੰ ਜਦ ਕਬਰਾਂ ਵਿਚ, ਸਦੀਆਂ ਤੋਂ ਦਫਨ ਹੋਏ ਮੁਰਦੇ ਵੀ ਜੀਊ ਉੱਠਣਗੇ ਤਾਂ ਮੋਮਨਾਂ ਨੂੰ ਬਹਿਸ਼ਤ ਵਿਚ ਹੂਰਾਂ ਅਤੇ ਤੂਬਾ (ਕਲਪ ਬ੍ਰਿਛ) ਰੁੱਖ ਦੀ ਬਰਕਤ ਨਾਲ ਹੋਰ ਹਰ ਪ੍ਰਕਾਰ ਦੀਆਂ ਨੇਅਮਤਾਂ ਹਾਸਲ ਹੋਣਗੀਆਂ । ਕਿਸੇ ਨੂੰ ਇਸਲਾਮ ਵਿਚ ਲਿਆਉਣਾ, ਜਾਂ ਹੋਰ ਕਿਸੇ ਵੀ ਢੰਗ ਨਾਲ ਉਸ ਨੂੰ ਕੁਫ਼ਰ ਜਾਂ "ਖ਼ੁਦਾ ਦੀ ਸ਼ਿਰਕ" ਤੋਂ ਰੋਕਣਾ ਸਭ ਤੋਂ ਵੱਡਾ ਸਵਾਬ (ਪੁੰਨ) ਹੈ ।

ਦਿਨ ਰਾਤ ਦੇ ਉਪਦੇਸ਼ ਦੀ ਸੰਗਤ ਦੇ ਬਲਬੋਤੇ ਈਸਾਈ ਇਹ ਮੰਨੀ ਬੈਠੇ ਹਨ ਕਿ ਯਸੂਹ ਮਸੀਹ ਤੋਂ ਸਿਵਾ, ਰੱਬ ਦੇ ਸਾਰੇ ਬੰਦੇ, ਆਦਮ ਦੀ ਔਲਾਦ ਹੋਣ ਦੇ ਨਾਤੇ, ਗੁਨਹਗਾਰ ਹਨ । ਜੇ ਇਹ ਆਪਣਾ ਇਮਾਨ ਹਜ਼ਰਤ ਈਸਾ ਉੱਪਰ ਲੈ ਆਉਣ, ਤਾਂ ਉਹ ਇਹਨਾਂ ਦੇ ਸਾਰੇ ਗੁਨਾਹ ਆਪਣੇ ਮੋਢਿਆਂ ਉਤੇ ਲੈ ਲੈਣਗੇ ਤੇ ਉਹਨਾਂ ਨੂੰ ਸਦਾ ਲਈ ਜੰਨਤ ਨਸੀਬ ਹੋਵੇਗੀ ।

ਹਾਂ, ਇਕ ਸਤਿਗੁਰੂ ਨਾਨਕ ਨਿਰੰਕਾਰੀ ਜ਼ਰੂਰ ਲਲਕਾਰ ਕੇ ਆਖਦਾ ਹੈ ਕਿ ਰੱਬੀ ਦਰਗਾਹ ਵਿਚ ਬੇਸਮਝੀ ਦੇ ਤੇ ਮਨਮੁਖੀ ਸੰਸਕਾਰਾਂ ਦੀ ਸੰਗਤ ਅਧੀਨ ਬਣੇ ਵਿਚਾਰਾਂ ਆਸਰੇ ਕੀਤੇ ਕਿਰਦਾਰ ਦੀ ਕੋਈ ਪੁੱਛ ਪ੍ਰਤੀਤ ਨਹੀਂ । ਪਹਿਲਾਂ, ਵਸਤ ਦੀ ਕਦਰੋ-ਕੀਮਤ ਤੇ ਅਸਲੀਅਤ ਨੂੰ ਜਾਣੋ ਤੇ ਫੇਰ ਮੰਨੋ ਤੇ ਵਿਸ਼ਵਾਸ ਕਰੋ । ਵਾਹਿਗੁਰੂ ਦੀ ਦਰਗਾਹ ਵਿਚ ਹਰੇਕ ਇਨਸਾਨ ਦਾ ਲੇਖਾ ਹੋਵੇਗਾ ਅਤੇ ਕਰਨੀ ਅਥਵਾ ਸੱਚੇ ਆਚਾਰ ਤੋਂ ਬਿਨਾਂ, ਕੋਈ ਨਹੀਂ ਬਖਸ਼ਿਆ ਜਾਵੇਗਾ । ਹਿੰਦੂ, ਮੁਸਲਮਾਨ ਹੋਣ ਦੇ ਨਾਤੇ ਕਿਸੇ ਦਾ ਲਿਹਾਜ਼ ਨਹੀਂ ਹੋਵੇਗਾ । ਉਥੇ ਨਬੇੜੇ ਅਮਲਾਂ ਉੱਤੇ ਹੋਣਗੇ । ਨਿਰੰਕਾਰੀ ਸਤਿਗੁਰੂ ਜੀ ਦੇ ਬੇਅੰਤ ਬਚਨਾਂ ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਰਤੀਬਵਾਰ ਪੰਨਾ 952 ਤੇ ਪੰਨਾ 1410 ਉਤੇ ਅੰਕਿਤ, ਅਮੋਲ ਇਹ ਬਚਨ ਇਸ ਨੁਕਤੇ ਨੂੰ ਇਵੇਂ ਸਪਸ਼ਟ ਕਰਦੇ ਹਨ :—

ੳ) ਏਥੈ ਜਾਣੈ ਸੁ ਜਾਇ ਸਿਞਾਣੈ ॥ ਹੋਰੁ ਫਕੜੁ ਹਿੰਦੂ ਮੁਸਲਮਾਣੈ ॥
ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ ॥

ਅ) ਸੁਣਿ ਮੁੰਧੇ ਹਰਣਾਖੀਏ, ਗੂੜ ਵੈਣ ਅਪਾਰੁ ॥
ਪਹਿਲਾਂ ਵਸਤੁ ਸਿਞਾਣਿਕੈ, ਤਾਂ ਕੀਚੈ ਵਾਪਾਰੁ ॥

ਇਹੀ ਕਾਰਨ ਹੈ ਕਿ ਸਤਿਗੁਰਾਂ ਨੇ, ਸਤ ਸੰਗਤ ਰਾਹੀਂ ਪ੍ਰਾਪਤ ਸਿਖਿਆ, ਗਿਆਨ ਨੂੰ

ਪਹਿਲਾਂ ਘੋਖਣ, ਜਾਨਣ ਤੇ ਫੇਰ ਮੰਨਣ ਦੀ ਭਰਪੂਰ ਤਾਕੀਦ ਕੀਤੀ ਹੈ। ਅਮਲ ਤਾਂ ਇਸ ਤੋਂ ਬਾਅਦ ਦੀ ਗੱਲ ਹੈ।

ਸਿੱਟੇ ਦੀ ਗੱਲ ਇਹ ਹੈ ਕਿ ਆਦਮੀ ਸੰਗਤ ਦੀ ਉਪਜ ਹੈ। ਜਿਸ ਪ੍ਰਕਾਰ ਦੇ ਖਿਆਲਾਂ ਨੂੰ ਉਹ ਦਿਨ ਰਾਤ ਚਿਤਵੇਗਾ, ਉਸੇ ਤਰ੍ਹਾਂ ਦੇ ਉਹ ਕਰਮ ਕਰੇਗਾ, ਅਤੇ ਇਹ ਵਾਦੀ, ਸਮਾਂ ਪਾ ਕੇ, ਉਸ ਦੀ ਫ਼ਿਤਰਤ (ਮੁੱਢਲਾ ਸੁਭਾ) ਬਣ ਜਾਵੇਗੀ। ਫੇਰ, ਇਸ ਚੱਕਰ ਵਿਚੋਂ ਨਿਕਲਣਾ ਮਹਾਨ ਮੁਸ਼ਕਲ ਹੋ ਜਾਵੇਗਾ।

ਸੱਤ ਸੰਗਤ ਦੇ ਸੰਬੰਧ ਵਿਚ ਇਹ ਵੀ ਚੇਤੇ ਰੱਖਣਾ ਹੈ ਕਿ ਕੇਵਲ ਧਰਮ-ਅਸਥਾਨਾਂ ਜਾਂ ਵੱਡੇ ਧਾਰਮਿਕ ਇਕੱਠਾਂ ਵਿਚ ਬੈਠਣਾ ਹੀ ਸੱਤ-ਸੰਗ ਨਹੀਂ; ਸਗੋਂ, ਗੁਰਬਾਣੀ ਤੇ ਸ੍ਰੇਸ਼ਟ ਪੁਸਤਕਾਂ ਆਦਿ ਵਾਚਣਾ, ਵਿਚਾਰਨਾ ਜਾਂ ਪਰਿਵਾਰ ਵਿਚ ਬੈਠ ਕੇ ਗੁਰਮਤਿ-ਵਿਚਾਰਾਂ ਨੂੰ ਕਹਿਣਾ ਜਾਂ ਸੁਨਣਾ ਵੀ ਸੱਤ ਦਾ ਹੀ ਸੰਗ ਹੈ। ਭਾਈ ਗੁਰਦਾਸ ਜੀ ਤਾਂ ਦੋ ਵਿਅਕਤੀਆਂ ਦੇ ਸ਼ੁਭ ਸੰਗ ਨੂੰ ਵੀ ਸਤ ਸੰਗਤ ਕਰ ਕੇ ਜਾਣਦੇ ਹਨ, ਜਿਵੇਂ:

"ਇਕ ਸਿਖ, ਦੁਇ ਸਾਧ ਸੰਗ, ਪੰਜੀਂ ਪ੍ਰਮੇਸਰ ॥ (36)

ਸੰਗਤ ਦੇ ਸੰਬੰਧ ਵਿਚ ਇਕ ਗੱਲ ਹੋਰ: ਅਸੀਂ ਵੇਖਦੇ ਹਾਂ ਕਿ ਕਈ ਵਿਅਕਤੀ ਤੇਲੀ ਦੀ ਖੰਨਲੀ ਵਾਂਗ ਕਾਲੇ ਕਰਮਾਂ ਦੇ ਕਾਰਨ ਏਨੇ ਥਿੰਦੇ, ਮੈਲੇ ਤੇ ਸਿਆਹ ਹੋ ਜਾਂਦੇ ਹਨ ਕਿ ਕੋਰੜੂ ਮੋਠ ਸਮਾਨ ਸਤ ਸੰਗਤ ਵਿਚ ਹਾਜ਼ਰੀ ਭਰ ਕੇ ਵੀ ਆਪਣਾ ਮਾੜਾ ਤੇ ਦੁਸ਼ਟ ਸੁਭਾਵ ਨਹੀਂ ਤਿਆਗਦੇ ਉਹ ਪੱਥਰ ਵਾਂਗ ਪਾਣੀ ਵਿਚ ਰਹਿ ਕੇ ਵੀ ਅਭਿੱਜ ਰਹਿੰਦੇ ਹਨ। ਉਹ ਤੀਰਥਾਂ ਕੰਢੇ ਖਲੋਤੇ, ਬਗਲੇ ਸਮਾਨ, ਸਤ ਸੰਗਤ ਵਿਚੋਂ ਵੀ ਕੁਕਰਮਾਂ ਤੇ ਮੰਦ-ਵਾਸ਼ਨਾਵਾਂ ਦੀਆਂ ਛੋਟੀਆਂ ਮੱਛੀਆਂ ਦੀ ਤਾਕ ਵਿਚ ਰਹਿੰਦੇ ਹਨ। ਉਹ ਤਨ ਕਰ ਕੇ ਤਾਂ ਸਤ ਸੰਗਤ ਵਿਚ ਹਾਜ਼ਰ ਹੁੰਦੇ ਹਨ, ਪਰ ਮਨ ਕਰ ਕੇ, ਰਿਦਿਊਂ, ਗੈਰ ਹਾਜ਼ਰ। ਅਜਿਹੇ ਅਭਾਗੇ ਲੋਕਾਂ ਨੂੰ ਬਦ-ਕਿਸਮਤ ਲੋਹੇ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ, ਜੋ ਨਿਰਮਲ ਜਲ ਦੀ ਸੰਗਤ ਨਾਲ, ਉਜਲਾ ਹੋਣ ਦੀ ਥਾਂ, ਜੰਗਾਲ ਨਾਲ ਭਰ ਜਾਂਦਾ ਹੈ। ਇਕ ਸੂਫ਼ੀ ਸ਼ਾਇਰ ਇਸ ਹਕੀਕਤ ਨੂੰ, ਇਸ ਸ਼ੇਅਰ ਵਿਚ ਕਲਮ-ਬੰਦ ਕਰਨ ਤੇ ਸਮਝਾਉਣ ਦਾ, ਇਉਂ ਤਰਲਾ ਮਾਰਦਾ ਹੈ :—

"ਸੁਹਬਤਿ ਅਹਲਿ ਸਫ਼ਾਅ ਸੇ, ਤੀਰਾ ਦਿਲ ਕਬ ਸਾਫ਼ ਹੋਂ ?
ਜ਼ੰਗ ਸੇ ਆਲੂਦਾ ਹੋ ਜਾਤਾ ਹੈ, ਆਹਨ ਆਬ ਮੇਂ।"

(ਭਾਵ-ਨੇਕ ਪੁਰਸ਼ਾਂ ਦੀ, ਨੇਕ ਸੁਹਬਤ ਵਿਚ ਵੀ ਕਾਲੇ ਦਿਲ (ਜਿਨ੍ਹਾਂ ਨੂੰ ਜਨਮਾਂ ਜਨਮਾਂ ਤੋਂ ਮੰਦੇ ਸੰਸਕਾਰਾਂ ਦੀ ਮੈਲ ਲੱਗੀ ਹੋਈ ਹੈ) ਕਦ ਪਵਿੱਤਰ ਹੁੰਦੇ ਹਨ। ਉਹ, ਉਸ ਲੋਹੇ ਸਮਾਨ ਹਨ, ਜੋ, ਨਿਰਮਲ ਜਲ ਵਿਚ ਰਹਿ ਕੇ ਵੀ ਜੰਗ ਨਾਲ ਲਿੱਬੜ (ਭਰ) ਜਾਂਦਾ ਹੈ।)

ਭਾਈ ਗੁਰਦਾਸ ਜੀ, ਇਕ ਕਬਿਤ ਵਿਚ, ਭਾਂਤੀਆਂ ਢੁਕਵੀਆਂ ਉਦਾਹਰਣਾਂ ਦੇ ਕੇ ਸਮਝਾਉਂਦੇ ਹਨ ਕਿ ਲੋਕੀਂ ਮਾਇਆ ਦੀ ਮਾਰ ਤੋਂ ਘਬਰਾਏ, ਸਤ ਸੰਗ ਦੇ ਸਰ-ਚਸ਼ਮਿਆਂ ; ਗੁਰਦੁਆਰਿਆਂ, ਧਰਮ ਅਸਥਾਨਾਂ ਵਿਚ ਪਨਾਹ ਲੈਂਦੇ ਹਨ, ਪਰ ਉਥੇ ਪਹੁੰਚ ਕੇ ਵੀ ਜੇ ਉਹਨਾਂ ਨੂੰ ਮਾਇਆ ਵਿਆਪਦੀ ਰਹੇ, ਉਹ ਮਾਇਆ ਦੀ ਸੰਗਤ ਵਿਚ ਹੀ ਰਹਿਣ, ਤਾਂ ਉਹਨਾਂ ਦੇ ਬਚਾਅ ਲਈ ਹੋਰ ਕਿਹੜੀ ਥਾਂ ਹੋ ਸਕਦੀ ਹੈ। ਲਿਖਦੇ ਹਨ :—

ਬਾਹਰਿ ਕੀ ਅਗਨਿ ਬੁਝਤ ਜਲ ਸਰਿਤਾ ਕੈ,
ਨਾਉ ਮੈ ਜੌ ਅਗਨਿ ਲਾਗੀ ਕੈਸੇ ਕੈ ਬੁਝਾਈਐ ?
ਬਾਹਰਿ ਸੈ ਭਾਗਿ, ਓਟ ਲੀਜੀਅਤ ਕੋਟ ਗੜ੍ਹ,
ਗੜ੍ਹ ਮੈ ਜੌ ਲੂਟ ਲੀਜੈ, ਕਹੂ ਕਤ ਜਾਈਐ ?
ਚੋਰਨ ਕੈ ਤ੍ਰਾਸ ਜਾਇ, ਸਰਨ ਗਹੈ ਨਰਿੰਦ,
ਮਾਰੈ ਮਹੀਪਤਿ, ਜੀਉ ਕੈਸੇ ਕੈ ਬਚਾਈਐ ?
ਮਾਇਆ ਡਰ ਡਰਪਤ, ਹਾਰਿ ਗੁਰਦੂਆਰੈ ਜਾਵੈ,
ਤਹਾਂ ਜਉ ਮਾਯਾ ਬਿਆਪੈ, ਕਹਾਂ ਠਹਿਰਾਇਐ ? (37)

ਤਾਤਪਰਜ ਇਹ ਹੈ ਕਿ ਕੇਵਲ ਸੁਨਣ ਜਾਂ ਵੇਖਣ ਮਾਤਰ ਦੀ ਸੰਗਤ ਨਾਲ ਜੀਵ ਨਹੀਂ ਬਦਲਦਾ, ਜਿੰਨਾ ਚਿਰ ਧੁਰ ਅੰਦਰੋਂ, ਮਨ ਦੀ ਗਹਿਣਤਾ ਨਾਲ ਸੰਗਤ ਨਾ ਹੋਵੇ; ਜਿੰਨਾ ਚਿਰ ਸੰਗਤ ਮਨ ਦਿਆਂ ਬਿਬੇਕ ਵਿਚਾਰਾਂ ਦਾ ਹਿੱਸਾ ਨਾ ਬਣ ਜਾਵੇ। ਗੁਰਵਾਕ ਹੈ :

ਸਤਿਗੁਰ ਨੋ ਸਭੁ ਕੋ ਵੇਖਦਾ, ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਵੀਚਾਰੁ ॥ (ਮ. 3, ਪੰਨਾ 594)

ਸੋ, ਮਨੁੱਖ ਲਈ ਸਫਲ ਜੀਵਨ ਯਾਤਰਾ ਹਿਤ 'ਸਤ ਸੰਗ' ਸ਼ਾਹ ਰੱਗ ਨਾਲੋਂ ਵੀ ਜ਼ਰੂਰੀ ਹੈ। ਜੋ 'ਸਤ ਸੰਗ' ਦੁਆਰਾ ਜੀਵਨ ਨੂੰ ਸਫਲਾ ਤੇ ਅਨੰਦਤ ਨਹੀਂ ਕਰਦੇ, ਉਹਨਾਂ ਦਾ ਸੰਸਾਰ ਵਿਚ ਆਉਣਾ ਤੇ ਜਾਣਾ, ਹਵਾ ਦੇ ਬੁੱਲੇ ਸਮਾਨ ਹੈ, ਜੋ ਇਧਰੋਂ ਆਇਆ ਤੇ ਉਧਰ ਨਿਕਲ ਗਿਆ। ਸਵਾਲ ਇਹ ਨਹੀਂ ਕਿ ਤੁਸੀਂ ਕਿੰਨਾ ਸਮਾਂ 'ਸਤ ਸੰਗ' ਕਰਦੇ ਹੋ, ਸਵਾਲ ਇਹ ਹੈ ਕਿ ਤੁਸੀਂ ਕਿਵੇਂ ਕਰਦੇ ਹੋ। ਕਿਉਂਕਿ, ਥੋੜ੍ਹੇ ਸਮੇਂ ਲਈ ਕੀਤਾ ਸਤ ਸੰਗ ਵੀ, ਹਰ ਦਮ ਦਾ ਸਤ ਸੰਗ ਬਣ ਸਕਦਾ ਹੈ। ਬਸ, 'ਮਨ ਯਾਰ ਵਲ ਰਹੇ, ਤੇ ਹੱਥ ਕਾਰ ਵਲ'। ਭਗਤ ਨਾਮ ਦੇਵ ਜੀ ਦਾ, ਆਪਣੇ ਸਮ-ਕਾਲੀਨ ਭਗਤ ਤ੍ਰਿਲੋਚਨ ਨੂੰ ਦਿੱਤਾ ਉੱਤਰ, ਜਿਸ ਨੂੰ ਕਬੀਰ ਜੀ, ਆਪਣੇ ਸਲੋਕਾਂ ਵਿਚ ਸ਼ਾਮਲ ਕਰਨ ਦਾ ਮਾਣ ਲੈਂਦੇ ਹਨ, ਅੱਠ ਪਹਿਰੀ ਨਾਮ-ਸੰਗਤ ਦੀ ਵਡਿਆਈ ਤੇ ਸੰਭਵਤਾ ਦਾ ਪ੍ਰਤੱਖ ਸਬੂਤ ਹੈ। ਸਲੋਕ ਹੈ :

''ਨਾਮਾ ਕਹੈ ਤ੍ਰਿਲੋਚਨਾ, ਮੁਖ ਤੇ ਰਾਮੁ ਸੰਮਾਲਿ ॥
ਹਾਥ ਪਾਉ ਕਰਿ ਕਾਮੁ ਸਭੁ, ਚੀਤੁ ਨਿਰੰਜਨ ਨਾਲਿ ॥'' (38)

ਏਸੇ ਮਨੋਵਿਗਿਆਨਕ ਸਿਧਾਂਤ ਨੂੰ ਮੁਖ ਰਖ ਕੇ ਹੀ, ਭਗਤ ਕਬੀਰ ਜੀ ਪ੍ਰੇਰਨਾ ਕਰਦੇ ਹਨ ਕਿ ਤੂੰ ਬਹੁਤਾ ਨਹੀਂ, ਤਾਂ, ਸਹੀ ਅਰਥਾਂ ਵਿਚ, ਇਕ ਘੜੀ (24 ਮਿੰਟ) ਅੱਧੀ ਘੜੀ (12 ਮਿੰਟ) ਅਤੇ ਜੇ ਹੋਰ ਨਹੀਂ ਤਾਂ ਅੱਧੀ ਤੋਂ ਵੀ ਅੱਧੀ (6 ਮਿੰਟ) ਲਈ ਹੀ ਸਤ ਸੰਗ ਕਰ। ਤੇਰੀ ਮਨ, ਬਚਨ, ਕਰਮ ਕਰ ਕੇ ਕੀਤੀ ਇੰਨੀ ਕੁ ਸਤਸੰਗਤ ਵੀ ਹਰ ਦਮ ਦੀ, ਜੀਵਨ ਭਰ ਦੀ, ਸਤ ਸੰਗਤ ਬਣ ਸਕਦੀ ਹੈ ਅਤੇ ਤੂੰ 'ਮਾਨਸ ਤੋਂ ਦੇਵਤਾ' ਅਤੇ ਫਰਿਸ਼ਤਾ-ਸੀਰਤ ਹੋ ਜਾਵੇਂਗਾ :

''ਕਬੀਰ, ਏਕ ਘੜੀ, ਆਧੀ ਘਰੀ, ਆਧੀ ਹੂ ਤੇ ਆਧ ॥
ਭਗਤਨ ਸੇਤੀ ਗੋਸਟੇ, ਜੋ ਕੀਨੇ ਸੋ ਲਾਭ ॥ (39)

ਹਵਾਲੇ : —

1. ਸ੍ਰੀ ਗੁਰੂ ਗ੍ਰੰਥ ਜੀ, ਪੰਨਾ-350, ਗੁਰੂ ਨਾਨਕ ਦੇਵ
2. ਉਹੀ, ਪੰ. 1033
3. ਉਹੀ, ਪੰ. 1036
4. ਉਹੀ, ਗੁਰੂ ਅਮਰਦਾਸ ਜੀ, ਪੰ. 44
5. ਉਹੀ, ਕਬੀਰ, ਪੰ. 329
6. ਉਹੀ, ਗੁਰੂ ਨਾਨਕ ਜੀ, ਪੰ. 876
7. ਉਹੀ, ਪੰ. 815
8. ਗੁਰਮਤਿ ਨਿਰਣੈ, ਪੰ. 143, ਪ੍ਰਿੰ. ਜੋਧ ਸਿੰਘ
9. ਉਹੀ, ਪੰ. 143 ਤੋਂ 144
10. ਸ੍ਰੀ ਗੁ. ਗ੍ਰੰਥ ਜੀ, ਪੰ. 414
11. ਉਹੀ, ਪੰ. 1299
12. ਉਹੀ, ਰਹਿਰਾਸ
13. ਉਹੀ, ਪੰ. 809
14. ਉਹੀ, ਪੰ. 122, ਮਹਲਾ 3
15. ਉਹੀ, ਪੰ. 72, ਮਹਲਾ ਪਹਿਲਾ
16. ਉਹੀ, ਪੰ. 1135, ਮਹਲਾ 8
17. ਉਹੀ, ਪੰ. 587, ਉਹੀ
18. ਉਹੀ, ਪੰ. 1365, ਸਲੋਕ 11 ਕਬੀਰ
19. ਗੁਲਿਸਤਾਂ, ਪੰ. 11, ਸ਼ੇਖ ਸਾਅਦੀ
20. ਸ੍ਰੀ ਗੁ. ਗ੍ਰੰਥ ਜੀ, ਪੰ. 168, ਮਹਲਾ 4
21. ਉਹੀ, ਪੰ. 286, ਮਹਲਾ 5
22. ਉਹੀ, ਪੰ. 319, ਉਹੀ
23. ਉਹੀ, ਪੰ. 392, ਉਹੀ
24. ਉਹੀ, ਪੰ. 867, ਉਹੀ
25. ਉਹੀ, ਪੰ. 1365, ਕਬੀਰ
26. ਉਹੀ, ਪੰ. 1367, ਉਹੀ
27. ਉਹੀ, ਪੰ. 1369, ਉਹੀ
28. ਉਹੀ, ਪੰ. 749, ਮਹਲਾ 5
29. ਉਹੀ, ਪੰ. 890, ਉਹੀ
30. ਉਹੀ, ਪੰ. 325, ਕਬੀਰ
31. ਉਹੀ, ਪੰ. 2369, ਉਹੀ
32. ਵਾਰ 4, ਪਉੜੀ 7, ਭਾਈ ਗੁਰਦਾਸ
33. ਡਿਕਸ਼ਨਰੀ ਆਫ ਬਾਟਸ, ਪੰ. 33 (ਅਮ੍ਰੀਕਨ ਪਬਲੀਕੇਸ਼ਨ)
34. ਉਹੀ ਪੰ. 33
35. ਉਹੀ, ਪੰ. 87
36. ਵਾਰ 13, ਪਉੜੀ 19, ਭਾ. ਗੁਰਦਾਸ
37. ਕਬਿਤ 544, ਉਹੀ
38. ਆਦਿ ਗ੍ਰ. ਗ੍ਰੰਥ, ਪੰ. 1377, ਕਬੀਰ
39. ਉਹੀ, ਪੰ. 1377, ਉਹੀ

ਆਦਰਸ਼ਕ ਗੁਰਦੁਆਰਾ ਪ੍ਰਬੰਧ

1. ਧਰਮਸਾਲ (ਗੁਰਦੁਆਰਾ)

ਸ੍ਰੀ ਗੁਰੂ ਨਾਨਕ ਦੇਵ ਜੀ, ਅਥਵਾ, ਉਨ੍ਹਾਂ ਦੀ ਜੋਤ, ਬਾਕੀ ਗੁਰੂ ਸਾਹਿਬਾਨ, ਪ੍ਰਭੂ ਨਾਲ ਸਦਾ ਇਕ ਸੁਰ ਹੋ ਵਿਚਰੇ। ਐਸੀ ਉਨਮਨੀ ਅਵਸਥਾ ਵਿਚ "ਸਗਲੀ ਚਿੰਤ" ਮਿਟਾ ਦੇਣ ਵਾਲੀ ਜੋ 'ਧੁਰ ਕੀ ਬਾਣੀ' ਆਈ, ਉਸ ਦੇ ਪਠਨ ਪਾਠ ਤੇ ਵਿਚਾਰ ਲਈ ਸੰਗਤਾਂ ਕਾਇਮ ਹੋਈਆਂ। ਸੰਗਤਾਂ ਦੇ ਮਿਲ ਬੈਠਣ ਲਈ ਕਿਸੇ ਸਾਂਝੇ ਅਸਥਾਨ ਦੀ ਲੋੜ ਪਈ, ਜਿਸ ਨੂੰ ਧਰਮਸਾਲ ਅਥਵਾ ਗੁਰਦੁਆਰੇ ਦੀ ਸੰਗਿਆ ਦਿੱਤੀ ਗਈ। ਸੋ, ਇਸ ਤਰ੍ਹਾਂ, ਗੁਰਬਾਣੀ, ਸੰਗਤ ਤੇ ਧਰਮਸਾਲ (ਧਰਮ ਦਾ ਘਰ, ਗੁਰਦੁਆਰਾ) ਆਪੋ ਵਿਚਦੀ ਅਨਿੱਖੜਵੇਂ ਤੇ ਸਾਂਝੇ ਹਨ, ਅਤੇ ਇਹਨਾਂ ਤਿੰਨਾਂ ਦੀ ਸਹੀ ਵਰਤੋਂ ਵਿਹਾਰ ਤੇ ਸੁਮੇਲ ਵਿਚ ਹੀ, ਸਿੱਖ-ਜਗਤ ਅਥਵਾ ਸਮੱਸਤ ਸੰਸਾਰ ਦੀ ਕਲਿਆਣ ਅਤੇ ਜੀਵਨ ਮਨੋਰਥ ਦੀ ਲਖਤਾ ਦਾ ਭੇਦ ਬੰਦ ਹੈ। ਇਹ ਦਰੁਸਤ ਹੈ ਕਿ "ਜਿਥੈ ਜਾਇ ਬਹੈ ਮੇਰਾ ਸਤਿਗੁਰੂ, ਸੋ ਥਾਨ ਸੁਹਾਵਾ ਰਾਮਰਾਜੇ" ਦੇ ਗੁਰਵਾਕ ਅਨੁਸਾਰ, ਜਿਨ੍ਹਾਂ ਅਸਥਾਨਾਂ ਨੂੰ ਗੁਰੂ-ਛੋਹ ਪ੍ਰਾਪਤ ਹੋਈ ਜਾਂ ਜਿਥੇ ਇਤਿਹਾਸਕ ਘਟਨਾਵਾਂ ਘੱਟੀਆਂ, ਉਹਨੀ ਥਾਂਈਂ ਬਣੇ ਗੁਰਦੁਆਰੇ ਸਿੱਖਾਂ ਲਈ ਵਿਸ਼ੇਸ਼ ਮਹੱਤਤਾ ਰਖਦੇ ਹਨ, ਪਰ ਹੋਰਨੀਂ ਥਾਂਈਂ ਉਸਰੇ ਸਿੱਖ ਧਰਮ-ਅਸਥਾਨ ਵੀ ਪੂਰਨ ਸ਼ਰਧਾ ਤੇ ਸਤਿਕਾਰ ਦੇ ਹੱਕਦਾਰ ਹਨ। ਭਾਈ ਗੁਰਦਾਸ ਜੀ ਨੇ ਤਾਂ ਸਿੱਖ ਨੂੰ ਤਾਕੀਦ ਕੀਤੀ ਹੈ ਉਹ ਆਪਣੇ ਘਰ ਨੂੰ, ਗੁਰੂ ਦੀ ਧਰਮਸਾਲ ਸਮਝੇ[1], ਪ੍ਰਾਣੀ ਮਾਤਰ ਨਾਲ ਗੁਣਾਂ ਦੀ ਸਾਂਝ ਕਰੇ ਅਤੇ ਵੰਡ ਛਕੇ। ਵੈਸੇ, ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਗੁਰੂ ਨਾਨਕ-ਮਿਸ਼ਨ ਅਨੁਕੂਲ, ਬਾਕਾਇਦਾ ਵਿਉਂਤੀ ਤੇ ਬਣਾਈ ਕੇਂਦਰੀ ਧਰਮਸਾਲ ਹੈ, ਜੋ ਮਨੁੱਖ ਮਾਤਰ ਨੂੰ ਇਕ ਸਮਾਨ 'ਜੀ ਆਇਆਂ' ਆਖਦੀ ਅਤੇ ਸਮਾਨਤਾ, ਮਾਨਵਤਾ ਦਾ ਉਪਦੇਸ਼ ਦਿੰਦੀ ਹੈ।

ਇਸ ਤਿੰਨ-ਪੱਖੀ ਅਟੁੱਟ ਸਾਂਝ ਨੂੰ ਪੂਰੀ ਗੰਭੀਰਤਾ ਨਾਲ ਵੀਚਾਰਿਆਂ, ਇਹ ਹਕੀਕਤ ਸੂਰਜਵੰਤ ਸਪਸ਼ਟ ਹੋ ਜਾਂਦੀ ਹੈ ਕਿ ਜੇ ਗੁਰਬਾਣੀ, ਸੰਗਤ ਤੇ ਧਰਮਸਾਲ ਦੇ ਮੇਲ ਤੋਂ, ਪੂਰਨ ਮਨੁੱਖ—ਖਾਲਸੇ ਦੀ ਘਾੜਤ ਨਹੀਂ ਘੜੀਂਦੀ, ਤਾਂ ਕਸਰ ਸੰਗਤ ਦੀ ਮਾਨਸਕ ਅਵਸਥਾ ਤੇ ਧਰਮਸਾਲ ਦੀ ਮਾਨ-ਮਰਯਾਦਾ, ਰਹੁ ਰੀਤ ਅਤੇ ਵਾਤਾਵਰਣ ਵਿਚ ਹੀ ਹੋ ਸਕਦੀ ਹੈ; ਧੁਰੋਂ ਆਈ ਗੁਰਬਾਣੀ ਤਾਂ ਸਦਾ ਹੀ ਸੁਖਦਾਈ ਤੇ ਨਿਰਮਲ ਗਿਆਨ ਦਾ ਅਮਰ ਤੇ ਅਮੁਕ ਭੰਡਾਰ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਸ਼ੇ ਦੀ ਆਦਰਸ਼ਕ 'ਸੱਚ-ਧਰਮਸਾਲ' ਜਿਸ ਦੀ ਸੇਵਾ ਸੰਭਾਲ ਲਈ ਉਹ ਪ੍ਰਮਾਤਮਾ ਅੱਗੇ ਆਪ ਤਰਲਾ ਮਾਰਦੇ ਹਨ, ਐਸੀ ਹੀ ਹੋ ਸਕਦੀ ਹੈ :—

1. ਘਰ ਘਰ ਅੰਦਰ ਧਰਮਸਾਲ, ਹੋਵੈ ਕੀਰਤਨ ਸਦਾ ਵਸੋਆ। (ਵਾਰ 1)

ਮੈ ਬਧੀ ਸਚੁ ਧਰਮਸਾਲ ਹੈ । ਗੁਰ ਸਿਖਾ ਲਹਦਾ ਭਾਲਿ ਕੈ ।

ਪੈਰ ਧੋਵਾ ਪਖਾ ਫੇਰਦਾ, ਤਿਸੁ ਨਿਵਿ ਨਿਵਿ ਲਗਾ ਪਾਇ ਜੀਉ । (ਪੰਨਾ 73)

ਤਥਾ : ਮੋਹਿ ਨਿਰਗੁਣ ਦਿਚੈ ਥਾਉ, ਸੰਤ ਧਰਮਸਾਲੀਐ । (ਪੰਨਾ 518)

ਫੇਰ, ਗੁਰਦੁਆਰੇ ਅਥਵਾ ਧਰਮਸਾਲ ਵਿਚ ਹਾਜ਼ਰ ਹੋ ਕੇ ਸਿੱਖਾਂ ਦਾ ਕਰਤਵ ਕੀ ਹੋਵੇ ? ਗੁਰਬਾਣੀ ਏਦਾਂ ਸੇਧ ਬਖਸ਼ਦੀ ਹੈ ;—

ਗੁਰ ਦੁਆਰੇ ਹਰ ਕੀਰਤਨੁ ਸੁਣੀਐ ॥ ਸਤਿਗੁਰੁ ਭੇਟੁ ਹਰਿ ਜਸੁ ਮੁਖਿ ਭਣੀਐ ॥

ਕਲਿ ਕਲੇਸ ਮਿਟਾਏ ਸਤਿਗੁਰੁ, ਹਰਿ ਦਰਗਹ ਦੇਵੈ ਮਾਨਾ ਹੇ (ਪੰ. 1075)

ਸਿੱਖ ਗੁਰਦੁਆਰੇ, ਸਿਖੀ-ਪ੍ਰਚਾਰ ਦੇ ਵੱਡੇ ਸਾਧਨ ਅਤੇ ਜੀਵਨ ਸੋਮੇ ਹਨ । ਸਿੱਖ ਇਤਿਹਾਸ ਦਾ ਸੁਨਹਿਰੀ ਤੇ ਅਦੁੱਤੀ ਭਾਗ, ਇਕ ਤਰ੍ਹਾਂ ਨਾਲ, "ਹਰਿਮੰਦਰ ਸਾਹਿਬ" ਦਾ ਇਤਿਹਾਸ ਹੈ । ਜਾਬਰ ਲੋਕ ਰੱਬ ਦੇ ਇਸ ਮੰਦਰ, ਮਾਨਵ-ਮੰਦਰ ਨੂੰ ਬਰਬਾਦ ਕਰਨਾ ਚਾਹੁੰਦੇ ਸਨ ਅਤੇ ਗੁਰਸਿੱਖ, ਇਕ ਉਪਕਾਰੀ ਤੇ ਅਣਖ-ਭਰਪੂਰ ਹਯਾਤੀ ਲਈ, ਇਸ ਅੰਮ੍ਰਿਤ-ਕੁੰਡ ਨੂੰ ਆਬਾਦ ਰਖਣਾ । ਆਖ਼ਰ, ਸਿਦਕੀ ਸਿੱਖ ਗੁਰਦੁਆਰਿਆਂ ਦੀ ਹੋਂਦ ਤੇ ਪਵਿੱਤਰਤਾ ਨੂੰ ਕਾਇਮ ਰੱਖਣ ਵਿਚ ਸਫ਼ਲ ਰਹੇ । ਪ੍ਰੰਤੂ, ਪੁਜਾਰੀ ਸ਼੍ਰੇਣੀ, ਇਹਨਾ ਧਰਮ-ਅਸਥਾਨਾਂ ਦੀ ਮਾਨ-ਮਰਯਾਦਾ ਤੇ ਪਵਿੱਤਰਤਾ ਕਾਇਮ ਨਾ ਰੱਖ ਸਕੀ, ਜਿਸ ਦਾ ਸਿੱਟਾ ਸੀ: 'ਗੁਰਦੁਆਰਾ ਸੁਧਾਰ ਲਹਿਰ' । ਭਾਰੀ ਜਦੋ ਜਹਿਦ ਤੇ ਜਾਨ-ਮਾਲ ਦੀਆਂ ਬੇ-ਬਹਾ ਕੁਰਬਾਨੀਆਂ ਉਪ੍ਰੰਤ, 'ਸਿੱਖ ਗੁਰਦੁਆਰਾ ਐਕਟ', ਪੰਜਾਬ 1925 ਵਜੂਦ ਵਿਚ ਆਇਆ ਅਤੇ ਪੰਜਾਬ ਦੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ, ਸਿੱਖਾਂ ਵਲੋਂ, ਸਿੱਖਾਂ ਦੀ ਚੁਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥ ਆਈ । ਬੜੀਆਂ ਆਸਾਂ ਉਮੀਦਾਂ ਸਨ ਕਿ ਗੁਰਦੁਆਰੇ, ਪੰਥਕ ਪ੍ਰਬੰਧ ਹੇਠਾਂ ਆ ਜਾਣ ਨਾਲ ਕੌਮ, ਸਮਾਜਕ ਇਕ-ਸੁਰਤਾ, ਧਰਮ, ਵਿਦਿਆ ਅਤੇ ਧਰਮ-ਪ੍ਰਚਾਰ ਦੇ ਖੇਤਰਾਂ ਵਿਚ ਰੀਸ ਕਰਨ ਯੋਗ ਚਮਤਕਾਰੀ ਤਰੱਕੀ ਕਰੇਗੀ; ਪ੍ਰੰਤੂ, ਨਾ ਤਜਰਬੇਕਾਰੀ, ਲਘੂ-ਦ੍ਰਿਸ਼ਟੀ, ਸਤਿ ਸੰਗਤ ਦੀ ਗਲਤ ਪਰਿਭਾਸ਼ਾ ਤੇ ਪਰਜਾ-ਤੰਤਰ (ਡਿਮੋਕਰੇਸੀ) ਦੇ ਬੇਥਵੇ ਜੋਸ਼ ਕਾਰਨ, ਅਕਾਲੀ ਆਗੂਆਂ ਨੇ ਪਰਜਾ-ਤੰਤਰੀ ਚੋਣ ਢਾਂਚੇ ਵਾਲਾ ਐਸਾ ਐਕਟ ਪ੍ਰਵਾਨ ਕਰ ਲਿਆ, ਜਿਸ ਦੇ ਬਣਦੇ ਸਾਰ ਹੀ ਕੌਮ ਧੜਿਆਂ ਵਿਚ ਵੰਡੀ ਗਈ, ਅਤੇ ਗੁਰਦੁਆਰੇ, ਘਰੋਗੀ ਯੁੱਧ ਦਾ ਅਖਾੜਾ ਬਣ ਗਏ । ਕਲਹ-ਕਲੇਸ਼ ਵਿਚ ਤਾਂ ਘੜੇ ਵਿਚੋਂ ਪਾਣੀ ਵੀ ਨੱਸ ਜਾਂਦਾ ਹੈ । ਫੇਰ, ਗੁਰਦੁਆਰਿਆਂ ਵਿਚ ਧਰਮ, ਸ਼ਾਂਤੀ, ਸਹਿਨਸ਼ੀਲਤਾ ਤੇ ਪ੍ਰੇਮ ਪਿਆਰ ਦਾ ਵਾਤਾਵਰਣ ਕਿੱਥੇ ! ਸਭ ਆਸਾਂ-ਉਮੀਦਾਂ ਉਤੇ ਪਾਣੀ ਫਿਰ ਗਿਆ । "ਬਸਾ ਆਰਜ਼ੂ ਕਿ ਖ਼ਾਕ ਸ਼ੁਦ" ਦਾ ਦ੍ਰਿਸ਼ਟਾਂਤ ਵਾਪਰਿਆ ।

2. ਮੇਰਾ ਸ਼੍ਰੋਮਣੀ ਕਮੇਟੀ ਵਿਚ ਪ੍ਰਵੇਸ਼

ਇਸ ਲੇਖਕ ਨੇ 5 ਮਈ, 1943 ਨੂੰ ਬਤੌਰ ਪ੍ਰੋਫੈਸਰ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ ਸੰਭਾਲੀ । ਕਾਲਜ ਵਿਚ, ਮੈਨੂੰ ਪ੍ਰਿੰਸੀਪਲ ਗੰਗਾ ਸਿੰਘ ਜੀ, ਗਿ: ਲਾਲ ਸਿੰਘ ਜੀ ਐਮ ਏ., ਪ੍ਰੋ. ਪਿਆਰਾ ਸਿੰਘ ਜੀ ਪਦਮ, ਦੇ ਨਾਲ ਕੰਮ ਕਰਨ ਦਾ ਸੁਭਾਗ ਪ੍ਰਾਪਤ ਹੋਇਆ । ਸਤੰਬਰ 1945 ਵਿਚ, ਦਾਸ ਨੂੰ, ਬਦਲ ਕੇ,

ਮੀਤ ਸਕੱਤਰ (ਪ੍ਰਚਾਰ ਤੇ ਪਬਲਿਸਿਟੀ) ਨਿਯੁਕਤ ਕੀਤਾ ਗਿਆ। ਇਥੇ ਸਿੰਘ ਸਾਹਿਬ ਜਥੇਦਾਰ ਅੱਛਰ ਸਿੰਘ ਜੀ, ਸਿੰਘ ਸਾਹਿਬ ਗਿ. ਭੂਪਿੰਦਰ ਸਿੰਘ ਜੀ, ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਸ. ਹਰਨਾਮ ਸਿੰਘ ਸਕੱਤਰ ਤੇ ਸ. ਰਵੇਲ ਸਿੰਘ ਜੀ ਮੀਤ ਸਕੱਤਰ, ਮੇਰੇ ਸਤਿਕਾਰਤ ਦਫ਼ਤਰੀ ਜਾਂ ਵੀਚਾਰ-ਸਾਥੀ ਸਨ। ਅੱਠ ਦਸ ਸਾਲ ਸ਼੍ਰੋਮਣੀ ਕਮੇਟੀ ਦੀ ਕਾਰਜ-ਵਿਧੀ ਤੇ ਪ੍ਰਬੰਧ ਨੂੰ ਨੇੜਿਓਂ ਘੋਖਣ ਤੇ ਚਲਾਉਣ ਉਪਰੰਤ, ਪਤਾ ਲੱਗਾ ਕਿ ਸ਼੍ਰੋਮਣੀ ਕਮੇਟੀ ਦੇ ਚੋਣ ਢਾਂਚੇ ਅਤੇ ਸਿਆਸੀ ਲੋਕਾਂ ਦੇ ਸਿੱਧੇ-ਅਸਿੱਧੇ ਦਖ਼ਲ ਨੇ, ਗੁਰਧਾਮਾਂ ਦੇ ਮਨੋਰਥ ਨੂੰ ਅਰਥ-ਹੀਨ ਕਰ ਛੱਡਿਆ ਹੈ। ਰਾਜਨੀਤਕ ਲੋਕ, ਸ਼੍ਰੋਮਣੀ ਕਮੇਟੀ ਅਥਵਾ ਗੁਰਦੁਆਰਿਆਂ ਦੀ ਮੈਂਬਰੀ ਨੂੰ, ਦੁਨਿਆਵੀ ਤੇ ਨਿੱਜੀ ਲਾਭਾਂ ਲਈ ਬਤੌਰ ਪਉੜੀ ਦੇ ਵਰਤਦੇ ਹਨ। ਇਥੋਂ ਤਕ ਕਿ ਇਕ ਸਮੇਂ ਜਥੇਦਾਰ ਸ੍ਰੀ ਅਕਾਲ ਤਖ਼ਤ ਦੀ, ਆਪਣੀ ਸਰਬਉੱਚ ਪਦਵੀ ਤਿਆਗ ਕੇ ਅਸੈਂਬਲੀ ਦੀ ਚੋਣ ਲੜਨ ਨੂੰ ਤਰਜੀਹ ਦਿੰਦਾ ਹੈ। ਗੁਰਦੁਆਰਾ-ਫੰਡ ਦੀ ਗ਼ਲਤ ਵਰਤੋਂ ਹੁੰਦੀ ਹੈ ਅਤੇ ਗੁਰਦੁਆਰਿਆਂ ਦਾ ਵਾਤਾਵਰਣ ਭਾਈ ਗੁਰਦਾਸ ਜੀ ਦੇ ਇਸ ਪਵਿੱਤਰ ਕਥਨ ਅਨੁਸਾਰ, ਮਾਇਆਧਾਰੀ ਰੁਚੀ, ਅਥਵਾ ਲੋਭ ਲਾਲਚ ਤੇ ਸਵਾਰਥ ਨਾਲ, ਭ੍ਰਿਸ਼ਟ ਹੋ ਰਿਹਾ ਹੈ :

"ਬਾਹਰ ਕੀ ਅਗਨਿ ਬੁਝਤ ਜਲ ਸਰਿਤਾ ਕੈ,
ਨਾਉ ਮੈ ਜੌ ਆਗ ਲਾਗੈ ਕੈਸੇ ਕੈ ਬੁਝਾਈਐ ?
ਬਾਹਰ ਸੇ ਭਾਗ ਓਟ ਲੀਜੀਅਤ ਕੋਟ ਗੜ੍ਹ,
ਗੜ੍ਹ ਮੈਂ ਜੌ ਲੂਟ ਲੀਜੈ, ਕਹੁ ਕਤ ਜਾਈਐ ?
ਚੋਰਨ ਕੈ ਤ੍ਰਾਸ ਜਾਇ ਸ਼ਰਨ ਗਹੇ ਨਰਿੰਦ,
ਮਾਰੇ ਮਹੀਪਤਿ ਜੀਉ ਕੈਸੇ ਕੈ ਬਚਾਈਐ ?
ਮਾਯਾ ਡਰ ਡਰਪਤ, ਹਾਰ ਗੁਰਦੁਆਰੇ ਜਾਵੈ,
ਤਹਾਂ ਜੋ ਮਾਯਾ ਬਿਆਪੇ, ਕਹਾਂ ਠਹਿਰਾਈਐ ? (ਭਾਈ ਗੁਰਦਾਸ ਜੀ)

ਅਤੇ ਕੋਹੜਾ ਸਤਿਵਾਦੀ, ਪੜਾ-ਰਹਿਤ ਗੁਰ-ਸਿੱਖ ਇਨਕਾਰ ਕਰ ਸਕਦਾ ਹੈ ਕਿ ਅੱਜ, ਮਾਯਾ, ਹਉਮੈਂ ਹੰਕਾਰ, ਈਰਖਾ, ਦਵੈਖ ਤੇ ਲੋਭ ਲਾਲਚ ਆਦਿ ਔਗੁਣਾਂ ਤੇ ਵਿਕਾਰਾਂ ਦੇ ਬਿਕਰਾਲ ਰੂਪ ਵਿਚ, ਗੁਰਧਾਮਾਂ ਤੇ ਗੁਰਦੁਆਰਿਆਂ ਵਿਚ ਬੁਰੀ ਤਰ੍ਹਾਂ ਨਹੀਂ ਵਿਆਪ ਰਹੀ ਹੈ ? ਧਰਮਸਾਲ ਅਥਵਾ ਗੁਰਦੁਆਰੇ ਦੀ, ਸਤਿਗੁਰੂਆਂ ਵਲੋਂ ਕੀਤੀ ਪਰਿਭਾਸ਼ਾ ਦਾ ਅਭਾਵ ਹੋ ਰਿਹਾ ਹੈ। ਕੇਵਲ ਇੱਟਾਂ ਪੱਥਰਾਂ ਜਾਂ ਸੰਗਮਰਮਰ ਨਾਲ ਉਸਰੀਆਂ ਉਚੀਆਂ ਇਮਾਰਤਾਂ ਦਾ ਨਾਂ ਧਰਮਸਾਲਾ ਨਹੀਂ; ਸਗੋਂ ਗੁਰਬਾਣੀ ਦੀ ਵੀਚਾਰ ਅਥਵਾ ਸੱਚੇ-ਆਚਾਰ ਦੀ ਪ੍ਰਾਪਤੀ ਲਈ ਜੁੜੇ ਹਜੂਮਾਂ ਦੇ ਮਿਲ ਬੈਠਣ ਵਾਲੇ ਅਸਥਾਨ ਹੀ ਗੁਰਦੁਆਰੇ ਅਥਵਾ ਸਤਿਸੰਗ-ਘਰ ਅਖਵਾ ਸਕਦੇ ਹਨ। ਪੰਜਵੇਂ ਗੁਰਦੇਵ ਜੀ ਦਾ ਡਾਢਾ ਸਾਰਥਕ ਕਥਨ ਹੈ :—

"ਭਲੀ ਸੁਹਾਵੀ ਛਾਪਰੀ, ਜਾ ਮਹਿ ਗੁਨ ਗਾਏ।"
ਕਿਤਹੀ ਕਾਮਿ ਨ ਧਉਲਹਰ, ਜਿਤੁ ਹਰਿ ਵਿਸਰਾਏ। (ਪੰ. 745)

ਮਾਯਾ-ਪ੍ਰਭਾਵ ਤੋਂ ਉਚੇਰੇ ਉੱਠ ਕੇ ਗੁਰਦੁਆਰੇ ਵਿਚ ਜੁੜਨ ਵਾਲੀ ਸੰਗਤ ਦੀ, ਭਾਈ ਨੰਦ

ਲਾਲ ਜੀ ਗੋਯਾ ਵਲੋਂ, ਕੀਤੀ ਪਰਿਭਾਸ਼ਾ, ਸਾਡੇ ਲਈ ਭਾਰੀ ਸਾਰਥਕ ਹੈ :—

ਆਂ ਹਜੂਮਿ ਖੁਸ਼ ਕਿ ਬਹਰੇ ਯਾਦਿ ਉਸਤ ।
ਆਂ ਹਜੂਮਿ ਖੁਸ਼ ਕਿ ਹੱਕ ਬੁਨਿਆਦਿ ਉਸਤ ।
ਆਂ ਹਜੂਮਿ ਖੁਸ਼ ਕਿ ਬਹਰੇ ਬੰਦਗੀਸਤ ।
ਆਂ ਹਜੂਮਿ ਖੁਸ਼ ਕਿ ਬਹਰੇ ਜ਼ਿੰਦਗੀਸਤ ।

(ਭਾਵਾਰਥ— ਉਹੀ ਹਜੂਮ (ਸੰਗਤ) ਮੁਬਾਰਕ ਹੈ ਜੋ ਰੱਬ ਦੀ ਯਾਦ ਵਿਚ ਜੁੜੇ, ਜਿਸ ਦੀ ਬੁਨਿਆਦ ਸੱਚ ਧਰਮ ਉੱਤੇ ਹੋਵੇ, ਜੋ ਰੱਬ ਦੀ ਬੰਦਗੀ ਸਿਖਾਵੇ ਅਤੇ ਜਿਥੋਂ ਭਗਤੀ-ਭਾਵ, ਜੀਵਨ-ਕਣੀ ਅਤੇ ਸੱਚੇ ਆਚਾਰ ਦੀ ਪੂੰਜੀ ਪ੍ਰਾਪਤ ਹੋਵੇ ।)

3. ਪਹਿਲਾ ਜਤਨ

ਇਹ ਲੇਖਕ, ਜਿਗਰੀ ਸਾਥੀਆਂ ਦੀ ਸਲਾਹ ਤੇ ਸੰਮਤੀ ਨਾਲ, ਕਈ ਵੇਰ ਸ੍ਰੀਮਾਨ ਮਾਸਟਰ ਤਾਰਾ ਸਿੰਘ ਜੀ, ਪ੍ਰਧਾਨ ਸ਼੍ਰੋਮਣੀ ਕਮੇਟੀ, ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ ਹਰ ਵਾਰ ਇਹ ਬੇਨਤੀ ਕੀਤੀ ਕਿ ਗੁਰਦੁਆਰਿਆਂ ਦਾ ਵਰਤਮਾਨ ਪ੍ਰਬੰਧ-ਢਾਂਚਾ, ਧਰਮ ਤੇ ਧਰਮ-ਪ੍ਰਚਾਰ ਦੇ ਅਨੁਕੂਲ ਨਹੀਂ । ਅੱਗੇ, ਗਿਣਤੀ ਦੇ ਪੁਜਾਰੀਆਂ ਨੂੰ ਪੂਜਾ ਦੇ ਧਾਨ ਦੀ ਝਾਕ ਹੁੰਦੀ ਸੀ, ਹੁਣ ਕੌਮ ਦੇ ਬਹੁਤੇ ਆਗੂਆਂ ਤੇ ਉਨ੍ਹਾਂ ਦੇ ਚਮਚਿਆਂ ਨੂੰ, ਕਿਸੇ ਨਾ ਕਿਸੇ ਰੂਪ ਵਿਚ, ਧਰਮਸਾਲ ਦੀ ਝਾਕ ਹੈ । ਹਰ ਬਾਲਗ-ਵੋਟ ਨਾਲ, ਜ਼ਰੂਰੀ ਨਹੀਂ ਕਿ ਭਲੇ ਤੇ ਗੁਰੂ-ਭੈ ਵਾਲੇ ਧਰਮੀ ਲੋਕ ਹੀ ਚੋਣ ਵਿਚ ਸਫਲ ਹੋਣ । ਜਦ, ਚੁਣੇ ਮੈਂਬਰ, ਸਹੀ ਅਰਥਾਂ ਵਿਚ, ਗੁਰਮੁਖ ਨਾ ਹੋਣਗੇ ਤਾਂ ਗੁਰਦੁਆਰਾ ਪ੍ਰਬੰਧ ਤੇ ਇਸ ਦਾ ਵਾਤਾਵਰਣ ਕਿਵੇਂ ਸਵੱਛ, ਨਿਰਮਲ ਤੇ ਗੁਰਬਾਣੀ-ਭਾਵਾਂ ਨਾਲ ਗੜੂੰਦ ਹੋ ਸਕੇਗਾ ?

ਆਖ਼ਰ, ਇਕ ਦਿਨ, ਮਾਸਟਰ ਜੀ, ਮੰਨ ਹੀ ਗਏ ਕਿ ਗੁਰਦੁਆਰਾ ਪ੍ਰਬੰਧ ਦਾ ਜੋ ਢਾਂਚਾ, ਮੇਰੇ ਜ਼ਿਹਨ ਵਿਚ ਸੀ ਅਤੇ ਜੋ ਮੈਂ ਸੰਖੇਪ ਵਿਚ ਉਹਨਾਂ ਨਾਲ, ਕਈ ਵਾਰ, ਵੀਚਾਰ ਚੁੱਕਾ ਸਾਂ, ਉਹ ਮੈਂ ਲਿਖਾਂ ਅਤੇ ਬਾ-ਵਕਾਰ ਨਾਗੋਕੇ ਗਰੁੱਪ—ਪ੍ਰਬੰਧ ਹੇਠ ਚਲ ਰਹੇ ਅਖ਼ਬਾਰ 'ਵਰਤਮਾਨ' ਵਿਚ ਪ੍ਰਕਾਸ਼ਤ ਕਰਾਵਾਂ । ਜਦ ਮੈਂ ਸੰਬੰਧਤ ਲੇਖ ਲੈ ਕੇ ਸੰਪਾਦਕ 'ਵਰਤਮਾਨ' (ਸ੍ਰ. ਈਸ਼ਰ ਸਿੰਘ ਜੀ ਮਝੈਲ) ਦੀ ਸੇਵਾ ਵਿਚ ਪੁੱਜਾ ਤਾਂ ਉਹਨਾਂ ਨੇ ਲੇਖ ਨੂੰ ਆਪਣਾ ਨੋਟ ਦੇ ਕੇ, ਬਖ਼ੁਸ਼ੀ ਛਾਪਣ ਦਾ ਭਰੋਸਾ ਦਿੱਤਾ । ਸੋ, ਸੁਧਾਰ ਦੀ ਗੱਲ ਤੋਰਨ ਲਈ ਇਹ ਲੇਖ 27 ਮਈ, 1957 ਦੇ 'ਵਰਤਮਾਨ' ਵਿਚ ਪ੍ਰਕਾਸ਼ਤ ਹੋਇਆ । ਸਕੱਤਰ ਸ਼੍ਰੋਮਣੀ ਕਮੇਟੀ ਨੇ ਇਹ ਲੇਖ ਬਾਕਾਇਦਾ ਮਾਸਟਰ ਤਾਰਾ ਸਿੰਘ ਜੀ ਨੂੰ ਵੀਚਾਰ ਹਿਤ ਪੇਸ਼ ਕੀਤਾ । ਪਰ, ਜਦ ਮੈਂ ਨਵੰਬਰ 1957 ਨੂੰ, ਖ਼ਾਲਸਾ ਕਾਲਜ, ਬੰਬਈ ਵਿਖੇ, ਮਾਸਟਰ ਜੀ ਤੋਂ ਇਸ ਲੇਖ ਬਾਰੇ ਪੁੱਛ ਕੀਤੀ, ਤਾਂ ਉਹਨਾਂ ਦਾ ਸਾਫ਼ ਉੱਤਰ ਸੀ ਕਿ ਗੁਰਦੁਆਰਿਆਂ ਦਾ ਚੋਣ-ਢਾਂਚਾ ਬਦਲਣ ਦੀ ਗੱਲ ਤਾਂ ਠੀਕ ਹੈ, ਪਰ ਉਹਨਾਂ ਦੇ ਸਾਥੀ ਨਹੀਂ ਮੰਨਦੇ । ਸੋ, ਪਹਿਲਾ ਯਤਨ ਇਥੇ ਹੀ ਠੱਪ ਹੋ ਗਿਆ ।

4. ਦੂਸਰਾ ਯਤਨ

ਭਾਵੇਂ ਮੈਂ ਆਪਣੀ ਪਹਿਲੀ ਕੋਸ਼ਿਸ਼ ਵਿਚ ਨਾਕਾਮ ਰਿਹਾ, ਪਰ ਗੁਰਦੁਆਰਾ ਪ੍ਰਬੰਧ ਸੁਧਾਰ

ਦੀ ਗੱਲ ਮੇਰੇ ਅੰਦਰ ਲਗਾਤਾਰ ਸੁਲਘਦੀ ਰਹੀ । ਆਖ਼ਰ, ਮੈਂ, 9 ਮਈ 1959 ਨੂੰ ਫੇਰ ਮਾਸਟਰ ਜੀ ਦੀ ਸੇਵਾ ਵਿਚ, ਉਹਨਾਂ ਦੇ ਗ੍ਰਹਿ ਹਾਜ਼ਰ ਹੋਇਆ ਅਤੇ ਦਰਦ-ਭਰੇ ਦਿਲ ਨਾਲ ਸਨਿਮਰ ਬੇਨਤੀ ਕੀਤੀ ਕਿ, ''ਮਾਸਟਰ ਜੀ, ਤੁਹਾਡੇ ਅੰਦਰ ਪੰਥ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਦੀ ਤੀਬਰ ਇੱਛਾ ਹੈ; ਪਰ, ਤੁਸਾਂ ਸਦਾ ਨਹੀਂ ਰਹਿਣਾ । ਸਦੀਵੀ ਵਿਛੋੜਾ ਦੇ ਜਾਣ ਤੋਂ ਪਹਿਲਾਂ ਗੁਰਦੁਆਰਾ-ਪ੍ਰਬੰਧ ਦੇ ਢਾਂਚੇ ਵਿਚ ਐਸੀਆਂ ਤਰਮੀਮਾਂ ਕਰਾ ਜਾਵੋ, ਜੋ ਕੌਮ ਗੁਰਦੁਆਰਿਆਂ ਵਿਚੋਂ ਸਿੱਖੀ ਜੀਵਨ ਪ੍ਰਾਪਤ ਕਰਦੀ ਰਹੇ । ਸਿੱਖਾਂ ਦੇ, ਸਹੀ ਅਰਥਾਂ ਵਿਚ, ਗੁਰਸਿੱਖ ਬਣਨ ਅਤੇ ਸਫਲ ਨੀਤੀਵਾਨ ਹੋਣ ਲਈ 'ਧਰਮਸਾਲ' ਦਾ ਸੱਚਾ ਸੁੱਚਾ ਹੋਣਾ ਬਹੁਤ ਜ਼ਰੂਰੀ ਹੈ ।

ਮਾਸਟਰ ਜੀ ਨੇ ਮੇਰੀ ਜੋਦੜੀ ਨੂੰ ਬੜੇ ਪਿਆਰ ਨਾਲ ਸੁਣਿਆ ਅਤੇ ਬੋਲੇ, ''ਹਰਿਭਜਨ ਸਿੰਘ, ਇਸ ਵਿਉਂਤ ਨੂੰ 1960 ਵਿਚ ਹੋਣ ਵਾਲੀਆਂ ਸ੍ਰੋਮਣੀ ਕਮੇਟੀ ਤੇ ਪੰਜਾਬ ਅਸੈਂਬਲੀ ਦੀਆਂ ਚੋਣਾਂ ਉਪਰੰਤ ਵਿਚਾਰਾਂਗੇ । ਇਸ ਵੇਲੇ ਤਾਂ, ਅਰਜੁਨ ਨੂੰ ਬ੍ਰਿਛ ਤੇ ਬੈਠਾ ਕੇਵਲ ਪੰਛੀ ਦਿਸਣ ਸਮਾਨ, ਮੈਨੂੰ ਚੋਣਾਂ ਤੋਂ ਸਿਵਾ, ਹੋਰ ਕੁਝ ਨਹੀਂ ਦਿਸਦਾ ।'' ''ਕਹਿਰੇ ਦਰਵੇਸ਼, ਬਰ ਜਾਨਿ ਦਰਵੇਸ਼'' ਦੇ ਅਖਾਣ ਅਨੁਸਾਰ, ਮੈਂ ਉਥੋਂ ਇਹ ਕਹਿ ਕੇ ਨਿਰਾਸ਼ ਚਿੱਤ ਤੁਰਦਾ ਹੋਇਆ : ''ਮਾਸਟਰ ਜੀ, ਚੋਣਾਂ ਉਪ੍ਰੰਤ ਇਹ ਕੰਮ ਹੋਰ ਵੀ ਮੁਸ਼ਕਲ ਹੋ ਜਾਵੇਗਾ ।'' ਉਹੀ ਗੱਲ ਹੋਈ । 1962 ਵਿਚ ਮਾਸਟਰ ਜੀ ਦੀ ਸਰਦਾਰੀ ਹੀ ਨਾ ਰਹੀ । 'ਸੰਤ ਭਾਈ'[1] ਸ੍ਰੋ. ਗੁ. ਪ੍ਰ. ਕਮੇਟੀ ਉਤੇ ਕਾਬਜ਼ ਹੋ ਗਏ ।

ਮੇਰਾ ਉਪ੍ਰੋਕਤ ਹਵਾਲੇ ਦੇਣ ਤੋਂ ਭਾਵ ਕੇਵਲ ਇਹ ਹੈ ਕਿ ਗੁਰਦੁਆਰਾ-ਪ੍ਰਬੰਧ ਵਿਚ ਯੋਗ ਤਰਮੀਮ ਕਰਨ ਦੀ ਗੱਲ ਕੋਈ ਨਵੀਂ ਨਹੀਂ । ਪੰਥ ਦੇ ਕਈ ਦਰਦ-ਮੰਦ ਵਿਦਵਾਨ ਤੇ ਆਗੂ, ਪਹਿਲਾਂ ਵੀ ਇਸ ਬਾਰੇ ਐਸੇ ਵੀਚਾਰ ਸਮੇਂ ਸਮੇਂ ਪ੍ਰਗਟ ਕਰਦੇ ਰਹੇ ਹਨ; ਪ੍ਰੰਤੂ, ਨਤੀਜਾ ਨਦਾਰਦ ।

5. ਸਿੱਖ ਗੁਰਦੁਆਰਾ ਐਕਟ

ਜਦ 1925 ਵਿਚ, ਵੱਡੀ ਜਦੋਜਹਿਦ ਤੇ ਅਜ਼ੀਮ ਕੁਰਬਾਨੀਆਂ ਉਪ੍ਰੰਤ, ਗੁਰਦੁਆਰਾ ਐਕਟ ਪਾਸ ਹੋਇਆ ਤਾਂ ਸਰ ਫ਼ਜ਼ਲ ਹੁਸੈਨ (ਫਜ਼ਲਿ ਹੁਸੈਨ), ਜੋ ਪੰਜਾਬ ਵਜ਼ਾਰਤ ਵਿਚ ਕਾਨੂੰਨ ਮੰਤਰੀ ਸਨ, ਦੀ ਟਿਪਣੀ ਸੀ ਕਿ ਸਿੱਖਾਂ ਨੇ ਐਸਾ ਐਕਟ ਪ੍ਰਾਪਤ ਕਰ ਕੇ ਭਾਰੀ ਭੁੱਲ ਕੀਤੀ ਹੈ । ਇਸ ਦਾ ਖਮਿਆਜ਼ਾ, ਇਹ ਲੋਕ, ਪਤਾ ਨਹੀਂ ਕਦ ਤੱਕ ਭੁਗਤਣਗੇ । ਉਸ ਦਾ ਇਸ਼ਾਰਾ ਦਿਸ ਦੇ ਪਰਜਾਤੰਤਰੀ ਚੋਣ ਢਾਂਚੇ ਅਤੇ ਸਿਆਸੀ ਆਗੂਆਂ ਦੀ ਬੇ-ਜਾ ਦਖ਼ਲ-ਅੰਦਾਜ਼ੀ ਵੱਲ ਸੀ । ਏਸੇ ਭਾਵ ਦੀ ਗੱਲ ਪੰਜਾਬ ਦੇ ਗਵਰਨਰ, ਮਿਸਟਰ ਹੇਲੀ, ਨੇ ਕਹੀ ਸੀ, ਕਿ ਜਿਵੇਂ ਜਿਵੇਂ ਸਿੱਖ ਲੋਕ ਇਸ ਐਕਟ ਉਤੇ ਅਮਲ ਕਰਨਗੇ, ਤਿਵੇਂ ਤਿਵੇਂ ਇਹਨਾਂ ਦੇ ਗੋਡੇ, ਚਲਦੇ ਉਸ ਊਠ ਵਾਂਗ ਭੱਜਣਗੇ, ਜਿਸ ਦੇ ਗਲ ਵਿਚ, ਢਿੱਲਾ ਕਰ ਕੇ, ਭਾਰਾ ਟੱਲ ਬੰਨ੍ਹ ਦਿੱਤਾ ਗਿਆ ਹੋਵੇ ।

ਇਹ ਦੂਰ-ਅੰਦੇਸ਼ ਲੋਕ ਜਾਣਦੇ ਸਨ ਕਿ ਸੰਸਾਰ ਵਿਚ ਕੋਈ ਸਫਲ ਧਾਰਮਕ ਸੰਸਥਾ ਜਾਂ ਜਥੇਬੰਦੀ ਅਜਿਹੀ ਨਹੀਂ, ਜਿਸ ਦੀ ਚੋਣ ਹਰ ਬਾਲਗ ਦੀ ਵੋਟ ਨਾਲ ਹੁੰਦੀ ਹੋਵੇ । ਇੰਗਲੈਂਡ ਨੂੰ ਡੈਮੋਕਰੇਸੀ (ਲੋਕਰਾਜ) ਦਾ ਪੰਘੂੜਾ ਕਿਹਾ ਜਾਂਦਾ ਹੈ; ਪ੍ਰੰਤੂ, ਉਥੇ ਵੀ ਜਨ ਸਧਾਰਣ ਜਾਂ ਰਾਜ-ਪ੍ਰਬੰਧ ਨੂੰ

1. ਸੰਤ ਫਤਹ ਸਿੰਘ ਜੀ ਤੇ ਸੰਤ ਚੰਨਣ ਸਿੰਘ ਜੀ ।

ਗਿਰਜੇ ਦੇ ਪਾਦਰੀਆਂ ਦੀ ਚੋਣ ਵਿਚ ਕੋਈ ਦਖਲ ਨਹੀਂ । ਇਹੋ ਹਾਲ ਹੋਰ ਮੱਤਾਂ ਦੀਆ ਸਮੂਹ ਧਾਰਮਕ ਜਥੇ-ਬੰਦੀਆਂ ਤੇ ਸਕਲ ਧਾਰਮਕ ਅਦਾਰਿਆਂ ਦਾ ਹੈ ।

ਸਾਡੇ ਸਾਹਮਣੇ ਸਭ ਤੋਂ ਵੱਡੀ ਮਿਸਾਲ ਪੋਪ ਦੀ ਚੋਣ ਦੀ ਹੈ, ਜੋ ਇਸ ਵੇਲੇ 65 ਕਰੋੜ ਕੈਥੋਲਿਕ (Catholic) ਇਸਾਈਆਂ ਦਾ ਧਾਰਮਿਕ ਆਗੂ ਹੈ । ਜਦ ਜੋਹਨ 23ਵਾਂ, ਘੱਟੋ ਘੱਟ 2/3 ਦੀ ਬਹੁ ਗਿਣਤੀ ਨਾਲ ਚੁਣਿਆ ਜਾਣਾ ਸੀ, ਤਾਂ ਚੋਣਕਾਰ ਕੇਵਲ 50 ਕਾਰਡੀਨਲ ਸਨ । ਪੋਪ ਪਾਲ ਦੀ ਚੋਣ ਵੇਲੇ ਕੁਲ 80 ਕਾਰਡੀਨਲ ਸਨ । ਅਸਲ ਵਿਚ ਇਸਾਈਆਂ ਤੇ ਅਹਿਮਦੀਆਂ ਦੀ ਮਿਸ਼ਨਰੀ ਸਫਲਤਾ, ਉਹਨਾਂ ਦੀਆਂ ਪ੍ਰਚਾਰ ਕਰਨ ਵਾਲੀਆਂ ਮਜ਼ਬੂਤ ਸੰਸਥਾਵਾਂ ਦੀ ਧਾਰਮਿਕ ਬਣਤਰ ਦੇ ਕਾਰਨ ਹੈ । ਜਨ-ਸਾਧਾਰਣ ਨੂੰ ਇਸ ਵਿਚ ਦਖਲ ਨਹੀਂ । ਇੰਗਲੈਂਡ ਦੀ ਸਰਕਾਰ ਪ੍ਰੋਟੈਸਟੈਂਟ ਚਰਚ ਦੀ ਮਾਇਕ ਸਹਾਇਤਾ ਤਾਂ ਕਰਦੀ ਹੈ, ਪਰ ਉਸ ਵਿਚ ਦਖਲ ਨਹੀਂ ਦਿੰਦੀ । ਪੋਪ ਔਫ ਕੈਂਟਰਬਰੀ ਪੂਰਨ ਤੌਰ ਉਤੇ ਸੁਤੰਤਰ ਹੈ ।

ਡੈਮੋਕਰੇਸੀ (ਲੋਕਤੰਤਰ ਚੋਣ) ਤੇ ਇਸ ਦਾ ਪ੍ਰਬੰਧ-ਢਾਂਚਾ, ਉਪਰੋਂ ਵੇਖਣ ਨੂੰ, ਬੜਾ ਮਨ-ਮੋਹਣਾ ਹੈ, ਪਰ ਵਰਤੋਂ ਵਿਚ ਇਹ ਦੋ ਧਾਰਾ ਖੰਡਾ ਹੈ । ਜ਼ੁੰਮੇਵਾਰ, ਸਿਆਣੇ, ਭਲੇ, ਦਰਦਮੰਦ, ਈਮਾਨਦਾਰ ਤੇ ਦੂਰਅੰਦੇਸ਼ ਲੋਕਾਂ ਲਈ ਡੈਮੋਕਰੇਸੀ ਇਕ ਨੇਆਮਤ ਹੈ, ਆਦਰਸ਼ਕ ਰਾਜ-ਪ੍ਰਬੰਧ ਹੈ, ਪ੍ਰੰਤੂ ਅੱਲ੍ਹੜਾਂ, ਸਵਾਰਥੀਆਂ ਤੇ ਗ਼ੈਰ ਜ਼ੁੰਮੇਵਾਰਾਂ ਲਈ ਇਕ ਬਾਂਦਰ-ਵੰਡ ।

ਇਕ ਮੂਰਖ, ਸਵਾਰਥੀ ਤੇ ਹੰਕਾਰੀ ਰਾਜਾ ਜਾਂ ਡਿਕਟੇਟਰ ਦੁਖਦਾਈ ਹੈ, ਪਰ ਜਦ, ਲੋਕ-ਤੰਤਰ ਰਾਹੀਂ, ਚੁਣੇ ਮੈਂਬਰ ਅਯੋਗ ਹਾਕਮ ਬਣ ਬੈਠਣ, ਤਾਂ ਉਸ ਸੰਸਥਾ ਜਾਂ ਸਰਕਾਰ ਦਾ ਰੱਬ ਹੀ ਰਾਖਾ ਹੈ । ਕਿਸੇ ਦਾ ਇਹ ਲਿਖਣਾ ਕਿ ਹਰੇਕ ਸਿੱਖ ਨੂੰ ਵੋਟ ਦਾ ਹੱਕ ਨਾ ਦੇਣ ਨਾਲ ਉਸ ਸਿੱਖ ਦਾ ਸੰਬੰਧ ਅਥਵਾ ਨਾਤਾ ਗੁਰਦੁਆਰੇ ਨਾਲੋਂ ਟੁੱਟ ਜਾਵੇਗਾ, ਅਜੀਬ ਮੰਤਕ ਹੈ । ਕੀ ਸਿੱਖ ਦਾ ਗੁਰਦੁਆਰੇ ਨਾਲ ਨਾਤਾ ਕੇਵਲ ਚੋਣਕਾਰ ਜਾਂ ਮੈਂਬਰ ਬਣ ਕੇ ਹੀ ਕਾਇਮ ਰਹਿ ਸਕਦਾ ਹੈ ? ਸੰਸਾਰ ਵਿਚਲਾ ਹਰੇਕ ਸਿੱਖ-ਗੁਰਦੁਆਰਾ, ਸਿਧਾਂਤਕ ਤੌਰ ਉਤੇ, ਸਮੂਹ ਸਿੱਖਾਂ, ਅਥਵਾ ਪ੍ਰਾਣੀ ਮਾਤਰ ਦਾ ਸਾਂਝਾ ਹੈ; ਪ੍ਰੰਤੂ, ਉਸ ਦਾ ਪ੍ਰਬੰਧ ਕਰਨ ਵਾਲੇ, ਹਰ ਥਾਂ, ਚੰਦ ਸਥਾਨਕ ਸਿੱਖ ਪ੍ਰਤੀਨਿਧ ਹੀ ਹੁੰਦੇ ਹਨ । ਹਰੇਕ ਸਿੱਖ ਨੂੰ ਪ੍ਰਬੰਧ ਵਿਚ ਦਖਲ ਦੇਣ ਦਾ ਹੱਕ ਦੇਣਾ ਅਸੰਭਵ ਹੈ । ਸਿੱਖ ਦਾ ਅਧਿਆਤਮਕ ਸੰਬੰਧ ਗੁਰਦੁਆਰੇ ਵਿਚ ਜੁੜੀ ਸੰਗਤ, ਕੀਰਤਨ, ਕਥਾ ਅਤੇ ਉਸ ਦੇ ਸਵੱਛ, ਸ਼ਾਂਤ ਤੇ ਗੁਰਬਾਣੀ-ਭਿੱਜੇ ਵਾਤਾਵਰਣ ਨਾਲ ਹੈ, ਨਾ ਕਿ ਚੋਣਕਾਰ ਜਾਂ ਮੈਂਬਰ ਹੋਣ ਦੀ ਸੂਖਮ ਹਉਮੈਂ ਨਾਲ ? ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀ ਉਦਾਹਰਣ ਹੀ ਲੈ ਲਵੋ : ਇਹ, ਸਾਰੇ ਸਿੱਖ-ਸੰਸਾਰ ਦਾ ਸਾਂਝਾ ਧਰਮ (ਹਰੀ) ਕੇਂਦਰ ਹੈ । ਫੇਰ ਕੇਵਲ ਪੰਜਾਬ ਦੇ ਸਿੱਖਾਂ ਨੂੰ ਹੀ ਚੋਣ ਰਾਹੀਂ ਇਸ ਦੇ ਪ੍ਰਬੰਧ ਨਾਲ ਜੋੜਨਾ ਅਤੇ ਬਾਕੀ ਦੇਸ਼ ਪ੍ਰਦੇਸ਼ ਦੇ ਲੱਖਾਂ ਸਿੱਖਾਂ ਨੂੰ ਇਸ ਹੱਕ ਤੋਂ ਵਾਂਝਿਆਂ ਰਖਣ ਨੂੰ, ਖੇਤਰੀ ਸੁਤੰਤਰ ਬੋਰਡਾਂ ਉਤੇ ਕਿੰਤੂ ਕਰਨ ਵਾਲੇ ਲੋਕ, ਕਿਵੇਂ ਹੱਕ-ਬਜਾਨਬ ਕਰਾਰ ਦੇਣਗੇ ? ਸਵਾਲ ਗੁਰਦੁਆਰੇ ਨੂੰ ਸਤਿਗੁਰਾਂ ਦੇ ਤੱਖ਼ਯੁਲ ਦਾ ਧਰਮ-ਅਸਥਾਨ ਬਣਾਉਣਾ ਹੈ, ਹਰ ਸਿੱਖ ਦਾ ਗੁਰਦੁਆਰਾ ਪ੍ਰਬੰਧ ਨਾਲ, ਬਤੌਰ ਚੋਣਕਾਰ ਜਾਂ ਪ੍ਰਬੰਧਕ, ਨਾਤਾ ਜੋੜਨਾ ਨਹੀਂ ।

ਵੈਸੇ, ਇਹ ਧਾਰਨਾ ਹੈ ਹੀ ਅਸਾਧ (impracticable) । ਗੁਰੂ ਕੇ ਸਿੱਖਾਂ ਨੇ ਗੁਰਦੁਆਰੇ ਦੇ ਸੱਚ-ਧਰਮ-ਭਾਵਾਂ ਨਾਲ ਭਿੱਜੇ ਵਾਤਾਵਰਣ 'ਚੋਂ, ਅੰਮ੍ਰਿਤ-ਜੀਵਨ ਦੇ ਅੰਬ ਖਾਣੇ ਹਨ, ਮੈਂਬਰ ਜਾਂ

ਚੋਣਕਾਰ ਹੋਣ ਦੀ ਹਉਮੈ ਦੇ ਰੁੱਖ ਨਹੀਂ ਗਿਣਨੇ, ਜੋ ਅਸੀਂ 1925 ਤੋਂ ਲੈ ਕੇ ਹੁਣ ਤਕ ਗਿਣਦੇ ਆਏ ਹਾਂ । ਜੇ ਈਸਾਈਆਂ, ਯਹੂਦੀਆਂ, ਮੁਸਲਮਾਨਾਂ ਤੇ ਅਹਿਮਦੀਆਂ ਆਦਿ ਮੱਤਾਂ ਦੇ ਸੰਪ੍ਰਦਾਇਕ, ਮਜ਼੍ਹਬੀ ਅਦਾਰੇ, ਹਰ ਬਾਲਗ ਦੀ ਵੋਟ ਦੇ ਦਖ਼ਲ ਤੋਂ ਬਿਨਾਂ, ਸਫਲ ਤੌਰ ਉੱਤੇ ਚਲ ਰਹੇ ਹਨ, ਤਾਂ ਸਮੱਸਤ ਸੰਸਾਰ ਦੇ ਸਾਰੇ ਸਿੱਖ ਗੁਰਦੁਆਰੇ ਕਿਉਂ ਨਹੀਂ ਚਲ ਸਕਦੇ ? ਸੱਚ ਤਾਂ ਇਹ ਹੈ ਕਿ ਧਰਮ-ਭਾਵ-ਵਿਹੀਨ ਤੇ ਸਵਾਰਥੀ ਰਾਜਸੀ ਨੇਤਾਵਾਂ ਅਤੇ ਸ਼ਰਧਾ-ਹੀਨ ਬੁੱਧੀ-ਜੀਵੀਆਂ ਨੇ ਹੀ ਸਿੱਖੀ ਜਿਹੇ ਸਰਬ-ਕਾਲੀ, ਸਰਬ-ਦੇਸ਼ੀ ਤੇ ਮਾਨਵ-ਧਰਮ ਨੂੰ ਪੰਜਾਬ ਦੀ ਇਕ ਨੁੱਕਰੇ ਲਾ ਛੱਡਿਆ ਹੈ ।

ਇਹ ਵਾਵੇਲਾ ਵੀ ਕਤਅਨ ਗਲਤ ਤੇ ਹਾਨੀਕਾਰਕ ਹੈ ਕਿ ਹਰੇਕ ਸਿੱਖ ਨੂੰ ਵੋਟ ਦਾ ਹੱਕ ਨਾ ਦੇਣ ਨਾਲ, ਸਿੱਖਾਂ ਦੀ ਆਪਸ ਵਿਚ, ਸ੍ਰੇਣੀ-ਵੰਡ ਹੋ ਜਾਵੇਗੀ । ਕੀ ਹਰ ਬਾਲਗ ਸਿੱਖ ਨੂੰ ਵੋਟ ਦਾ ਹੱਕ ਦੇ ਕੇ ਵਰਤਮਾਨ ਗੁਰਦੁਆਰਾ ਐਕਟ ਸਿੱਖਾਂ ਵਿਚ ਪੰਥ-ਮਾਰੂ-ਧੜੇ-ਬੰਦੀ ਦਾ ਕਾਰਨ ਨਹੀਂ ਬਣਿਆ ? ਕੀ ਵਰਤਮਾਨ ਚੋਣ-ਢਾਂਚੇ ਨੇ, ਸ਼ਡੂਲਡ ਕਾਸਟ ਸਿੱਖਾਂ ਨੂੰ 20 ਰਾਖਵੀਆਂ ਸੀਟਾਂ ਦੇ ਕੇ, ਕਿਤੇ ਸ੍ਰੇਣੀ-ਵੰਡ ਦਾ ਬੀਜ ਤਾਂ ਨਹੀਂ ਬੀਜਿਆ ? ਚੋਣ, ਜਿੰਨੀ ਸਿੱਖ-ਰਹਿਤ ਦੀਆਂ ਪਾਬੰਦੀਆਂ ਅਧੀਨ ਅਤੇ ਰਾਜਨੀਤੀ ਤੋਂ ਬਾਲਾ, ਗੁਰਮੁਖ ਸਿੱਖਾਂ ਦੀ ਹੋਵੇਗੀ, ਉਤਨਾ ਹੀ ਗੁਰਦੁਆਰਾ, ਸਿੱਖੀ-ਜੀਵਨ ਤੇ ਪ੍ਰਚਾਰ ਦਾ ਸੋਮਾਂ ਹੋ ਉਭਰੇਗਾ । ਜਮਹੂਰੀ ਚੋਣ ਢੰਗ ਦਾ ਰੌਲਾ ਉਹ ਲੋਕ ਪਾਉਂਦੇ ਹਨ ਜੋ ਅੰਦਰੋਂ ਚਾਹੁੰਦੇ ਹਨ ਕਿ ਗੁਰਦੁਆਰਿਆਂ ਵਿਚ ਵਿੱਤਬਾਰ ਦਾ ਵਾਤਾਵਰਣ ਵਰਤੇ, ਅਤੇ ਇਹ ਧੜੇ-ਬੰਦੀ ਤੇ ਖਾਨਾ-ਜੰਗੀ ਦਾ ਅੱਡਾ ਬਣੇ ਰਹਿਣ । ਅਜਿਹੇ ਚਾਲਾਕ ਲੋਕ ਸਿੱਖੀ ਦੀ ਬ੍ਰਿਧੀ ਦੇ ਚਾਹਵਾਨ ਦੂਰ-ਅੰਦੇਸ਼ ਗੁਰਮੁਖ ਸਿੱਖ ਨਹੀਂ ਹੋ ਸਕਦੇ ।

6. ਸੰਗਤ ਤੇ ਜਮਹੂਰੀਅਤ

ਭੋਲੇ ਭਾਲੇ ਸਿੱਖਾਂ ਨੂੰ ਚਤੁਰ ਤੇ ਅਸ਼ਰਧਾਲੂ ਪੰਡਿਤ (ਵਿਦਵਾਨ) ਲੋਕਾਂ ਵਲੋਂ, ਇਹ ਟਪਲਾ ਵੀ ਲਾਇਆ ਜਾ ਰਿਹਾ ਹੈ ਕਿ ਸਿੱਖ ਸੰਗਤ ਅਥਵਾ ਸਤਿਸੰਗਤ ਦੀ ਕਾਇਮੀ ਦੇ ਰੂਪ ਵਿਚ ਸਤਿਗੁਰਾਂ ਨੇ ਵਰਤਮਾਨ ਡੈਮੋਕਰੇਸੀ (ਜਮਹੂਰੀਅਤ) ਨੂੰ ਅਪਣਾਇਆ ਹੈ । ਇਹ ਮਨੌਤ, ਸਿੱਖ-ਧਰਮ ਦੇ ਬੁਨਿਆਦੀ ਸਿਧਾਂਤਾਂ ਦੇ ਅਨੁਕੂਲ ਨਹੀਂ ।

ਵਰਤਮਾਨ ਡੈਮੋਕਰੈਟਿਕ (ਲੋਕਤੰਤਰ) ਢਾਂਚੇ ਅਧੀਨ ਚੋਣਕਾਰ, ਚੁਣੇ ਗਏ ਪ੍ਰਤਿਨਿਧ ਜਾਂ ਲੋਕ-ਇਕੱਠ, ਜਰੂਰੀ ਨਹੀਂ, ਅੰਦਰੋਂ ਬਾਹਰੋਂ, ਸੱਚੇ-ਸੁੱਚੇ, ਧਰਮ-ਵਿਸ਼ਵਾਸੀ ਤੇ ਬਾ-ਇਖ਼ਲਾਕ ਹੋਣ । ਉਹ ਮੰਦਾ ਚਿਤਵ ਸਕਦੇ ਅਤੇ ਸਮਾਜ ਅਤੇ ਸਰਕਾਰ ਤੋਂ ਚੋਰੀ, ਮੰਦਾ ਕਮਾ ਸਕਦੇ ਹਨ । ਉਹਨਾਂ ਦੀ ਦੁਨੀਆਂ ਵਿਚ ਉਹੀ ਮੁਜਰਮ ਹੈ, ਜੋ ਕਾਨੂੰਨ ਦੇ ਸ਼ਿਕੰਜੇ ਵਿਚ ਫੱਸ ਜਾਵੇ । ਦੂਰ ਜਾਣ ਦੀ ਲੋੜ ਨਹੀਂ, ਇਸ ਗੱਲ ਦਾ ਪ੍ਰਤੱਖ ਸਬੂਤ ਆਪਣੇ ਦੇਸ਼ ਦੇ ਰਾਜਸੀ ਡੈਮੋਕਰੈਟਿਕ ਸਿਸਟਮ ਵਿਚ ਹਰ ਪਾਸੇ ਵੇਖਿਆ ਜਾ ਸਕਦਾ ਹੈ, ਅਤੇ ਇਸ ਦੇ ਫਲਸਰੂਪ ਹਰ ਪਾਸੇ ਪਸਰਿਆ ਭ੍ਰਿਸ਼ਟਾਚਾਰ ਵੀ ।

ਪ੍ਰੰਤੂ, ਸਤਿਸੰਗਤ, ਉਹਨਾਂ ਦੈਵੀ ਲੋਕਾਂ ਦਾ ਇਕੱਠ ਹੈ, ਜਿਨ੍ਹਾਂ ਲਈ ਬੁਰਾ ਕਰਨਾ ਤਾਂ ਇੱਕ ਪਾਸੇ ਰਿਹਾ, ਬੁਰਾ ਚਿਤਵਨਾ ਵੀ ਪਾਪ ਹੈ । ਉਥੇ ਸਾਰੇ ਹਾਜ਼ਰੀਨ ਸਤਿਗੁਰੂ ਜੀ ਵਿਚ ਸਮਾਨ

ਤੇ ਇੱਕ ਹੋ ਕੇ ਬੈਠਦੇ ਹਨ। ਗੁਰੂ ਨਾਨਕ ਪਾਤਸ਼ਾਹ, ਸਤਿਸੰਗਤ ਦੀ ਵਿਆਖਿਆ ਕਰਦੇ ਹੋਏ ਫੁਰਮਾਉਂਦੇ ਹਨ :

ਸਤਿ ਸੰਗਤਿ ਕੈਸੀ ਜਾਣੀਐ ? ਜਿਥੈ ਏਕੋ ਨਾਮੁ ਵਖਾਣੀਐ। (ਪੰਨਾ 72)
ਏਕੋ ਨਾਮੁ ਹੁਕਮੁ ਹੈ, ਨਾਨਕ, ਸਤਿਗੁਰਿ ਦੀਆ ਬੁਝਾਇ ਜੀਉ ॥

ਸੋ, ਗੁਰਦੁਆਰਿਆਂ ਵਿੱਚ ਸਤਿਸੰਗਤ ਦੇ ਰੂਪ ਵਿਚ ਜੁੜੇ ਲੋਕ ਮਨ, ਬਚਨ, ਕਰਮ ਕਰ ਕੇ ਹਰਿਨਾਮ ਨਾਲ ਜੁੜੇ ਹੋਏ ਹਨ; ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਦਵੈਖ ਤੋਂ ਉਚੇਰੇ ਤੇ ਪਾਕ ਪਵਿੱਤਰ ! ਉਹਨਾਂ ਨੂੰ, ਮਾਇਆ-ਵੇਹੜੇ ਅਤੇ ਅੰਦਰੋਂ ਬਾਹਰੋਂ ਹੋਰ, ਹੋਰ, ਖੋਟੇ ਲੋਕਾਂ ਨਾਲ ਤੁਲਣਾ ਦੇਣੀ ਅਯੋਗ ਹੈ, ਅਨਰਥ ਹੈ।

ਯਾਦ ਰੱਖੋ, ਜਿਸ ਸੰਗਤ ਨੂੰ ਗੁਰੂ ਜੀ ਆਪਣੇ ਨਾਲੋਂ ਵੀ ਵੱਡਾ —21 ਵਿਸਵੇ ਦਾ—ਦਰਜਾ ਦਿੰਦੇ ਹਨ, ਉਹ, ਯਕੀਨਨ ਵੋਟਾਂ ਨਾਲ ਚੁਣੇ ਸਾਧਾਰਣ ਲੋਕਾਂ ਦਾ ਇਕੱਠ (Congregation) ਨਹੀਂ ਹੋ ਸਕਦੀ। ਸ਼ਬਦ (ਨਾਮ) ਵਿਚ ਸੁਰਤ ਜੋੜਨ ਵਾਲਿਆਂ ਦਾ ਹਜੂਮ ਹੀ ਹੋ ਸਕਦਾ ਹੈ।

ਦੂਜੇ, ਸਿੱਖ ਮਿਸਲਾਂ ਦੇ ਸਮੇਂ ਤਕ ਦੇ ਸਿੱਖ-ਇਤਿਹਾਸ ਵੱਲ ਨਿਗਾਹ ਮਾਰੀਏ ਤਾਂ ਸਮੂਹ ਸਤਿਗੁਰੂਆਂ ਤੇ ਸਰਬੱਤ-ਖਾਲਸੇ ਦੇ ਫੈਸਲੇ, ਧਰਮ ਅਤੇ ਗੁਣ-ਪ੍ਰਧਾਨ ਪ੍ਰਣਾਲੀ (Theocracy) ਦੁਆਰਾ ਹੁੰਦੇ ਰਹੇ ਹਨ, ਵਰਤਮਾਨ ਲੋਕ-ਤੰਤਰੀ (Democratic) ਚੋਣ-ਢੰਗ ਨਾਲ, ਵੋਟ ਦੁਆਰਾ ਨਹੀਂ। ਕੀ ਹਰੇਕ ਸਤਿਗੁਰੂ ਨੇ ਆਪਣੇ ਉੱਤ੍ਰਾਧਿਕਾਰੀ ਦੀ, ਗੁਣਾਂ ਨੂੰ ਆਧਾਰ ਬਣਾ ਕੇ ਚੋਣ (Selection) ਕੀਤੀ ਸੀ, ਜਾਂ ਵੋਟਾਂ ਰਾਹੀਂ ਇਲੈਕਸ਼ਨ ਦੁਆਰਾ ? ਜੇ ਕਰਦੇ ਤਾਂ ਸ਼ਾਇਦ ਵਰਤਮਾਨ ਪੰਜ ਪਿਆਰੇ ਨਾ ਚੁਣੇ ਜਾ ਸਕਦੇ, ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨਾਲੋਂ ਪ੍ਰਿਥੀਚੰਦ ਬਹੁਤੀਆਂ ਵੋਟਾਂ ਲੈ ਜਾਂਦਾ। ਜੇ ਜਥੇਦਾਰੀ ਦੀ ਚੋਣ ਲਈ ਵਰਤਮਾਨ ਵੋਟਾਂ ਵਾਲਾ ਚੋਣ ਢੰਗ ਲਾਗੂ ਹੁੰਦਾ ਤਾਂ ਮਹਾਨ ਸ੍ਰ: ਜੱਸਾ ਸਿੰਘ ਆਹਲੂਵਾਲੀਏ (ਅਖੌਤੀ ਕਲਾਲ) ਨੂੰ ਸਰਬਸੰਮਤੀ ਨਾਲ ਸੁਲਤਾਨੁਲ-ਕੌਮ ਕੌਣ ਮੰਨਦਾ ? ਵਰਤਮਾਨ ਡੈਮੋਕਰੇਸੀ ਦਾ ਨਿਰੂਪਣ (Concept) ਤਾਂ ਗੁਰੂ-ਕਾਲ ਤੋਂ ਬਾਅਦ, ਅੰਗਰੇਜ਼-ਰਾਜ ਸਮੇਂ, ਭਾਰਤ ਵਿਚ ਆਇਆ ਅਤੇ ਉਹ ਵੀ ਕੇਵਲ ਰਾਜਨੀਤੀ ਲਈ; ਧਾਰਮਿਕ ਅਦਾਰਿਆਂ ਦੇ ਪ੍ਰਬੰਧ ਹਿਤ ਨਹੀਂ।

7. ਇੱਕ ਚਿਤਾਵਨੀ, ਹੋਰ

ਵਰਤਮਾਨ ਗੁਰਦੁਆਰਾ ਐਕਟ ਅਨੁਸਾਰ ਗੁਰਦੁਆਰਿਆਂ ਵਿੱਚ ਨਾ ਕੇਵਲ ਆਚਾਰ-ਹੀਨ, ਲੋਭੀ ਤੇ ਚੌਧਰ ਦੇ ਭੁੱਖੇ ਢਿੱਲੜ ਸਿੱਖ ਜੋ ਆਤਮਾ, ਪ੍ਰਮਾਤਮਾ ਅਤੇ ਨਾਮ-ਧਰਮ ਵਿਚ ਵਿਸ਼ਵਾਸ ਨਹੀਂ ਰਖਦੇ, ਆ ਘੁਸਦੇ ਹਨ; ਸਗੋਂ, ਸਿੱਖ-ਨੁਮਾ ਨਾਸਤਕ ਕਮਿਊਨਿਸਟ ਵੀ। 1955 ਵਿਚ ਅਕਾਲੀਆਂ ਤੇ ਕਮਿਊਨਿਸਟਾਂ ਵਿਚਕਾਰ ਹੋਏ ਚੋਣ-ਸਮਝੌਤੇ ਕਾਰਨ, ਦਸ ਬਾਰਾਂ ਕਮਿਊਨਿਸਟ ਵੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਣੇ। ਸ੍ਰ: ਮੋਹਨ ਸਿੰਘ ਮਹਾਵਾ (ਅੰਮ੍ਰਿਤਸਰ) ਨੇ ਸ: ਈਸ਼ਰ ਸਿੰਘ ਮਝੈਲ, ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ, ਸ਼ਿਕਸਤ ਦਿੱਤੀ ਸੀ, ਅਤੇ ਉਹ, ਪ੍ਰੋ: ਦਰਿਆਮ ਸਿੰਘ ਅਤੇ ਸ: ਗੁਰਦਿੱਤ ਸਿੰਘ ਐਲਖ, ਐਡਵੋਕੇਟ ਆਦਿ ਕਮਿਊਨਿਸਟ, ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਵੀ ਰਹੇ। ਕਮਿਊਨਿਸਟਾਂ ਦੇ ਨਾਸਤਕ ਹੋਣ ਬਾਰੇ ਲੈਨਿਨ, Lenin on Religion ਪੁਸਤਕ

ਦੇ ਆਰੰਭ ਵਿਚ ਲਿਖਦਾ ਹੈ :—

Atheism is natural and inseparable part of Marxism, i.e. Scientific Socialism.

(ਨਾਸਤਕਤਾ-ਪਦਾਰਥਵਾਦ (ਨਾਸਤਕਤਾ) ਮਾਰਕਸਵਾਦ ਅਥਵਾ, ਵਿਗਿਆਨਕ ਸਮਾਜਵਾਦ ਦਾ ਸੁਭਾਵਕ ਤੇ ਅਨਿੱਖੜਵਾਂ ਅੰਗ ਹੈ।)

8. ਇਕ ਹੋਰ ਸਪਸ਼ਟਤਾ

ਸਵਾਰਥੀ ਤੇ ਚਤੁਰ ਰਾਜਸੀ ਲੋਕ ਸਿੱਖ ਸੰਗਤਾਂ ਨੂੰ ਇਕ ਵੱਡਾ ਟਪਲਾ ਇਹ ਵੀ ਦਿੰਦੇ ਹਨ ਕਿ ਕਿ ਜੇ ਹਰ ਸਿੱਖ ਨੂੰ ਗੁਰਦੁਆਰਾ ਚੋਣਾਂ ਵਿਚ ਵੋਟ ਦੇਣ ਦਾ ਹੱਕ ਨਾਂ ਦਿੱਤਾ ਗਿਆ ਤਾਂ ਧਰਮ ਤੇ ਰਾਜਨੀਤੀ ਵੱਖ ਵੱਖ ਹੋ ਜਾਣਗੇ। ਇਸ ਸੰਬੰਧ ਵਿਚ ਪ੍ਰਥਮ ਬਿਨੈ ਤਾਂ ਇਹ ਹੈ ਕਿ ਗੁਰਮਤ ਅਨੁਸਾਰ 'ਧਰਮ' ਨੂੰ ਜੀਵਨ ਦੇ ਕਿਸੇ ਸ਼ੋਅਬੇ (ਅੰਗ) ਨਾਲੋਂ ਵੀ ਵੱਖ ਨਹੀਂ ਕੀਤਾ ਜਾ ਸਕਦਾ। ਇਉਂ ਸੋਚਣਾ ਹੀ ਉਪੱਦਰਵ ਹੈ। ਸੰਤੁਲਿਤ 'ਸਹਜ' ਤੇ ਸਫਲ ਜੀਵਨ-ਯਾਤਰਾ ਲਈ ਆਰਥਕ, ਸਮਾਜਕ, ਰਾਜਸੀ ਖੇਤਰਾਂ ਵਿਚ ਵੀ ਧਰਮ ਦੀ ਇਕ ਸਮਾਨ ਲੋੜ ਹੈ। ਅੱਲਾਮਾ ਇਕਬਾਲ ਨੇ ਇਸ ਸੰਬੰਧ ਵਿਚ ਬੜੇ ਪਤੇ ਦੀ ਗੱਲ ਆਖੀ ਹੈ :—

ਜਲਾਲਿ ਪਾਤਸ਼ਾਹੀ ਹੋ, ਯਾ ਜਮਹੂਰੀ ਤਮਾਸ਼ਾ ਹੋ।
ਜੁਦਾ ਹੋ ਦੀਂ ਸਿਆਸਤ ਸੇ, ਤੋ ਰਹਿ ਜਾਤੀ ਹੈ ਚੰਗੇਜ਼ੀ।

(ਜੇ ਧਰਮ ਤੋਂ ਸਿਆਸਤ (ਰਾਜਨੀਤੀ) ਵੱਖਰੀ ਹੋ ਜਾਵੇ, ਤਦ ਰਾਜ, ਚਾਹੇ ਇਕ ਪੁਰਖੀ ਹੋਵੇ ਜਾਂ ਲੋਕਤੰਤਰੀ, ਇਹ ਚੰਗੇਜ਼ ਖਾਨ ਦੀ ਬਰਬਰੀਅਤ ਤੇ ਕਹਿਰ ਹੋ ਕੇ ਰਹਿ ਜਾਂਦਾ ਹੈ।) ਪਰ, ਭੁੱਲ ਉਦੋਂ ਹੁੰਦੀ ਹੈ ਜਦ ਅਸੀਂ ਧਰਮ ਦੇ ਅਰਥਾਂ ਨੂੰ ਮਜ਼ਹਬ, ਮੱਤ, ਸੰਪ੍ਰਦਾਇ ਜਾਂ ਰਿਲੀਜਨ (Religion) ਦੇ ਅਰਥਾਂ ਨਾਲ ਖਲਤ ਮਲਤ ਕਰਨ ਦੀ ਭੁੱਲ ਕਰਦੇ ਹਾਂ। ਧਰਮ ਸ਼ਾਸ਼ਵਤ ਹੈ, ਸਦੀਵੀ ਹੈ, ਇੱਕ ਹੈ ਜਦ ਕਿ ਮੱਤ ਅਨੇਕ ਹਨ। ਪੰਜਵੇਂ ਗੁਰਦੇਵ ਕੇਵਲ 'ਇੱਕ ਓਅੰਕਾਰੀ ਨਾਮ' ਨੂੰ ਹੀ ਧਰਮ ਅਤੇ ਕਲਜੁਗੀ ਜੀਵਾਂ ਦਾ ਉਧਾਰ-ਕਰਤਾ ਤੇ ਗਿਆਨ ਪ੍ਰਕਾਸ਼ਕ ਮੰਨਦੇ ਹਨ :—

"ਬਲਿਓ ਚਰਾਗੁ ਅੰਧਾਰ ਮਹਿ, ਸਭ ਕਲਿ ਉਧਰੀ ਇਕ ਨਾਮ ਧਰਮ॥" (ਪੰ. 1387)
ਤਥਾ—ਸਗਲ ਮਤਾਂਤ, ਕੇਵਲ ਹਰਿ ਨਾਮੁ (ਸੁਖਮਨੀ)

ਚੇਤੇ ਰਹੇ : ਸ੍ਰੀ ਗੁਰੂ ਨਾਨਕ ਨਾਮ-ਲੇਵਾ ਸਿੱਖਾਂ ਵੱਲੋਂ, ਨਾਸਤਕ ਜਾਂ ਪਦਾਰਥਵਾਦੀਆਂ ਨੂੰ ਇਸ ਪੱਖੋਂ ਨਿੰਦ ਲੈਣਾ ਹੀ ਕਾਫੀ ਨਹੀਂ, ਸਗੋਂ ਹਰ ਸਿੱਖ ਅਦਾਰੇ ਵਿਚ ਸਿੱਖ-ਸਮਾਜਵਾਦ, ਤੇ ਸਮਾਨਤਾ ਵਰਤਾ ਕੇ ਵਿਖਾਉਣ ਦੀ ਲੋੜ ਹੈ। ਗੁਰੂ ਜੀ ਤਾਂ ਅਮਲ, ਕਰਨੀ ਦੇ ਆਸ਼ਕ ਹਨ, ਕੇਵਲ ਮਨੌਤ (Profession) ਦੇ ਨਹੀਂ।

ਰਾਜਸੀ ਲੋਕਾਂ ਦੀ ਚੁਸਤੀ ਇਹ ਹੈ ਕਿ ਉਹ 'ਧਰਮ ਤੇ ਰਾਜਨੀਤੀ' ਨੂੰ ਅਨਿੱਖੜਵਾਂ ਦੱਸ ਕੇ, ਰਾਜਨੀਤੀ ਨੂੰ ਧਰਮੀ ਤੇ ਪਵਿੱਤਰ ਬਣਾਉਣ ਦੀ ਥਾਂ, ਧਰਮ ਨੂੰ ਰਾਜਨੀਤੀ ਦੇ ਕੁੱਤੇ ਹੇਠ ਰੱਖਦੇ, ਤੇ ਇਸ ਦੀ ਕੁਵਰਤੋਂ ਕਰਦੇ ਹਨ। ਗੁਰੂ ਨਾਨਕ ਦੇਵ ਜੀ 'ਜਪੁ ਜੀ' ਵਿਚ ਧਰਮ ਨੂੰ ਸਾਧਾਰਣ ਮਜ਼ਹਬ ਜਾਂ ਮੱਤ ਦੇ ਅਰਥਾਂ ਵਿਚ ਨਹੀਂ ਲੈਂਦੇ, ਸਗੋਂ ਦਯਾ ਦਾ ਪੁੱਤਰ ਤੇ ਸੰਤੋਖ-ਧਾਰਕ

ਸੱਤਾ ਕਰ ਕੇ ਮੰਨਦੇ ਹਨ; ਜਦ ਕਿ ਦੁਨਿਆਵੀ ਤੇ ਰਾਜਸੀ ਲੋਕਾਂ ਦੀ ਪ੍ਰਾਪਤੀ ਤੇ ਪ੍ਰਭਤਾ ਦੀ ਲਾਲਸਾ, ਅਸੰਤੋਖ, ਹਉਮੈ ਤੇ ਸਵਾਰਥ ਦੀ ਉਪਜ ਹੁੰਦੀ ਹੈ। ਧਰਮ ਤਾਂ ਸਾਰੇ ਅਸਤਿਤਵ, ਕੁਲ ਕਾਇਨਾਤ ਤੇ ਹੋਂਦ ਦਾ ਆਧਾਰ ਹੈ। ਅਸਤਿਤਵ ਦੀ ਗਹਨਤਾ, ਅਥਵਾ ਡੂੰਘਾਈ ਵਿਚ ਪ੍ਰਵੇਸ਼ ਕਰਨਾ ਹੀ ਪ੍ਰਮਾਤਮਾ ਦੀ ਲੱਖਤਾ ਦਾ ਮਾਰਗ ਹੈ। ਧਰਮ ਸ਼ਬਦ ਸੰਸਕ੍ਰਿਤ ਦੇ ਧ੍ਰੀ ਧਾਤੂ ਤੋਂ ਬਣਿਆ ਹੈ। ਅਰਥ ਹਨ : ਧਾਰਨਾ, ਆਸਰਾ ਦੇਣਾ, ਆਦਿਕ।

ਸੋ, ਜਿੱਥੇ ਮਜ਼੍ਹਬ, ਮੱਤ ਜਾਂ ਸੰਪ੍ਰਦਾਇਕ ਵੀਚਾਰਧਾਰਾ ਦੀ ਸੰਕੀਰਣਤਾ, ਰਾਜਨੀਤੀ ਦਾ ਹੱਥ-ਠੋਕਾ ਬਣ ਕੇ ਸੰਸਾਰ ਨੂੰ ਯੁੱਧਾਂ, ਜੰਗਾਂ ਦੁਆਰਾ ਵਿਨਾਸ਼ ਕਰਨ, ਤੋੜਨ ਤੇ ਬਖੇਰਨ ਦਾ ਕਾਰਨ ਬਣਦੇ ਆਏ ਹਨ, ਉੱਥੇ ਧਰਮ ਅਥਵਾ ਧਰਮੀ ਲੋਕ ਜੋੜਨ ਦਾ। ਧਰਮ ਸਦਾ ਪਿਆਰ, ਮੈਤਰੀ ਤੇ ਸਰਬਤ ਦੇ ਭਲੇ ਦੇ ਗੀਤ ਗਾਉਂਦਾ ਹੈ, ਜਦ ਕਿ ਮਜ਼੍ਹਬੀ ਸੰਪ੍ਰਦਾਇਕਤਾ ਤੇ ਰਾਜਨੀਤੀ ਨਫ਼ਰਤ, ਫੁੱਟ ਤੇ ਵੈਰ-ਭਾਵ ਦੀ ਸੇਧ ਸਿਖਾਉਂਦੇ ਹਨ।

ਹੋਰ ਸਮਝੀਏ :—ਹਾਂ, ਮਜ਼੍ਹਬ ਦਾ ਸਤਿ, ਸੰਤੋਖ, ਦਇਆ ਆਦਿ ਵਾਲਾ ਹਿੱਸਾ ਧਰਮ ਨਾਲ ਸੰਬੰਧਤ ਹੁੰਦਾ ਹੈ ਅਤੇ ਦੂਜਾ, ਜਥੇਬੰਦਕ, ਉਸ ਦੀ ਰਹੁ-ਰੀਤ, ਮਰਿਆਦਾ ਅਥਵਾ ਸ਼ਰ੍ਹਾ ਨਾਲ। ਅਰਬ ਆਦਿ ਮੁਸਲਮ ਦੇਸ਼ਾਂ ਵਿਚ ਸਾਰਿਆਂ ਲਈ ਸਮਾਨਤਾ ਵਾਲਾ 'ਧਰਮੀ' ਰਾਜ ਨਹੀਂ, ਸ਼ਰ੍ਹਾ ਦਾ ਰਾਜ, ਹੈ ਜੋ ਗੈਰ ਮੁਸਲਮਾਨਾਂ ਨਾਲ ਵਿਤਕਰਾ ਕਰਦੀ ਹੈ। ਧਰਮੀ ਰਾਜ ਵਿਚ ਵੰਡਾਂ, ਵਿਤਕਰਿਆਂ ਦੀ ਕੋਈ ਥਾਂ ਨਹੀਂ ਹੁੰਦੀ। ਗੁਰੂ ਸਾਹਿਬਾਨ ਨੇ ਆਪਣੇ 'ਖਾਸ ਰੂਪ ਖਾਲਸੇ'' ਨੂੰ **ਧਰਮੀ ਰਾਜ ਦਾ ਹਾਮਿਲ ਅਥਵਾ ਵਾਰਸ** ਬਣਾਇਆ ਹੈ, ਕ੍ਯੂੰ :

ਅਲਫ਼ਾਜ਼ੋ ਮੁਆਨੀ ਮੇਂ ਤਫ਼ਾਵਤ ਨਹੀਂ, ਲੇਕਿਨ,
ਮੁੱਲਾਂ ਕੀ ਅਜ਼ਾਂ ਔਰ ਹੈ, ਮੁਜਾਹਦ ਕੀ ਅਜ਼ਾਂ ਔਰ।
ਹੈ ਦੋਨੋਂ ਕੀ ਪਰਵਾਜ਼ ਉਸੀ ਏਕ ਜਹਾਂ ਮੇਂ,
ਕਰਗਿਸ (ਗਿੱਧ) ਕਾ ਜਹਾਂ ਔਰ ਹੈ, ਸ਼ਾਹੀਂ ਕਾ ਜਹਾਂ ਔਰ। (ਅੱਲਾਮਾ ਇਕਬਾਲ)

ਉਕਾਬ ਵਾਲੀ ਉੱਚੀ ਉਡਾਨ ਤੇ ਨਿਗਾਹ ਛੱਡ ਕੇ, ਅੱਜ ਚਉਰਾਸੀ ਵਾਂਗ, ਇਹ ਵੀ ਧਰਤੀ ਦੀ ਪਸਤੀ ਵਲ ਝਾਕ ਰਿਹਾ ਹੈ, ਅਤੇ ਸੰਸਾਰ ਲਈ ਕਿਤੇ ਵੀ ਨਮੂਨੇ ਦਾ, ਛੋਟਾ ਜਾਂ ਵੱਡਾ, ਧਰਮੀ-ਰਾਜ, ਅਥਵਾ ਗੁਰੂ ਜੀ ਦੇ ਤਖ਼ੱਯੁਲ ਦਾ ''**ਹਲੇਮੀ ਰਾਜ ਜਾਂ ਪ੍ਰਬੰਧ**'' ਸਥਾਪਤ ਨਹੀਂ ਕਰ ਸਕਿਆ। ''ਸਭ ਸੁਖਾਲੀ ਵੁਠੀਆ, ਹੁਣ ਹੋਆ ਹਲੇਮੀ ਰਾਜ ਜੀਉ''। (ਮ. 5) ਦਾ ਗੁਰਵਾਕ ਸਾਡੀ ਮੰਜ਼ਲ ਹੈ।

ਸੋ, ਇਸ ਦ੍ਰਿਸ਼ਟੀ ਤੋਂ ਸਿੱਖਾਂ ਦਾ ਧਰਮ ਤੇ ਧਰਮੀ ਰਾਜਨੀਤੀ ਵਾਕਈ ਇਕੱਠੇ ਹਨ ਅਤੇ ਸਦਾ ਇਕੱਠੇ ਰਹਿਣੇ ਯੋਗ ਹਨ।

ਚੇਤੇ ਰਹੇ, ਗੁਰ-ਸਿੱਖਾਂ ਦੇ, ਸਮੂਹ ਦੈਵੀ ਅਥਵਾ ਧਰਮੀ ਸਿਧਾਂਤ— ਨੇਕੀ, ਪਿਆਰ,ਸਮਾਨਤਾ ਸਤਿ, ਸੰਤੋਖ ਤੇ ਸਰਬੱਤ ਦੀ ਸੇਵਾ ਅਤੇ ਭਲੇ ਦੀ ਲੋਚਾ, 'ਨਾਨਕ-ਝਰੋਖੇ' ਤੋਂ ਝਰਦੇ ਹਨ, ਮਜ਼੍ਹਬੀ (ਸੰਪ੍ਰਦਾਇਕਤਾ) ਦੀ ਸੰਕੀਰਣਤਾ ਤੇ ਸਿਆਸੀ ਸਵਾਰਥ ਦੀ ਕੁਟਲਤਾ ਤੋਂ ਨਹੀਂ।

ਸੋ, ਸਿਆਣਪ ਤੇ ਸਿੱਖੀ ਅਜ਼ਮਤ ਤਾਂ ਇਸ ਵਿਚ ਹੀ ਹੈ ਕਿ ਆਦਰਸ਼ਕ ਤੇ ਧਰਮੀ ਰਾਜ ਪ੍ਰਬੰਧ ਲਈ, ਸੰਸਾਰ ਦੇ ਵੱਡੇ ਮੱਤਾਂ ਦੇ ਪ੍ਰਬੰਧ ਢਾਂਚਿਆਂ ਨੂੰ ਘੋਖ ਕੇ, ਕੋਈ ਬੇਹਤਰ ਚੋਣ-ਢੰਗ

ਅਪਣਾਇਆ ਜਾਵੇ । ਇਸ ਵਿਚ ਹੋਰ ਢਿੱਲ ਕਰਨੀ, ਹਾਨੀਕਾਰਕ ਤੇ ਮਾਰੂ ਹੈ।

ਹੋਰ ਵੀਚਾਰੋ : ਇਤਿਹਾਸ ਗਵਾਹ ਹੈ ਕਿ ਜਮਹੂਰ, ਲੋਕਾਈ ਅਥਵਾ ਜਨਤਾ ਨੂੰ ਸਦਾ ਮਹਾਨ ਆਗੂਆਂ ਵਲੋਂ ਹੀ ਅਗਵਾਈ ਪ੍ਰਾਪਤ ਹੁੰਦੀ ਆਈ ਹੈ। ਇਕ ਸ੍ਰੀ ਗੁਰੂ ਨਾਨਕ ਦੇਵ ਜੀ, ਇਕ ਹਜ਼ਰਤ ਮੁਹੰਮਦ ਸਾਹਿਬ, ਇਕ ਹਜ਼ਰਤ ਈਸਾ ਆਦਿ ਧਰਮ-ਆਗੂ, ਕਰੋੜਾਂ, ਅਰਬਾਂ ਅਨੁਯਾਈ, ਸ਼ਰਧਾਲੂ ਪੈਦਾ ਕਰ ਸਕੇ, ਪਰ ਅੱਜ ਸਾਰਾ ਸੰਸਾਰ ਰਲ ਕੇ ਵੀ ਇਕ 'ਗੁਰੂ ਨਾਨਕ' ਪੈਦਾ ਨਹੀਂ ਕਰ ਸਕਦਾ। ਸ਼ਾਇਰ, ਸੱਚ ਬੋਲਦਾ ਹੈ :

ਏਕ ਦਾਨਾ ਹੀ ਕਾਫ਼ੀ ਹੈ, ਤਖ਼ਲੀਕਿ ਚਮਨ ਕੇ ਲੀਏ,
ਮਰਦਿ ਵਾਹਿਦ ਸੇ, ਅਦਾਰੇ ਭੀ ਨਿਕਲ ਆਤੇ ਹੈਂ।

ਸੰਸਾਰ ਵਿਚ, ਅਗਵਾਈ ਸਦਾ ਚੋਣਵੇਂ ਮਨੁੱਖਾਂ ਦੇ ਹੀ ਹਿੱਸੇ ਆਈ ਹੈ, ਖਾਸ ਕਰ ਕੇ ਅਧਿਆਤਮਕ ਖੇਤਰ ਵਿਚ। ਗੁਰਬਾਣੀ ਗਵਾਹ ਹੈ ਕਿ :—

(ੳ) ਹੈਨਿ ਵਿਰਲੇ, ਨਾਹੀ ਘਣੇ, ਫੈਲ ਫਕੜੁ ਸੰਸਾਰੁ ॥ (ਮਹਲਾ ਪਹਿਲਾ, ਪੰ. 1411)

(ਭਾਵਾਰਥ — ਸੰਸਾਰ ਵਿਚ ਗੁਣਵਾਨ, ਨਿਰਮਲ ਬੁਧ ਗਿਆਨੀ ਤੇ ਸੱਚ-ਅਚਾਰੀ ਕਿਤੇ ਟਾਂਵੇਂ ਟਾਂਵੇਂ ਹਨ; ਬਾਕੀ ਸਾਰਾ ਸੰਸਾਰ ਨਿਰਾ ਵਿਖਾਵਾ ਤੇ ਬਕਵਾਸ ਹੈ।)

(ਅ) ਤੇਰਾ ਜਨੁ ਏਕੁ ਆਧ ਕੋਈ। (ਕਬੀਰ ਜੀ, ਪੰ. 1123)

ਅੱਲਾਮਾ ਇਕਬਾਲ ਦਾ ਵੀ ਨਿਰਣਾ ਹੈ :—

ੳ) ਹਜ਼ਾਰੋਂ ਸਾਲ ਨਰਗਸ ਅਪਨੀ ਬੇਨੂਰੀ ਪੇ ਰੋਤੀ ਹੈ,
ਬੜੀ ਮੁਸ਼ਕਲ ਸੇ ਹੋਤਾ ਹੈ, ਚਮਨ ਮੇਂ ਦੀਦਾਵਰ ਪੈਦਾ।

ਅ) ਹੋਤਾ ਹੈ ਕੋਹੋ ਦਸ਼ਤ ਮੇਂ, ਪੈਦਾ ਕਭੀ ਕਭੀ,
ਵੁਹ ਮਰਦ, ਜਿਸ ਕਾ ਫ਼ਕਰ ਕਰੇ, ਖਜ਼ਫ ਕੋ ਨਗੀਂ। (ਖਜ਼ਫ—ਠੀਕਰੀਆਂ)

ਭਾਵ—ਸੰਸਾਰ ਵਿਚ ਉਹ 'ਮਰਦ ਅਗੰਮੜਾ' ਕਦੀ ਕਦੀ, ਕਿਤੇ ਹੀ ਪੈਦਾ ਹੁੰਦਾ ਹੈ, ਜਿਸ ਦੀ ਰੱਬ-ਰੰਗੀ ਰੂਹ, ਠੀਕਰੀਆਂ (ਸਾਧਾਰਣ ਮਨੁੱਖਾਂ) ਨੂੰ ਨਗੀਨੇ ਬਣਾ ਦਿੰਦੀ ਹੈ।) ਲਘੂ-ਦ੍ਰਿਸ਼ਟੀ, ਵਿਦਵਾਨ-ਹੀਣ ਜਾਂ ਹੋਰ ਜ਼ਾਤੀ ਮਸਹਲਤਾਂ ਤੇ ਸਵਾਰਥਾਂ ਅਧੀਨ, ਸਿੱਖਾਂ ਜੇਹੀ ਭੋਲੀ ਕੌਮ ਨੂੰ, ਨਾਕਸ ਗੁਰਦੁਆਰਾ ਪ੍ਰਬੰਧ ਦੀਆਂ ਹਾਨੀਕਾਰਕ ਧਾਰਾਵਾਂ ਵਿਚ ਹੀ ਉਲਝਾਈ ਤੇ ਪਲਚਾਈ ਰੱਖਣਾ, ਪੰਥ ਨਾਲ ਨਾ ਖਿਮਾ ਕੀਤਾ ਜਾਣ ਵਾਲਾ ਧਰੋਹ ਹੈ, ਧੱਕਾ ਹੈ।

9. ਇਕ ਹਵਾਲਾ

'ਸੂਰਾ' (ਮਾਸਕ ਪੱਤਰ, ਅੰਮ੍ਰਿਤਸਰ) ਦੇ ਸਤੰਬਰ, 1986 ਅੰਕ ਵਿਚ 'ਧਰਮ ਦੇ ਵਾਰਸ, ਬੋਲੋ!' (ਪੰਨਾ 24) ਸਿਰਲੇਖ ਹੇਠ, ਸ: ਸੇਵਾ ਸਿੰਘ ਸੰਪਾਦਕ (ਸੂਰਾ ਪ੍ਰਵਾਰ) ਵਲੋਂ 'ਧਰਮ ਤੇ ਰਾਜਨੀਤੀ' ਦੇ ਸੰਬੰਧਾਂ ਬਾਰੇ ਇਕ ਅਰਥ-ਭਰਪੂਰ ਲੇਖ ਛਪਿਆ ਹੈ। ਸੁਹਿਰਦ ਪਾਠਕਾਂ ਦੀ ਜਾਣਕਾਰੀ ਹਿੱਤ ਉਸ ਵਿਚੋਂ, ਧੰਨਵਾਦ ਸਹਿਤ, ਕੁਝ ਅੰਸ਼ ਹੇਠਾਂ ਦਰਜ ਕਰਨ ਦੀ ਖੁਲ੍ਹ ਲੈਂਦੇ ਹਾਂ :—

"ੳ) ਧਰਮ ਮਨੁੱਖੀ ਵਿਕਾਸ ਦਾ ਧੁਰਾ ਹੈ। ਧਰਮ ਦਾ ਕਰਤੱਵ ਦੁਵੱਲੀ ਹੈ। ਇਕ ਪਾਸੇ ਸਰਬੱਤ ਦਾ ਭਲਾ ਕਰਨਾ ਤੇ ਦੂਜੇ ਪਾਸੇ ਬੁਰਾਈ ਦਾ ਟਾਕਰਾ ਕਰਨਾ ।......ਹੇਠਲੇ ਗੁਰਵਾਕ ਸਿੱਖ ਲਈ ਪ੍ਰੇਰਨਾ ਸਰੋਤ ਹਨ :

ਸੰਤਾ ਮਾਨਉ, ਦੂਤਾ ਡਾਨਉ, ਇਹ ਕੁਟਵਾਰੀ ਮੇਰੀ ॥ (ਪੰਨਾ 969)*

ਸਤਿਗੁਰਾਂ ਦੀ 'ਮੀਰੀ', ਧੁਰੋਂ ਬਖਸ਼ੀ 'ਪੀਰੀ' ਦੀ ਪੂਰਕ ਸੀ। ਨਾਲੇ, ਇਹ ਮੀਰੀ ਕੁਝ ਲੈਣ ਲਈ ਨਹੀਂ; ਸਗੋਂ, ਕੁਝ ਨਿਛਾਵਰ ਕਰਨ ਲਈ ਸੀ, ਅਤੇ ਸੰਸਾਰਕ ਲੁੱਟ-ਖਸੁੱਟ ਵਾਲੀ ਮੀਰੀ ਦੇ ਮੁਕਾਬਲੇ ਵਿਚ ਇਹ ਮੀਰੀ ਜਨਤਾ ਦੀ ਪਤਿ ਆਬਰੋ ਦੀ ਜ਼ਾਮਨ ਸੀ।"

"ਜੇ ਸਿਆਸਤ ਦਾ ਮੰਤਵ ਸਰਬੱਤ ਦਾ ਭਲਾ ਹੈ, ਤਾਂ, ਸਰਬੱਤ ਦਾ ਭਲਾ ਤਾਂ ਧਰਮ ਦਾ ਹੀ ਅੰਗ ਹੈ, ਕਿਉਂਕਿ ਧਰਮੀ, ਸੰਤੋਖੀ ਹੁੰਦਾ ਹੈ ਅਤੇ ਸੰਤੋਖੀ ਹੀ ਹੱਥੋਂ ਕੁਝ ਛੱਡ ਸਕਦਾ ਹੈ, ਭੁੱਖਾ ਕਦਾਚਿਤ ਨਹੀਂ ।......"

ਅ) "ਸਵਾਲ ਉਠਦਾ ਹੈ ਕਿ ਜੇ ਇਹਨਾਂ ਸਿਆਸੀ ਲੀਡਰਾਂ ਦੇ ਆਪਣੇ ਕਥਨ ਅਨੁਸਾਰ ਹੀ, ਸਿੱਖ ਸਿਆਸਤ ਧਰਮ ਦੀ ਤਾਬਿਆ ਵਿਚ ਹੈ, ਤਾਂ ਉਹ ਧਰਮ ਦੇ ਵਾਰਸ ਕਿੱਥੇ ਹਨ ਤੇ ਕੀ ਕਰ ਰਹੇ ਹਨ ?"

"ਕੀ ਸਿੱਖ ਸਿਆਸਤ ਉਤੇ ਧਰਮ ਦਾ ਕੋਈ ਕੁੰਡਾ ਹੈ ?" ਜੇ ਹੈ, ਤਾਂ ਉਸ ਦੀ ਵਰਤੋਂ ਕਦੋਂ ਕੀਤੇ ਜਾਣ ਲਈ ਰਾਖਵੀਂ ਰੱਖੀ ਹੋਈ ਹੈ ? ਤੱਤਕਾਲ ਇਸ ਕੁੰਡੇ ਦੀ ਵਰਤੋਂ ਕਰੋ, ਨਹੀਂ ਤਾਂ—

"ਨਾਨਕ, ਹਸਤੀ ਕੁੰਡੇ ਬਾਹਰਾ, ਫਿਰਿ ਫਿਰਿ ਉਝੜਿ ਪਾਇ ॥" (ਸੂਰਾ, ਪੰਨਾ 516)

10. ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੀ ਪਦਵੀ

ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ, ਕਿਸੇ ਵਿਅਕਤੀ ਨੂੰ ਵੀ ਹਰ ਤਰ੍ਹਾਂ ਦੀ ਪੁੱਛ ਗਿੱਛ ਕਰਨ ਦੇ ਅਧਿਕਾਰ ਦਿੱਤੇ ਜਾਣ ਦੀ ਗੱਲ ਆਖੀ ਜਾਂਦੀ ਹੈ। ਉਹਨਾਂ ਦਾ ਇਹ ਅਧਿਕਾਰ ਧਾਰਮਿਕ ਵੀ ਹੋ ਸਕਦਾ ਹੈ ਅਤੇ ਰਾਜਨੀਤਕ ਵੀ। ਰਾਜਨੀਤਕ ਅਧਿਕਾਰਾਂ ਦੀ ਵਰਤੋਂ ਕਰਨ ਦਾ ਨੁਕਤਾ ਪੂਰਨ ਗੰਭੀਰਤਾ ਸਹਿਤ ਪਰਖ ਪੜਚੋਲ ਦਾ ਮੁਥਾਜ ਹੈ। ਮਹਾਰਾਜਾ ਰਣਜੀਤ ਸਿੰਘ ਦੀ "ਖਾਲਸਾ ਸਰਕਾਰ" ਵੇਲੇ ਇਸ ਅਧਿਕਾਰ ਦੀ ਵਰਤੋਂ, ਸ੍ਰੀ ਅਕਾਲ ਤਖਤ ਵਲੋਂ ਨਹੀਂ ਹੋਈ ਸੀ। ਕੀ, ਸਿੱਖ ਬਹੁਗਿਣਤੀ ਦੀ ਪੰਜਾਬ ਸਰਕਾਰ, ਜਥੇਦਾਰ ਸਾਹਿਬ ਦਾ ਹਰ ਰਾਜਨੀਤਕ ਆਦੇਸ਼ ਮੰਨਣ ਲਈ ਪਾਬੰਦ ਹੋਵੇਗੀ ? ਕੇਂਦਰ ਸਰਕਾਰ ਦੀ ਐਸੇ ਆਦੇਸ਼ ਬਾਅਦ ਕੀ ਪੁਜ਼ੀਸ਼ਨ ਹੋਵੇਗੀ ? ਕੀ ਕਿਸੇ ਪ੍ਰਜਾਤੰਤਰ-ਰਾਜ ਵਿਚ, ਜਿਥੇ, ਹਿੰਦੂ, ਮੁਸਲਿਮ ਤੇ ਈਸਾਈ ਆਦਿ ਮੱਤਾਂ ਦੇ ਲੋਕ ਵਸਦੇ ਹੋਣ, ਸ੍ਰੀ ਅਕਾਲ ਤਖਤ ਸਾਹਿਬ ਦੇ ਰਾਜਨੀਤਕ ਹੁਕਮਨਾਮੇ ਲਾਗੂ ਹੋ ਸਕਣਗੇ ? ਜਦ ਕਿਤੇ ਪੰਜਾਬ ਵਿਚ ਵੱਧ ਅਧਿਕਾਰਾਂ ਵਾਲੀ ਜਾਂ ਸੁਤੰਤਰ ਖਾਲਸਾ ਸਰਕਾਰ ਬਣ ਜਾਵੇ

*ਅਤੇ ਸੰਤਾਂ ਨੂੰ ਮੰਨਣ ਤੇ ਦੁਸ਼ਟਾਂ ਨੂੰ ਡਾਂਟਣ ਦਾ ਕਾਰਜ ਤਾਂ ਧਰਮ ਤੇ ਰਾਜਨੀਤੀ ਨੂੰ ਇਕੱਠਿਆਂ ਰੱਖਿਆਂ ਹੀ ਪੂਰਾ ਹੋ ਸਕਦਾ ਹੈ, ਅਥਵਾ 'ਸੰਤ ਸਿਪਾਹੀ' ਬਣਿਆਂ; ਸੰਨਿਆਸੀ ਜਾਂ ਵਹਿਮੀ ਅਹਿੰਸਕ ਬਣਿਆਂ ਨਹੀਂ'। (ਹਰਿਭਜਨ ਸਿੰਘ)

ਤਾਂ ਉਹ ਸਰਕਾਰ ਇਸ ਦੂਹਰੀ ਅਧਿਕਾਰ-ਸੱਤਾ ਦੀ ਕਿਵੇਂ ਵਿਵਸਥਾ (ਏਕੀਕਰਨ) ਕਰੇਗੀ ? ਇਹ ਅਤੇ ਅਜਿਹੇ ਹੋਰ ਯਥਾਰਥ ਪੂਰਨ ਵੱਡੀ ਘੋਖ ਅਤੇ ਛਾਣਬੀਣ ਤੇ ਢੁਕਵਾਂ ਉੱਤਰ ਤੇ ਹੱਲ ਮੰਗਦੇ ਹਨ।

ਮੇਰੀ ਹਾਰਦਿਕ ਇੱਛਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਸਰਬ-ਸ੍ਰੇਸ਼ਟ ਤੇ ਉੱਚ ਅਧਿਕਾਰੀ ਸੱਤਾ ਪ੍ਰਾਪਤ ਹੋਵੇ, ਪਰ ਵਰਤਮਾਨ ਯੁੱਗ ਦੇ ਬਦਲੇ ਰਾਜਨੀਤਕ ਹਾਲਾਤ ਤੇ ਅਮਲੀ ਵਰਤੋਂ ਵਿਚਾਰ ਨੂੰ ਧਿਆਨ ਵਿਚ ਰੱਖ ਕੇ ਹੀ ਦੀਰਘ ਦ੍ਰਿਸ਼ਟੀ ਨਾਲ ਇਸ ਸੰਬੰਧ ਵਿਚ ਦਰੁਸਤ ਤੇ ਦੂਰ-ਰਸ ਫ਼ੈਸਲੇ ਕਰਨੇ ਯੋਗ ਹਨ। ਜਲਦਬਾਜ਼ੀ ਵਿਚ ਕੀਤੀ ਕਾਰਵਾਈ ਉਲਝਣਾਂ ਤੇ ਹਾਨੀ ਦਾ ਕਾਰਨ ਬਣ ਸਕਦੀ ਹੈ। ਇਹ ਅਧਿਕਾਰ-ਸੱਤਾ ਦੋ ਧਾਰਾ ਖੰਡਾ ਹੈ। ਇਸ ਦੀ ਕਿਸੇ ਪ੍ਰਕਾਰ ਦੀ ਵਰਤੋਂ ਹੋ ਸਕਦੀ ਹੈ। ਇਸ ਵਰਤੋਂ ਦਾ ਨਿਰਭਰ ਜਥੇਦਾਰ ਜੀ ਦੀ ਸਖਸ਼ੀਅਤ ਆਦਿ ਗੁਣਾਂ ਅਤੇ ਉੱਚਤਮ ਵਿਊਂਤ-ਬੰਦੀ ਉਤੇ ਹੈ। ਚੇਤੇ ਰਹੇ ਕਿ ਹਰੇਕ ਪਦਵੀ ਕਿਸੇ ਵਿਅਕਤੀ ਦੀ ਵਡਿੱਤਣ ਤੇ ਸ੍ਰੇਸ਼ਟਾ ਨਾਲ ਮਹਾਨ ਹੁੰਦੀ ਹੈ, ਅਤੇ ਸੰਬੰਧਤ ਵਿਅਕਤੀ ਵੀ, ਵੱਡੀ ਤੇ ਉੱਚ ਪਦਵੀ ਦੁਆਰਾ ਉੱਚਾ ਹੁੰਦਾ ਹੈ। ਸੋ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਥਵਾ ਬਾਕੀ ਤਖਤਾਂ ਦੇ ਜਥੇਦਾਰਾਂ ਅਤੇ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਦੀ ਚੋਣ ਤੇ ਨਿਯੁਕਤੀ ਐਸੇ ਢੰਗ ਨਾਲ ਹੋਵੇ ਕਿ ਸਰਬ-ਸ੍ਰੇਸ਼ਟ ਗਹਿਰ, ਗੰਭੀਰ, ਦ੍ਰਿੜ੍ਹ ਨਿਰਪੱਖ, ਅਤੇ ਸੁਯੋਗ ਤੇ ਅਧਿਕਾਰੀ ਵਿਅਕਤੀ ਹੀ ਇਹਨਾਂ ਪਰਮਪੂਜ ਥਾਵਾਂ ਉਤੇ ਸੁਸ਼ੋਭਿਤਮਾਨ ਹੋ ਸਕਣ। ਇਹ ਥਾਵਾਂ ਵਿਦਵਾਨ ਤੇ ਕਰਨੀ-ਪ੍ਰਧਾਨ, "ਆਲਮ ਬਾ ਅਮਲ" ਗੁਰਸਿੱਖਾਂ ਲਈ ਹਨ; ਲਿਹਾਜ਼, ਮੁਲਾਹਜ਼ੇ ਜਾਂ ਧੜੇਬੰਦੀ ਦੇ ਆਧਾਰ ਉਤੇ ਚੁਣੇ ਨਾਅਹਿਲ ਲੋਕਾਂ ਲਈ ਨਹੀਂ। ਬਹਰ ਹਾਲ ਜਥੇਦਾਰ ਜੀ ਲਈ, ਇਕ ਧੜੇ-ਰਹਿਤ ਤੇ ਧਾਰਮਿਕ ਵਿਦਵਾਨਾਂ ਦੀ ਕਮੇਟੀ ਦਾ ਹੋਣਾ ਅਤਿਅੰਤ ਜ਼ਰੂਰੀ ਹੈ, ਜੋ ਪੇਸ਼ ਆਏ ਹਰ ਮਸਲੇ ਨੂੰ ਸਾਰੇ ਪੱਖਾਂ ਤੋਂ ਘੋਖ ਵੀਚਾਰ ਕੇ ਬਹੁਤ ਦੂਰ-ਰਸ ਤੇ ਦਰੁਸਤ ਸਲਾਹ ਦੇ ਸਕੇ।

11. ਸ਼੍ਰੇਣੀ ਵੰਡ ਢੁੱਚਰ

ਇਹ ਕਹਿਣਾ ਦਰੁਸਤ ਨਹੀਂ ਕਿ ਜੇ ਹਰ ਸਿੱਖ ਨੂੰ ਗੁਰਦੁਆਰਿਆਂ ਦੇ ਮੈਂਬਰ ਤੇ ਵੋਟਰ ਬਣਨ ਦਾ ਅਧਿਕਾਰ ਨਾ ਦਿੱਤਾ ਗਿਆ, ਤਾਂ ਸਿੱਖਾਂ ਵਿਚ, ਇਹ ਸ਼੍ਰੇਣੀ-ਵੰਡ ਪੈਦਾ ਕਰਨ ਦਾ ਕਾਰਨ ਬਣੇਗਾ। ਜਾਪਦਾ ਹੈ ਇਉਂ ਸੋਚਣ ਤੇ ਕਹਿਣ ਵਾਲੇ ਸੱਜਣ ਇਸ ਮਸਲੇ ਨੂੰ ਵਧੇਰੇ ਡੂੰਘਾਈ ਨਾਲ ਵੀਚਰਨ ਦਾ ਜਤਨ ਨਹੀਂ ਕਰਦੇ। ਵਰਤਮਾਨ ਐਕਟ ਤਾਂ 1925 ਵਿਚ ਬਣਿਆ ਸੀ। ਪਰ ਗੁਰਦੁਆਰੇ ਤਾਂ ਗੁਰੂ-ਕਾਲ ਤੋਂ ਚਲੇ ਆ ਰਹੇ ਹਨ। ਇਹਨਾਂ ਦਾ ਪ੍ਰਬੰਧ ਬਿਨਾ ਵਰਤਮਾਨ ਚੋਣ ਸਿਸਟਮ ਦੇ, ਐਸਾ ਆਦਰਸ਼ਕ ਸੀ ਕਿ, ਪੰਜਵੇਂ ਸਤਿਗੁਰੂ ਗੁਰਦੁਆਰੇ ਨੂੰ "ਸੱਚ ਧਰਮ ਤੇ ਗੁਰ ਸਿੱਖਾਂ ਦੀ ਸੇਵਾ" ਦਾ ਕੇਂਦਰ ਮੰਨਦੇ ਹਨ। ਐਕਟ ਬਣਨ ਉਪ੍ਰੰਤ ਵੀ ਸਾਰੇ ਸਿੱਖਾਂ ਨੂੰ ਗੁਰਦੁਆਰਾ ਪ੍ਰਬੰਧ ਵਿਚ ਹਿੱਸਾ ਲੈਣ ਦੇ, ਇਕ ਸਮਾਨ, ਹੱਕ ਪ੍ਰਾਪਤ ਨਹੀਂ ਹਨ। ਇਥੋਂ ਤਕ ਕਿ ਤਖਤ ਸਾਹਿਬਾਨ ਦੇ ਜਥੇਦਾਰਾਂ ਅਤੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਜੋ ਹਨ, ਸ਼੍ਰੋਮਣੀ ਕਮੇਟੀ ਦੇ ਮੈਂਬਰ ਹੁੰਦਿਆਂ ਹੋਇਆਂ ਵੀ, ਕਮੇਟੀ ਦੇ ਪ੍ਰਧਾਨ ਸਾਹਿਬ ਤੇ ਓਹਦੇਦਾਰਾਂ ਦੀ ਚੋਣ ਆਦਿ ਵਿਚ ਵੋਟ ਪਾਉਣ ਦੇ ਅਧਿਕਾਰ ਪ੍ਰਾਪਤ ਨਹੀਂ। ਜਿਸ ਸ਼੍ਰੇਣੀ-ਵੰਡ ਨੂੰ 'ਅਫ਼ਲਾਟ

ਫਰੈਂਚਾਈਜ਼' ਰਾਹੀਂ ਦੂਰ ਕਰਨ ਦੀ ਗੱਲ ਕੀਤੀ ਜਾਂਦੀ ਹੈ, ਉਹ ਹਰ ਹਾਲਤ ਵਿਚ ਇਕ ਜਾਂ ਦੂਜੇ ਰੂਪ ਵਿਚ, ਇਕ ਜਾਂ ਦੂਜੀ ਥਾਂ, ਪਹਿਲਾਂ ਹੀ ਪ੍ਰਗਟ ਹੈ। ਕੀ ਸਿੱਖ ਸ਼ਡਿਊਲਡ ਕਾਸਟ ਨੂੰ ਰੀਜ਼ਰਵੇਸ਼ਨ ਦੇਣ ਨਾਲ ਸ਼੍ਰੇਣੀ-ਵੰਡ ਪੈਦਾ ਨਹੀਂ ਹੁੰਦੀ ? ਅੱਲਾਮਾ ਇਕਬਾਲ ਨੇ ਕਿਸੇ ਵੇਲੇ ਮੁਸਲਮਾਨਾਂ ਤੋਂ ਪੁਛਿਆ ਸੀ :—

ਤੁਮ ਅਰਬ ਭੀ ਹੋ, ਤੁਰਕ ਭੀ ਹੋ, ਅਫ਼ਗਾਨ ਭੀ ਹੋ।
ਤੁਮ ਸਭੀ ਕੁਛ ਹੋ, ਬਤਾਓ ਤੋ ਮੁਸਲਮਾਨ ਭੀ ਹੋ।

ਮੈਂ ਸਨਿਮਰ ਦਰਦ ਤੇ ਦੁਖ ਭਰੇ ਦਿਲ ਨਾਲ, ਕੁਝ ਇਵੇਂ ਹੀ, ਜਾਤਾਂ ਗੋਤਾਂ ਵਿਚ ਵੰਡੇ ਸਿੱਖਾਂ ਪਾਸੋਂ ਪੁੱਛਦਾ ਹਾਂ :—

ਤੁਮ ਸੋਢੀ ਭੀ ਹੋ, ਸਾਹਨੀ ਭੀ ਹੋ, ਸਿੱਧੂ ਭੀ ਹੋ।
ਤੁਮ ਸਭੀ ਕੁਛ ਹੋ, ਬਤਾਓ ਤੋ ਗੁਰਸਿੱਖ ਭੀ ਹੋ ?

ਸੋ, ਜੇ ਸ਼੍ਰੇਣੀ-ਵੰਡ ਦਾ ਫਸਤਾ ਵੱਢਣਾ ਹੈ ਤਾਂ ਜ਼ਾਤ ਪਾਤ ਦੇ ਕੋਹੜ ਦਾ ਅਲਾਜ ਕਰ ਕੇ ਵੱਢੋ, ਤੇ ਗੁਰੂ ਜੀ ਦੇ ਖੁਸ਼ੇ ਲਵੋ। ਇਸ ਤੋਂ ਬਚਣ ਦੇ ਬਹਾਨੇ, ਗੁਰਦੁਆਰਾ ਪ੍ਰਬੰਧ ਦੇ ਨਿਰਮਲ ਜਲ ਨੂੰ ਬੇਲੋੜੀ ਤੇ ਹਾਨੀਕਾਰਕ ਦਖ਼ਲਅੰਦਾਜ਼ੀ ਨਾਲ ਗੰਦਲਾ ਕਿਉਂ ਕੀਤਾ ਜਾਵੇ ? ਇਸ ਦਾ ਪ੍ਰਬੰਧ ਗੁਰਬਾਣੀ ਤੇ ਗੁਰਮੱਤ ਦੀ ਰੌਸ਼ਨੀ ਵਿਚ ਸਿੱਖ-ਵੀਰਾਂ ਨੂੰ ਜੋੜਨ ਵਾਲਾ ਅਤੇ ਸਿੱਖ-ਪ੍ਰਚਾਰ ਵਿਚ ਵਾਧਾ ਕਰਨ ਵਾਲਾ ਹੋਣਾ ਚਾਹੀਦਾ ਹੈ, ਜਾਂ ਆਪਸ ਵਿਚ ਝਗੜਿਆਂ ਤੇ ਫੁੱਟ ਅਤੇ ਧਰਮ-ਪ੍ਰਚਾਰ ਵਿਚ ਵਿਘਨਕਾਰੀ ਹੋਣ ਵਾਲਾ ? ਸੋਚੋ, ਗੁਰੂ ਜੀ ਦੀਆਂ ਖੁਸ਼ੀਆਂ ਕਿਸ ਰਾਹ ਤੁਰਿਆਂ ਨਸੀਬ ਹੋਣਗੀਆਂ। ਧਰਮ-ਅਸਥਾਨਾਂ ਵਿਚ ਡੈਮੋਕ੍ਰੇਸੀ (ਪਰਜਾ-ਤੰਤਰ) ਨੂੰ ਵਾੜ ਕੇ, ਜਾਂ ਹੋਰਨਾਂ ਮੱਤਾਂ ਵਾਂਗ ਕੋਈ ਹੋਰ ਸਵੱਛ ਪ੍ਰਬੰਧ ਢਾਂਚਾ ਅਪਨਾ ਅਤੇ ਅਜ਼ਮਾ ਕੇ ?

12. ਸਨਿਮਰ ਬਿਨੈ

ਮੇਰੀ ਜ਼ਿੰਦਗੀ ਦਾ ਵਧੇਰੇ ਹਿੱਸਾ, ਕੋਈ ਸੱਠ ਕੁ ਸਾਲ, ਧਰਮ-ਪ੍ਰਚਾਰ ਅਤੇ ਧਾਰਮਿਕ ਸੰਸਥਾਵਾਂ ਨਾਲ ਸੰਬੰਧਤ ਰਿਹਾ ਹੈ। ਸ਼੍ਰੋਮਣੀ ਕਮੇਟੀ ਵਲੋਂ ਚਲਾਏ 'ਸਿੱਖ ਮਿਸ਼ਨ, ਹਾਪੜ (ਯੂ.ਪੀ), ਸਿਖ ਮਿਸ਼ਨ ਅਲੀਗੜ੍ਹ (ਯੂ. ਪੀ.), ਯੂ. ਪੀ. ਸਿੱਖ ਮਿਸ਼ਨ ਅਕੋਲਾ, ਸਿੱਖ ਮਿਸ਼ਨ ਜਵਾਲੀ (ਹਿਮਾਚਲ) ਤੇ ਪੰਜਾਬ-ਪ੍ਰਚਾਰ ਨਾਲ ਮੈਨੂੰ ਵਰ੍ਹਿਆਂ ਬੱਧੀ ਵਾਬਸਤਾ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਮੈਂ ਪੂਰੀ ਈਮਾਨਦਾਰੀ ਤੇ ਸ਼ਿੱਦਤ ਨਾਲ ਮਹਿਸੂਸ ਕਰਦਾ ਹਾਂ ਕਿ ਸਮੂਹ ਨਾਨਕ ਨਾਮ ਲੇਵਾ ਸੰਪ੍ਰਦਾਵਾਂ ਨੂੰ, ਜਿਹਾ ਕਿ ਨਾਨਕ-ਪੰਥੀਆਂ, ਵਣਜਾਰਿਆਂ, ਨਿਰਮਲਿਆਂ, ਸਹਜਧਾਰੀਆਂ ਤੇ ਸਿੰਧੀ ਸਿੱਖਾਂ ਨੂੰ, ਹਰ ਹਾਲਤ, ਕਿਸੇ ਨਾ ਕਿਸੇ ਸ਼ਕਲ ਵਿਚ, ਪੰਥ ਨਾਲ ਜੋੜਨ ਦੀ, ਨਵੇਂ ਐਕਟ ਵਿਚ ਵਿਵਸਥਾ ਹੋਣੀ ਚਾਹੀਦੀ ਹੈ। ਇਹੀ ਇਸ ਐਕਟ ਦਾ ਮੁੱਖ ਉੱਦੇਸ਼ ਹੈ। ਇਹ ਮਕਸਦ ਪ੍ਰਜਾ-ਤੰਤਰੀ ਢੰਗ ਦੀਆਂ ਚੋਣਾਂ ਨਾਲ ਹੱਲ ਹੋਣਾ ਅਸੰਭਵ ਹੈ।

ਜੇ ਜਗਤ-ਗੁਰੂ ਬਾਬੇ ਦੇ ਸਰਬ-ਦੇਸੀ, ਸਰਬ-ਕਾਲੀ ਅਤੇ ਮਾਨਵ-ਜਗਤ ਧਰਮ ਦੀ ਅਮਰ ਤੇ ਕਲਿਆਣਕਾਰੀ ਗਾਥਾ, ਸਮਸਤ ਸੰਸਾਰ ਦੀਆਂ ਪਿਆਰ, ਧਰਮ ਤੇ ਮੈਤਰੀ-ਭਾਵ ਤੋਂ ਭੁੱਖੀਆਂ ਰੂਹਾਂ ਨੂੰ ਸੁਣਾਉਣੀ ਮਕਸੂਦ ਹੈ ਤਾਂ ਪ੍ਰਬੰਧ-ਢਾਂਚਾ ਅਜਿਹਾ ਹੋਵੇ, ਜਿਸ ਨਾਲ ਜਗਤ-ਗੁਰੂ ਬਾਬੇ ਦਾ ਜਗਤ-ਧਰਮ ਸੰਸਾਰ ਵਿਚ ਫੈਲੇ। ਯਾਦ ਰਖੋ, ਧੜੇਬਾਜ਼ (ਪਾਰਟੀਬਾਜ਼ੀ) ਵਾਲੇ ਗਲਤ ਪ੍ਰਬੰਧ-

ਢਾਂਚੇ ਅਧੀਨ ਕੋਈ ਵੀ ਐਕਟ, ਸਿੱਖ ਕੌਮ ਲਈ ਉਹ ਸੋਹ ਦਾ ਤੱਕਲਾ ਸਿੱਧ ਹੋਵੇਗਾ, ਕਿ ਕੌਮ ਦੇ ਵਕਾਰ ਦੀ ਰਹਿੰਦੀ ਖੂੰਹਦੀ ਤਪਣੀ ਵੀ ਰੁਲ ਜਾਵੇਗੀ। ਪਿਛਲੇ ਤਜਰਬਿਆਂ ਨੂੰ ਘੋਖ ਕੇ, ਐਸਾ ਐਕਟ ਬਣਨਾ ਯੋਗ ਹੈ ਜੋ ਕੌਮ ਨੂੰ ਸੰਸਾਰ ਦੇ ਸਮੂਹ ਧਰਮਾਂ ਵਿਚ ਸਾਹਿਬੀ ਅਥਵਾ 'ਤਖ਼ਤ' ਪ੍ਰਦਾਨ ਕਰੇ, ਨਾ ਕਿ ਤਖਤਾ ? ਸਤਿਗੁਰੂਆਂ ਦੀਆਂ ਖੁਸ਼ੀਆਂ, ਨਾ ਕਿ ਖਫ਼ਗੀ ?

13. ਸਾਰ

ਪਹਿਲਾਂ, 1925 ਵਾਲਾ ਗੁਰਦੁਆਰਾ ਐਕਟ, ਲੋਕ-ਤੰਤਰੀ ਢੰਗ ਦੀ ਨਾ-ਤਜਰਬੇਕਾਰੀ ਹਣ ਕਰ ਕੇ, ਉਤਸ਼ਾਹ-ਭਰਪੂਰ ਆਸ਼ਾਵਾਂ ਅਧੀਨ ਸਿੱਖ ਕੌਮ ਨੇ ਪ੍ਰਵਾਨ ਤੇ ਪ੍ਰਾਪਤ ਕਰ ਲਿਆ ਸੀ। ਜ਼ਰੂਰ ਅੰਗਰੇਜ਼ ਹਕੂਮਤ ਦੀ ਇਹ ਸਾਡੇ ਨਾਲ ਢਾਹੀ ਦੁਸ਼ਮਣੀ ਸੀ। ਵਰਨਾ, ਜੇ ਉਹ ਸਿੱਖ ਕੌਮ ਦੀ ਦਿਲੋਂ ਹਿਤੂ ਹੁੰਦੀ ਤਾਂ ਆਪਣੇ ਗਿਰਜਾ-ਘਰਾਂ ਦੇ ਸਫ਼ਲ ਪ੍ਰਬੰਧ ਦੀ ਰੌਸ਼ਨੀ ਵਿਚ ਸਿੱਖ ਲੀਡਰਾਂ ਅਥਵਾ ਕੌਮ ਨੂੰ ਇਸ ਦਾ ਨੇਕ ਬਦ (ਚੰਗਾ ਮੰਦਾ) ਪਹਿਲਾਂ ਚਿਹਨਤਬੀਨ ਕਰਾਉਣ ਦਾ ਧਰਮ ਪਾਲਦੀ। ਪਰ ਰਾਜਨੀਤੀ ਵਿਚ ਕੌਣ ਕਿਸੇ ਦਾ ਧਰਮੀ-ਮਿੱਤਰ ਹੁੰਦਾ ਹੈ। ਅਸੀਂ ਮੋਰਚਿਆਂ ਤੇ ਕੁਰਬਾਨੀਆਂ ਦੁਆਰਾ, ਅੰਗਰੇਜ਼ ਹਕੂਮਤ ਨੂੰ ਜਿੱਚ ਕਰ ਕੇ, ਸ਼ਿਕਸਤ ਦੇ ਕੇ, ਗੁਰਦੁਆਰਿਆਂ ਦਾ ਪ੍ਰਬੰਧ ਉਸ ਪਾਸੋਂ ਖੋਹਿਆ ਸੀ। ਉਹ ਇਸ ਦੇ ਦੁੱਧ ਵਿਚ ਜਿੰਨੀਆਂ ਮੇਂਗਣਾਂ ਪਾ ਸਕਦਾ ਸੀ, ਉਸ ਨੇ ਪਾਈਆਂ, ਅਤੇ ਅਸੀਂ ਇਹ ਪ੍ਰਵਾਨੀਆਂ। ਪਰ, ਅਸੀਂ ਹਾਂ ਕਿ ਅੱਜ ਤਕ, ਇਸ ਵਿਚ ਬੁਨਿਆਦੀ ਤੌਰ ਉਤੇ ਨਿਰੋਏ ਸੁਧਾਰ, ਨਹੀਂ ਕਰ ਕਰਾ ਸਕੇ। ਇਸ ਵਿਚ ਸਭ ਤੋਂ ਵੱਡਾ ਅੜਿੱਕਾ ਰਹੇ ਹਨ, ਸੁਧਾਰ ਕਰਨ ਵਾਲੇ ਰਾਜਨੀਤਕ ਲੀਡਰ, ਜੋ ਸਦਾ ਆਪਣੀ ਸਿਆਸੀ ਸੱਤਾ ਦੀ ਪਕੜ ਦੇ ਸਵਾਰਥ ਅਧੀਨ, ਪੰਥ ਦੀ ਭਲਾਈ ਨੂੰ ਖੱਡ ਵਿਚ ਸੁੱਟਣ ਲਈ, ਤਿਆਰ ਰਹਿੰਦੇ ਹਨ। ਪੰਥਕ-ਦਰਦ, ਦੂਰ-ਦ੍ਰਿਸ਼ਟਤਾ, ਦਲੇਰੀ ਤੇ ਤਿਆਗ ਨਾਲ ਅੱਜ ਵੀ ਕੌਮ ਦੀ ਬਿਗੜੀ ਬਣ ਸਕਦੀ ਹੈ। ਦ੍ਰਿੜ ਰਹੇ ਕਿ 'ਗੁਰੂ ਗ੍ਰੰਥ' ਅਥਵਾ ਗੁਰਦੁਆਰਿਆਂ ਦੀ ਰਹੇਗੀ, ਤਾਂ ਹੀ ਪੰਥ ਦੀ ਰਹੇਗੀ।" ਭਾਵੇਂ 'ਗ੍ਰੰਥ ਤੇ ਪੰਥ' ਆਪਸ ਵਿਚ ਓਤ ਪੋਤ ਹਨ, ਪਰ ਪਹਿਲਾਂ ਗੁਰੂ ਗ੍ਰੰਥ ਹੈ ਅਤੇ ਫੇਰ ਪੰਥ :

'ਗ੍ਰੰਥ' ਕੀ ਰਹੀ, ਤੋ ਪੰਥ ਕੀ ਰਹੇਗੀ, ਲਾਖ, ਗ੍ਰੰਥ ਜੋ ਨ ਰਹਾ ਤੋ 'ਪੰਥ ਕੌਣ ਜਾਣੇਗਾ ?

ਗੁਰਦੁਆਰਾ ਪ੍ਰਬੰਧ ਦਾ ਸਰਸਰੀ ਜਿਹਾ ਖਰੜਾ, ਜਿਹੜਾ ਮਾਸਟਰ ਤਾਰਾ ਸਿੰਘ ਜੀ ਦੀ ਸੰਮਤੀ ਸਹਿਤ 'ਵਰਤਮਾਨ' ਮਿਤੀ 27-1657 ਵਿਚ ਛਪਿਆ ਸੀ, ਉਸ ਦੀਆਂ ਮੋਟੀਆਂ ਮੋਟੀਆਂ ਮੱਦਾਂ ਸਨ :

1. ਸਿੱਖਾਂ ਦੇ ਵਿਸ਼ੇਸ਼ ਧਾਰਮਿਕ ਵਰਗਾਂ ਦੇ ਰਹਿਤ-ਵਾਨ ਗੁਰਸਿੱਖ ਵਿਅਕਤੀਆਂ ਤੇ ਧਰਮੀ ਬੁੱਧੀਵਾਨਾਂ ਦੇ ਇਲੈਕਟੋਰਲ ਕਾਲਜ ਰਾਹੀਂ ਜਾਂ ਹੋਰ ਚੰਗੇਰੇ ਢੰਗ ਨਾਲ, ਚੋਣ ਕੇਵਲ ਪ੍ਰਧਾਨ ਦੀ ਹੀ ਹੋਵੇ, ਜਿਸ ਦੀ ਆਯੂ 30 ਸਾਲ ਤੋਂ ਘੱਟ ਨਹੀਂ ਹੋਵੇਗੀ; ਜੋ ਪੂਰਨ ਗੁਰਸਿੱਖ, 'ਨਿਤਨੇਮੀ ਤੇ ਵਿਦਵਾਨ' ਹੋਵੇਗਾ, ਆਦਿ ਆਦਿ। ਉਸ ਦੀ ਪ੍ਰਧਾਨਗੀ ਦੀ ਅਵਧੀ ਚਾਰ ਸਾਲ ਹੋਵੇਗੀ ਅਤੇ ਉਹ ਦੋ ਵੇਰਾਂ ਤੋਂ ਵੱਧ ਵੇਰ, ਲਗਾਤਾਰ ਪ੍ਰਧਾਨ ਨਹੀਂ ਬਣ ਸਕੇਗਾ। ਹਾਂ, ਚਾਰ ਸਾਲ ਦੇ ਵਕਫ਼ੇ ਤੋਂ ਬਾਅਦ ਉਹ ਪ੍ਰਧਾਨ ਦੇ ਪਦ ਲਈ ਫੇਰ ਖੜ੍ਹਾ ਹੋ ਸਕਦਾ ਹੈ। ਉਹ ਕਿਸੇ ਸਿਆਸੀ ਪਾਰਟੀ ਦਾ ਮੈਂਬਰ ਨਹੀਂ ਹੋਵੇਗਾ ਅਤੇ ਪ੍ਰਧਾਨ ਦੇ ਪਦ ਤੋਂ ਰਿਟਾਇਰ ਹੋਣ ਉਪਰੰਤ ਵੀ, ਉਹ ਜੀਵਨ-

ਪ੍ਰੰਤੂ ਕਿਸੇ ਸਿਆਸੀ ਧੜੇ ਦਾ ਮੈਂਬਰ ਜਾਂ ਪਦ-ਅਧਿਕਾਰੀ ਨਹੀਂ ਬਣੇਗਾ । ਉਸ ਨੂੰ ਪ੍ਰਧਾਨਗੀ ਦੀ ਸੇਵਾ ਦੇ ਸਮੇਂ ਯੋਗ ਆਨਰੇਰੀਅਮ ਮਿਲੇਗਾ ਅਤੇ ਰਿਟਾਇਰ ਹੋਣ ਉਪਰੰਤ ਵੀ (ਜੇ ਉਹ ਚਾਹੇ ਤਾਂ) ਨਿਯਤ ਵਜ਼ੀਫ਼ਾ ਆਦਿ ਦਿੱਤਾ ਜਾ ਸਕੇਗਾ ।

2. ਉਹ 11 ਤੋਂ ਲੈ ਕੇ 21 ਮੈਂਬਰਾਂ ਦੀ ਇਕ ਵਰਕਿੰਗ ਕਮੇਟੀ ਨਾਮਜ਼ਦ ਕਰੇਗਾ ਜੋ ਰਹਿਤ ਬਹਿਤ ਵਿਚ ਪੱਕੇ, ਤੇ ਨਿਯਤ ਹੱਦ ਤਕ ਵਿਦਿਅਕ ਯੋਗਤਾ ਦੇ ਮਾਲਿਕ ਹੋਣਗੇ ਅਤੇ ਸਿਆਸੀ ਪਾਰਟੀਆਂ ਤੋਂ ਕਤਅਨ ਅਲੱਗ ਥਲੱਗ ।

3. ਗੁਰਦੁਆਰਿਆਂ ਵਿਚ ਸੇਵਾ ਕਰਨ ਵਾਲੇ ਗ੍ਰੰਥੀ ਸਿੰਘਾਂ ਤੇ ਹੋਰ ਮੁਲਾਜ਼ਮਾਂ ਦੀਆਂ ਵਿਦਿਅਕ ਤੇ ਧਾਰਮਿਕ ਯੋਗਤਾਵਾਂ ਮੁਕੱਰਰ ਹੋਣਗੀਆਂ ਅਤੇ ਨਿਯਤ ਗੁਰਦੁਆਰਾ ਸਰਵਿਸ ਬੋਰਡ ਰਾਹੀਂ ਉਸੇ ਵਿਅਕਤੀ ਨੂੰ ਗੁਰਦੁਆਰੇ ਦੀ ਸੇਵਾ ਵਿਚ ਲਿਆ ਜਾਵੇਗਾ, ਜੋ ਇਹ ਪ੍ਰਣ-ਪੱਤਰ ਵੀ ਦੇਵੇ ਕਿ ਉਹ ਸ਼੍ਰੋਮਣੀ ਕਮੇਟੀ ਦੇ ਨਿਯਮਾਂ ਤੇ ਰਹਿਤ ਮਰਯਾਦਾ ਦਾ ਪਾਬੰਦ ਤੇ ਧਾਰਨੀ ਹੋਵੇਗਾ, ਅਤੇ ਸਰਵਿਸ ਸਮੇਂ ਰਾਜਨੀਤੀ ਵਿਚ ਕਤਅੱਨ ਹਿੱਸਾ ਨਹੀਂ ਲਵੇਗਾ ।

4. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੁਰਪਸ਼ਨ ਤੋਂ ਪਾਕ ਰਖਣ ਲਈ ਇਕ ਤਿਨ ਮੈਂਬਰੀ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਕਾਇਮ ਕੀਤਾ ਜਾਵੇਗਾ । ਆਦਿ ਆਦਿ ।

5. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਣਤਰ ਦੇ ਨਮੂਨੇ ਉੱਤੇ ਹੀ ਬਾਕੀ ਸਰਬੱਤ ਗੁਰਦੁਆਰਿਆਂ ਦੇ ਪ੍ਰਬੰਧਕ-ਢਾਂਚੇ ਘੜੇ ਜਾਣਗੇ ।

ਸੰਬੰਧਤ ਲੇਖ ਵਿਚ ਉਪ੍ਰੋਕਤ ਭਾਵ ਦੀਆਂ ਤੇ ਬਹੁਤ ਸਾਰੀਆਂ ਹੋਰ, ਜੋ ਵੀ ਤਜਵੀਜ਼ਾਂ ਦਿੱਤੀਆਂ ਗਈਆਂ ਸਨ, ਉਹ ਕਿਸੇ ਤਰ੍ਹਾਂ ਵੀ ਆਖ਼ਰੀ ਨਿਰਣਾ ਨਹੀਂ ਸੀ, ਐਵੇਂ ਗੱਲ ਤੋਰਨ ਦਾ ਵਸੀਲਾ ਸੀ । ਮਕਸਦ ਤੇ ਨਿਸ਼ਾਨਾ ਕੇਵਲ ਇਹ ਸੀ ਕਿ ਗੁਰਦੁਆਰਿਆਂ ਦਾ ਪ੍ਰਬੰਧ ਅਜਿਹਾ ਹੋਵੇ, ਜੋ ਗੁਰਧਾਮਾਂ ਨੂੰ ਸਹੀ ਅਰਥਾਂ ਵਿਚ ਸਿੱਖੀ ਜੀਵਨ ਦੇ ਸੋਮੇ ਬਣਾ ਸਕੇ, ਨਾ ਕਿ ਸਿਆਸੀ ਚੌਧਰ ਦੇ ਅੱਡੇ ਅਤੇ ਧੜੇ-ਬੰਦੀ ਦੇ ਅਖਾੜੇ ।

ਅੰਤਮ ਜੋਦੜੀ :—ਇਹ ਗੱਲ ਬੜੇ ਹਰਖ ਤੇ ਵਿਗਾਸ ਵਾਲੀ ਹੈ ਕਿ ਸੰਸਾਰ ਵਿਚ ਗੁਰਸਿੱਖ ਆਪਣੇ ਕਾਰੋਬਾਰ ਲਈ ਜਿੱਥੇ ਵੀ ਗਏ ਹਨ, ਉਥੇ, ਉਨ੍ਹਾਂ ਦਾ ਸਭ ਤੋਂ ਪਹਿਲਾ ਪ੍ਰਯੋਜਨ ਤੇ ਉਦੇਸ਼ ਪ੍ਰਭਾਵਸ਼ਾਲੀ 'ਧਰਮਸਾਲ' ਗੁਰਦੁਆਰੇ ਦੀ ਸਥਾਪਨਾ ਰਿਹਾ ਹੈ । ਦੇਸ਼ ਵਿਚ 'ਕਾਰ-ਸੇਵਾ' ਵਾਲੇ ਬਾਬਿਆਂ ਨੇ ਕ੍ਰੋੜਾਂ ਰੁਪਏ ਖਰਚ ਕਰ ਕੇ, ਬਹੁਤੀ ਥਾਈਂ ਗੁਰਦੁਆਰਿਆਂ ਦੀਆਂ ਸ਼ਾਨਦਾਰ ਇਮਾਰਤਾਂ ਖੜ੍ਹੀਆਂ ਕੀਤੀਆਂ ਹਨ । ਉੱਪਰ ਸੋਨੇ ਦੇ ਕਲਸ਼ ਵਿਚ ਸਜਾਏ ਹਨ । ਇਹ ਸਭ ਕੁਝ ਸ਼ੁਭਨੀਕ, ਪਰ ਸੋਚਣ ਵੀਚਾਰਨ ਵਾਲੀ ਸਮੱਸਿਆ ਹੈ । ਜੇ ਗੁਰਦੁਆਰੇ ਵਿਚ ਗੁਰਮਤ ਤੇ ਗੁਰਬਾਣੀ-ਵੀਚਾਰ ਦੀ ਗੱਲ ਨਹੀਂ ਹੋਣੀ, ਅਤੇ ਅੱਲਾਮਾ ਇਕਬਾਲ ਦੇ ਇਸ ਸ਼ੇਅਰ ਵਾਲੀ ਹੋਣੀ ਹੀ ਵਰਤਣੀ ਹੈ, ਤਾਂ ਇਹ 'ਸਭੈ ਟੋਲ ਵਿਣਾਸ' ਵਾਲਾ ਦੁਖਾਂਤ ਹੋਵੇਗਾ :—

ਮਸਜਦ ਤੋ ਬਨਾ ਲੀ ਸ਼ਬ ਭਰ ਮੇਂ, ਈਮਾਂ ਕੀ ਹਰਾਰਤ ਵਾਲੋਂ ਨੇ,
ਮਨ ਅਪਨਾ ਪੁਰਾਨਾ ਪਾਪੀ ਹੈ, ਬਰਸੋਂ ਸੇ ਨਿਮਾਜ਼ੀ ਬਨ ਨ ਸਕਾ।
ਇਕਬਾਲ ਬੜਾ ਉਪਦੇਸ਼ਕ ਹੈ, ਮਨ ਬਾਤੋਂ ਸੇ ਮੋਹ ਲੇਤਾ ਹੈ,
ਗੁਫ਼ਤਾਰ ਕਾ ਗਾਜ਼ੀ ਬਨਤਾ ਹੈ, ਕਿਰਦਾਰ ਕਾ ਗ਼ਾਜ਼ੀ ਬਨ ਨ ਸਕਾ ।

ਹਰਿਭਜਨ ਸਿੰਘ (ਭਾਈ ਸਾਹਿਬ)



(ਪ੍ਰਿੰ: ਹਰਿਭਜਨ ਸਿੰਘ)

ਮਾਨਵ ਕਲਿਆਣ ਤੇ ਪਰਮ ਆਨੰਦ ਦੀ ਪ੍ਰਾਪਤੀ ਲਈ ਜੀਵਨ ਸੱਚ ਨੂੰ ਦ੍ਰਿੜ੍ਹ ਕਰਨਾ, ਮਨੁੱਖੀ ਜੀਵਨ ਦਾ ਧਰਮ ਹੈ। ਇਹ ਧਰਮ ਗੁਰੂ ਨਾਨਕ ਸਾਹਿਬ ਨੇ, ਜਲੰਦੇ ਜਗਤ ਨੂੰ, ਅਦੁੱਤੀ ਢੰਗ ਨਾਲ ਦ੍ਰਿੜ੍ਹ ਕਰਵਾਇਆ। ਇਸ ਨੂੰ ਕਿਸੇ ਵੇਲੇ ਵੀ ਪ੍ਰਚਾਰਨ ਤੇ ਪ੍ਰਸਾਰਨ ਦਾ ਉੱਦਮ, ਸਰਬੱਤ ਦੇ ਭਲੇ ਦੀ ਲੋਚਾ ਦਾ ਸਹੀ ਪ੍ਰਮਾਣ ਹੈ।

ਅਜੋਕੇ ਪਦਾਰਥਵਾਦੀ ਤੇ ਵਿਕਾਰੀ ਸੋਚਣੀ ਦੇ ਸਮੇਂ ਵਿਚ ਇਹ ਵਡਮੁੱਲਾ ਕਾਰਜ, ਗੁਰੂ ਦਰੋਂ ਵਰੋਸਾਏ, ਪ੍ਰਿੰਸੀਪਲ ਹਰਿਭਜਨ ਸਿੰਘ ਜੀ, ਪਿਛਲੇ ਪੰਜਾਹ ਸਾਲਾਂ ਤੋਂ ਨਿਰੰਤਰ ਕਰਦੇ ਆ ਰਹੇ ਹਨ। ਇਹ ਪੁਸਤਕ ਵੀ ਉਸੇ ਗੁਰੂ-ਸ਼ਰਧਾ, ਸਿਦਕ ਤੇ ਭਰੋਸੇ ਦੀ ਉਪਜ ਹੈ। ਇਕ ਦਰਜਨ ਤੋਂ ਉੱਪਰ ਧਰਮ ਪੁਸਤਕਾਂ ਦੇ ਲੇਖਕ, ਇਕ ਅਧਿਆਪਕ ਵਜੋਂ ਵੀ, ਕੌਮ ਦੀ ਲੰਮੀ ਸੇਵਾ ਕਰਦੇ ਰਹੇ ਹਨ। ਸਮਾਜ ਵਿਚ ਸਫਲ ਢੰਗ ਨਾਲ ਵਿਚਰ ਰਹੇ ਬਹੁਤ ਸਾਰੇ ਹੋਣਹਾਰ ਵਿਦਿਆਰਥੀਆਂ ਨੇ, ਉਨ੍ਹਾਂ ਦੀ ਅਗਵਾਈ ਦਾ ਸੁਭਾਗ ਪ੍ਰਾਪਤ ਕੀਤਾ ਹੈ। ਉਹਨਾਂ ਹੀ ਸੈਂਕੜੇ ਵਿਦਿਆਰਥੀਆਂ ਵਿਚੋਂ, ਮੈਨੂੰ ਵੀ, ਇਕ ਵਿਦਿਆਰਥੀ ਹੋਣ ਦਾ ਮਾਣ ਹੈ।

ਜੋਦੜੀ ਹੈ ਕਰਤਾਰ ਪੁਰਖ ਪਾਸ ਕਿ ਇਹ ਵਿਦਵਤਾ-ਭਰਪੂਰ ਕਲਮ, ਵਿਕਾਰੀ ਸ਼ਕਤੀਆਂ ਨੂੰ ਉਧਾਰਨ ਤੇ ਗੁਰੂ ਮੱਤ ਸੰਚਾਰਨ ਹਿੱਤ ਸੁਚਾਰੂ ਢੰਗ ਨਾਲ ਨਿਰੰਤਰ ਇਵੇਂ ਹੀ ਚਲਦੀ ਰਹੇ।

ਮਨਜੀਤ ਸਿੰਘ
ਜਥੇਦਾਰ, ਤਖਤ ਸ੍ਰੀ ਕੇਸਗੜ੍ਹ ਸਾਹਿਬ
ਸ੍ਰੀ ਅਨੰਦਪੁਰ ਸਾਹਿਬ (ਰੋਪੜ)

20 ਦਸੰਬਰ, 1990

ਸਾਹਿਬ ਦਇਆਲ ਪ੍ਰਿੰਟਰਜ਼
66 ਇੰਡਸਟ੍ਰੀਅਲ ਏਰੀਆ-I, ਚੰਡੀਗੜ੍ਹ-160 002